ਭਾਨੂ ਪ੍ਰਕਾਸ਼

ਸੰਤ ਜਗਜੀਤ ਸਿੰਘ ਨਿਰਮਲੇ
ਸੁਲਤਾਨਪੁਰ, ਕੋਕਰੀ ਵਾਲੇ

ISBN : 81-7601-883-X
ਪਹਿਲੀ ਵਾਰ ਨਵੰਬਰ 2007
ਭੇਟਾ 150-00

ਪ੍ਰਕਾਸ਼ਕ
ਭਾ. ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)
ਫੋਨ/ਫੈਕਸ : 91-183-2542346, 2547974, 2557973
E.Mail csjs@vsnl.com, csjsexports@vsnl.com
csjssales@hotmail.com
Web site: www.csjs.com

ਮੁਖ ਬੰਦ

ਜਦੋਂ ਅਕਾਲ ਪੁਰਖ ਦੀ ਮਹਾਨ ਬਖ਼ਸ਼ਿਸ਼ ਹੁੰਦੀ ਹੈ ਤਦੋਂ ਮਾਣਸ ਦੇਹ ਦੀ ਪ੍ਰਾਪਤੀ ਹੁੰਦੀ ਹੈ, ਫਿਰ ਸਾਧੂ ਸੰਗਮ ਅਤੇ ਗਿਆਨ ਵਿਗਿਆਨ ਦੀ ਪ੍ਰਾਪਤੀ ਹੋਣੀ ਹੋਰ ਵੀ ਦੁਰਲੱਭ, ਪੰਡਿਤ ਭਾਨੂ ਸਿੰਘ ਜੀ ਨਿਆਏ ਸ਼ਾਸਤਰੀ (ਗੱਦੀ ਨਸ਼ੀਨ) ਭਾਈ ਸੰਗਤ ਸੱਚੀ ਦਾਹੜੀ ਉਨ੍ਹਾਂ ਤੋਂ ਵਰੋਸਾਏਂ ਮਹਾਨ ਵਿਦਵਾਨ ਵੇਦਾਂਤ ਦਰਸ਼ਨ ਭੂਸ਼ਣ ਪੰਡਿਤ ਸੁਹੇਲ ਸਿੰਘ ਜੀ ਦੀ ਮਹਾਨ ਬਖ਼ਸ਼ਿਸ਼ ਦੁਆਰਾ ਭਾਨੂ ਪ੍ਰਕਾਸ਼ ਪੁਸਤਕ ਲਿਖਣ ਦਾ ਪ੍ਰਯਾਸ ਕੀਤਾ ਸੀ। ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਮਹਾਂਪੁਰਸ਼ਾਂ ਦੀ ਅਸ਼ੀਰਵਾਦ ਦੁਆਰਾ ਇਹ ਪੁਸਤਕ ਸੰਪੂਰਨ ਕੀਤੀ ਹੈ। ਵਿਦਵਾਨ ਜਨ ਮੇਰੀ ਭੂਲ ਨਾ ਹੱਸਣ, ਅੱਗੋਂ ਲਈ ਸੁਮੱਤ ਦੀ ਦਾਤ ਪ੍ਰਦਾਨ ਕਰਦੇ ਹੋਏ ਅਸ਼ੀਰਵਾਦ ਬਖ਼ਸ਼ਣ।

ਆਪ ਦਾ ਨਿਮਾਣਾ ਸੇਵਕ :

ਸੰਤ ਜਗਜੀਤ ਸਿੰਘ ਵੇਦਾਂਤ ਆਚਾਰਾਜ

ਧੰਨਵਾਦ !

ਮੈਂ ਸੰਤ ਮਹਾਰਾਜ ਬਾਬਾ ਜਗਜੀਤ ਸਿੰਘ ਜੀ ਸ਼ਾਸਤਰੀ ਦਾ ਪੂਰਾ ਪੂਰਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਨਿਰਾ ਸਿੱਖ ਕੌਮ 'ਤੇ ਉਪਕਾਰ ਹੀ ਨਹੀਂ ਕੀਤਾ ਬਲਕਿ ਗੁਰਮਤਿ ਦੇ ਸਾਥ ਸਾਥ ਪੁਰਾਤਨ ਭਗਤੀ ਸਭਿਅਤਾ ਦੇ ਗੂੜ੍ਹ ਗ੍ਰੰਥਾਂ ਦਾ ਭਾਨੂ ਪ੍ਰਕਾਸ਼ ਨਾਮ ਤੇ ਪੁਸਤਕ ਵਿਚ ਪ੍ਰਗਟਾਵਾ ਕਰਕੇ ਸਮੁੱਚੇ ਭਾਰਤ ਵਾਸੀਆਂ ਨੂੰ ਵੀ ਵਿਦਿਆ ਵੇਦਾਂਤ ਅਤੇ ਹੋਰ ਕਈ ਪੱਖਾਂ ਦੇ ਸਿਧਾਂਤਾਂ ਦੀ ਰੋਸ਼ਨੀ ਪ੍ਰਦਾਨ ਕੀਤੀ ਹੈ। ਮੈਂ ਆਪਣੇ ਵਲੋਂ ਮਹਾਂਪੁਰਸ਼ਾਂ ਦਾ ਪੂਰਨ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀ ਵਿਦਿਆ ਦੀ ਹੋਂਦ ਨੂੰ ਪ੍ਰਗਟ ਰੱਖਣ ਲਈ ਸੁਚੱਜਾ ਉੱਦਮ ਕੀਤਾ ਹੈ। ਇਹ ਗ੍ਰੰਥ ਕੁੱਜੇ ਵਿਚ ਸਮੁੰਦਰ ਬੰਦ ਕੀਤਾ ਹੈ।

ਮਾਸਟਰ ਭੁਪਿੰਦਰ ਪਾਲ ਸਿੰਘ
ਪੰਡਿਤ ਭਾਨੂ ਸਿੰਘ ਜੀ ਮਹਾਰਾਜ (ਨਈਆਇਕ)
ਕੋਕਰੀ ਫੂਲਾ ਸਿੰਘ (ਮੋਗਾ)

ਤਤਕਰਾ

ਪੰਡਿਤ ਜਗਜੀਤ ਸਿੰਘ ਜੀ
ਸੁਲਤਾਨਪੁਰ, ਕੋਕਰੀ ਵਾਲੇ।

★★★

ਭਾਨੂ ਪ੍ਰਕਾਸ਼ ਲਿਖਯਤੇ

ਕੋਕਰੀ ਫੂਲਾ ਸਿੰਘ ਜੀ ਵਾਲੇ ਮਹਾਪੁਰਸ਼ਾਂ ਕੀ ਬੰਸਾਵਲੀ
ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਤੋਂ ਵਰੋਸਾਏ

੧. ਸੰਗਤ ਸਾਹਿਬ ਜੀ
੨. ਬਖਤਾ ਸਾਹਿਬ ਜੀ
੩. ਨਾਰਾਇਣ ਸਾਹਿਬ ਜੀ
੪. ਨਿਹਾਲ ਜੀ ਮੀਹਾਂ ਸਾਹਿਬ ਜੀ
੫. ਬਾਬਾ ਲਖਮੀਰ ਜੀ
੬. ਬਾਬਾ ਬੂੜ ਸਿੰਘ ਜੀ
੭. ਬਾਬਾ ਕਾਬਲ ਸਿੰਘ ਜੀ
੮. ਬਾਬਾ ਸੰਗ ਸਿੰਘ ਜੀ
੯. ਪੰਡਿਤ ਕਰਤਾਰ ਸਿੰਘ ਜੀ
੧੦. ਬਾਬਾ ਉਤਮ ਸਿੰਘ ਜੀ
੧੧. ਪੰਡਿਤ ਮਿਸਰਾ ਸਿੰਘ ਜੀ
੧੨. ਪੰਡਿਤ ਭਾਨੂ ਸਿੰਘ (ਨਈਆਇਕ)
੧੩. ਪੰਡਿਤ ਸੁਹੇਲ ਸਿੰਘ ਜੀ (ਵੇਦਾਤਾਂਚਾਰਜ)
੧੪. ਪੰਡਿਤ ਜਗਜੀਤ ਸਿੰਘ ਜੀ

ਬਾਬਾ ਸੰਗਤ ਸਿੰਘ ਜੀ ਤੋਂ ਲੈ ਕੇ ਸਾਰੇ ਮਹਾਂਪੁਰਸ਼ ਬਾਬਾ ਲਖਮੀਰ ਸਾਹਿਬ ਜੀ (U.S) ਤੱਕ ਇਨ੍ਹਾਂ ਦਾ ਜੀਵਨ ਸੂਰਜ ਪ੍ਰਕਾਸ਼ ਵਿਚ ਅਤੇ ਹੋਰ ਗੁਰ ਇਤਿਹਾਸਾਂ ਵਿਚ ਮਿਲਦਾ ਹੈ। ਬਾਬਾ ਬੂੜ ਸਿੰਘ ਜੀ ਵੱਡੀ ਕੋਕਰੀ ਨਗਰ ਦੇ ਮਹਾਤਮਾ ਸਨ। ਆਪ ਜੀ ਨੇ ਬਾਬਾ ਲਖਮੀਰ ਸਾਹਿਬ ਜੀ ਤੋਂ ਬਖ਼ਸ਼ਿਸ਼ ਪ੍ਰਾਪਤ ਕੀਤੀ, ਜਦੋਂ ਕਿ ਬਾਬਾ ਜੀ ਕੋਕਰੀ ਛੋਟੀ ਵਿਖੇ ਇਕ ਝਿੰਗੀ ਵਿਚ ਢਾਬ ਦੇ ਕਿਨਾਰੇ ਬੈਠੇ ਸਨ। ਇਥੇ ਬਾਬਾ ਬੂੜ ਸਿੰਘ ਜੀ ਦਾ ਮਿਲਾਪ ਹੋਇਆ ਅਤੇ ਨਗਰ ਜਾਣ ਲਈ ਬੇਨਤੀ ਕੀਤੀ। ਆਪ ਜੀ ਨੇ ਫੁਰਮਾਇਆ ਕਿ ਅਸੀਂ ਪਿੰਡ ਦੇ ਅਗਵਾੜ ਵਿਚ ਬੈਠੇ ਹਾਂ। ਵਾਕ ਪੂਰਾ ਹੋਇਆ। ਵੱਡੀ ਕੋਕਰੀ ਨਗਰ ਪਤੀ ਤੋਂ ਚਾਚਾ ਭਤੀਜਾ ਬੀਨਾ ਤੇ ਭਾਗੂ ਕਿਸੇ ਕਾਰਨ ਤੋਂ ਉਪਰਾਮ ਹੋ ਕੇ ਜਿਥੇ ਅੱਜ ਛੋਟੀ ਕੋਕਰੀ ਹੈ, ਆਣ ਵੱਸੇ, ਦੋਹਾਂ ਦੇ ਨਾਮ ਪਤੀਆਂ (ਜਾਇਦਾਦ) ਹਨ। ਮਹਾਂਪੁਰਸ਼ਾਂ ਦੇ ਵਾਕ ਪੂਰੇ ਹੋਏ। ਬਾਬਾ ਲਖਮੀਰ ਜੀ ਅਤੇ ਬਾਬਾ ਉਤਮ ਸਿੰਘ ਜੀ ਦੀ ਸਮਾਧ ਹੈ। ਜਿਥੇ ਬਾਬਾ ਜੀ ਰਹੇ ਸਨ, ਉਥੇ ਸਮਾਧਾਂ ਵਾਲਾ ਡੇਰਾ ਹੈ। ਬਾਬਾ ਬੂੜ ਸਿੰਘ ਜੀ ਦੀ ਸਮਾਧ ਵੱਡੀ ਕੋਕਰੀ ਹਾਈ ਸਕੂਲ ਦੇ ਪਾਸ ਹੈ ਬਲਕਿ ਸਕੂਲ ਵੀ ਇਸੇ ਜਾਇਦਾਦ ਵਿਚ ਕਾਇਮ ਹੋਇਆ ਹੈ। ਪੰਡਿਤ ਕਰਤਾਰ ਸਿੰਘ ਜੀ ਅਤੇ ਬਾਬਾ ਸੰਗ ਸਿੰਘ ਜੀ ਦੀਆਂ ਸਮਾਧਾਂ ਕਿਲੀ ਚਾਹਲਾਂ ਨਗਰ ਜੀ. ਟੀ. ਰੋਡ ਜਗਰਾਉਂ ਪਰ ਮੌਜੂਦ ਹੈ। ਬਾਬਾ ਕਾਬਲ ਸਿੰਘ ਜੀ ਨੂੰ ਉਨ੍ਹਾਂ ਦੇ ਪਿਤਾ ਬੂੜ ਸਿੰਘ ਜੀ ਨੇ ਜਥੇਦਾਰ ਕੁੰਮਾ ਸਿੰਘ ਜੀ ਤੋਂ ਅੰਮ੍ਰਿਤ ਪਾਨ ਕਰਵਾਇਆ ਜੋ ਮਾਝੇ ਵਿਚ ਸਤਲਾਨੀ ਸਾਹਿਬ ਬਿਰਾਜਦੇ ਸਨ। ਜਥੇਦਾਰ ਕੁੰਮਾ ਸਿੰਘ ਜੀ ਦਾ ਬਖ਼ਸ਼ਿਆ ਹੋਇਆ ਇਤਿਹਾਸਕ ਖੰਡਾ ਵੀ ਕੋਕਰੀ ਅੰਦਰਲੇ ਡੇਰੇ ਮੌਜੂਦ ਹੈ, ਜਿਥੇ ਬਾਬਾ ਕਾਬਲ ਸਿੰਘ ਜੀ ਦੀ ਸਮਾਧ ਹੈ। ਆਪ ਜੀ ਨੇ ਤੇ ਬਾਬਾ ਦੇਸ ਰਾਜ ਜੀ ਨੇ, ਜਿਨ੍ਹਾਂ ਦਾ ਅਸਥਾਨ ਲੰਡੇਆਣਾ ਕੋਕਰੀ ਵਿਖੇ ਹੈ, ਹਰਿਮੰਦਰ ਸਾਹਿਬ ਦੀ ਸੇਵਾ ਵਿਚ ਯੋਗਦਾਨ ਪਾਇਆ। ਪੰਡਿਤ ਭਾਨ ਸਿੰਘ ਜੀ ਅਤੇ ਪੰਡਿਤ ਸੁਹੇਲ ਸਿੰਘ ਜੀ ਦੀਆਂ ਨਥੂਵਾਲਾ ਬਾਹਰਲੇ ਡੇਰੇ ਸਮਾਧਾਂ ਹਨ। ਇਥੇ ਪੰਡਿਤ ਕਰਤਾਰ ਸਿੰਘ ਜੀ ਦੇ ਸ਼ਿਸ਼ ਬਾਬਾ ਝਗੜ ਸਿੰਘ ਜੀ ਬਿਰਾਜਿਆ ਕਰਦੇ ਸਨ। ਇਕ ਅਸਥਾਨ ਅੰਦਰਲੀ ਧਰਮਸ਼ਾਲਾ ਵਿਚ ਪੰਡਿਤ ਭਾਨ ਸਿੰਘ ਜੀ ਨੇ ਕਾਇਮ ਕੀਤਾ ਸੀ। ਆਪ ਜੀ ਦੇ ਪਿਤਾ ਚੰਨਣ ਸਿੰਘ ਜੀ ਬਾਨਪ੍ਰਸਤੀ ਹੋ ਕੇ, ਵੈਦਿਕ ਸ਼ਾਸਤਰ ਦੇ ਬਕਤੇ ਬਣ ਕੇ, ਨਿਵਾਸ ਰਖਦੇ ਸਨ। ਆਪ ਜੀ ਦੇ ਘਰੋਂ ਮਾਤਾ ਜੀ ਦਾ ਨਾਮ ਭੋਲੀ ਸੀ, ਜੋ ਕਿ ਚੂਹੜਚਕ ਨਗਰ ਤੋਂ ਸਨ। ਆਪ ਜੀ ਦੇ ਗ੍ਰਹਿ ਦੋ ਸਪੁਤਰ ਸਨ, ਵੱਡੇ ਸੁੰਦਰ ਸਿੰਘ ਜੀ ਅਤੇ ਛੋਟੇ ਪੰਡਿਤ ਭਾਨ ਸਿੰਘ ਜੀ, ਜਿਨ੍ਹਾਂ ਦਾ ਜਨਮ ਤਕਰੀਬਨ ਸੰਨ ੧੮੮੬ ਵਿਚ ਨਥੂਵਾਲਾ (ਜਦੀਦ) ਫਰੀਦਕੋਟ ਵਿਖੇ ਹੋਇਆ। ਆਪ ਜੀ ਨੇ ਮੁਢਲੀ ਵਿਦਿਆ ਸੰਤ ਬਾਬਾ ਅਮੀਰ ਸਿੰਘ ਜੀ ਤੋਂ ਨਿਮਕ ਮੰਡੀ, ਸਤੋਵਾਲੀ ਗਲੀ, ਅੰਮ੍ਰਿਤਸਰ ਸਾਹਿਬ ਤੋਂ

ਲਈ। ਪੰਡਿਤ ਹੇਮ ਰਾਜ ਜੀ ਜੋ ਮਾਹਲਪੁਰ (ਬਾੜੀਆਂ) ਨਗਰ ਤੋਂ ਸਨ, ਨਵ ਨਦੀਆਇਕ ਸਨ, ਨਿਆਇ ਸ਼ਾਸਤਰ ਪੜ੍ਹਿਆ। ਸਹਪਾਠੀ ਪੰਡਿਤ ਹਰਦਿੱਤ ਜੀ ਆਦਿਕ ਸਨ। ਪੜ੍ਹੇ ਹੋਏ ਗ੍ਰੰਥਾਂ ਅਤੇ ਪੁਸਤਕਾਂ ਦੇ ਕੁਝ ਨਾਮ ਇਉਂ ਹਨ :

੧. ਤਰਕ ਸੰਗ੍ਰਹਿ ਕੀ ਨਿਰਬਚਨ ਵਿਆਖਿਆ,

੨. ਨਿਆਇ ਬੋਧਨੀ,

੩. ਨੀਲ ਕੰਠੀ,

੪. ਨਿਆਇਮੁਕਤਾਵਲੀ ਵਿਆਖਿਆ,

੫. ਦਿਨਕਰੀ ਰਾਮ ਰੁਦਰੀ ਆਦਿਕ,

੬. ਵਾਖਯਪਦੀਆ,

੭. ਸ਼ਕਤੀਵਾਦ,

੮. ਪੰਚ ਲਖ਼ਸ਼ਵੀ,

੯. ਸਿਧਾਂਤ ਲਕਸ਼ਵ ਮੂਲ ਨਿਆਏ ਸ਼ਾਸਤਰ ਆਦਿ।

ਬੇਅੰਤ ਪੁਸਤਕ ਪੜ੍ਹੇ। ਪੜ੍ਹਾਇਆ ਵੀ, ਬੇਅੰਤ ਵਿਦਿਆਰਥੀਆਂ ਨੂੰ। ਵਿਦਿਆ ਪ੍ਰਾਪਤੀ ਲਈ ਆਪ ਜੀ ਨੇ ਕੋਕਰੀ, ਨਥੂਵਾਲਾ ਨਗਰਾਂ ਵਿਖੇ ਨਿਵਾਸ ਰਖਿਆ ਅਤੇ ਬਜ਼ੁਰਗਾਂ ਦੀ ਸੰਪ੍ਰਦਾਈ ਟਕਸਾਲ ਦੀ ਸੇਵਾ ਨਿਭਾਈ। ਦੋਹਾਂ ਨਗਰਾਂ ਵਿਚ ੧੦੦ ਦੇ ਕਰੀਬ ਖਟ ਭੇਖਾਂ ਦੇ ਵਿਦਿਆਰਥੀਆਂ ਦਾ ਪੂਰਾ-ਪੂਰਾ ਪ੍ਰਬੰਧ ਕਰਕੇ ਵਿਦਿਆ ਦਾਨ ਦਿਲ ਖੋਲ੍ਹ ਕੇ ਸਾਰੀ ਜ਼ਿੰਦਗੀ ਪ੍ਰਮਾਦ ਦਾ ਤਿਆਗ ਕਰਕੇ ਵੰਡਿਆ। ਆਪ ਮਹਾਨ ਕਰਮ-ਕਾਂਡੀ ਅਤੇ ਕਰਮਯੋਗੀ ਸਨ। ਆਪ ਜੀ ਤੋਂ ਵਰੋਸਾਏ ਮੁਖ ਵਿਦਿਆਰਥੀਆਂ ਦੇ ਨਾਮ :

੧. ਪੰਡਿਤ ਸੁਹੇਲ ਸਿੰਘ ਜੀ (ਹਰਦੁਆਰ)

੨. ਸੰਤ ਇੰਦਰ ਸਿੰਘ ਜੀ

੩. ਪੰਡਿਤ ਗੰਗੇਸ਼ਰਾਨੰਦ ਜੀ ਉਦਾਸੀ

੪. ਪੰਡਿਤ ਟਹਿਲ ਸਿੰਘ ਜੀ (ਭਜਨਗੜ੍ਹ)

੫. ਅਰਜਨ ਸ਼ਾਸਤਰੀ (ਸੰਨਿਆਸੀ) ਕਾਂਸ਼ੀ ਹੁਣ ਹਰਦੁਆਰ

੬. ਅਚਲਾ ਨੰਦ ਸ਼ਾਸਤਰੀ ਸੰਨਿਆਸੀ

੭. ਅਰਜਨ ਭਿਖਸ਼ੂ-ਹਰਦੁਆਰ (ਨਿਰਮਲ ਬਾਗ਼)

੮. ਅਰਜਨ ਮੁਨੀ ਨਿਰਮਲਾ ਹਰਦੁਆਰ

੯. ਹਰੀ ਪ੍ਰਕਾਸ਼ (ਨਿਰਾਕਾਰੀ) ਹਰਦੁਆਰ

੧੦. ਗੋਬਿੰਦ ਦਾਸ ਨਿਰਾਕਾਰੀ (ਰਾਮਾ ਮੰਡੀ) ਬਠਿੰਡਾ
੧੧. ਬਲਵੰਤ ਮੁਨੀ-ਰਿਸ਼ੀਕੇਸ਼ ਨਿਰਮਲੇ
੧੨. ਪੰਡਿਤ ਹਰੀ ਸਿੰਘ ਜੀ ਬੀਲ੍ਹਾ (ਫਰੀਦਕੋਟ ਨਿਰਮਲੇ)
੧੩. ਗਿਆਨ ਦਾਸ ਕਬੀਰ ਪੰਥੀ
੧੪. ਗੋਬਿੰਦ ਦਾਸ ਕਬੀਰ ਪੰਥੀ ਦੋਨੋਂ ਹਰਦੁਆਰ
੧੫. ਸੀਆ ਰਾਮ ਬੈਰਾਗੀ
੧੬. ਰਾਮ ਰਤਨ (ਹੁਸ਼ਿਆਰਪੁਰ)
੧੭. ਗੁਰਦੀਪ ਕੇਸਰੀ (ਨਿਰਮਲਾ) ਕਾਂਸ਼ੀ ਜੀ
੧੮. ਮਧੂਸੂਦਨ ਸਿੰਘ ਨਿਰਮਲਾ (ਹਰਦੁਆਰ)
੧੯. ਜਗਦੀਸਰਾਨੰਦ ਉਦਾਸੀ
੨੦. ਪੰਡਿਤ ਤ੍ਰਿਲੋਕ ਸਿੰਘ ਨਿਰਮਲਾ
੨੧. ਪੰਡਿਤ ਭੋਲਾ ਸਿੰਘ ਜੀ ਮੌਲਵੀ (ਮੁਦਕੀ)

ਗ੍ਰਿਹਸਤੀ :-

੧. ਸੁਦਾਗਰ ਸਿੰਘ ਜੀ (ਅਕਾਲੀ)
੨. ਰਾਗੀ ਸ਼ੇਰ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ)
੩. ਹਰਨਾਮ ਸਿੰਘ ਜੀ
੪. ਸੂਬੇਦਾਰ ਬਿਸ਼ਨ ਸਿੰਘ ਜੀ
੫. ਸ੍ਰੀ ਈਸ਼ਰ ਸਿੰਘ ਜੀ ਡਿਪਟੀ
੬. ਚੰਦ ਸਿੰਘ ਜੀ ਜਮਾਂਦਾਰ
੭. ਨਿਹੰਗ ਸੁੱਚਾ ਸਿੰਘ ਜੀ
੮. ਸੁਲੱਖਣ ਸਿੰਘ ਜੀ
੯. ਲਹਿਣਾ ਸਿੰਘ ਜੀ
੧੦. ਗੰਗਾ ਸਿੰਘ ਜੀ ਨਾਮਧਾਰੀ
੧੧. ਪੰਡਿਤ ਦੁਰਗਾ ਦਾਸ
੧੨. ਵਲੈਤੀ ਰਾਮ

ਸੇਵਾਦਾਰ :

੧. ਸ੍ਰ: ਪਾਖਰ ਸਿੰਘ ਜੀ, ੨. ਭਗਤ ਸੰਤਾ ਸਿੰਘ ਜੀ, ੩. ਜਵਾਲਾ ਸਿੰਘ ਜੀ। ਆਪ ਜੀ ਦੀ ਨਿਤ ਕਿਰਿਆ ੧੨ ਤੋਂ ਬਾਦ ਇਸ਼ਨਾਨ ਸੁਧੇ, ਕੇਸੀ ਇਸ਼ਨਾਨ ਕਰਕੇ ਨਿਜਾਨੰਦ ਵਿਚ ਸਮਾਧੀ ਇਸਥਿਤ ਹੋਣਾ। ਭੋਜਨ ਇਕ ਵੇਲੇ ਆਪਣੇ ਹੱਥੀਂ ਪੂਰੀ ਕਰਮ-ਕਾਂਡ ਦੀ ਰੀਤੀ ਅਨੁਸਾਰ ਚੰਦ੍ਰਮਾ ਦੀ ਚਾਂਦਨੀ ਭਾਵ ਰਾਤ ਵੇਲੇ ਜਦੋਂ ਮੱਖੀ ਮੱਛਰ ਨਾ ਹੋਵੇ, ਤਿਆਰ ਕਰਨਾ। ਦੋ ਵੇਲੇ ਜਲ ਪਾਣੀ ਰੁੱਤ ਅਨੁਸਾਰ ਵਰਤਣਾ, ਬਾਹਰ ਦੀ ਤਿਆਰ ਕੋਈ ਵੀ ਵਸਤੂ ਨਾ ਵਰਤਣੀ ਬਲਕਿ ਦੁਆਈ ਆਦਿ ਵੀ ਹੱਥੀਂ ਤਿਆਰ ਕੀਤੀ ਹੋਈ ਲੈਣੀ। ਬਸਤਰ ਵੀ ਖੱਡੀ ਦਾ ਬੁਣਿਆ ਵਰਤਣਾ ਤੇ ਹਲਕਾ ਰੰਗ ਦੇਣਾ। ਵਿਦਿਆਰਥੀ ਲਈ ਹਰ ਵਕਤ ਬੂਹਾ ਖੁਲ੍ਹਾ ਰੱਖਣਾ, ਉਨ੍ਹਾਂ ਦੀ ਖਾਦ ਖੁਰਾਕ ਰਿਹਾਇਸ਼ ਦਾ ਇੰਤਜ਼ਾਮ ਆਪ ਕਰਨਾ। ਬੋਲਣਾ ਬਹੁਤ ਘੱਟ, ਸੌਣਾ ਬਹੁਤ ਘੱਟ, ਬਿਨਾਂ ਮਤਲਬ ਆਪਣੇ ਪਾਸ ਕਿਸੇ ਨੂੰ ਨਾ ਬੈਠਣ ਦੇਣਾ। ਗ੍ਰਹਿਸਤੀਆਂ ਨੂੰ ੧੦-੧੫ ਮਿੰਟ ਤੋਂ ਜ਼ਿਆਦਾ ਪਾਸ ਨਾ ਬੈਠਣ ਦੇਣਾ। ਹਰ ਭੇਖ ਦੇ ਸਾਧੂ ਦਾ ਪੂਰਾ ਸਤਿਕਾਰ ਕਰਨਾ। ਹਰ ਇਕ ਨੂੰ ਨਿਵਾਜਣਾ। ਗ਼ਰੀਬਾਂ ਨੂੰ ਮੁਫਤ ਔਸ਼ਧੀ ਦੇਣੀ। ਇਕ ਘਰੋਂ ਸੱਤ ਦਿਨ ਤੋਂ ਜ਼ਿਆਦਾ ਅੰਨ ਦੁੱਧ ਨਾ ਵਰਤਣਾ। ਸੌਚ ਕਿਰਿਆ ਤੋਂ ਬਾਅਦ ਇਸ਼ਨਾਨ ਕਰਨਾ ਅਤੇ ਬਸਤਰਾਂ ਦਾ ਪਾਣੀ ਵਿਚੀਂ ਕੱਢਣਾ। ਆਪਣੀ ਸਾਰੀ ਕਿਰਿਆ ਆਪ ਕਰਨੀ। ਮੱਥਾ ਪੈਰੀਂ ਹੱਥ ਲਾ ਕੇ ਨਾ ਟਿਕੌਣਾ, ਖਾਸ ਨਿਯਮ ਸੀ। ਪੜ੍ਹਾਈ ਕਰਾਉਣ ਵੇਲੇ ਮੰਜੀ ਦੀ ਚੁਗਾਠ ਵਿਚ ਬੈਠ ਕੇ ਸੰਥਾ ਦੇਣੀ, ਘਬਰਾਣਾ ਨਹੀਂ। ਠੰਡੇ ਜਿਗਰੇ ਨਾਲ ਵਿਦਿਆਰਥੀਆਂ ਨੂੰ ਵਿਦਿਆ ਦੇਣੀ। ਕੋਕਰੀ ਨਥੂਵਾਲੇ ਰੋਜ਼ਾਨਾ ਪੈਦਲ ਜਾਣਾ। ਉਥੋਂ ਦੇ ਵਿਦਿਆਰਥੀਆਂ ਨੂੰ ਸੰਥਾ ਦੇ ਕੇ ਇਧਰ ਆ ਕੇ ਦੂਸਰੇ ਨਗਰ ਸੰਸਥਾ ਦੇਣੀ। ਇਕਾਦਸ਼ੀ ਆਦਿ ਦਿਨਾਂ ਦੀ ਛੁੱਟੀ ਕਰਨੀ, ਗੁਰਪੁਰਬਾਂ 'ਤੇ ਦਾਨ ਨਾ ਲੈਣਾ ਬਲਕਿ ਕੋਲੋਂ ਦੇਣਾ। ਅਣਚਾਰੀ ਦਾ ਧਨ ਨਾ ਖਾਣਾ। ਗ੍ਰਹਿਸਤੀਆਂ ਦੇ ਘਰਾਂ ਵਿਚ ਜਾਣ ਤੋਂ ਸੰਕੋਚ ਕਰਨਾ। ਇਸਤ੍ਰੀ ਨਾਲ ਬਿਲਕੁਲ ਬਾਤਚੀਤ ਨਾ ਕਰਨਾ। ਤੀਰਥ ਯਾਤਰਾ 'ਤੇ ਇੱਛਾ ਮੁਤਾਬਿਕ ਇਕੱਲੇ ਵੀ, ਮੰਡਲੀ ਸਮੇਤ ਵੀ ਜਾਣਾ। ਸੰਤ ਮੀਹਾਂ ਸਿੰਘ ਜੀ ਗੜ੍ਹੇਵਾਲ ਅਤੇ ਸੰਤ ਮੱਖਣ ਲਾਲ ਜੀ ਤਲਵੰਡੀ ਦੁਸਾਂਝ ਵਾਲੇ ਆਪ ਜੀ ਦੇ ਖਾਸ ਪਿਆਰੇ ਸਨ। ਹਰਦੁਆਰ ਸੰਤ ਆਤਮਾ ਸਿੰਘ ਜੀ ਨਿਰਮਲੇ ਬਾਗ ਵਾਲਿਆਂ ਪਾਸ ਡੇਰਾ ਰੱਖਣਾ। ਭੋਜਨ ਲਈ ਉਥੇ ਗੰਗਾਜਲ ਵਰਤਣਾ, ਸਰਬ ਲੋਹੇ ਦੇ ਜਾਂ ਭਰਤ ਦੇ ਬਰਤਨ ਵਰਤਣੇ, ਕਿਰਪਾਨ ਭੇਂਟ ਕਰਕੇ ਲੰਗਰ ਛਕਣਾ। ਗੁਰੂ ਗ੍ਰੰਥ ਸਾਹਿਬ 'ਤੇ ਅਨਿੰਨ ਸ਼ਰਧਾ, ਸੇਵਾ ਪ੍ਰਕਾਸ਼ ਸੁਖਆਸਨ ਦੀ ਕਿਰਿਆ ਆਪ ਕਰਨੀ। ਭੋਜਨ ਤਿਆਰ ਕਰਨ ਲਈ ਪੱਥਰ ਦਾ ਕੋਇਲਾ ਵਰਤਣਾ। ਸਫ਼ਰ ਵਿਚ ਜੌਂ ਦੇ ਸਤੂ ਵਰਤਣੇ, ਬੇਅੰਤ ਕਿਰਿਆ ਹੈ ਸਾਰੀ ਤਾਂ ਲਿਖੀ ਵੀ ਨਹੀਂ ਜਾਂਦੀ।

ਸਮਾਜਿਕ ਛੇਤਰ ਵਿਚ :

ਵਿਆਹਾਂ ਵਿਚ ਸਾਦੀਆਂ ਰਸਮਾਂ ਕਰਨ ਦਾ ਉਪਦੇਸ਼ ਦੇਣਾ, ਪੇਂਡੂ ਝਗੜਿਆਂ ਨੂੰ ਪੰਚਾਇਤਾਂ ਵਿਚ ਨਿਬੇੜਨ ਦੀ ਹਦੈਤ ਕਰਨੀ, ਪ੍ਰਾਇਮਰੀ ਸਕੂਲ ਕੋਕਰੀ ਤੇ ਨਥੂਵਾਲੇ ਮਿਡਲ ਸਕੂਲ ਆਪਣੇ ਖਰਚ ਤੋਂ ਪ੍ਰਾਰੰਭ ਕਰਵਾਣਾ, ਸਾਦਾ ਲਿਬਾਸ ਤੇ ਸਾਦੀ ਪੁਸ਼ਾਕ ਰੱਖਣ ਦਾ ਉਪਦੇਸ਼ ਦੇਣਾ। ਗਰੀਬਾਂ ਦੇ ਬੱਚਿਆਂ ਦੀਆਂ ਸ਼ਾਦੀਆਂ ਅਤੇ ਵਿਦਿਆ ਦਾ ਕੋਲੋਂ ਪ੍ਰਬੰਧ ਕਰਨਾ। ਪਾਕਿਸਤਾਨ ਬਣਨ ਵੇਲੇ ਸਾਂਝਾ ਪ੍ਰਚਾਰ ਅਤੇ ਸ਼ਰਨਾਰਥੀਆਂ ਦੀ ਸੇਵਾ ਸੰਭਾਲ ਕਰਵਾਈ। ਨਹਿਰ ਦਾ ਸੂਆ ਆਪ ਪੁਟਵਾਣਾ ਤਾਂਕਿ ਝਗੜਾ ਨਾ ਹੋਵੇ ਆਦਿਕ ਮਹਾਂਪੁਰਸ਼ਾਂ ਦੇ ਸੁਭਾਅ ਦਾ ਅੰਗ ਸਨ।

ਧਾਰਮਿਕ ਛੇਤਰ ਵਿਚ :-

ਸ਼ਹੀਦੀ ਮਿਸਲ ਦੇ ਜਥੇਦਾਰ ਬਾਬਾ ਸੋਹਨ ਸਿੰਘ ਜੀ ਤੋਂ ਅੰਮ੍ਰਿਤ ਪ੍ਰਚਾਰ ਸੰਚਾਰ ਕਰਵਾਣਾ। ਬਾਅਦ ਵਿਚ ਦਾਸਾਂ ਨੇ ਬਾਬਾ ਕੁੰਦਨ ਸਿੰਘ ਜੀ ਤੋਂ ਵਰ ਪਾਇਆ। ਆਪਣੀ ਪੂਜਾ ਤੋਂ ਸੰਕੋਚ ਕਰਨਾ, ਆਪਣੇ ਆਪ ਨੂੰ ਛੁਪਾਣਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣਾ। ਵਿਦਿਆ ਬਲ ਤੋਂ ਦੁਨੀਆਂ ਵਿਚ ਨਾਮ ਪੈਦਾ ਕੀਤਾ ਪਰ ਆਪਣਾ ਆਪ ਛੁਪਾਇਆ ਬਹੁਤ, ਪਰ ਛੁਪਦੇ ਕਿਥੋਂ ਹਨ।

ਵਾਕ ਸਿਧੀ :

ਬੇਅੰਤਾਂ ਨੂੰ ਪੁੱਤਰ ਦੀਆਂ ਦਾਤਾਂ ਬਖ਼ਸ਼ੀਆਂ ਅਤੇ ਬੇਅੰਤਾਂ ਨੂੰ ਰੋਗਾਂ ਤੋਂ ਨਿਜਾਤ ਦਿਵਾਈ। ਵਿਦਿਆ ਦੇ ਵਰ ਦੇ ਕੇ ਬੜੇ ਬੜੇ ਪੰਡਿਤ ਸਭਾਜਿੱਤ ਬਣਾਏ।

ਪੰਡਿਤ ਸੁਹੇਲ ਸਿੰਘ ਜੀ :-

ਆਪ ਜੀ ਦਾ ਜਨਮ ਨਗਰ ਕਾਲਰਾ (ਜਲੰਧਰ) ਨੰਬਰਦਾਰ ਸ਼ੇਰ ਸਿੰਘ ਜੀ ਦੇ ਗ੍ਰਹਿ ਵਿਖੇ ੧੯੦੦ ਸੰਨ ਵਿਚ ਹੋਇਆ। ਬਾਬਾ ਉਦੇ ਸਿੰਘ ਜੀ ਨਗਰ ਦੇ ਬਜ਼ੁਰਗ ਸੰਤ ਗਿਆਨੀ ਲਾਲ ਸਿੰਘ ਜੀ ਦੇ ਸ਼ਗਿਰਦ ਸਨ। ਗੁਰਦੀਖਿਆ ਲਈ ੨੧ ਸਾਲ ਦੀ ਉਮਰ ਵਿਚ ਸੰਨਿਆਸ ਲਿਆ। ਸਾਰੀ ਜ਼ਿੰਦਗੀ ਬ੍ਰਹਮਚਾਰੀ ਰਹੇ। ਪੰਡਿਤ ਮੂਲ ਸਿੰਘ ਜੀ ਤੋਂ ਬਿਰਤੀ ਤੀਕ ਗ੍ਰੰਥ ਪੜ੍ਹੇ। ਗੁਰੂ ਘਰ ਦੀ ਵਿਦਿਆ ਪੰਡਿਤ ਪ੍ਰੇਮ ਸਿੰਘ ਜੀ (ਬਾਬਾ ਜੀ ਡਰੋਲੀ ਖੁਰਦ ਵਾਲੇ ਹਰਦੁਆਰ) ਅਤੇ ਕੁਝ ਪੰਡਿਤ ਸਿਆਮ ਦਾਸ ਜੀ ਤੋਂ ਅਤੇ ਕੁਝ ਕਾਂਸ਼ੀ ਤੋਂ, ਪ੍ਰਾਪਤ ਕੀਤੀ। ਬਾਕੀ ਵਿਦਿਆ ਕੋਕਰੀ ਮਹਾਰਾਜ ਪੰਡਿਤ ਜੀ ਤੋਂ ਪ੍ਰਾਪਤ ਕੀਤੀ। ਪੰਡਿਤ ਭਾਨ ਸਿੰਘ ਜੀ ੧੮ ਪੋਹ ਸੰਨ ੧੯੫੧ ਨੂੰ ਮਨਸੂਰਵਾਲ (ਜੀਰਾ) ਗੰਗਾ ਸਿੰਘ

ਨਾਮਧਾਰੀ ਦੇ ਸਰੀਰ ਤਿਆਗਣ ਤੋਂ ਬਾਅਦ ਕੌਕਰੀ ਤੇ ਨਥੂਵਾਲਾ ਸੰਪ੍ਰਦਾਇ ਦੀ ਸੇਵਾ ਨਿਭਾਂਦੇ ਰਹੇ। ਬੇਅੰਤ ਵਿਦਿਆਰਥੀ ਕਾਇਮ ਕੀਤੇ ਜਿਨ੍ਹਾਂ ਵਿਚ ਦਾਸ ਵੀ ਹਨ। ਈ: ਸੰਨ ੧੪-੧-੭੪ ਨੂੰ ਆਪ ਜੀ ਨਥੂਵਾਲਾ ਵਿਖੇ ਰਾਤ ਦੇ ਤਿੰਨ ਵਜੇ ਪ੍ਰਲੋਕ ਗਮਨ ਕਰ ਗਏ। ਇਨ੍ਹਾਂ ਤੋਂ ਬਾਅਦ ਦਾਸਾਂ ਨੂੰ ਸਾਧ ਸੰਗਤ ਨੇ ਸੇਵਾ ਬਖ਼ਸ਼ੀ। ਗੁਰਦਵਾਰਿਆਂ ਦੀ ਕੁਝ ਸੇਵਾ ਕਰਵਾਈ। ਦਾਸਾਂ ਦੇ ਪਿਤਾ ਦਾ ਨਾਮ ਸ੍ਰ: ਉਜਾਗਰ ਸਿੰਘ, ਮਾਤਾ ਦਾ ਨਾਮ ਭਰਪੂਰ ਕੌਰ, ਜਨਮ ੧ ਮਾਰਚ, ਦਿਨ ਵੀਰਵਾਰ, ਸੰਨ ੧੯੪੬, ਨਗਰ ਕਾਲਰਾ, ਪਰਹਾਰ ਗੋਤ, ਸੰਤ ਸੁਹੇਲ ਸਿੰਘ ਜੀ ਦੇ ਖਾਨਦਾਨ ਵਿਚ ਜਨਮ ਮਿਲਿਆ। ਪੰਜ ਸਾਲ ਦੀ ਉਮਰ ਵਿਚ ਸੰਤ ਮਹਾਰਾਜ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਨੂੰ ਚੜ੍ਹਾਏ ਗਏ। ਅੰਮ੍ਰਿਤ, ਸੰਤ ਨਸਲਪੁਰ ਵਾਲਿਆਂ ਦੇ ਸੇਵਕ, ਸੰਤ ਪ੍ਰੀਤਮ ਸਿੰਘ ਜੀ ਮਾਨਖੇੜੀ ਵਾਲਿਆਂ ਤੋਂ ਛਕਿਆ। ੧੬ ਸਾਲ ਦੀ ਉਮਰ ਵਿਚ ਮੈਟਰਿਕ ਨਗਰ ਵਿਖੇ ਕੀਤੀ। ਇਕ ਸਾਲ ਮਾਹਲਪੁਰ ਕਾਲਜ ਵਿਖੇ ਪੜ੍ਹੇ। ਨੰਗਲ ਸੰਤ ਮਾਨ ਸਿੰਘ ਜੀ ਪਾਸ ਰਹੇ। ਦੋ ਸਾਲ ਸੰਤ ਮਹਿੰਦਰ ਸਿੰਘ ਜੀ ਪਾਸ ਰਹੇ, ਫਿਰ ਦੋ ਸਾਲ ਡੇਰਾ ਸੰਤਗੜ੍ਹ ਹਰਖੋਵਾਲ, ਫੇਰ ਕੁਝ ਅਰਸਾ ਰੋਪੜ ਸੰਤ ਸ਼ਾਦੀ ਸਿੰਘ ਜੀ ਪਾਸ ਰਹੇ। ਕੁਝ ਤੀਰਥ ਰਟਨ, ਫਿਰ ਖਵਾਜਾ ਖੜਕ ਸੰਤ ਦਾਨ ਸਿੰਘ ਜੀ ਪਾਸ, ਉਪਰੰਤ ਕੋਕਰੀ ਵਿਦਿਆ ਪੜ੍ਹਨ ਚਲੇ ਗਏ। ਸੰਤਾਂ ਤੋਂ ਬ੍ਰਿਤੀ ਪ੍ਰਭਾਕਰ ਤੀਕ ਪੁਸਤਕ ਉਪਨਿਸ਼ਦ, ਗੀਤਾ, ਵੇਦਾਂਤ, ਦਰਸ਼ਨਯੋਗ ਬਿਬੇਕ ਚੂੜਮਣੀ ਅਤੇ ਗੁਰੂ ਘਰ ਦੀ ਵਿਦਿਆ ਪੜ੍ਹੀ ਤੇ ਵੀਚਾਰੀ। ਫੇਰ ਨਗਰ ਵਿਖੇ ਕੁਟੀਆ ਪਾ ਕੇ ਰਹੇ। ਉਪਰੰਤ ਸੁਲਤਾਨਪੁਰ ਚਲੇ ਗਏ। ਗੁਰੂ ਘਰ ਦੇ ਸਾਰੇ ਗ੍ਰੰਥਾਂ ਦੀ ਕਥਾ ਗੁ: ਬੇਰ ਸਾਹਿਬ ਅਤੇ ਗੁਰੂ ਕੇ ਬਾਗ਼ ਵਿਖੇ ਕੀਤੀ। ਭੋਗ ਪਾਉਣ ਤੋਂ ਅਕਾਲੀ ਅੰਦੋਲਨ ਜੋ ੮੨ ਤੋਂ ਚਲ ਰਿਹਾ ਸੀ, ਕਪੂਰਥਲਾ ਤੇ ਗੁਰਦਾਸਪੁਰ ਜੇਲ੍ਹ ਯਾਤਰਾ ੫੨ ਦਿਨ ਕੀਤੀ। ਉਪਰੰਤ ਰਿਹਾਈ ਤੋਂ ਸੁਲਤਾਨਪੁਰ ਕਥਾ ਕਰਦੇ ਰਹੇ। ਡੇਰੇ ਸੰਤਗੜ੍ਹ ਦੀ ਸੰਗਤ ਦੀ ਬੇਨਤੀ ਤੋਂ ਹੁਣ ਹਰਖੋਵਾਲ ਡੇਰਾ ਸੰਤਗੜ੍ਹ ੮ ਮਹੀਨੇ ਤੋਂ ਕਥਾ ਦਾ ਦੋਨੋਂ ਵੇਲੇ ਪ੍ਰਵਾਹ ਚਲਾ ਰਹੇ ਹਾਂ, ਅੱਗੇ ਜਿਵੇਂ ਵਾਹਿਗੁਰੂ ਨੂੰ ਭਾਵੇ ਤਿਵੇਂ ਹੀ ਮਨਜ਼ੂਰ ਹੈ। ਕੋਕਰੀ ਦੀ ਸੇਵਾ ਵੀ ਦਾਸ ਦੇ ਜ਼ਿੰਮੇਂ ਹੈ। ਉਥੇ ਦੀ ਵੀ ਖਬਰ ਸਾਰ ਰੱਖੀਦੀ ਸੀ। ਵਿਦਿਆਰਥੀ ਵੀ ਕਾਫੀ ਪੜ੍ਹਾਏ ਹਨ ਤੇ ਪੜ੍ਹਾ ਰਹੇ ਹਾਂ। ਦਾਸਾਂ ਦੇ ਪਿਆਰੇ ਸੰਤ ਚਰਨ ਸਿੰਘ ਜੀ ਭਗਤ ਭੇਖੋਵਾਲ ਹਨ। ਹੋਰ ਵੀ ਸਾਰੇ ਸਾਧੂਆਂ ਨਾਲ ਪਿਆਰ ਹੈ।

ਆਪ ਜੀ ਦਾ ਦਾਸ

ਸੰਤ ਜਗਜੀਤ ਸਿੰਘ ਨਿਰਮਲੇ,

ਗੁ: ਸੁਲਤਾਨਪੁਰ ਲੋਧੀ।

(ਗੁਰੂ ਅਸਤੋਤ੍ਰ)

ਸਤਿਗੁਰ ਮਹਿਮਾ

ਗੋਂਡ ਮਹਲਾ ੫ ॥

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥ ੧ ॥ ਮਤ ਕੋ ਭਰਮ ਭੂਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥ ੧ ॥ ਰਹਾਉ ॥ ਭੂਲੇ ਕਉ ਗੁਰਿ ਮਾਰਗਿ ਪਾਇਆ ॥ ਅਵਰ ਤਿਆਗਿ ਹਰਿ ਭਗਤੀ ਲਾਇਆ ॥ ਜਨਮ ਮਰਨ ਕੀ ਤ੍ਰਾਸ ਮਿਟਾਈ ॥ ਗੁਰ ਪੂਰੇ ਕੀ ਬੇਅੰਤ ਵਡਾਈ ॥ ੨ ॥ ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥ ਅੰਧਕਾਰ ਮਹਿ ਭਇਆ ਪ੍ਰਗਾਸ ॥ ਜਿਨਿ ਕੀਆ ਸੋ ਗੁਰ ਤੇ ਜਾਨਿਆ ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥ ੩ ॥ ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰੁ ਪਰਮੇਸਰੁ ਹੈ ਭੀ ਹੋਗੁ ॥ ਕਹੁ ਨਾਨਕ ਪ੍ਰਭਿ ਇਹੈ ਜਨਾਈ ॥ ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥ ੪ ॥ ੪ ॥ ੭ ॥ (ਪੰਨਾ ੮੬੪)

ਗੋਂਡ ਮਹਲਾ ੫ ॥

ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥ ਗੁਰੂ ਬਿਨਾ ਮੈ ਨਾਹੀ ਹੋਰ ॥ ਗੁਰ ਕੀ ਟੇਕ ਰਹਹੁ ਦਿਨੁ ਰਾਤਿ ॥ ਜਾ ਕੀ ਕੋਇ ਨ ਮੇਟੈ ਦਾਤਿ ॥ ੧ ॥ ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥ ੧ ॥ ਰਹਾਉ ॥ ਗੁਰ ਚਰਣੀ ਜਾ ਕਾ ਮਨੁ ਲਾਗੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥ ਗੁਰ ਕੀ ਸੇਵਾ ਪਾਏ ਮਾਨੁ ॥ ਗੁਰ ਊਪਰਿ ਸਦਾ ਕੁਰਬਾਨੁ ॥ ੨ ॥ ਗੁਰ ਕਾ ਦਰਸਨੁ ਦੇਖਿ ਨਿਹਾਲ ॥ ਗੁਰ ਕੇ ਸੇਵਕ ਕੀ ਪੂਰਨ ਘਾਲ ॥ ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ ॥ ਗੁਰ ਕਾ ਸੇਵਕੁ ਦਹ ਦਿਸਿ ਜਾਪੈ ॥ ੩ ॥ ਗੁਰ ਕੀ ਮਹਿਮਾ ਕਥਨੁ ਨ ਜਾਇ ॥ ਪਾਰਬ੍ਰਹਮੁ ਗੁਰੁ ਰਹਿਆ ਸਮਾਇ ॥ ਕਹੁ ਨਾਨਕ ਜਾ ਕੇ ਪੂਰੇ ਭਾਗ ॥ ਗੁਰ ਚਰਣੀ ਤਾ ਕਾ ਮਨੁ ਲਾਗ ॥ ੪ ॥ ੬ ॥ ੮ ॥ (ਪੰਨਾ ੮੬੪)

ਗੋਂਡ ਮਹਲਾ ੫ ॥

ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥ ਗੁਰੁ ਮੇਰਾ ਦੇਉ ਅਲਖ ਅਭੇਉ ॥ ਸਰਬ ਪੂਜ ਚਰਨ ਗੁਰ ਸੇਉ ॥ ੧ ॥ ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥ ਅਨਦਿਨੁ ਜਪਉ ਗੁਰੂ ਗੁਰ ਨਾਉ ॥ ੧ ॥ ਰਹਾਉ ॥ ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥ ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥ ੨ ॥ ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥

ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ। ਗੁਰ ਕੈ ਸੰਗਿ ਸਗਲ ਨਿਸਤਾਰਾ॥ ੩॥ ਗੁਰੁ ਪੂਰਾ ਪਾਈਐ ਵਡਭਾਗੀ॥ ਗੁਰ ਕੀ ਸੇਵਾ ਦੂਖੁ ਨ ਲਾਗੀ॥ ਗੁਰ ਕਾ ਸਬਦੁ ਨ ਮੇਟੈ ਕੋਇ॥ ਗੁਰੁ ਨਾਨਕੁ ਨਾਨਕੁ ਹਰਿ ਸੋਇ॥ ੪॥ ੭॥ ੯॥ (ਪੰਨਾ ੮੬੪)

ਰਾਮ ਅਸਤੋਤ੍ਰ

ਗੋਂਡ ਮਹਲਾ ੫॥

ਰਾਮ ਰਾਮ ਸੰਗਿ ਕਰਿ ਬਿਉਹਾਰ॥ ਰਾਮ ਰਾਮ ਰਾਮ ਪ੍ਰਾਨ ਅਧਾਰ॥ ਰਾਮ ਰਾਮ ਰਾਮ ਕੀਰਤਨੁ ਗਾਇ॥ ਰਮਤ ਰਾਮੁ ਸਭ ਰਹਿਓ ਸਮਾਇ॥ ੧॥ ਸੰਤ ਜਨਾ ਮਿਲਿ ਬੋਲਹੁ ਰਾਮ॥ ਸਭ ਤੇ ਨਿਰਮਲ ਪੂਰਨ ਕਾਮ॥ ੧॥ ਰਹਾਉ॥ ਰਾਮ ਰਾਮ ਧਨੁ ਸੰਚਿ ਭੰਡਾਰ॥ ਰਾਮ ਰਾਮ ਰਾਮ ਕਰਿ ਆਹਾਰ॥ ਰਾਮ ਰਾਮ ਵੀਸਰਿ ਨਹੀ ਜਾਇ॥ ਕਰਿ ਕਿਰਪਾ ਗੁਰਿ ਦੀਆ ਬਤਾਇ॥ ੨॥ ਰਾਮ ਰਾਮ ਰਾਮ ਸਦਾ ਸਹਾਇ॥ ਰਾਮ ਰਾਮ ਰਾਮ ਲਿਵ ਲਾਇ॥ ਰਾਮ ਰਾਮ ਜਪਿ ਨਿਰਮਲ ਭਏ॥ ਜਨਮ ਜਨਮ ਕੇ ਕਿਲਬਿਖ ਗਏ॥ ੩॥ ਰਮਤ ਰਾਮ ਜਨਮ ਮਰਣੁ ਨਿਵਾਰੈ॥ ਉਚਰਤ ਰਾਮ ਭੈ ਪਾਰਿ ਉਤਾਰੈ॥ ਸਭ ਤੇ ਊਚ ਰਾਮ ਪਰਗਾਸ॥ ਨਿਸਿ ਬਾਸੁਰ ਜਪਿ ਨਾਨਕ ਦਾਸ॥ ੪॥ ੮॥ ੧੦॥ (ਪੰਨਾ ੮੬੫)

ਨਾਰਾਇਣ ਅਸਤੋਤ੍ਰ

ਗੋਂਡ ਮਹਲਾ ੫॥

ਨਾਮੁ ਨਿਰੰਜਨੁ ਨੀਰਿ ਨਰਾਇਣ॥ ਰਸਨਾ ਸਿਮਰਤ ਪਾਪ ਬਿਲਾਇਣ॥ ੧॥ ਰਹਾਉ॥ ਨਾਰਾਇਣ ਸਭ ਮਾਹਿ ਨਿਵਾਸ॥ ਨਾਰਾਇਣ ਘਟਿ ਘਟਿ ਪਰਗਾਸ॥ ਨਾਰਾਇਣ ਕਹਤੇ ਨਰਕਿ ਨ ਜਾਹਿ॥ ਨਾਰਾਇਣ ਸੇਵਿ ਸਗਲ ਫਲ ਪਾਹਿ॥ ੧॥ ਨਾਰਾਇਣ ਮਨ ਮਾਹਿ ਅਧਾਰੁ॥ ਨਾਰਾਇਣ ਬੋਹਿਥ ਸੰਸਾਰ॥ ਨਾਰਾਇਣ ਕਹਤ ਜਮੁ ਭਾਗਿ ਪਲਾਇਣ॥ ਨਾਰਾਇਣ ਦੰਤ ਭਾਨੇ ਡਾਇਣ॥ ੨॥ ਨਾਰਾਇਣ ਸਦ ਸਦ ਬਖਸਿੰਦ॥ ਨਾਰਾਇਣ ਕੀਨੇ ਸੂਖ ਅਨੰਦ॥ ਨਾਰਾਇਣ ਪ੍ਰਗਟ ਕੀਨੋ ਪਰਤਾਪ॥ ਨਾਰਾਇਣ ਸੰਤ ਕੋ ਮਾਈ ਬਾਪ॥ ੩॥ ਨਾਰਾਇਣ ਸਾਧਸੰਗਿ ਨਰਾਇਣ॥ ਬਾਰੰ ਬਾਰ ਨਰਾਇਣ ਗਾਇਣ॥ ਬਸਤੁ ਅਗੋਚਰ ਗੁਰ ਮਿਲਿ ਲਹੀ॥ ਨਾਰਾਇਣ ਓਟ ਨਾਨਕ ਦਾਸ ਗਹੀ॥ ੪॥ ੧੭॥ ੧੯॥ (ਪੰਨਾ ੮੬੭-੬੮)

ਸ੍ਰੀ ਸ੍ਰੀ ਸ੍ਰੀ ਨਾਨਕੰ ਵਿਸ਼ਨ ਰੂਪੰ ਗੋਬਿੰਦ ਰੂਪਿਣੰ॥
ਨਾਰਾਇਣੰ ਚਿਦਾ ਨੰਦੰ ਬੰਦੇ ਚ ਸਰਬ ਰੂਤਿਣੰ॥

ਦੋਹਾ ਨਾਨਕ ਨਾਮਹ ਨਮਨ ਸੇ ਨਰਕ ਨਹੀ ਨਰ ਜਾਤ॥
ਨੀੜ ਨਾਰਾਇਣ ਜਾਤ ਨਰ ਨਮੋ ਚਰਣ ਗੁਨ ਤਾਸ॥

੧. ਗੁਰੂਰ ਬ੍ਰਹਮਾ ਗਰੂਰ ਬਿਸ਼ਨੁ ਗਰੂਰ ਦੇਵ ਮਹੇਸਵਰ:॥
ਗੁਰੂਰੇਵ ਪਰੰਬ੍ਰਹਮ ਤਸਮਈ ਸ੍ਰੀ ਗੁਰਵੇ ਨਮ:॥
੨. ਅਖੰਡ ਮੰਡਲਾ ਕਾਰੰ ਬਯਾਪਤੰ ਯੇਨ ਚਰਾਚਰੰ॥
ਤਤਪਦ ਦਰਸਿਤੰ ਯੇਨ ਤਸਮਈ ਸ੍ਰੀ ਗੁਰਵੇ ਨਮ:॥
੩. ਅਰਥਾਨ ਤਿਮਰਾਂ ਧਾਨਾਂ ਗਯਾਨ ਜਨ ਸਲਾਕਯਾ
ਚੱਖਯੁਰ ਨ ਮੀਲਤੇ ਯੇਨ ਤਸਮਈ ਸ੍ਰੀ ਗੁਰਵੇ ਨਮ:॥

(ਅਰਦਾਸ)

ਚੌਪਾਈ:-ਕਹਾਂ ਤੁਛ ਪ੍ਰਭ ਬੁਧਿ ਹਮਾਰੀ॥ ਮਹਿਮਾ ਗੁਰ ਕੀ ਅਪਰ ਅਪਾਰੀ॥
ਕਛੁ ਨ ਸਕਤਿ ਮੈਂ ਕਰਨ ਉਚਾਰੀ॥ ਆਪ ਲੇਹੁ ਤੁਮ ਕਥਾ ਸੁਧਾਰੀ॥
ਬ੍ਰਹਮਾਦਿਕ ਇੰਦ੍ਰਾਦਿ ਧਿਆਵੈ॥ ਬੇਦ ਚਾਰ ਮੁਖ ਨੇਤਿ ਬਤਾਵੈ॥
ਨਾਰਦ ਸਾਰਦ ਆਦਿ ਗਨੇਸੂ॥ ਮਹਾਦੇਵ ਸ੍ਰੀ ਮੁਨਵਰ ਬੇਸੂ॥
ਅਗਸਤ ਪੁਲਸਤ ਵਸ਼ਿਸ਼ਟ ਪ੍ਰਮਾਨਾ॥ ਇਨ ਭੀ ਤੁਮਰੋ ਅੰਤ ਨ ਜਾਨਾ॥
ਤੌ ਗੁਨ ਸਾਗਰ ਤੁਮਹਿ ਬਹੋਰੀ॥ ਜੁਗ ਕਰ ਜੋਰ ਸੁਬੰਦਨ ਮੋਰੀ॥

ਮੰਗਲਾਚਾਰ

ਸਲੋਕੁ ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ੧॥

(ਪੰਨਾ ੨੫੬)

ਸਲੋਕੁ ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ੧॥

(ਪੰਨਾ ੨੮੯)

ਸਲੋਕੁ ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ ੧॥

(ਪੰਨਾ ੨੯੩)

★★★

ਅਧਿਆਇ ਪਹਿਲਾ

ਸਤਿਗੁਰੂ ਸ਼ਬਦ ਦੀ ਵਿਆਖਿਆ

੧.੧ ਸਤਿਗੁਰੂ ਮਹਿਮਾ

ਸਤਿਗੁਰੂ ਦੀ ਮਹਿਮਾ ਕਥਨ ਨਹੀਂ ਕੀਤੀ ਜਾ ਸਕਦੀ। ਕੋਈ ਐਸਾ ਸ਼ਬਦ ਨਹੀਂ ਜਿਸ ਰਾਹੀਂ ਮਹਿਮਾ ਵਰਨਣ ਕੀਤੀ ਜਾ ਸਕੇ। ਸਤਿਗੁਰੂ ਜੀ ਗਿਆਨ ਦੇ ਦਾਤਾ ਹਨ। ਤ੍ਰਿਲੋਕੀ ਵਿਚ ਉਨ੍ਹਾਂ ਸਮਾਨ ਸ਼ਿਸ਼ ਵਾਸਤੇ ਕੋਈ ਨਹੀਂ। ਪਾਰਸ ਲੋਹੇ ਨੂੰ ਸੋਨਾ ਬਣਾ ਸਕਦਾ ਹੈ ਪਰ ਸੋਨਾ ਪਾਰਸ ਨਹੀਂ ਹੋ ਸਕਦਾ। ਗੁਰੂ ਰੂਪ ਪਾਰਸ ਮਨੂਰ ਵਤ ਸਿਖ ਨੂੰ ਪਾਰਸ (ਭਾਵ) ਆਪਣਾ ਰੂਪ ਦੇ ਸਕਦੇ ਹਨ। ਸਤਿਗੁਰੂ ਜੀ ਵਿਕਾਰਾਂ ਰੂਪੀ ਵਿਸ਼ ਦਾ ਨਾਸ਼ ਕਰਕੇ ਸਿਖ ਦੇ ਹਿਰਦੇ ਰੂਪੀ ਪਾਤਰ ਨੂੰ ਨਾਮ ਅੰਮ੍ਰਿਤ ਨਾਲ ਭਰ ਦੇਤੇ ਹੈਂ। ਜਿਵੇਂ ਮਲਾਹ ਨੌਕਾ ਮੇਂ ਬੈਠਾ ਕਰ ਮੁਸਾਫਰੋਂ ਕੋ ਨਦੀ ਤੋਂ ਪਾਰ ਕਰਦਾ ਹੈ, ਇਸ ਪ੍ਰਕਾਰ ਗੁਰੂ ਰੂਪ ਖੇਵਟ ਸਿਖ ਤੋਂ, ਸ਼ਰਧਾ ਰੂਪੀ ਪੂੰਜੀ ਲੈ ਕੇ, ਨਾਮ ਰੂਪੀ ਬੇੜੀ ਵਿਚ ਬਿਠਾ ਕੇ, ਭਵ ਸਾਗਰ ਤੋਂ ਪਾਰ ਕਰਦੇ ਹਨ। ਕਾਮ ਕ੍ਰੋਧ ਰੂਪੀ ਧਾਰਾ ਵਿਚ ਰੁੜ੍ਹੇ ਹੋਏ ਜਗਤ ਨੂੰ ਸਤਿਗੁਰ ਹੀ ਪਾਰ ਉਤਾਰਾ ਦੇ ਸਕਦੇ ਹਨ। ਜਿਵੇਂ ਚੁੰਬਕ ਪਾਸ ਰਹਿਣ ਤੋਂ ਲੋਹੇ ਵਿਚ ਚੁੰਬਕੀ ਸ਼ਕਤੀ ਆ ਜਾਂਦੀ ਹੈ, ਇਸੇ ਤਰ੍ਹਾਂ ਗੁਰੂ ਦਾ ਸੰਬੰਧ ਪਾ ਕੇ ਸਿਖ ਵਿਚ ਵੀ ਗੁਰੂ ਵਾਲੀ ਵਿਸ਼ੇਸ਼ਤਾ ਪੈਦਾ ਹੋ ਜਾਂਦੀ ਹੈ। ਪਰ ਫਿਰ ਵੀ ਸਿਖ ਨੂੰ ਸੰਸਾਰਕ ਮਰਯਾਦਾ ਰਖਦਿਆਂ ਹੋਇਆਂ, ਗੁਰੂ ਸ਼ਕਤੀ (ਜੋਤੀ) ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਗੁਰੂ ਜੀ ਤੋਂ ਸ਼ੁਭ ਸਿਖਿਆਵਾਂ ਪੁੱਛਦੇ ਰਹਿਣਾ ਚਾਹੀਦਾ ਹੈ। "ਪੂਛੇ ਸ਼ੁਭ ਸਿਖ ਤਦਪਿ, ਗਿਆਨ ਹੋਵੇ ਨਿਜ ਜਦਪਿ।" ਗਿਆਨਵਾਨ ਹੋਣ ਤੇ ਵੀ ਗੁਰੂ ਹਸਤੀ ਦਾ ਸਤਿਕਾਰ ਨਾ ਤਿਆਗੇ, ਸ਼ੁਭ ਵਿਚਾਰ ਗੁਰੂ ਤੋਂ ਪੁੱਛ ਕੇ ਗਿਆਨ ਵਿਚ ਦ੍ਰਿੜ੍ਹਤਾ ਨੂੰ ਹਾਸਲ ਕਰਦਾ ਹੀ ਰਹੇ। ਗੁਰੂ ਸੰਗਤ ਕਰਨ ਨਾਲ ਕਾਂ ਵਿਰਤੀ ਵਾਲਾ ਜੀਵ ਹੰਸ ਬਿਰਤੀ ਨੂੰ ਧਾਰਨ ਕਰ ਲੈਂਦਾ ਹੈ। ਤੀਨੋਂ ਪ੍ਰਕਾਰ ਕੇ ਪਾਪੋਂ ਕੀ ਵਿਰਤੀ ਸਤਿਗੁਰੂ ਆਗਿਆ ਪਾਲਨ ਕਰਨ ਤੋਂ ਹੋ ਜਾਂਦੀ ਹੈ। ਤਿੰਨਾਂ ਪਾਪਾਂ (ਸਰੀਰ, ਬਾਣੀ, ਮਨ) ਕੇ ਪਾਪਾਂ ਤੋਂ ਗੁਰੂ ਜੀ ਹੀ ਮੁਕਤੀ ਕਰਤੇ ਹੈਨ ਅਤੇ ਚੰਚਲ ਮਨ ਕੋ ਬਾਂਧ ਸਕਦੇ ਹਨ। ਜੈਸੇ ਜੋਗੀ ਸਾਂਪ ਕੋ ਪਕੜ ਕਰ ਜ਼ਹਿਰ ਤੋਂ ਰਹਿਤ ਕਰ ਦੇਤਾ ਹੈ, ਇਸੇ ਭਾਂਤ ਗੁਰੂ ਜੀ ਵੀ ਸ਼ਿਸ਼ ਕੀ ਵਿਕਾਰਾਂ ਰੂਪੀ ਜ਼ਹਿਰ ਕੋ ਦੂਰ ਕਰ ਸਾਫ਼ ਸੁਥਰਾ ਬਣਾ ਦੇਤੇ ਹੈਂ।

ਗੁਰ ਸੇਵੇ ਸੋ ਸਾਹਿਬ ਪਾਵੈ, ਗੁਰੂ ਸੇਵਾ ਤੇ ਮਨ ਵਸ ਆਵੈ॥
ਗੁਰੂ ਕੁੰਭਾਰ ਸ਼ਿਸ਼ ਕੁੰਭਵਤ, ਘੜ ਘੜ ਕਾਢਨ ਖੋਟ॥
ਅੰਤਰ ਦਯਾ ਪ੍ਰੇਮ ਕੀ, ਬਾਹਰ ਮਾਰੇ ਚੋਟ॥

ਜਿਵੇਂ ਬ੍ਰਹਮਾਂਡ ਕੇ ਹਨੇਰੇ ਕੋ ਦੂਰ ਕਰਨ ਵਾਸਤੇ ਸੂਰਜ ਸਮਰਥ ਹੈ ਪਰ ਜਗਿਆਸੂਆਂ ਦੇ ਅੰਧਕਾਰ ਨੂੰ ਦੂਰ ਨਹੀਂ ਕਰ ਸਕਤਾ। ਲੇਕਿਨ ਗੁਰੂ ਰੂਪੀ ਸੂਰਜ, ਵਿਚਾਰ ਰੂਪੀ ਕਿਰਨਾਂ ਤੋਂ ਸਿੱਖ ਦੇ ਹਿਰਦੇ ਦਾ ਅੰਧਕਾਰ ਨਾਸ ਕਰੇ ਹੈ। ਗੁਰੂ ਦੀ ਸੰਗਤ ਹੀ ਮਨ ਨੂੰ ਇਕਾਗਰ ਕਰਨ ਦੀ ਸੌਖੀ ਜੁਗਤੀ ਹੈ। ਸਾਡੇ ਮਨ ਨੂੰ ਜਨਮ ਜਨਮਾਂਤਰਾਂ ਦੀ ਪਾਪਾਂ ਰੂਪੀ ਕਾਲਖ ਲੱਗੀ ਹੋਈ ਹੈ, ਇਸ ਨੂੰ ਗੁਰੂ ਜੀ ਹੀ ਸਾਫ ਕਰ ਸਕਦੇ ਹਨ। ਸਿਖਿਆ ਰੂਪੀ ਸਾਬਣ ਨਾਮ ਨੂੰ ਹੀ ਜਲ ਬਣਾ ਕੇ ਧਰਮ ਰੂਪੀ ਪਟੜੇ 'ਤੇ ਮਨ ਰੂਪੀ ਬਸਤਰ ਦੀ ਮੈਲ ਧੋਤੀ ਜਾ ਸਕਦੀ ਹੈ। ਗੁਰੂ ਚਰਨਾਂ ਦੀ ਧੂੜੀ ਹੀ ਅਹੰਕਾਰ ਦੀ ਨਵਿਰਤੀ ਕਰ ਸਕਦੀ ਹੈ-

"ਸੰਤ ਕੀ ਧੂਰਿ ਮਿਟੇ ਅਘ ਕੋਟ॥ ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ॥੧॥

(ਪੰਨਾ ੧੮੮)

ਗੁਰ ਧੋਬੀ ਸ਼ਿਸ਼ ਕਪੜਾ, ਸਾਬੁਨ ਸਜਨ ਹਾਰ॥
ਸੁਰਤ ਸ਼ਿਲਾ ਪਰ ਧੋਈਏ, ਨਿਕਸੇ ਰੰਗ ਅਪਾਰ॥

੧.੨ ਸਤਿਗੁਰ ਕੌਣ ਹੈ ?

ਸਲੋਕ॥ ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥ ੧॥

(ਪੰਨਾ ੨੮੬)

ਜੋ ਆਪ ਸਤਿ ਪੁਰਖ (ਪ੍ਰਮੇਸ਼ਰ) ਨੂੰ ਜਾਨਣ ਵਾਲਾ ਹੋਵੇ, ਉਸ ਦਾ ਨਾਮ ਸਤਿਗੁਰ ਹੈ। ਉਸਦੀ ਸੰਗਤ ਕਰਨ ਨਾਲ ਸਿਖਾਂ ਨੂੰ ਕਲਿਆਣ ਮਿਲਦੀ ਹੈ ਅਤੇ ਹਰੀ ਦੇ ਗੁਣ ਗਾਵਣ ਦੀ ਜਾਚ ਪ੍ਰਾਪਤ ਹੋ ਜਾਂਦੀ ਹੈ, ਭਾਵ ਹਰੀ ਦੇ ਗੁਣਾਂ ਨੂੰ ਸਿਖ ਗਾਉਂਦਾ ਹੈ, ਬ੍ਰਹਮ ਨੇਸ਼ਠੀ (ਬ੍ਰਹਮ ਤੇ ਨਿਸ਼ਚਾ) ਭਰੋਸਾ ਰੱਖਣ ਵਾਲਾ ਅਤੇ ਬ੍ਰਹਮ ਸ੍ਰੋਤਰੀ (ਬ੍ਰਹਮ) ਦੀ ਵੀਚਾਰ ਸ੍ਰਵਣ ਕਰਨ ਕਰਵਾਣ ਵਾਲਾ ਹੋਵੇ। ਸਿਖ ਨੂੰ ਗੁਰਮੰਤਰ ਉਹ ਦੇ ਸਕਦਾ ਹੈ, ਜਿਸਨੂੰ ਸਿਖ ਦੇ ਸੌ ਜਨਮ ਦਾ ਗਿਆਨ ਹੋਵੇ ਕਿ ਜੀਵ-ਆਤਮਾ ਕਿਹੜੀ-ਕਿਹੜੀ ਜੂਨੀ ਦਾ ਭਰਮਨ ਕਰਕੇ ਆ ਰਹੀ ਹੈ। ਜੇ ਸੌ ਜਨਮ ਦਾ ਗਿਆਨ ਨਾ ਵੀ ਹੋਵੇ, ਸੱਤਾਂ ਜਨਮਾਂ ਦਾ ਗਿਆਨ ਅਵੱਸ਼ ਚਾਹੀਦੇ। ਜੇ ਇਤਨਾ ਵੀ ਨਾ ਹੋਵੇ ਤੀਨ ਜਨਮ ਦਾ ਗਿਆਨ ਚਾਹੀਏ। ਜੇ ਗੁਰੂ ਬਣਨ ਦਾ ਬਹੁਤ ਹੀ ਅਫਰੇਵਾਂ ਹੈ ਤਾਂ ਏਕ ਜਨਮ ਦਾ ਗਿਆਨ ਜ਼ਰੂਰੀ ਲੋੜੀਂਦਾ ਹੈ। ਜੇ ਇਤਨਾ ਵੀ ਨਹੀਂ ਫਿਰ ਸਿਖ ਦੇ ਪਾਪਾਂ ਦੀ ਪੰਡ ਚੁੱਕਣ ਦਾ ਹੌਸਲਾ ਕਰਦਾ ਹੈ,

ਚੁੱਕ ਸਕੇਗਾ, ਜੇ ਨਹੀਂ ਤਾਂ ਸਿੱਖੀ ਸੇਵਕੀ ਦੇ ਪਾਪਾਂ ਦਾ ਦਬਾਇਆ ਹੋਇਆ ਨਰਕ ਗਾਮੀ ਹੋ ਜਾਵੇਗਾ। ਇਸ ਲੀਏ ਸਿਖ ਕੋ ਪੂਰਨ ਗੁਰੂ ਕੀ ਅਵੱਸ਼ਕਤਾ ਹੈ। ਮਿਲੇਗਾ ਤਾਂ ਜੇ ਸਿਖ ਦੀ ਭਾਈ ਬਾਲਾ ਜੀ, ਭਾਈ ਮਰਦਾਨਾ ਜੀ, ਬਾਬਾ ਬੁੱਢਾ ਜੀ ਵਾਲੀ ਸੇਵਾ ਭਗਤੀ ਹੋਵੇਗੀ, ਨਹੀਂ ਤਾਂ ਜੈਸਾ ਅਧਿਕਾਰੀ ਸਿਖ ਹੋਗਾ ਵੈਸਾ ਹੀ ਗੁਰੂ ਪ੍ਰਾਪਤ ਹੋਵੇਗਾ। ਜੇ ਕਿਸੇ ਕੀ ਜੇਬ ਮੇਂ ਟਕਾ ਹੈ ਤਾਂ ਟਕੇ ਦੀ ਵਸਤੂ ਪ੍ਰਾਪਤ ਹੋਵੇਗੀ। ਜੈਸੀ ਸਿਖ ਕੀ ਸ਼ਰਧਾ ਉਸ ਕੋ ਵੈਸਾ ਹੀ ਗੁਰੂ ਪ੍ਰਾਪਤ ਹੋਵੇਗਾ। ਜਿਸਦੀ ਭਾਈ ਦਯਾ ਸਿੰਘ ਜੀ ਵਰਗੀ ਸੀਸ ਭੇਟ ਵਾਲੀ ਸ਼ਰਧਾ ਹੋਵੇਗੀ ਉਸਨੂੰ ਕਲਗੀਧਰ ਜੈਸੇ ਗੁਰੂ ਮਿਲੇਂਗੇ। ਕੋਈ ਇਸਤਰੀ ਰਾਮਚੰਦ੍ਰ ਜੀ ਜੈਸਾ ਪਤੀ ਚਾਹੇ ਤੋ ਉਸ ਇਸਤ੍ਰੀ ਕੋ ਸੀਤਾ ਵਾਲਾ ਜੀਵਨ ਅਪਨਾਣਾ ਪਵੇਗਾ। ਇਸੇ ਪ੍ਰਕਾਰ ਗੁਰੂ ਨਾਨਕ ਸਾਹਿਬ ਜੈਸਾ ਗੁਰੂ ਪ੍ਰਾਪਤ ਕਰਨ ਲਈ ਸ੍ਰੀ ਗੁਰੂ ਅੰਗਦ ਸਾਹਿਬ ਜੀ ਵਾਂਗ ਆਗਿਆਕਾਰੀ ਬਣਨੇ ਮੇਂ ਹੀ ਪ੍ਰਾਪਤ ਹੋਵੇਗਾ, ਵਰਨਾ ਪ੍ਰਾਪਤ ਹੋ ਭੀ ਜਾਵੇ ਪਰ ਬਚਨ ਸਤ ਕੀਤੇ ਤੋਂ ਬਿਨਾਂ ਪੂਰਨ ਲਾਭ ਨਹੀ ਹੋ ਸਕੇਗਾ।

੧.੩ ਗੁਰੂ ਕੀ ਅਵੱਸ਼ਕਤਾ

ਜਿਸ ਪ੍ਰਕਾਰ ਦੂਸਰੀਆਂ ਵਿਦਿਆ ਪ੍ਰਾਪਤ ਕਰਨ ਲਈ ਅਧਿਆਪਕ ਦੀ ਅਵੱਸ਼ਕਤਾ ਹੈ, ਇਸੀ ਭਾਂਤ ਬ੍ਰਹਮ ਵਿਦਿਆ ਦੀ ਪ੍ਰਾਪਤੀ ਲਈ ਭੀ ਗੁਰੂ ਕੀ ਅਵੱਸ਼ਕਤਾ ਅਤੇ ਜ਼ਰੂਰਤ ਹੈ। ਜਿਵੇਂ ਸਰੀਰ ਕੋ ਵਾਯੂ, ਭੋਜਨ, ਪਾਣੀ ਕੀ ਲੋੜ ਹੈ, ਇਸ ਪ੍ਰਕਾਰ ਗੁਰੂ ਕੀ ਭੀ ਲੋੜ ਹੈ। ਜਿਵੇਂ ਦੁਨੀਆਂ ਦੀਆਂ ਵਿਦਿਆ ਪ੍ਰਾਪਤ ਕਰਨ ਵਾਸਤੇ ਥਾਂ ਥਾਂ ਵਿਦਿਆਲੇ ਖੁਲ੍ਹੇ ਹੂਏ ਹੈਂ, ਇਸੇ ਤਰ੍ਹਾਂ ਬ੍ਰਹਮ ਵਿਦਿਆ ਪ੍ਰਾਪਤੀ ਦੇ ਅਸਥਾਨ ਹੀ ਮੰਦਰ, ਮਸੀਤੇ, ਗੁਰਦਵਾਰੇ, ਸਾਧੂਆਂ ਦੇ ਆਸ਼ਰਮ ਹਨ। ਆਮ ਲੋਕ ਕਾਨੂੰਨ ਕੋ ਏਕ ਵਿਸ਼ਾ (ਪ੍ਰਸਤਾਵ) ਮਾਨਤੇ ਹੈਂ। ਜਿਵੇਂ ਕਾਨੂੰਨ ਦੀ ਪੂਰੀ ਸਾਰ ਵਕੀਲ ਹੀ ਜਾਨਤਾ ਹੈ। ਅਸੀਂ ਲੋਗ ਬ੍ਰਹਮ ਵਿਦਿਆ ਕੋ ਰੱਬੀ ਕਾਨੂੰਨ ਮਾਨਤੇ ਹਾਂ ਪਰ ਪੂਰੀ ਖਬਰ ਨਹੀਂ, ਉਹ ਸਤਿਗੁਰ ਜੀ ਜਾਨਤੇ ਹੈਂ। *ਬ੍ਰਹਮ ਵਿਦਿਆ ਕੀ ਵਸਤੂ ਹੈ?* ਸਭ ਸਰੀਰਾਂ ਮੇ ਗੁਰੂ (ਈਸ਼ਵਰ) ਕਾ ਨਿਵਾਸ ਹੈ ਪ੍ਰੰਤੂ ਗੁਰੂ ਬਿਨਾਂ ਨਾ ਮਨ ਦੀ ਇਕਾਗਰਤਾ ਹੋਤੀ ਹੈ, ਨਾ ਮਨ ਜੋੜਿਆ ਜਾਂਦਾ ਹੈ, ਨਾ ਉਸ ਪ੍ਰਾਪਤ ਈਸ਼ਵਰ ਨੂੰ ਅਸੀਂ ਪਾ ਸਕਦੇ ਹਾਂ, ਪ੍ਰਾਪਤ ਹੁੰਦਾ ਹੋਇਆ ਵੀ ਪ੍ਰਾਪਤ ਨਹੀਂ ਹੋ ਸਕਦਾ। ਅਸੀਂ ਉਸੇ ਦੇਖ ਨਹੀਂ ਪਾਤੇ ਇਹ ਕਾਰਜ ਸਤਿਗੁਰੂ ਕਾ ਹੀ ਹੈ। ਜਿਵੇਂ ਕੁਠਾਲੀ ਮੇਂ ਗਲ ਕਰ ਸੋਨਾ ਸ਼ੁਧ ਹੋਤਾ ਹੈ, ਜਿਵੇਂ ਮੁਕੱਦਮੇ ਕੀ (ਵਕੀਲ) ਦੁਆਰਾ ਤਿਆਰੀ ਹੋਈ ਸਫਲ ਹੈ ਅਤੇ ਵਕੀਲ ਦੀ ਲੋੜ ਭਾਸਤੀ ਹੈ, ਇਸੇ ਤਰ੍ਹਾਂ ਧਰਮਰਾਜ ਕੀ ਕਚਹਿਰੀ ਮੇਂ (ਵਕੀਲ) ਕੀ ਭਾਵ ਗੁਰੂ ਕੀ ਅਤੀ ਜ਼ਰੂਰਤ ਹੈ। ਇਸ ਜੀਵ ਨੂੰ ਬੇਅੰਤ ਰੋਗ ਲਗੇ ਹੋਏ ਨੇ, ਗੁਰੂ ਰੂਪੀ ਵੈਦਯ ਤੋਂ ਬਿਨਾਂ ਇਨ੍ਹਾਂ ਰੋਗਾਂ ਦੀ (ਜਿਨ੍ਹਾਂ) ਤੋਂ ਦੁਨਿਆਵੀ ਵੈਦਯੋਂ ਦਾ ਵੀ ਛੁਟਕਾਰਾ ਨਹੀਂ, ਸਤਿਗੁਰੂ ਜੀ ਹੀ ਨਵਿਰਤੀ ਕਰ ਸਕਦੇ ਹਨ। ਰਾਮ ਰੂਪੀ

ਚੁਬਾਰੇ ਕੀ ਕੂੰਜੀ ਮਹਾਂਪੁਰਸ਼ਾਂ ਪਾਸ ਹੈ-

"ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥"

(ਪੰਨਾ ੮੯੩,

ਉਹ ਹੀ ਜੜ੍ਹ ਚੇਤਨਾ ਕੀ ਗਾਠ ਕੋ ਖੋਲ੍ਹ ਸਕਦੇ ਹਨ। ਨਾਮ ਕੇ ਖਜ਼ਾਨੇ ਕੀ ਕੂੰਜੀ ਸਤਿਗੁਰਾਂ ਪਾਸ ਹੈ। ਉਜੜੇ ਹੋਏ ਬਾਗ਼ ਨੂੰ ਸਤਿਗੁਰੂ ਜੀ ਵਸਾ ਸਕਦੇ ਹਨ। ਉਨ੍ਹਾਂ ਦੀ ਕਿਰਪਾ ਤੋਂ ਪਤਝੜ ਮੇਂ ਬਹਾਰ ਆ ਜਾਤੀ ਹੈ। ਔਸ਼ਧੀ ਦੇ ਨਾਲ ਹੀ ਅਹੰ ਰੋਗ ਦੀ ਨਵਿਰਤੀ ਵਾਸਤੇ, ਕੁਕਰਮਾਂ ਰੂਪੀ ਬਦਪਰ੍ਹੇਜ਼ੀਆਂ ਤੋਂ ਰਹਿਤ ਹੋਣ ਦਾ ਉਪਦੇਸ਼ ਗੁਰੂ ਬਖ਼ਸ਼ਦੇ ਹਨ। ਅਧਿਆਤਮ ਗਿਆਨ ਦਾ ਨੁਕਸਾ ਦੇ ਕੇ, ਪੱਥ ਸਹਿਤ ਚਲਣ ਦੀ ਸਿਖਿਆ ਦੇ ਕੇ ਸਿਖ ਨੂੰ ਮੁਕਤੀ ਦਾ ਮਾਰਗ ਦੱਸ ਦਿੰਦੇ ਹਨ। ਤੰਤਰੀਆਂ ਤੋਂ ਮੰਤਰ ਸਿਖੇ ਬਿਨਾਂ ਨਾਗ ਕਦੇ ਕੀਲੇ ਨਹੀਂ ਜਾ ਸਕਦੇ। ਇਸ ਤਰ੍ਹਾਂ ਗੁਰੂ ਕਿਰਪਾ ਤੋਂ ਬਿਨਾਂ ਮਨ ਵੱਸ ਨਹੀਂ ਆ ਸਕਦਾ ਅਤੇ ਨਾ ਹੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ-

ਕੁੰਭੈ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥
ਗਿਆਨ ਕਾ ਬਧਾ ਮਨ ਰਹੈ ਗੁਰ ਬਿਨੁ ਗਿਆਨੁ ਨ ਹੋਇ॥

(ਪੰਨਾ ੪੬੯

"ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥"

(ਪੰਨਾ ੭੯੧)

ਦੀਪਕ ਜਗਣ ਤੋਂ ਅੰਧਕਾਰ ਦੂਰ ਹੁੰਦਾ ਹੈ, ਵੇਦਾਂ ਦੇ ਪਾਠ ਬੁੱਧੀ ਦੇ ਪਾਪਾਂ ਨੂੰ ਖਾ ਜਾਂਦੇ ਹਨ। ਸੁਨਿਆਰੇ ਦੀ ਭੱਠੀ ਵਿਚ ਗਲਣ ਤੋਂ ਬਿਨਾਂ ਸੋਨਾ ਸ਼ੁੱਧ ਨਹੀਂ ਹੋ ਸਕਦਾ। ਗੁਰੂ ਸ਼ਰਨ ਗ੍ਰਹਿਣ ਕੀਤੇ ਬਿਨਾਂ, ਮਨ ਦਾ ਖੋਟ ਦੂਰ ਨਹੀਂ ਹੋ ਸਕਦਾ। ਜਿਵੇਂ ਬੰਦੇ ਨੂੰ ਹਰ ਸੰਸਾਰਕ ਕਾਰਜ ਵਿਚ, ਸਹਾਇਤਾ ਲੈਣ ਲਈ ਦੂਸਰੇ ਵਿਅਕਤੀ ਦੀ ਜ਼ਰੂਰਤ ਪੈਂਦੀ ਹੈ, ਇਸੇ ਤਰ੍ਹਾਂ ਪਰਮਾਰਥ ਸਮਝਣ ਲਈ ਵੀ, *"ਦੂਸਰ ਹੋਇ ਤਾਂ ਸੋਝੀ ਪਾਇ॥"* ਭਾਵ ਸਤਿਗੁਰਾਂ ਦੀ ਅਤਿਸ਼ੈ ਜ਼ਰੂਰਤ ਹੈ। ਰੋਗ ਦੀ ਨਵਿਰਤੀ ਲਈ ਡਾਕਟਰ ਦੀ ਸਹਾਇਤਾ, ਮੁਕੱਦਮੇ ਵਿਚ ਯੋਗ ਵਕੀਲ ਦੀ, ਸੰਸਾਰੀ ਵਿਦਿਆ ਲਈ ਅਧਿਆਪਕ ਦੀ, ਪ੍ਰਮਾਰਥੀ ਵਿਦਿਆ ਲਈ ਬ੍ਰਹਮਵੇਤੇ ਸਤਿਗੁਰ ਦੀ ਲੋੜ ਹੈ। ਜਿਵੇਂ ਕਿਸੇ ਅਪਰਚਤ ਜਗ੍ਹਾ ਵਿਖੇ ਮਿੱਤਰ ਦਾ ਘਰ ਭਾਲਣ ਲਈ ਰਸਤਾ ਦਿਖਾਨੇ ਵਾਲੇ ਕੀ ਜ਼ਰੂਰਤ ਹੈ, ਇਸੇ ਤਰ੍ਹਾਂ ਪਰਮੇਸ਼ਰ ਰੂਪੀ ਮਿੱਤਰ ਕਿਹੜੇ ਮਹੱਲੇ, ਕਿਹੜੀ ਜਗ੍ਹਾ ਮੇਂ ਹੈ, ਢੂੰਡਣ ਲਈ ਗੁਰੂ ਰੂਪੀ ਪਥ ਪ੍ਰਦਰਸ਼ਕ ਦੀ ਲੋੜ ਹੈ। ਸਰੀਰ ਨੂੰ ਸੁਡੋਲ ਬਨਾਣੇ ਕੇ ਲੀਏ, ਹਕੀਮ ਅਤੇ ਦੱਸੀ ਦਵਾਈ ਦੁਆਰਾ ਹੀ ਤੰਦਰੁਸਤੀ ਹੋ ਸਕਦੀ ਹੈ, ਆਤਮਾ ਕੋ ਬਲਵਾਨ ਬਨਾਣੇ ਲਈ ਮਹਾਂਪੁਰਸ਼ਾਂ ਤੇ ਉਨ੍ਹਾਂ ਵਲੋਂ ਦੱਸੇ ਰਸਤੇ ਪਰ ਚੱਲਣਾ ਜ਼ਰੂਰੀ ਹੈ। ਦੁਨਿਆਵੀ ਗ਼ਲਤੀਆਂ ਦੀ ਸੋਧ ਲਈ

ਅਸੀਂ ਸਿਆਣੇ ਪੁਰਸ਼ਾਂ ਦੀ ਅਗਵਾਈ ਲੈਂਦੇ ਹਾਂ। ਅਧਿਆਤਮਕ ਰਸਤੇ ਵਿਚ ਚਲਤੇ ਵਕਤ ਹੋਈਆਂ ਗ਼ਲਤੀਆਂ ਦੀ ਸੋਧ ਲਈ ਗੁਰੂ ਸਿਰਮੌਰ ਦੀ ਲੋੜ ਹੈ। ਪੱਥ ਪ੍ਰਦਰਸ਼ਕ ਨਾਲ ਲੈਣ ਤੋਂ ਮੰਜ਼ਿਲ ਅਸਾਨੀ ਸੇ ਤਹਿ ਹੋ ਜਾਤੀ ਹੈ। ਏਕ ਵਾਰ ਮੁਕਾਮ ਦੇਖ ਲੈਣ ਤੋਂ ਸਿਆਣਾ ਪੁਰਸ਼ ਗ਼ਲਤੀ ਨਹੀਂ ਖਾਂਦਾ।

ਦ੍ਰਿਸ਼ਟਾਂਤ :-ਰਸਤਾ ਜਾਣੇ ਤੋਂ ਬਿਨਾਂ ਗਤੀ— ਜਿਵੇਂ ਕੁਝ ਚਤੁਰ ਵਿਅਕਤੀ ਕਿਸੇ ਮੁਕਾਮ ਪਰ ਜਾ ਰਹੇ ਥੇ। ਸਟੇਸ਼ਨ ਤੋਂ ਉਤਰ ਕਰ ਨਿਯੁਕਤ ਜਗ੍ਹਾ ਪਰ ਪਹੁੰਚਣਾ ਥਾ, ਆਪਣੇ ਆਪ ਕੋ ਸਿਆਣੇ ਜਾਨ ਕਰ ਕਿਸੇ ਨੂੰ ਨਾ ਪੂਛਾ ਕਿ ਅਸੀਂ ਤਾਂ ਆਪ ਸੁਘੜ ਹਾਂ, ਸਾਨੂੰ ਕਿਸੇ ਸੇ ਪੂਛਨੇ ਕੀ ਕਿਆ ਜ਼ਰੂਰਤ ਹੈ। ਵਿਦਿਆ ਵਿਚ ਵੀ ਭਰਪੂਰ ਸਨ। ਆਗੇ ਜਾਨੇ ਪਰ ਏਕ ਰਸਤੇ ਤੋਂ ਪਾਟ ਕਰ ਚਾਰ ਰਸਤੇ ਬਨ ਗਏ। ਬੁੱਧੀ ਚਕਰਾ ਗਈ, ਕੋਈ ਪਤਾ ਨਾ ਚੱਲੇ ਹੈਰਾਨ ਸਨ। ਅਖੀਰ ਇਧਰ ਉਧਰ ਦੇਖਣ ਤੋਂ ਭੇਡਾਂ ਬੱਕਰੀਆਂ ਚਾਰਨ ਵਾਲਾ ਚਰਵਾਹਾ ਨਜ਼ਰ ਪਿਆ। ਅਕਲ ਨੂੰ ਹੱਥ ਮਾਰਦਿਆਂ ਉਸਦੀ ਓਟ ਲਈ, ਰਸਤਾ ਪੁੱਛਿਆ, ਉਹ ਉਸ ਦੇਸ਼ ਕਾ ਵਾਸੀ ਸੀ, ਹਰ ਜਗ੍ਹਾ ਤੋਂ ਵਾਕਫ ਸੀ। ਇਨ੍ਹਾਂ ਨੂੰ ਪੜ੍ਹੇ ਹੋਣ ਕਰਕੇ ਅਤੇ ਅਕਲਮੰਦ ਹੋਣ ਕਰਕੇ ਵੀ ਸਾਥ ਲੈਣਾ ਪਿਆ, ਇਸ ਅਨਪੜ੍ਹ ਤੇ ਗ਼ਰੀਬ ਬਾਲਕ ਨੇ ਇਨ੍ਹਾਂ ਨੂੰ ਸਹੀ ਮੁਕਾਮ ਪਰ ਪਹੁੰਚਾਇਆ। ਅਖ਼ੀਰ ਬਾਲਕ ਨੂੰ ਕੁਝ ਦਾਮ ਦੇਣਾ ਚਾਹਿਆ, ਇਸਨੇ ਇਨਕਾਰ ਕਰ ਦੀਆ ਕਿ ਇਸ ਮਾਯਾ ਅਤੇ ਬੁੱਧੀ ਦੇ ਅਹੰਕਾਰ ਨੇ ਤਾਂ ਤੁਮ੍ਹੇ ਰਾਸਤੇ ਕਾ ਗਿਆਨ ਨਹੀਂ ਰਹਿਣੇ ਦੀਆ। ਮੈਂ ਵੀ ਇਹ ਮਾਯਾ ਲੈ ਕਰ ਆਪ ਜੈਸਾ ਹੀ ਹੋ ਜਾਵਾਂਗਾ ਅਤੇ ਕਿਹਾ "ਗੁਰਮੁਖੋ ਅਗਿਆਤ ਸਥਾਨ ਮੇਂ ਕਿਸੇ ਵਾਕਫ ਦਾ ਸਹਾਰਾ ਲੇ ਲੇਨਾ ਕੋਈ ਪਾਪ ਨਹੀਂ ਹੋਤਾ।" ਕਈ ਵਾਰੀ ਬੁੱਧੀ ਦੀ ਚਤੁਰਾਈ ਭੀ ਧੋਖਾ ਦੇ ਜਾਤੀ ਹੈ। ਇਨ੍ਹਾਂ ਨੇ ਬਾਲਕ ਕੀ ਗਰੀਬੀ, ਸਰਲਤਾ, ਨਿਸ਼ਕਾਮਤਾ ਦੇਖ ਕੇ ਮਾਲੂਮ ਕੀਤਾ ਕਿ ਅਸੀਂ ਪੜ੍ਹੇ ਹੋਏ ਭੀ ਮੂਰਖ ਹਾਂ। ਅੱਜ ਇਸ ਅਨਪੜ੍ਹ ਗਡਰੀਏ ਤੋਂ ਬਿਨਾਂ ਅਸੀਂ ਮੁਕਾਮ ਪਰ ਨਹੀਂ ਸੀ ਪਹੁੰਚ ਸਕਤੇ ਭਾਵ ਵਿਦਿਆ ਕਰਕੇ ਸਿਆਣੇ ਸਨ, ਪਰ ਜਿਸ ਜਗ੍ਹਾ ਦੀ ਵਾਕਫੀ ਨਹੀਂ, ਵਿਦਿਆ ਕਿਆ ਕਰੇਗੀ, ਭੇਤੀ ਦਾ ਸਹਾਰਾ ਲੇਨਾ ਪੜੇਗਾ। ਵਿਦਿਆ ਦਾ ਹੰਕਾਰ ਸੀ ਤਾਂ ਹੀ ਓਝੜ ਵਿਚ ਸਨ ਕਿ ਅਸੀਂ ਸਭ ਕੁਝ ਜਾਣਦੇ ਹਾਂ। ਅਖੀਰ ਮਾਯਾ, ਵਿਦਿਆ, ਬੁੱਧੀ ਦਾ ਹੰਕਾਰ ਤਿਆਗ ਕੇ ਭੇਤੀ ਦਾ ਸਹਾਰਾ ਲੈ ਨਿਸਟੰਕ ਹੀ ਅਸਥਾਨ ਪਰ ਪਹੁੰਚ ਗਏ ਅਤੇ ਦਿਤੇ ਸਮੇਂ ਨੂੰ ਸਫਲ ਕੀਤਾ। ਸਮੇਂ ਦਾ ਵੀ ਘੱਟ ਖ਼ਰਚ, ਬਿਪਤੀਆਂ ਦਾ ਵੀ ਕੋਈ ਡਰ ਨਹੀਂ, ਬੁੱਧੀ ਬਲ ਵੀ ਦੌੜਾਨਾ ਨਹੀਂ ਪਿਆ। ਇਸੇ ਤਰ੍ਹਾਂ ਜਦੋਂ ਸ਼ਿਸ਼ ਗੁਰੂ ਦੀ ਓਟ ਧਾਰਨ ਕਰ ਲੇਤਾ ਹੈ ਤਾਂ ਇਸ ਨੂੰ ਸੁਗਮ ਹੀ, ਨਿਰਯਤਨ ਹੀ, ਮਾਰਗ ਔਰ ਸਥਾਨ ਦੀ ਪ੍ਰਾਪਤੀ ਹੋ ਜਾਤੀ ਹੈ। ਇਸ ਲਈ ਤੁਲਸੀ ਦਾਸ ਗੋਸਾਈਂ ਜੀ ਲੈਂਦੇ ਹਨ

ਚੌਪਈ:-ਗੁਰ ਬਿਨ ਭਵਨਿਧ ਤਰੇ ਨਾ ਕੋਈ॥
ਜੌ ਬਿਰੰਚ (ਬ੍ਰਹਮਾ) ਸ਼ੰਕਰ ਸਮ ਹੋਈ॥

ਜਿਵੇਂ ਫਲ ਦਾ ਪੱਕਣਾ ਤੇ ਰਸਦਾਇਕ ਹੋਣਾ ਸੂਰਜ ਦੀ ਧੁੱਪ ਬਿਨਾਂ ਨਹੀਂ ਹੋ ਸਕਦਾ, ਇਸੇ ਪ੍ਰਕਾਰ ਜੀਵ ਵਿਕਾਰੀ ਹੈ, ਪਾਪਾਂ ਨਾਲ ਮਲੀਨ ਹੋ ਚੁੱਕਾ ਹੈ, ਗੁਰੂ ਕੀਆਂ ਉਪਦੇਸ਼ ਰੂਪੀ ਕਿਰਨਾਂ ਤੋਂ ਬਿਨਾਂ ਪਾਪਾਂ ਦੀ ਪਿਲੱਤਣ, ਸ਼ੁਭ ਗੁਣਾਂ ਦੀ ਮਿਠਾਸ, ਆਤਮਾ ਰੂਪੀ ਰਸ ਦੀ ਪ੍ਰਾਪਤੀ ਅਤੇ ਔਗੁਣਾਂ ਦੀ ਨਵਿਰਤੀ ਨਹੀਂ ਹੋ ਸਕਦੀ। ਗੁਰੂ ਕੀ ਆਗਿਆ ਸੇ ਚਲਣੇ ਵਾਲੇ ਪੁਰਸ਼ ਕਾਮ, ਕਰੋਧ ਆਦਿ ਸਾਰੇ ਰੋਗਾਂ ਤੋਂ ਨਵਿਰਤ ਹੋ ਜਾਂਦੇ ਹਨ।

੧. ਗੁਰੂ ਕਿਰਪਾ ਤੋਂ ਮਨ ਦਾ ਡਗਮਗਾਨਾ ਮਿੱਟ ਜਾਂਦਾ ਹੈ। ਇਸ ਸਥਿਤੀ ਦੀ ਪ੍ਰਾਪਤੀ, ਗਿਆਨ ਦੀ ਪ੍ਰਾਪਤੀ ਅਤੇ ਸੱਚਖੰਡ ਧਾਮ ਦੀ ਅਵਸਥਾ ਮਿਲ ਜਾਂਦੀ ਹੈ।

੨. ਜਿਵੇਂ ਫਲ ਦੂਸਰੇ ਫਲ ਤੋਂ ਆਪਣਾ ਰੰਗ ਬਦਲਤਾ ਹੈ, ਬ੍ਰਿਛ ਦੂਸਰੇ ਬ੍ਰਿਛ ਦੀ ਓਟ ਤੋਂ ਵਧਦੇ ਫੁਲਦੇ ਹਨ, ਇਸ ਤਰ੍ਹਾਂ ਮਨੁੱਖ ਮਨੁੱਖ ਤੋਂ ਹੀ ਸਿਖਿਆ ਕੁਸਿਖਿਆ ਧਾਰਨ ਕਰਤਾ ਹੈ। ਜੈਸਾ ਕਿਸੇ ਦਾ ਆਚਰਨ ਹੈ ਵੈਸਾ ਹੀ ਸਿਖਸ਼ਕ ਦਾ ਜੀਵਨ ਬਣ ਜਾਂਦਾ ਹੈ। ਜਿੰਨਾ ਅਧੂਰਾਪਨ ਹੋਵੇ, ਉਤਨਾ ਅਧੂਰਾਪਨ ਰਹਿ ਜਾਂਦਾ ਹੈ। ਗੁਰੂ ਪੂਰਨ ਹਸਤੀ ਹੈ (ਜਨਊਰਾ ਤੂੰ ਪੂਰਾ) ਉਸਦਾ ਜੀਵਨ ਸਿੱਖ ਲਈ ਆਦਰਸ਼ਕ ਹੈ। ਗੁਰੂ ਦੇ ਜੀਵਨ ਤੋਂ ਹੀ ਸਿੱਖ ਦਾ ਜੀਵਨ ਬਨਣਾ ਹੈ। ਯਾਦ ਰਹੇ ਗੁਰੂ ਜੇ ਅਧੂਰੇ ਹੋਣ ਤਾਂ ਵੀ ਬਚਨ ਮੰਨਣਾ ਪਵੇਗਾ। ਅਨਾੜੀ, ਅਮੋੜ ਅਤੇ ਕੁਟਿਲ ਕਪਟੀ, ਨਿੰਦਕ, ਗੁਰਦ੍ਰੋਹੀ, ਚੌਪੜੀ ਪ੍ਰੀਤ ਕਰਨ ਵਾਲਾ ਕੁਝ ਵੀ ਪ੍ਰਾਪਤ ਨਹੀਂ ਕਰ ਸਕੇਗਾ। "ਆਗਿਆ ਸਮ ਨਹੀਂ ਸਾਹਿਬ ਸੇਵਾ" ਗੁਰੂ ਖੂਹ ਵੱਤ ਤਥਾ ਸ਼ੀਸ਼ੇ ਵੱਤ ਹਨ, ਜੈਸੀ ਆਵਾਜ਼ ਹੋਵੇਗੀ ਵੈਸਾ ਉੱਤਰ ਮਿਲੇਗਾ। ਜੈਸਾ ਮੁਖ ਹੋਵੇਗਾ ਵੈਸਾ ਚਿਤ੍ਰ ਦਿਸੇਗਾ।

੩. ਸਵਾਮੀ ਵਿਵੇਕਾਨੰਦ ਜੀ ਨੇ ਆਪਣੇ ਗੁਰੂ ਰਾਮ ਕ੍ਰਿਸ਼ਨ ਸੇ ਕਹਾ ਥਾ

"What you are is more important than what you say."

"ਆਪ ਕਾ ਜੀਵਨ ਆਪ ਕੇ ਉਪਦੇਸ਼ੋਂ ਸੇ ਭੀ ਬੜ ਕਰ ਹੈ।" ਸ਼ਰੀਰਕ ਮਹਿਮਾ ਹੈ ਭਾਵ ਜੋ ਸ਼ੰਕਾ ਸਰੀਰ ਹੁੰਦਿਆਂ ਹੋਇਆਂ ਗੁਰਾਂ ਤੋਂ ਸਿੱਖ ਨਵਿਰਤ ਕਰ ਸਕਦਾ ਹੈ ਬਾਅਦ ਵਿਚ ਨਹੀਂ। ਭਾਵੇਂ ਗੁਰਾਂ ਦੇ ਉਪਦੇਸ਼ ਅਮਲ ਰੂਪ ਹਨ ਪਰ ਹਰ ਵਿਅਕਤੀ ਉਨ੍ਹਾਂ ਉਪਦੇਸ਼ਾਂ ਦੇ ਅਰਥ ਆਪਣੀ ਇੱਛਾ ਅਨੁਸਾਰ ਵਰਤਦਾ ਹੈ। ਅਸਲੀ ਭਾਵ ਤਾਂ ਉਹ ਹੀ ਜਾਣਦਾ ਹੈ ਜਿਸ ਨੇ ਉਹ ਅੱਖਰ ਪਰਥਾਏ ਉਚਾਰੇ ਹਨ। ਬੋਧ ਤਾਂ ਮਿਲਦਾ ਹੈ ਪਰ ਅਸਲੀਅਤ ਗੁਰੂ ਬਿਨਾਂ ਪ੍ਰਗਟ ਨਹੀਂ ਹੁੰਦੀ। ਗੱਲ ਇੱਕ ਹੀ ਹੁੰਦੀ ਹੈ, ਜਦੋਂ ਬੁੱਧ ਗਿਆਨੀਆਂ ਦੇ ਹੱਥ ਆ ਜਾਵੇਗੀ ਉਹ ਆਪਣੀ ਬੁੱਧੀ ਨੂੰ ਚਮਕਾਉਣ ਲਈ ਅਰਥ ਦਾ ਅਨਰਥ ਕਰ ਡਾਲਤੇ ਹੈਂ। ਇਸੇ ਲਈ ਸਰਗੁਣ ਸਰੂਪ ਦੀ ਮਹਿਮਾ ਕਥਨ ਕੀਤੀ ਹੈ। ਜਿਵੇਂ ਬੋਹੜ ਦਾ ਬ੍ਰਿਛ ਪੁਰਾਣਾ ਹੋਣ ਤੋਂ ਦਾੜ੍ਹੀਆਂ ਤਣਿਆਂ ਦਾ ਰੂਪ ਧਾਰਨ ਕਰ ਲੈਣ ਤੋਂ ਅਸਲੀ ਮੂਲ ਦਾ ਪਤਾ ਨਹੀਂ ਲਗਦਾ ਕਿਹੜਾ ਹੈ? ਇਸੇ ਪ੍ਰਕਾਰ ਜਦੋਂ ਚਲਾਏ ਹੋਏ ਧਰਮਾਂ ਮਜ਼੍ਹਬਾਂ ਨੂੰ ਕੁਝ ਵਧੇਰੇ ਸਮਾਂ

ਹੋ ਜਾਵੇ, ਇਕ ਇਕ ਪੰਥ ਦੀਆਂ ਕਈ ਸੰਪ੍ਰਦਾਵਾਂ ਬਣ ਜਾਂਦੀਆਂ ਹਨ, ਅਸਲੀਅਤ ਘਾਟੇ ਵਿਚ ਪੈ ਜਾਂਦੀ ਹੈ, ਗਿਆਨ ਰੁਲ ਜਾਂਦਾ ਹੈ। ਫਿਰ ਇਸ ਨੂੰ ਪ੍ਰਗਟ ਕਰਨ ਲਈ ਮਹਾਨ ਹਸਤੀ ਮੂਰਤੀਮਾਨ ਹੋ ਕੇ ਸੰਸਾਰ 'ਤੇ ਪ੍ਰਗਟ ਹੋਤੀ ਹੈ।

੪. ਗੁਰੂ ਸ਼ਰਨ ਵਿਚ ਜਾਣ ਤੋਂ, ਚਰਨ ਬੰਦਨਾ ਕਰਨ ਤੋਂ ਜਿਵੇਂ ਮੋਹਰ ਦੇ ਅੱਖਰ ਪੁੱਠੇ ਹੁੰਦੇ ਨੇ, ਠੱਪਾ ਲਾਉਣ ਤੋਂ ਸਿੱਧੇ ਹੋ ਜਾਂਦੇ ਹਨ, ਇਸੇ ਪ੍ਰਕਾਰ ਨਮਸਕਾਰ ਤੋਂ ਮਸਤਕ ਦੀਆਂ ਪੁਠੀਆਂ ਰੇਖਾਂ ਸਿੱਧੀਆਂ ਹੋ ਜਾਂਦੀਆਂ ਹਨ। ਸਿੱਖ ਅਹੰਕਾਰ ਤੋਂ ਰਹਿਤ ਹੋ ਕੇ ਨਿਮਰਤਾ ਧਾਰਨ ਕਰ ਲੈਂਦਾ ਹੈ ਅਤੇ ਆਪਣੇ ਆਪ ਦੀ ਸੋਝੀ ਪ੍ਰਾਪਤ ਕਰ ਲੇਤਾ ਹੈ।

੫. ਗੁਰੂ ਵਿਚ ਸ਼ਕਤੀ ਹੈ, ਉਹ ਸਿੱਖ ਦੇ ਮਨ ਵਿਚ ਭਗਤੀ, ਆਸਥਾ ਭਾਵਨਾ ਪੈਦਾ ਕਰ ਦੇਤੇ ਹੈਂ, *"ਜਨ ਦੀਪਕ ਤੇ ਦੀਪ ਜਗਾਯੋ"* ਜਿਵੇਂ ਦੀਵੇ ਤੋਂ ਦੀਵਾ ਪ੍ਰਕਾਸ਼ਤ ਹੋਤਾ ਹੈ ਇਵੇਂ ਸਿੱਖ ਦੇ ਹਿਰਦੇ ਵਿਚ ਗੁਰੂ ਜਯੋਤੀ ਤੋਂ ਆਤਮਾ ਜਯੋਤੀ ਦਾ ਪ੍ਰਕਾਸ਼ ਹੋ ਜਾਂਦਾ ਹੈ। ਪਰ ਯਾਦ ਰਹੇ ਅੰਤਸ਼ਕਰਣ ਰੂਪੀ ਦੀਵੇ ਵਿਚ ਪ੍ਰੇਮ ਰੂਪੀ ਤੇ ਭਗਤੀ ਰੂਪੀ ਵੱਟੀ ਜ਼ਰੂਰੀ ਹੋਵੇ ਜਾਂ ਨਿਸ਼ਕਾਮ ਕਰਮਾਂ ਰੂਪੀ ਤੇਲ ਅਤੇ ਪ੍ਰੇਮ ਰੂਪੀ ਵੱਟੀ ਤਾਂ ਗੁਰੂ ਜੀ ਗਿਆਨ ਰੂਪੀ ਸਲਾਈ ਬਾਲ ਕੇ ਪ੍ਰਕਾਸ਼ ਕਰਨਗੇ। ਉਹਨਾਂ ਦੀ ਆਪਣੀ ਜੋਤ ਵੀ ਮੱਧਮ ਨਹੀਂ ਹੁੰਦੀ ਅਤੇ ਸਾਧਨਾ ਸੰਪੰਨ ਜਗਿਆਸੂਆਂ ਨੂੰ ਵੀ ਪ੍ਰਕਾਸ਼ ਮਿਲ ਜਾਂਦਾ ਹੈ। ਜਿਵੇਂ ਕਿਸੇ ਮਹਾਂਪੁਰਸ਼ ਨੂੰ ਕਿਸੇ ਨੇ ਕਿਹਾ ਕਿ "ਮਹਾਰਾਜ! ਅਮਕਾ ਪ੍ਰਾਣੀ ਆਪ ਕੀ ਬਹੁਤ ਖ਼ਿਦਮਤ ਕਰਤਾ ਹੈ, ਪ੍ਰਕਾਸ਼ ਬਖਸ਼ੋ।" ਉਨ੍ਹਾਂ ਕਿਹਾ ਤੇਲ ਵਿਚ ਬੱਤੀ ਨਹੀਂ ਹੈ, ਦੀਵੇ ਨੂੰ ਸਲਾਈ ਲਾਉਣ ਨਾਲ ਪ੍ਰਕਾਸ਼ ਨਹੀਂ ਹੋ ਸਕਦਾ। ਪ੍ਰੇਮ ਰੂਪੀ ਤੇਲ ਅਤੇ ਭਗਤੀ ਰੂਪੀ ਵੱਟੀ ਪੈਦਾ ਹੋ ਗਈ ਤਾਂ ਤੇਰੀ ਸਿਫਾਰਸ਼ ਦੀ ਲੋੜ ਨਹੀਂ, ਅਸੀਂ ਜਾਣੀਏ ਜਾਂ ਉਹ ਜਾਣੇ। ਵਿਚੋਲਗੀ ਕਰਦਾ ਹੈਂ, ਆਪਣੇ ਵੱਲ ਝਾਤ ਮਾਰ ਮੈਂ ਕਿਥੇ ਹਾਂ। ਦੀਵਾ ਬਣ ਗਿਆ ਹੈ ਹੁਕਮ ਰੂਪੀ ਆਵੇ 'ਤੇ ਚੜ੍ਹ ਕੇ, ਤੇਰਾ ਮਨ ਹਾਲਾਂ ਦੀਵਾ ਵੀ ਨਹੀਂ ਬਣਿਆ। ਸਮੇਂ ਨਾਲ ਘਿਉ ਬੱਤੀ ਪਾ ਕੇ ਪ੍ਰਕਾਸ਼ ਕਰ ਦੇਵਾਂਗਾ, ਜਿਹੜਾ ਘਿਉ ਨਾ ਮੁੱਕੇ ਤੇ ਨਾ ਦੀਵਾ ਸੁੱਕੇ, ਨਾ ਬੱਤੀ ਸੜੇ ਨਾ ਦੀਵਾ ਬੁਝੇ, ਉਹ ਤ੍ਰਿਸ਼ਨਾ ਗੁਰੂ ਪੂਰੀ ਕਰ ਦੇਵੇਗਾ।

ਸਤਿਗੁਰ ਸਬਦਿ ਉਜਾਰੋ ਦੀਪਾ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ॥ ੧॥

(ਪੰਨਾ ੮੨੧)

ਭੋਲੈ ਵਾਉ ਨ ਵਡਾ ਹੋਇ॥ ਜਾਪੈ ਜਿਉ ਸਿੰਘਾਸਣਿ ਲੋਇ॥

(ਪੰਨਾ ੮੭੮)

ਗੁਰੂ ਨੇ ਨਾਮ ਦੀ ਕਮਾਈ ਤੋਂ ਰਸਤਾ ਤੌਕਿਆ ਹੁੰਦਾ ਹੈ। ਸਿੱਖ ਨੂੰ ਵੀ ਲਾਗ ਲਗੀ ਲਾਉਂਦੇ, ਨਾਮ ਦੀ ਕਮਾਈ ਵਿਚ ਲਾ ਦੇਂਦੇ ਹਨ। ਜਦੋਂ ਸਿੱਖ ਗੁਰੂ ਵਾਕਾਂ ਨੂੰ ਅਗੰਮੀ ਵਾਕ ਜਾਣ ਕੇ ਹਿਰਦੇ ਵਿਚ ਧਾਰਨ ਕਰ ਲੈਂਦਾ ਹੈ ਤਾਂ ਇਸ ਨੂੰ ਸਫਲਤਾ ਪ੍ਰਾਪਤ ਹੋਣ ਲਗਦੀ ਹੈ ਅਤੇ ਵਿਸ਼ਵਾਸ ਵਿਚ ਪ੍ਰਪੱਕਤਾ ਆ ਜਾਂਦੀ ਹੈ। ਗੁਰੂ ਸਿੱਖ ਦੁਆਰਾ ਸੁਣਿਆ ਹੋਇਆ ਨਾਮ ਹੀ ਖੁਲਾਸੀ ਦੇਤਾ ਹੈ, ਸਫਲ ਹੋਤਾ ਹੈ। ਬੰਦੂਕ ਸੇ ਨਿਕਲੀ ਹੋਈ ਗੋਲੀ ਹੀ ਅਸਰ ਕਰਦੀ ਹੈ, ਉਂਜ ਕੁਝ ਵੀ ਨਹੀਂ ਕਰਦੀ। ਉਸਦਾ ਪੂਰਾ ਫਲ ਵੀ ਦੁਸ਼ਮਣ ਤੋਂ ਛੁਟਕਾਰਾ ਦਾ ਨਿਸ਼ਾਨਚੀ ਕੇ ਹਾਥ ਸੇ ਹੋਵੇਗਾ। ਇਸ ਪ੍ਰਕਾਰ ਮਨ ਰੂਪੀ ਸ਼ਤਰੂ ਨੂੰ ਮਾਰਨ ਲਈ ਗੁਰੂ ਰੂਪੀ ਨਿਸ਼ਾਨਚੀ ਰਾਹੀਂ ਸੁਣਿਆ ਹੋਇਆ ਨਾਮ ਕਲਿਆਣਕਾਰੀ ਹੈ।

੬. ਸੰਸੇ, ਬਿਪਰਜੇ, ਭਰਾਂਤੀ, ਅਗਿਆਨ ਦੀ ਨਵਿਰਤੀ ਲਈ, ਭਵਸਾਗਰ ਤੋਂ ਤਰਨ ਲਈ, ਗੁਰੂ ਰੂਪੀ ਮਲਾਹ ਦੀ ਅਤੀ ਲੋੜ ਹੈ। ਗੁਰੂ ਕੀ ਸੰਗਤ ਕਰਨ ਤੋਂ ਸਿੱਖ ਨੂੰ ਸਮਾਨ ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ, ਫਿਰ ਬ੍ਰਹਮ ਦਾ ਦਰਸ਼ਨ ਹੋ ਜਾਂਦਾ ਹੈ। ਆਤਮ ਅਨੰਦੀ ਬਣ ਜਾਤਾ ਹੈ, ਕਿਸੇ ਬਾਤ ਕੀ ਆਕਾਂਖਿਆ ਨਹੀਂ ਰਹਿ ਜਾਤੀ।

੭. ਨਾਮ, ਨਾਮੀ ਅਤੇ ਅਭਿਆਸ ਦੀ ਜੁਗਤੀ ਬਿਨਾਂ ਗੁਰੂ ਤੋਂ ਪ੍ਰਾਪਤ ਨਹੀਂ ਹੋ ਸਕਦੀ "ਜੁਗਤੀ ਬਿਨਾਂ ਮੁਕਤੀ ਨਹੀਂ ਮਿਲਦੀ"।

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥

(ਪੰਨਾ ੬੩੫)

ਤਥਾ :-ਮੁਕਤਿ ਜੁਗਤਿ ਦਰ ਖੋਲਾ॥ ਤਿਹ ਜੁਗਤੀਆਂ ਸਤਿਗੁਰ ਹੀ ਬਤਾਤੇ ਹੈਂ।

੮. ਸਿਖਿਆ, ਦ੍ਰਿਸ਼ਟਾਂਤ, ਸਾਖੀ ਪ੍ਰਮਾਣਾਂ ਦੁਆਰਾ ਗੁਰੂ ਜੀ ਸਿੱਖ ਦੇ ਪ੍ਰਮਾਣਗਤ, ਪ੍ਰੇਮਯਗਤ ਸੰਸਿਆਂ ਦੀ ਨਵਿਰਤੀ ਕਰ, ਬਿਪਰਜੇ ਬੁੱਧੀ ਦਾ ਨਾਸ਼ ਕਰਕੇ, ਆਪਣੇ ਗੁਣ, ਪਵਿੱਤ੍ਰਤਾ ਅਤੇ ਆਤਮਾ ਰੂਪੀ ਚੇਤਨਾ ਦਾ ਸੰਚਾਰ ਕਰਦੇ ਹਨ।

੧.੪ ਸਤਿਗੁਰ ਕੀ ਪਰਖ

ਗੁਰੂ ਕਰੀਏ ਜਾਣ ਕੇ, ਪਾਣੀ ਪੀਏ ਛਾਣ ਕੇ॥

੧. ਗੁਰੂ ਦੀ ਪਰਖ ਕਰਨ ਦਾ ਸਿੱਖ ਕੇ ਪਾਸ ਕੋਈ ਬਲ ਨਹੀਂ। ਪਰ-

ਗੁਰੁ ਲਾਗਾ ਤਬ ਜਾਣੀਐ ਜਉ ਮਿਟੈ ਮੋਹ ਤਨ ਤਾਪ॥

ਗੁਰ ਸੰਗ ਕੀਤਾ ਤਾਂ ਜਾਣੋ ਜੇ ਉਨ੍ਹਾਂ ਦੀ ਸੰਗਤ ਕਰਨੇ ਨਾਲ ਤਿੰਨਾਂ ਤਾਪਾਂ (ਅਧਿਆਤਮਕ, ਅਧੀਭੂਤਕ, ਅਧੀਦੈਵਕ) ਆਦਿਕ ਦੀ ਨਵਿਰਤੀ ਹੋ ਜਾਵੇ, ਮਨ ਕਰਕੇ, ਬਾਣੀ ਕਰਕੇ ਅਤੇ ਸਰੀਰ ਕਰਕੇ ਦੁਖਾਂ ਦਾ ਨਾਮ ਹੀ ਤੀਨ ਤਾਪ ਹੈ।

੧.੫ ਗੁਰੂ-ਸ਼ਬਦ ਦਾ ਅਰਥ

ਗੁਰੂ-ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਗੁ ਨਾਮ ਅੰਧਕਾਰ ਦਾ, ਰੂ ਨਾਮ ਪ੍ਰਕਾਸ਼ ਦਾ ਹੈ। ਇਸ ਦਾ ਅਰਥ ਹੈ ਅੰਧਕਾਰ ਤੋਂ ਭਾਵ ਅਗਿਆਨ ਰੂਪੀ ਹਨੇਰੇ ਨੂੰ ਦੂਰ ਕਰਨ ਵਾਲਾ, ਸਤ ਸ਼ਬਦ ਦਾ ਅਰਥ ਪ੍ਰਮਾਤਮਾ ਹੈ। ਪ੍ਰਮਾਤਮਾ ਤੋਂ ਬਿਨਾਂ ਨਾਮ ਰੂਪ ਸਭ ਅਸਤ ਹੈ, ਉਹ ਆਪ ਸਤ ਚਿਤ ਅਨੰਦ ਸਰੂਪ ਹੈ। ਤਿੰਨ ਗੁਣ ਉਸਦੇ ਹਨ, ਨਾਮ ਰੂਪ ਵਿਚ ਸਾਰਾ ਪ੍ਰਪੰਚ ਹੈ। ਪ੍ਰਮਾਤਮਾ ਦੇ ਮਿਲਾਪ ਦੇ ਰਸਤੇ ਨੂੰ ਵਿਦਵਾਨਾਂ ਨੇ ਸਤ ਮਾਰਗ ਕਿਹਾ ਹੈ। ਜੋ ਸਤ ਮਾਰਗ (ਪੰਥ) ਦਾ ਗਿਆਨ ਵਾਲਾ ਹੋਵੇ ਉਸਨੂੰ ਸਤਿਗੁਰੂ ਕਿਹਾ ਜਾਤਾ ਹੈ। ਅਸਲੀ ਗੁਰੂ ਉਹ ਹੀ ਹੋ ਸਕਦਾ ਹੈ ਜਿਸ ਸੇ ਜਗਿਆਸੂ ਨੂੰ ਕਰਤੱਵ ਜਾਂ ਸਾਧਨ ਕਾ ਗਿਆਨ ਹੋਵੇ ਕਿ ਮੈਂ ਕੀ ਹਾਂ, ਕਿਥੋਂ ਅਤੇ ਕਿਵੇਂ ਆਇਆ ਹਾਂ, ਮੇਰਾ ਆਵਣ ਦਾ ਕੀ ਲਕਸ਼ ਹੈ।

ਸਾਧਨਾਂ ਦਾ ਗਿਆਨ ਦੇਵੇ ਅਤੇ ਕਮੀਆਂ ਨੂੰ ਪੂਰਨ ਕਰੇ। ਸ਼ੰਕਾ ਵਿਰਤੀਆਂ ਦਾ ਨਾਸ਼ ਕਰੇ ਅਤੇ ਦੱਸ ਦੇਵੇ।

ਨੋਟ :-ਗੁਰ ਧਾਤੂ-ਸ੍ਰੀ (ਗ੍ਰਿਣਾਤੀ ਸ਼ਬਦ ਕਰਨਾ) ਮਰਯਾਦਾ ਦੀ ਜਾਚ ਦੱਸੇ, ਜਨਾਉਣਾ, ਸਿਖਾਉਣਾ। ਸ਼ਬਦ ਦਾਤਾ ਸਿਖਿਆ ਦੇਣ ਵਾਲਾ, ਪ੍ਰਮੇਸ਼ਰ ਦਾ ਭੇਜਿਆ ਹੋਇਆ, ਜੱਗ ਨੂੰ ਕਲਿਆਣ ਦੇਣ ਵਾਲਾ।

ਜਨ ਆਵਨ ਕਾ ਇਹੈ ਸੁਆਉ॥ ਜਨ ਕੈ ਸੰਗਿ ਚਿਤਿ ਆਵੈ ਨਾਉ॥

(ਪੰਨਾ ੨੯੫)

"ਜੜ ਚੇਤਨ ਕੀ ਗੰਠ ਕੋ ਖੋਲ੍ਹ ਕੇ ਘਰ ਮਹਿ ਘਰ ਦੇਖਾਇ ਦੇਇ
ਸੋ ਸਤਿਗੁਰ ਪੁਰਖ ਸੁਜਾਣ॥"

ਹਿਰਦੇ ਰੂਪੀ ਘਰ ਵਿਚ ਸਾਖੀ ਚੇਤਨ ਦਾ ਦਰਸ਼ਨ ਕਰਵਾ ਦੇਵੇ। ਸਿੱਖ ਦਾ ਕੰਮ ਹੈ *"ਸ਼ੰਕਾ ਮਨੋ ਮਿਟਾਇ ਕੇ ਪਰਉਪਕਾਰ ਕਰੇਇ"* ਵਿਰਤੀ ਨੂੰ ਧਾਰ ਲਵੇ।

ਜੋ ਸਤ ਵਸਤੂ ਮੇਂ ਨਿਸ਼ਚਾ ਕਰਵਾ ਦੇਵੇ ਅਤੇ ਸਿਖਿਆ ਵਸਤੂ ਦਾ ਜਾਪ ਕਰਵਾਏ ਵੋਹ ਸਤਿਗੁਰੂ ਹੈ। ਹੁਣ ਸਵਾਲ ਇਸ ਗੱਲ ਦਾ ਹੈ ਜਿਸ ਨੇ ਆਪ ਹੀ ਮਾਰਗ ਨਹੀਂ ਦੇਖਿਆ ਉਹ ਸਤਿ ਦਾ ਪ੍ਰਕਾਸ਼ ਕਿਵੇਂ ਕਰੇਗਾ।

ਦ੍ਰਿਸ਼ਟਾਂਤ — ਜਿਵੇਂ ਕੋਈ ਅੰਨ੍ਹਾ ਜਾ ਰਿਹਾ ਸੀ, ਆਵਾਜ਼ ਦਿੱਤੀ ਮੈਨੂੰ ਕੋਈ ਰਸਤਾ ਦਿਖਾਵੇ ਤਾਂ ਇਕ ਰੁਪਿਆ ਦੂੰਗਾ। ਸੁਣਨ ਵਾਲਾ ਵੀ ਅੰਨ੍ਹਾ ਸੀ, ਮਾਇਆ ਦੇ ਲਾਲਚ ਵਿਚ ਆ ਕੇ, ਜਾਤ ਭਾਈ 'ਤੇ ਤਰਸ ਨਾ ਕੀਤਾ। ਕਹਿੰਦਾ ਮੇਰੇ ਨਾਲ ਤੁਰਿਆ ਆ। ਜਿਥੇ ਤੱਕ ਪੈਰਾਂ ਦੀ ਅਟਕ ਸੀ ਲੈ ਗਿਆ, ਰੁਪਿਆ ਲੇ ਕਰ ਕਹਿਣ ਲੱਗਾ ਭਾਈ ਹੁਣ ਸਿੱਧਾ ਹੀ ਤੁਰਿਆ ਜਾਈਂ, ਸਹੀ ਜਗ੍ਹਾ ਪਹੁੰਚ ਜਾਵੇਂਗਾ। ਇਹ ਵਿਚਾਰਾ ਕੀ ਜਾਣੇ ਕਿ ਮੈਨੂੰ ਰਸਤਾ

ਦੱਸਣ ਵਾਲਾ ਵੀ ਅੰਨ੍ਹਾ ਹੈ। ਵਿਸ਼ਵਾਸ ਕਰਕੇ ਮਾਇਆ ਗਵਾ ਕੇ ਤੁਰਿਆ ਗਿਆ। ਅੱਗੇ ਖੂਹ ਸੀ। ਘੜੰਮ ਕਰਦਾ ਡਿੱਗ ਪਿਆ ਅਤੇ ਸੋਝੀ ਪਈ ਕਿ ਮੇਰੇ ਨਾਲ ਛਲ ਹੋ ਗਿਆ।

ਨੋਟ :- ਗ੍ਰਿਣਾਤੀ ਤੜ ਮਿਤੀ ਗੁਰੂ

ਗਕਗਸਤੂ ਅੰਧਕਾਰਾ ਸਯਾਤ ਰਕਾਰਸ਼ ਤਨ ਨਿਰੋਧਕ ਅੰਧਕਾਰਾ ਵਿਨਾਸ਼ੜ੍ਹਾਤ ਗੁਰੂ ਰਿਤਯਤਿ ਪੀਜਓ (ਹਨੇਰਾ ਦੂਰ ਕਰਕੇ ਅਗਿਆਨ ਰੂਪੀ ਤੇ ਗਿਆਨ ਦਾ ਪ੍ਰਕਾਸ਼ ਕਰੇ।

ਅੰਧਾ ਖੂਹੇ ਅੰਧਾ ਠੇਲੇ। ਅੰਨੇ ਮਾਰਗ ਲਗ ਕੇ ਜੀਵ ਧਨ ਵੀ ਗਵਾ ਬੈਠਤਾ ਹੈ ਅਤੇ ਐਸੇ ਖਡਿਆਂ ਵਿਚ ਡਿਗ ਕੇ ਦੁਖ ਪਾਵੇ ਹੈ। ਇਸੇ ਤਰ੍ਹਾਂ ਜੀਵ ਵਿਚਾਰ ਰੂਪੀ ਨੈਣਾਂ ਤੋਂ ਹੀਣਾ ਹੈ, ਸ਼ਰਧਾ ਰੂਪੀ ਪੂੰਜੀ ਦਾ ਹੋਕਾ ਦੇਂਦਾ ਹੈ। ਮੈਨੂੰ ਸੰਸਾਰ ਬਨ ਚੋਂ ਨਿਕਲਣ ਦਾ ਰਸਤਾ ਦੱਸੋ। ਗਿਆਨ ਵਿਗਿਆਨ ਰੂਪੀ ਨੈਣਾਂ ਤੋਂ ਬਿਨਾਂ ਕੱਚਾ ਗੁਰੂ ਮਿਲ ਜਾਂਦਾ ਹੈ। ਇਸ ਦੀ ਸ਼ਰਧਾ ਰੂਪੀ ਪੂੰਜੀ ਲੈ ਕੁਝ ਚਿਰ ਨਾਲ ਤੁਰਦਾ ਹੈ, ਮੋਹ ਰੂਪੀ ਖਡੇ ਵਿਚ ਸੁੱਟ ਦੇਂਦਾ ਹੈ। ਵਿਸ਼ੇ ਵਿਕਾਰਾਂ ਰੂਪੀ ਪੰਕਜ ਵਿਚ ਫਸਿਆ ਜੀਵ ਅਨੇਕ ਪ੍ਰਕਾਰ ਦੇ ਦੁੱਖਾਂ ਨੂੰ ਭੋਗੇਗਾ ਅਤੇ ਸ਼ਰਧਾ ਤੋਂ ਰਹਿਤ ਹੋ ਕੇ ਨਾਸਤਕ ਬਣ ਕੇ ਜਮ ਸਾਸਨਾ ਦਾ ਭਾਗੀ ਬਣ ਜਾਵੇਗਾ। ਸਾਧਕ ਸੇ ਸਾਧਨ ਵੱਡਾ ਹੈ। ਨਾਮ ਸਿਮਰਨ ਬਾਣੀ ਦਾ ਜਾਪ ਕਦੇ ਵੀ ਨਾ ਤਿਆਗੋ।

'ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥

(ਪੰਨਾ ੨੮੬)

ਜਿਵੇਂ ਧਨ ਨਾਲੋਂ ਧਨ ਦੀ ਕਮਾਈ ਕਰਨੀ ਬੜੀ ਕਠਿਨ ਹੈ। ਕਮਾਈ ਵੱਡੀ ਹੈ। ਇਸੇ ਤਰ੍ਹਾਂ ਗੁਰੂ ਪ੍ਰਮੇਸ਼ਰ ਸੇ ਭੀ ਵੱਡਾ ਹੈ। ਨਿਰਗੁਣ ਨੇ ਮਾਯਾ ਪਾ ਕੇ ਆਪਣਾ ਆਬ੍ਰਿਤ ਤਿਆਰ ਕੀਤਾ ਹੋਇਆ ਹੈ। ਗੁਰੂ ਆਪਣੇ ਪ੍ਰਕਾਸ਼ ਤੋਂ ਸਤ ਦਾ ਭਾਨ ਕਰਕੇ ਨਿਰਗੁਣ ਵਿਚ ਅਭੇਦ ਕਰ ਦੇਤੇ ਹੈਂ। ਇਸ ਲਈ ਗੁਰੂ ਸ਼ਕਤੀ ਸਭ ਸੇ ਸਿਰਮੌਰ ਹੈ।

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥

(ਪੰਨਾ ੭੫੦)

੨. ਗੁਰੂ ਦੀ ਦੂਸਰੀ ਪ੍ਰੀਖਿਆ ਇਹ ਹੈ ਕਿ ਸਿੱਖ ਨੂੰ ਸ਼ੰਕਿਆਂ ਤੋਂ ਰਹਿਤ ਕਰਕੇ ਸੱਚਾ ਆਪਰੋਕਸ਼ ਗਿਆਨ ਦੇ ਸਕਦਾ ਹੈ।

ਛੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥

(ਪੰਨਾ ੧੦੦੨)

ਕੇਵਲ ਗੁਰੂ ਜਿਸਦਾ ਨਾਮ ਨਹੀਂ "ਕੰਨਾਂ ਮੰਨਾਂ ਕੁਰਰ, ਤੂੰ ਮੇਰਾ ਚੇਲਾ ਤੇ ਮੈਂ ਤੇਰਾ

ਗੁਰਰਾ' ਅਗਿਆਨ ਔਰ ਗਿਆਨ ਦੇ ਕਾਰਜ ਜਨਮ ਮਰਨ ਰੂਪੀ ਸੰਸਾਰ ਦੇ ਦੁੱਖਾਂ ਤੋਂ ਰਹਿਤ ਕਰਕੇ ਨਿਰਸੰਸੈ ਵਿਰਤੀ ਬਣਾ ਦੇਵੇ, ਉਸੇ ਦਾ ਨਾਮ ਗੁਰੂ ਹੈ।

੩. ਗੁਰੂ ਨੇ ਆਪਣੇ ਮਨ ਔਰ ਇੰਦ੍ਰੀਆਂ ਕੋ ਕਾਬੂ ਮੇਂ ਰੱਖਾ ਹੋਵੇ, ਸਭ ਸੁਆਦਾਂ ਦਾ ਤਿਆਗ ਕਰਕੇ, ਬ੍ਰਹਮਾਨੰਦ ਨੂੰ ਭੋਗਾਨੰਦ ਤਿਆਗ ਕੇ ਜੋਗਾਨੰਦ ਰਾਹੀਂ ਪ੍ਰਾਪਤ ਕਰਦਾ ਹੋਵੇ। ਧਨ ਔਰ ਇਸਤ੍ਰੀ ਪਰ ਕਦੇ ਸੁਪਨੇ ਵਿਚ ਵੀ ਮਲਨ ਦ੍ਰਿਸ਼ਟੀ ਨਾ ਹੋਵੇ, ਸਭ ਨੂੰ ਬ੍ਰਹਮ ਦ੍ਰਿਸ਼ਟੀ ਕਰਕੇ ਜਾਣੇ। ਸਭ ਦੀ ਇੱਜ਼ਤ ਨੂੰ ਆਪਣੀ ਇੱਜ਼ਤ ਸਮਝੇ।

੪. ਗੁਰੂ ਦੀ ਚੌਥੀ ਪਹਿਚਾਣ ਹੈ ਕ੍ਰੋਧ ਸੇ ਰਹਿਤ ਸ਼ਾਂਤ ਆਤਮਾ ਹੋਵੇ। ਸ਼ਿਸ਼ ਦਾ ਪ੍ਰਸ਼ਨ ਸੁਣ ਕੇ ਲੜਨ ਨਾ ਲਗ ਪਵੇ। ਸਿੱਖ ਦਾ ਵੀ, ਸ਼ਰਧਾ ਸਹਿਤ ਹੋ ਕੇ ਹਾਥ ਮੇਂ ਭੇਟਾ ਲੇ ਕਰ ਜਾਣਾ ਫਰਜ਼ ਹੈ। ਨਿਮਰਤਾ ਸਹਿਤ ਬੇਨਤੀ ਕਰੇ।

ਦ੍ਰਿਸ਼ਟਾਂਤ :- ਜਿਵੇਂ ਦਾਦੂ ਜੀ ਨੂੰ ਗੁਰੂ ਧਾਰਨ ਵਾਸਤੇ ਕੋਈ ਪ੍ਰੇਮੀ ਚਲਾ ਗਿਆ। ਰਸਤੇ ਮੇਂ ਕਿਸੇ ਤੋਂ ਦਾਦੂ ਜੀ ਬਾਬਤ ਪੁਛਿਆ ਤਾਂ ਦਾਦੂ ਜੀ ਸੌਚ ਕਿਰਿਆ ਜਾ ਰਹੇ ਸਨ। ਦੱਸਣ ਵਾਲੇ ਨੇ ਇਹਨਾਂ ਵੱਲ ਇਸ਼ਾਰਾ ਕੀਤਾ। ਦਾਦੂ ਜੀ ਦੀ ਸ਼ਕਲ ਭੱਦੀ, ਕਾਲਾ ਰੰਗ, ਸਾਦੀ ਕਿਰਿਆ ਜਾਣ ਕੇ, ਇਸ ਨੇ ਸਮਝਿਆ ਮੈਨੂੰ ਇਸ ਨੇ ਮਸ਼ਕਰੀ ਕੀਤੀ ਹੈ। ਇਸ ਨੇ ਦਾਦੂ ਜੀ ਕੇ ਸੀਸ ਮੇਂ ਦੋ ਚਾਰ ਜੂਤੇ ਲਗਾ ਦੀਏ। ਆਪ ਪੂਛਤਾ ਪੂਛਤਾ ਦਾਦੂ ਜੀ ਕੇ ਡੇਰੇ ਆ ਗਿਆ। ਜਦੋਂ ਦਾਦੂ ਜੀ ਕਿਰਿਆ ਕਰਕੇ ਆਏ, ਇਸ਼ਨਾਨ ਕਰਕੇ ਸਿੰਘਾਸਣ 'ਤੇ ਬੈਠੇ, ਸੰਗਤਾਂ ਨਮਸਕਾਰ ਕਰਨ ਲੱਗੀਆਂ, ਗਿਆਤ ਹੋਣ ਤੋਂ ਲੱਗਾ ਪਸਚਾਤਾਪ ਕਰਨ ਅਤੇ ਹੋਈ ਗ਼ਲਤੀ ਦੀ ਮੁਆਫੀ ਮੰਗਣ ਲੱਗਾ। ਦਾਦੂ ਜੀ ਨੇ ਕਿਹਾ, ਸਿੱਖਾ ਕਿਉਂ ਘਬਰਾਉਂਦਾ ਹੈਂ? ਘੁਮਿਆਰ ਤੋਂ ਟਕੇ ਦੀ ਤੌੜੀ ਲੈਣੀ ਹੁੰਦੀ ਹੈ ਤਾਂ ਵੀਹ ਵਾਰੀ ਟਣਕਾਈਦੀ ਹੈ ਤੇ ਮੈਨੂੰ ਲੋਕ ਪ੍ਰਲੋਕ ਦਾ ਗੁਰੂ ਬਨਾਣਾ ਹੈ, ਕੀ ਹੋਇਆ ਜੇ ਦੋ ਜੂਤੇ ਮਾਰ ਕੇ ਪਰਖ ਕਰ ਲਈ। ਉਹ ਪਾਣੀ ਪਾਣੀ ਹੋ ਗਿਆ। ਮੈਂ ਕਿਤਨਾ ਨੀਚ, ਇਹ ਕਿਤਨੇ ਉੱਚੇ ਹਨ। ਵੱਡੇ ਵਿਅਕਤੀ ਆਪਣੀ ਖਿਮਾ ਦੁਆਰਾ ਅਗਲੇ ਦੇ ਕ੍ਰੋਧ ਨੂੰ ਸ਼ਾਂਤ ਕਰਕੇ ਮਨ ਜਿੱਤ ਲੈਂਦੇ ਹਨ।

ਸੰਤਨ ਅਵਰ ਨ ਕਾਹੂ ਜਾਨੀ॥
ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥ (ਪੰਨਾ ੭੧੧)

-o-

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥

(ਪੰਨਾ ੧੧੦੨)

੫. ਬੈਰਾਗੀ ਵਿਰਤੀ ਵਾਲਾ ਹੋਵੇ 'ਰਾਗ (ਮੋਹ) ਬੀਤ ਗਿਆ ਹੋਵੇ, ਸ਼ਕਤੀ ਭਗਤੀ ਸੰਤੋਖ ਆਦਿ ਗੁਣਾਂ ਕਾ ਭੰਡਾਰ ਹੋਵੇ, ਪ੍ਰਮਾਤਮਾ ਦੇ ਭਾਣੇ ਕੇ ਅਨੁਕੂਲ ਚਲੇ, ਆਪਣੀ ਹੋਂਦ ਨੂੰ ਮਿਟਾ ਦੇਵੇ, ਆਠੋਂ ਪਹਰ ਸਿਮਰਨ ਮੇਂ ਲੀਨ ਰਹੇ ਅਤੇ ਸਿੱਖਾਂ ਨੂੰ ਨਾਮ ਬਾਣੀ ਦੇ ਸਿਮਰਨ ਦਾ ਉਪਦੇਸ਼ ਦੇ ਕੇ ਭਵਸਾਗਰ ਤੋਂ ਪਾਰ ਕਰੇ। ਆਪਣੇ ਬਚਨਾਂ ਦੀ ਵਰਸ਼ਾ ਦੁਆਰਾ ਸਾਧਕਾਂ ਦੇ ਮਨਾਂ ਨੂੰ ਸ਼ਾਂਤ ਕਰੇ।

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥

(ਪੰਨਾ ੫੯੫)

ਐਸੀ ਕਿਰਿਆ ਵਾਲਾ ਸਤਿਗੁਰੂ ਹੈ, ਉਸਦੀ ਸੰਗਤ ਕਲਿਆਣਕਾਰੀ ਹੈ।

੧.੬ ਗੁਰੂ ਕਾ ਰਿਣ ਚੁਕਾਉਣ ਲਈ ਸਿੱਖ ਨੂੰ ਕੀ ਕਰਨਾ ਚਾਹੀਦਾ ਹੈ ?

ਸਿੱਖ ਨੂੰ ਚਾਹੀਦਾ ਹੈ ਕਿ ਨਵਧਾ ਭਗਤੀ ਸਹਿਤ ਹੋ ਕੇ, ਚਤੁਸ਼ਟੇ ਸਾਧਨਾਂ ਸੰਪੰਨ ਹੋ ਕੇ, ਵੇਦ-ਵਾਕਾਂ ਅਤੇ ਗੁਰੂ ਭਗਤੀ ਨੂੰ ਧਾਰਨ ਕਰਕੇ ਰੋਜ਼ਾਨਾ ਸਤਿਗੁਰ ਕਾ ਮਨ, ਬਾਣੀ, ਸਰੀਰ ਕੇ ਇਸ਼ਨਾਨ ਦੁਆਰਾ ਪਵਿੱਤਰ ਹੋ ਕੇ, ਭੇਟਾ ਲੈ ਕਰ ਦਰਸ਼ਨ ਕਰੇ, ਸਾਸਟਾਂਗਤ ਬੰਦਨਾ ਕਰੇ।

ਸੰਤਹ ਚਰਨ ਮਾਥਾ ਮੇਰੋ ਪਉਤ॥ ਅਨਿਕ ਬਾਰ ਸੰਤਹ ਡੰਡਉਤ॥

(ਪੰਨਾ ੮੮੯)

ਕਰਿ ਸਾਧੂ ਅੰਜੁਲੀ ਪੁੰਨ ਵਡਾ ਹੇ॥ ਕਰਿ ਡੰਡਉਤ ਪੁਨੁ ਵਡਾ ਹੇ॥

(ਪੰਨਾ ੧੩੧)

ਅਨੁਸਾਰ ਨਮਸਕਾਰ ਕਰੇ, ਗੁਰੂ ਦੀ ਕਿਰਿਆ ਅਤੇ ਸੰਗਤ 'ਤੇ ਕਦੇ ਵੀ ਗਿਲਾਨੀ ਨਾ ਕਰੇ, *"ਗੁਰੁ ਪਰਮੇਸਰੁ ਏਕੋ ਜਾਣੁ"* 'ਤੇ ਅਮਲ ਕਰੇ, ਗੁਰੂ 'ਤੇ ਸ਼ਰਧਾ ਅਤੇ ਪ੍ਰੇਮ ਭਾਵਨਾ ਵਧਾਵੇ, ਗੁਰੂ ਆਗਿਆ ਕਾ ਪਾਲਣ ਕਰਨਾ ਹੀ ਉਹਨਾਂ ਦੀ ਸੇਵਾ ਹੈ। ਚਾਅ ਮਲਾਰ ਨਾਲ ਹੁਕਮ ਸਤ ਜਾਣ ਕੇ ਮੰਨੇ, ਕਦੇ ਵੀ ਬਚਨ ਨੂੰ ਅਸਤ ਨਾ ਹੋਣ ਦੇਵੇ।

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥

(ਪੰਨਾ ੯੧੮)

ਦੇ ਮਹਾਂਵਾਕਾਂ ਨੂੰ ਹਿਰਦੇ ਦਾ ਭੂਸ਼ਣ ਬਣਾ ਕੇ ਮਨ ਵਿਚ ਦੂਖਣ ਨਾ ਪੈਦਾ ਹੋਣ ਦੇਵੇ। ਜਵਾਨੀ, ਚਿੜਚੜਾ ਸੁਭਾਵ, ਬੁੱਧੀ ਦੀ ਚਤੁਰਾਈ, ਮਾਇਆ, ਮਿੱਤਰਾਂ ਦਾ ਹੰਕਾਰ,

ਵਾਦ-ਵਿਵਾਦ, ਈਰਖਾ, ਝੂਠ, ਨਿੰਦਾ ਜੀਵ ਨੂੰ ਪ੍ਰਭੂ, ਗੁਰੂ, ਸੰਤ, ਭਗਤੀ ਤੋਂ ਬੇਮੁਖ ਕਰ ਦਿੰਦੀਆਂ ਹਨ।

ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ॥

(ਪੰਨਾ ੧੧੬੪)

ਭੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ॥

(ਪੰਨਾ ੧੯੮)

ਗੁਰੂ ਕੇ ਪਾਇਆਂ ਪੂਰਨਿਆਂ 'ਤੇ ਚਲਣਾ, ਆਪਣੇ ਜੀਵਨ ਨੂੰ ਉਨ੍ਹਾਂ ਦੀਆਂ ਸਿਖਿਆਵਾਂ ਦੁਆਰਾ ਬਦਲ ਲੈਣਾ ਹੀ ਗੁਰੂ ਸੇ ਉਰਿਣ ਹੋਤਾ ਹੈ। ਪੰਜ ਭੌਤਿਕ ਸਰੀਰ ਦਾ ਨਾਮ ਗੁਰੂ ਨਹੀਂ, ਸ਼ਬਦ ਹੀ ਗੁਰੂ ਹੈ। 'ਗੁਰੂ ਕਾ ਦੀਆ ਹੂਆ ਦਿਬ ਗਿਆਨ ਹੀ ਗੁਰੂ ਹੈ।' ਗੁਰੂ ਕੀ ਆਗਿਆ ਅਨੁਸਾਰ ਆਪਣਾ ਜੀਵਨ ਬਿਤਾਣਾ ਹੀ ਸ਼ਿਸ਼ ਦਾ ਪਰਮ ਧਰਮ ਹੈ। ਆਪਣੀ ਹਸਤੀ ਨੂੰ ਮਿਟਾ ਕੇ ਗੁਰੂ ਹਸਤੀ ਮੇਂ ਅਭੇਦ ਹੋਣਾ ਹੈ, ਜਿਵੇਂ ਬੱਦਲ ਵਰਸ ਕੇ ਸ਼ਾਂਤ ਹੋ ਜਾਂਦੇ ਹਨ, ਪਰਉਪਕਾਰ ਲਈ ਬੱਦਲ ਰੂਪ ਬਣਦੇ ਹਨ। ਇਸੇ ਪ੍ਰਕਾਰ ਜਿਵੇਂ ਬੱਦਲ ਧਰਤੀ ਨੂੰ ਸ਼ਾਂਤ ਕਰਕੇ ਆਪ ਵੀ ਸ਼ਾਂਤ ਹੋ ਜਾਂਦੇ ਹਨ, ਇਸੇ ਤਰ੍ਹਾਂ ਸੰਤ ਜਨ ਦੂਜਿਆਂ ਨੂੰ ਸ਼ਾਂਤ ਕਰਨ ਲਈ ਹਿਰਦੇ ਦੀ ਤਪਸ਼ ਮਿਟਾਨੇ ਲਈ, ਗਿਆਨ ਰੂਪੀ ਵਰਸ਼ਾ ਕਰਕੇ, ਸ਼ਾਂਤੀ ਪ੍ਰਦਾਨ ਕਰਕੇ, ਖ਼ੁਦ ਵੀ ਸ਼ਾਂਤ ਹੋ ਜਾਂਦੇ ਹਨ। ਜਿਵੇਂ ਵਰਸ਼ਾ ਤੋਂ ਬਹੁਤ ਦੇਰ ਤੱਕ ਵਸਤੂ ਨੂੰ ਲਾਭ ਪਹੁੰਚਦਾ ਹੈ-

"ਮੀਹੁ ਪਇਆ ਪਰਮੇਸਰਿ ਪਾਇਆ॥
ਜੀਅ ਜੰਤ ਸਭਿ ਸੁਖੀ ਵਸਾਇਆ॥"

(ਪੰਨਾ ੧੦੫)

੮੪ ਲੱਖ ਜੀਵਾਂ ਨੂੰ ਸ਼ਾਂਤੀ ਹੁੰਦੀ ਹੈ। ਔੜ ਲੱਗਣ ਤੋਂ, ਪਰਜਾ ਦੀ ਉਮੰਗ ਤੋਂ, ਪ੍ਰਭੂ ਆਪਣੀ ਇੱਛਾ ਵਿਚ ਫਿਰ ਵਰਸ਼ਾ ਕਰਕੇ ਸ਼ਾਂਤੀ ਦੇਤੇ ਹੈਂ। ਇਸ ਤਰ੍ਹਾਂ ਜਗਿਆਸੂਆਂ ਦੇ ਖ਼ੁਸ਼ਕ ਹਿਰਦਿਆਂ ਨੂੰ ਨਾਮ ਰੂਪੀ ਸੀਤਲ ਜਲ ਨਾਲ ਸ਼ਾਂਤ ਕਰਦੇ ਹਨ। ਜਦੋਂ ਨਾਸਤਕਤਾ ਦੀ ਔੜ ਲੱਗਣ ਨਾਲ ਬੈਰਾਗ, ਬਿਬੇਕ ਆਦਿ ਗੁਣਾਂ ਰੂਪੀ ਬਗ਼ੀਚਾ ਨਸ਼ਟ ਹੋਣ ਲਗਦਾ ਹੈ ਫਿਰ ਅੰਮ੍ਰਿਤ-ਮਈ ਬਾਣੀ ਦੀ ਵਰਸ਼ਾ ਤੋਂ ਹਰਿਆਵਲ ਕਰ ਦੇਤੇ ਹੈਂ। ਜਿਵੇਂ ਕਿਸੇ ਪ੍ਰੇਮੀ ਨੇ ਅੰਬ ਚੂਪ ਕੇ ਉਸਦੀ ਗੁਠਲੀ ਨੂੰ ਬੋਣਾ ਚਾਹਿਆ, ਉਹ ਬੋਲੀ ਮੈਨੂੰ ਧਰਤੀ ਮੇਂ ਦੱਬ ਕਰ ਗਾਲੀਂ ਨਾ। ਉਸਨੇ ਕਹਾ ਅਰੇ ਨਦਾਨ, ਤੁਝੇ ਕਿਆ ਮਾਲੂਮ ਹੈ, ਤੂੰ ਬ੍ਰਿਛ ਬਣ ਕਰ ਕਿੰਨੇ ਪਰਉਪਕਾਰੀ ਅਤੇ ਕਿਤਨੀਆਂ ਆਪ ਜੈਸੀਆਂ ਗੁਠਲੀਆਂ ਨੂੰ ਪੈਦਾ ਕਰੇਂਗੀ। ਇਸੇ ਪ੍ਰਕਾਰ ਗੁਰੂ ਮਹਾਂਪੁਰਸ਼ ਜਾਨਤੇ ਹੈਂ ਸਿੱਖ ਦਾ ਭਲਾ ਕਿਵੇਂ ਹੋਣਾ ਹੈ। ਆਪਣਾ ਵਿਅਕਤੀਗਤ ਵਿਚਾਰ ਕਦੇ ਵੀ ਨਹੀਂ ਦੇਣਾ ਚਾਹੀਦਾ ਅਤੇ ਆਪਣੇ ਵਿਅਕਤੀਗਤ ਵਿਚਾਰ ਦੁਆਰਾ ਕਾਰਜ ਨਹੀਂ ਕਰਨਾ ਚਾਹੀਦਾ। ਸਤਿਗੁਰਾਂ ਕੇ ਉਪਦੇਸ਼ੋਂ ਪਰ ਚਲ ਕੇ ਆਪਣਾ ਆਪ ਸਫਲ

ਕਰਨਾ ਹੀ ਗੁਰੂ ਪਰਉਪਕਾਰ ਸੇ ਉਰਿਣ ਹੋਣਾ ਹੈ।

ਗੁਰ ਗੂੰਗੇ ਗੁਰ ਬਾਬਰੇ ਗੁਰ ਕੀ ਰਾਖੋ ਆਸ॥
ਜੇ ਗੁਰ ਭੇਜੇ ਨਰਕ ਨੂੰ ਸਵਰਗ ਕੀ ਨ ਰਾਖੋ ਆਸ॥

ਬੁਲ੍ਹੇਸ਼ਾਹ ਨੇ ਗੁਰੂ ਸ਼ਬਦ ਦਾ ਸਨਮਾਨ ਕੀਤਾ ਹੈ, ਪਰ ਇਹ ਤਾਂ ਸਧਾਰਣ ਗੁਰੂਆਂ ਦਾ ਜ਼ਿਕਰ ਹੈ। ਜਿਥੇ ਸਤਿਗੁਰੂ ਗੁਰੂ ਨਾਨਕ ਦੇਵ ਜੀ ਮਹਾਰਾਜ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬੰਸ ਦਾਨੀ ਗੁਰੂ ਹੋਣ, ਉਨ੍ਹਾਂ ਦਾ ਕਿਤਨਾ ਸਤਿਕਾਰ ਤੇ ਮਾਣ ਔਰ ਕਿਤਨੀ ਆਗਿਆ ਦਾ ਪਾਲਣ ਕਰਨਾ ਚਾਹੀਏ, ਇਹ ਤੁਸੀਂ ਆਪ ਨਿਰਣਾ ਕਰੋ। ਜਿਤਨਾ ਵੀ ਹੋ ਸਕੇ ਕਰੋ, ਪਰ ਸਾਡਾ ਸਭ ਦਾ ਉਨ੍ਹਾਂ ਦੇ ਉਪਕਾਰਾਂ ਅੱਗੇ ਕੀਤਾ ਤੁੱਛ ਹੈ। ਗੁਰੂ ਆਗਿਆ ਹੈ ਕਿ ਗੁਰਬਾਣੀ ਦਾ ਜਾਪ ਜਿੰਨਾ ਹੋ ਸਕੇ ਕਰੋ, ਸੇਵਾ ਸਿਮਰਨ ਵਿਚ ਵੱਧ ਤੋਂ ਵੱਧ ਸਮਾਂ ਦਿਉ।

੧.੭ ਗੁਰੂ ਮਰਯਾਦਾ

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

-o-

ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥

(ਪੰਨਾ ੬੨੮)

ਜਿਵੇਂ ਘੁਮਿਆਰ ਘੜਾ ਘੜਨ ਵੇਲੇ ਉਪਰੋਂ ਚੋਟਾਂ ਮਾਰਦਾ ਹੈ, ਅੰਦਰ ਸਹਾਰੇ ਤੋਂ ਹੱਥ ਭੀ ਦੇਂਦਾ ਹੈ, ਇਸੇ ਪ੍ਰਕਾਰ ਜੇ ਗੁਰੂ ਮਹਾਂਪੁਰਸ਼ ਬਾਹਰੋਂ ਸਖ਼ਤ ਸ਼ਬਦ ਵੀ ਵਰਤਦੇ ਹਨ ਪ੍ਰੰਤੂ ਉਨ੍ਹਾਂ ਦੇ ਹਿਰਦੇ ਵਿਚ ਸਿੱਖ ਦੀ ਭਲਿਆਈ ਛੁਪੀ ਹੁੰਦੀ ਹੈ, ਅੰਦਰੋਂ ਪ੍ਰੇਮ ਹੁੰਦਾ ਹੈ, ਇਸ ਤਰ੍ਹਾਂ ਸਿੱਖ ਨੂੰ ਸਦਾ ਲਈ ਗੁਰੂ ਵਾਕਾਂ ਦਾ ਪਾਲਣ ਕਰਨਾ ਚਾਹੀਦਾ ਹੈ, ਇਸੇ ਵਿਚ ਹੀ ਗੁਰਸਿੱਖ ਦੀ ਭਲਿਆਈ ਹੈ। "ਗੁਰਸਿਖ ਮੀਤ ਚਲਹੁ ਗੁਰ ਚਾਲੀ॥" ਮਹਾਂਵਾਕ ਨੂੰ ਅਪਨਾਅ ਲੈਣਾ ਚਾਹੀਦਾ ਹੈ।

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥

(ਪੰਨਾ ੫੯੪)

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥

(ਪੰਨਾ ੯੩੫)

ਇਸ ਕਰਕੇ ਸਭ ਸਤਸੰਗੀਆਂ ਨੂੰ ਬੇਨਤੀਆਂ ਹਨ ਕਿ ਮਨ ਬਾਣੀ ਸਰੀਰ ਕਰਕੇ ਗੁਰੂ ਆਗਿਆ ਦੇ ਅਨੁਰਾਗੀ ਹੋ ਕੇ ਆਪਣਾ ਆਪ ਸਫਲਾ ਕਰੀਏ। ਜੋ ਆਪਣੇ 'ਤੇ ਉਪਕਾਰ ਕਰ ਲਵੇ, ਉਹ ਉਪਕਾਰੀ ਬਣ ਕੇ ਦੂਸਰਿਆਂ 'ਤੇ ਉਪਕਾਰ ਕਰ ਸਕਦਾ ਹੈ, ਨਹੀਂ ਤਾਂ ਉਪਕਾਰੀ ਬਣਦਾ-ਬਣਦਾ ਅਪਕਾਰੀ ਬਣ ਜਾਵੇਗਾ। ਅੰਤ ਵਿਚ ਦਾਸਾਂ ਨੇ ਗੁਰੂ ਰਿਣ ਦੀ ਦੌਲਤ ਚੁਕਾਉਣ ਵਾਸਤੇ ਬੇਨਤੀਆਂ ਕੀਤੀਆਂ ਹਨ। ਚੁਕਾਈਆਂ ਤਾਂ ਨਹੀਂ ਜਾ ਸਕਦੀਆਂ, ਜਿਤਨਾ ਹੋ ਸਕੇ ਬਾਪੂ ਪਿਤਾ ਗੁਰੂ ਦੀ ਆਗਿਆ ਦਾ ਪਾਲਣ ਕਰਕੇ ਸੁਪਾਤ੍ਰ ਬਨਣਾ ਹੈ। ਗੁਰੂ ਪਦ ਦੀ ਵਿਆਖਿਆ ਕੁਝ ਸੰਖੇਪ ਰੂਪ ਵਿਚ ਸੰਗਤਾਂ ਦੀ ਦ੍ਰਿਸ਼ਟੀ-ਗੋਚਰ ਕੀਤੀ ਹੈ। ਸਮੁੰਦਰ ਚੋਂ ਕਤਰਾ ਹੀ ਦਰਸਾ ਸਕਿਆ ਹਾਂ, ਆਪ ਸਾਰੇ ਗੁਰਸਿੱਖ ਸਾਧੂ ਮੈਥੋਂ ਵਿਦਵਾਨ ਹੋ। ਗ਼ਲਤੀਆਂ ਦੀ ਸੋਧ ਕਰਕੇ ਆਪ ਸਾਰਿਆਂ ਨੇ ਸੁਮੱਤ ਲਈ ਅਰਦਾਸ ਕਰਨੀ। ਆਪ ਦਾ ਨਾਚੀਜ਼ ਨਿਮਾਣਾ ਸੇਵਕ ਤੁੱਛ ਸਾਧ ਸੰਗਤ ਨੂੰ ਅਰਪਣ ਕਰਦਾ ਹੋਇਆ।

ਦਾਸਾਨ ਦਾਸ ਆਪ ਦਾ ਹਿਤੂ
ਸੰਤ ਜਗਜੀਤ ਸਿੰਘ

ਪ੍ਰਾਰੰਭਾ :
੧੩ ਜੁਲਾਈ
੧੯ ਹਾੜ੍ਹ ਮੰਗਲਵਾਰ
ਨਾਨਕਸ਼ਾਹੀ ੫੧੪
ਹਿਜਰੀ ੧੪੦੨
ਖਾਲਸਾ ੨੮੪
ਸਾਕਾ ੧੯੦੪
ਬਿਕਰਮੀ ੨੦੩੯

ਡੇਰਾ ਬਾਬਾ ਕਰਮ ਸਿੰਘ ਜੀ
ਸੇਵਕ ਨਿਰਮਲ ਸੰਪਰਦਾਇ ਮੋਢੀ ਭਾਈ ਦਯਾ ਸਿੰਘ ਜੀ ਗਡਵਈ ਸ੍ਰੀ ਗੁਰੂ ਕਲਗੀਧਰ ਜੀ ਕੇ। ਵਿਦਿਆਰਥੀ ਪੰਡਤ ਸੁਹੇਲ ਸਿੰਘ ਜੀ ਕਾਂਸ਼ੀ ਵਾਲੇ ਨਿਵਾਸ ਸਥਾਨ (ਕੋਕਰੀ ਫੂਲਾ ਸਿੰਘ) ਮੋਗਾ।

★★★

ਅਧਿਆਇ ਦੂਜਾ

ਸੰਗਤ ਦੀ ਮਹਿਮਾ

੨.੧ ਸਤਸੰਗਤ ਕੀ ਹੈ :-

ਸਤਸੰਗਤ ਇਕ ਨਾਮ ਰੂਪੀ ਅੰਮ੍ਰਿਤ ਨੂੰ ਪੈਦਾ ਕਰਨ ਵਾਲੀ ਸ਼ਕਤੀ ਅਤੇ ਹੋਂਦ ਹੈ, ਜਿਥੇ ਜਾਕਰ ਪਾਪੀ ਲੋਗ ਵੀ ਪੁੰਨਮਈ ਸਚਿਆਰ ਬਣ ਜਾਂਦੇ ਹਨ। ਇਥੋਂ ਨਾਮ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਤੀ ਹੈ, ਜਿਸ ਨੇ ਪੀਤਾ ਹੈ ਤਿਸੇ ਨੂੰ ਰਸ ਆਇਆ ਹੈ। ਯਥਾਰਥ ਸਚ ਰੂਪੀ ਸਤ ਦਾ ਅਰਥ ਹੈ, ਯਥਾਰਥ ਸਚ ਰੂਪੀ ਪਰਮਾਤਮਾ ਹੈ। ਉਹ ਆਪ ਸਤ ਹੈ ਤੇ ਉਸ ਨੂੰ ਜਾਨਣ ਵਾਲੇ ਸਤ ਪੁਰਸ਼ ਹਨ। ਜੋ ਸੱਤ ਕੀ ਪ੍ਰਾਪਤੀ ਕਾ ਰਸਤਾ ਉਸਕੋ ਸਤ ਮਾਰਗ ਕਹਾ ਜਾਤਾ ਹੈ। ਪ੍ਰਮਾਤਮਾ ਸੰਬੰਧੀ ਕੀਤਾ ਹੋਇਆ ਸਤ ਕਰਮ, ਉਸ ਨਮਿਤ ਕੀਤੀ ਕਥਾ ਸਤ ਕਥਾ ਹੈ। ਜਿਥੇ ਪ੍ਰਮਾਤਮਾ ਦੇ ਗੁਣਾਂ ਅਤੇ ਨਾਮ ਸਿਮਰਨ ਸਬੰਧੀ ਵਿਚਾਰ ਕੀਤਾ ਜਾਵੇ ਉਸਦਾ ਨਾਮ ਸਤਸੰਗਤ ਹੈ। ਸਤ ਨੂੰ ਪੈਦਾ ਕਰਨ ਵਾਲੀ ਸੰਗਤ ਸੱਚੀ ਸੰਗਤ ਹੈ।

"ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥"

(ਪੰਨਾ ੭੨)

ਸਤਸੰਗਤ ਬ੍ਰਹਮ ਵਿਦਿਆ ਦਾ ਉਹ ਵਿਦਿਆਲਾ ਹੈ ਜਿਥੇ ਬਿਨਾਂ ਦਾਮ ਵਿਦਿਆ ਪ੍ਰਾਪਤ ਹੋਤੀ ਹੈ। ਸਤਸੰਗਤ ਉਹ ਹੀ ਹੈ ਜੋ ਵਿਕਾਰਾਂ ਤੋਂ ਰਹਿਤ ਕਰਕੇ ਪ੍ਰਮੇਸ਼ਵਰ ਨਾਲ ਜੋੜ ਦੇਵੇ। ਸੰਗਤਿ ਨਾਲ ਹੀ ਮਿਲਾਪ ਹੋਂਦਾ ਹੈ, ਸਤ ਨਾਲ ਮੇਲਣ ਵਾਲੀ ਹੀ ਸਤਸੰਗਤ ਹੈ।

ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ॥

(ਪੰਨਾ ੬੧੭)

ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥੩॥

(ਪੰਨਾ ੯੫)

ਸ੍ਰੇਸ਼ਟ ਕਰਮਾਂ ਤੋਂ ਬਿਨਾਂ ਸਤਸੰਗਤ ਨਹੀਂ ਮਿਲਦੀ ਅਤੇ ਸੰਗਤ ਬਿਨਾਂ ਸ੍ਰੇਸ਼ਟਤਾਈ ਉਤਪੰਨ ਨਹੀਂ ਹੋਤੀ। ਸਤਸੰਗਤ ਦੋ ਪ੍ਰਕਾਰ ਕੀ ਹੋਤੀ ਹੈ-

ਇਕ ਅੰਦਰੂਨੀ ਅਤੇ ਦੂਸਰੀ ਬੈਰੂਨੀ।

੧. ਅੰਦਰੂਨੀ ਸੰਗਤ :-

ਆਪਣੀ ਆਤਮਾ ਕੋ ਪ੍ਰਮਾਤਮਾ ਨਾਲ ਅਭੇਦ ਕਰਨ ਲਈ ਉਪਾਸਨਾ ਕਰਨੀ, ਅਭਿਆਸ ਕਰਨਾ, ਗੁਰੂ ਚਰਨਾਂ ਦੀ ਪ੍ਰੀਤੀ ਕਰਨੀ, ਮਾਇਆ ਜਾਲ ਤੋਂ ਰਹਿਤ ਹੋਣ ਦਾ ਉਪਾਵ ਸੋਚਣਾ, ਸੁਣੀ ਬਾਤੋਂ ਪਰ ਅਮਲ ਕਰਨਾ ਹੀ ਅਸਲੀ ਸਤਸੰਗਤ ਹੈ। ਇਸ ਦਾ ਨਾਮ ਅੰਦਰੂਨੀ ਸੰਗਤ ਹੈ।

੨. ਬੈਰੂਨੀ ਸੰਗਤ :

ਮਹਾਨ ਪੁਰਸ਼ਾਂ ਦੀ ਤਨ ਮਨ ਧਨ ਦੁਆਰਾ ਸੇਵਾ ਕਰਨੀ, ਆਗਿਆ ਪਾਲਣ ਕਰਨੀ, ਤੀਰਥ ਯਾਤਰਾ ਦਾਨ ਪੁੰਨ, ਸ਼ਾਸਤਰਾਂ ਦਾ ਪੜ੍ਹਨਾ, ਸਾਧਨ ਤਪ ਕਰਨਾ ਇਹ ਬੈਰੂਨੀ ਸੰਗਤ ਹੈ। ਇਸ ਨਾਲ ਅੰਤਸ਼ਕਰਣ ਦੀ ਸ਼ੁੱਧੀ ਅਤੇ ਨਿਸ਼ਕਾਮਤਾ ਉਤਪੰਨ ਹੋਤੀ ਹੈ। ਸ਼ੁੱਧ ਹਿਰਦੇ ਤੋਂ ਹੀ ਗਿਆਨ ਦੀ ਪ੍ਰਾਪਤੀ ਹੈ।

ਸਤਸੰਗਤ ਦਾ ਲਾਭ :

ਸਠ ਸੁਧਰਹਿ ਸਤਸੰਗਤਿ ਪਾਈ॥ ਪਾਰਸ ਪਰਸ ਕੁਧਾਤ ਸੁਹਾਈ॥

ਸਤਸੰਗਤ ਕਰਨ ਤੋਂ ਮਲੀਨ ਪੁਰਸ਼ ਪਵਿੱਤਰ ਆਤਮਾ ਦੇ ਰੂਪ ਵਿਚ ਬਦਲ ਜਾਤੇ ਹੈਂ ਅਤੇ ਕੁਸੰਗਤ ਕਰਨ ਨਾਲ ਉੱਤਮ ਨੀਚ ਬਣ ਜਾਤੇ ਹੈਂ। ਜਿਵੇਂ ਪਾਰਸ ਨੂੰ ਪਰਖ ਕੇ ਸਤ ਧਾਤਾਂ ਉੱਤਮ ਸੋਨਾ ਬਣ ਜਾਤੀਆਂ ਹੈਂ, ਉਸੇ ਪ੍ਰਕਾਰ ਮਹਾਨ ਪੁਰਸ਼ਾਂ ਦੀ ਸੰਗਤ ਤੋਂ ਜੀਵ ਉਨ੍ਹਾਂ ਦਾ ਸਰੂਪ ਹੋ ਜਾਂਦਾ ਹੈ। ਸਤਸੰਗਤ ਵਿਚ ਜਾ ਕੇ ਜੀਵ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ ਉਸੇ ਤਰ੍ਹਾਂ ਮਹਾਂਪੁਰਖਾਂ ਪਾਸ ਜਾਣ ਤੋਂ ਸ਼ਾਂਤੀ ਮਿਲਦੀ ਹੈ।

ਮੁਦ ਮੰਗਲ ਮਯ ਸੰਤ ਸਮਾਜੂ॥ ਜੋ ਜਗ ਜੰਗਮ ਤੀਰਥ ਰਾਜੂ॥

ਸੰਤਾਂ ਦਾ ਸਮਾਜ ਖ਼ੁਸ਼ੀ ਪ੍ਰਦਾਨ ਕਰਨ ਵਾਲਾ ਹੈ। ਦੂਜੇ ਤੀਰਥ ਜੜ੍ਹ ਹਨ, ਜੜ੍ਹ ਤੋਂ ਫਲ ਦੀ ਕੀ ਪ੍ਰਾਪਤੀ ਹੋ ਸਕਦੀ ਹੈ। ਸੰਤ ਫਿਰਦੇ ਤੁਰਦੇ ਤੀਰਥ ਹਨ। ਜਗ੍ਹਾ-ਜਗ੍ਹਾ ਵਿਚਰ ਕੇ ਨਾਮ ਬਾਣੀ ਦਾ ਉਪਦੇਸ਼ ਦੇਕਰ ਸੜਦੀਆਂ ਬਲਦੀਆਂ ਆਤਮਾਵਾਂ ਨੂੰ ਸ਼ਾਂਤ ਕਰਦੇ ਹਨ। ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਚਾਰ ਉਦਾਸੀਆਂ ਕਰਕੇ ਸੱਜਣ ਠੱਗ, ਭੂਮੀਏ, ਚੋਰ, ਕੌਡੇ ਰਾਕਸ਼ ਆਦਿਕਾਂ ਨੂੰ ਭਾਵ ਬੇਅੰਤਾਂ ਨੂੰ ਸ਼ਾਂਤ ਕੀਤਾ। ਜਿਵੇਂ ਨਾਰਦ ਜੀ ਨੇ ਅਠਾਸੀ ਹਜ਼ਾਰ ਬਰਸ ਤੱਪ ਕੀਤਾ, ਸ਼ਾਂਤੀ ਨਾ ਆਈ। ਆਖਿਰ ਵਸ਼ਿਸ਼ਟ ਜੀ ਨਾਲ ਗਿਆਨ ਗੋਸ਼ਟੀ ਹੋਈ, ਉਨ੍ਹਾਂ ਸਤਸੰਗਤ ਕਰਨ ਲਈ ਕਿਹਾ। ਇਸ ਨੂੰ ਤੱਪ ਦਾ ਮਾਨ, ਘੁਮੰਡ ਤੇ ਗ਼ਰੂਰ ਸੀ। ਅਖ਼ੀਰ ਸ਼ੇਸ਼ਨਾਗ ਕੋਲ ਗਏ, ਬੇਨਤੀ ਕੀਤੀ ਕਿ ਤੱਪ ਦਾ ਫਲ

ਜ਼ਿਆਦਾ ਹੈ ਕਿ ਸਤਸੰਗਤ ਦਾ। ਉਹਨਾਂ ਧਰਤੀ ਨੂੰ ਰੋਕਣ ਲਈ ਨਾਰਦ ਦੀ ਤਪਮਈ ਸ਼ਕਤੀ ਸਮੁੱਚੇ ਰੂਪ ਵਿਚ ਲੈਣਾ ਕੀਤੀ, ਧਰਤੀ ਡੋਲਦੀ ਰਹੀ, ਅਖ਼ੀਰ ਵਸ਼ਿਸ਼ਟ ਜੀ ਨੇ ਅੱਧੀ ਘੜੀ ਸਤਸੰਗਤ ਦਾ ਮਹਾਤਮ ਦਿੱਤਾ। ਧਰਤੀ ਅਡੋਲ ਖਲੋ ਗਈ। ਪਰ "*ਸਤ ਸਤ ਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥*" ਸ਼ੇਸ਼ਨਾਗ ਜੀ ਨੇ ਫੁਰਮਾਇਆ ਕਿ "ਭਾਈ ਸਤਸੰਗਤ ਦਾ ਮਹਾਤਮ ਜ਼ਿਆਦਾ ਹੈ।" ਫੇਰ ਨਾਰਦ ਜੀ ਸਨਕ ਸਨੰਦਨ ਸਨਤ ਕੁਮਾਰ ਸਨਾਤਨ ਜੀ ਪਾਸ ਗਏ, ਉਹਨਾਂ ਦੀ ਸੰਗਤ ਕੀਤੀ ਅਤੇ ਬ੍ਰਹਮ ਵਿਦਿਆ ਦੀ ਦਾਤ ਪ੍ਰਾਪਤ ਕਰਕੇ ਸ਼ਾਂਤੀ ਪ੍ਰਾਪਤ ਕੀਤੀ। ਇਸ ਸੰਗਤ ਨੇ ਭਾਈ ਲਧੂ ਜੋ ਪੰਚਮ ਪਾਤਿਸ਼ਾਹ ਜੀ ਦੀ ਸੰਗਤ ਤੋਂ ਸਿੱਖ ਬਣੇ, ਇਕੀ ਸ੍ਰੀ ਜਪੁਜੀ ਸਾਹਿਬ ਦਾ ਪਾਠ ਰੋਜ਼ਾਨਾ ਕਰਿਆ ਕਰਦੇ ਸਨ ਅਤੇ ਬੁਧੂ ਦਾ ਆਵਾ ਕੱਚਾ ਕਹਿ ਕੇ ਅਰਦਾਸ ਵਿਚ ਰੋਕ ਪਾ ਦਿੱਤੀ ਸੀ। ਗੁਰੂ ਜੀ ਨੇ ਕਿਹਾ ਭਾਈ ਬੁਧੂ ਜੀ, ਰਹੇਗਾ ਇੰਜ ਹੀ, ਸਿਮਰਨ ਵਾਲਾ ਸਿੱਖ ਹੈ ਪਰ ਵਿਕੇਗਾ ਪੱਕਿਆਂ ਦੇ ਭਾਅ ਹੀ। ਕਹਿਣ ਦਾ ਭਾਵ ਐਸੇ ਡਾਕੂ ਪੁਰਸ਼ ਵੀ ਸੰਗਤ ਪਾ ਕੇ ਇਤਨੇ ਬਲ ਵਾਲੇ ਬਣ ਸਕਦੇ ਹਨ ਤਾਂ ਤੈਨੂੰ ਸੰਗਤ ਕਰਨ ਤੋਂ ਕੀ ਆਲਸ ਹੈ। ਸੋ ਹਮੇਸ਼ਾ ਲੋਕ ਲਾਜ ਸਮਾਜ ਦੀ ਲਾਜ ਤਿਆਗ ਕੇ ਸਤਸੰਗਤ ਕਰੋ।

ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥ ੧ ॥

(ਅੰਗ ੫੨੮)

ਮਿਸਾਲ ਹੈ ਕਿ "ਨਾਚਨਾ ਹੈ ਤੋ ਘੁੰਘਟ ਕੈਸਾ"

ਗੁਰੂ ਦਰਬਾਰ ਦਾ ਸੇਵਕ ਬਣਨਾ ਹੈ ਤਾਂ ਲੋਕਾਂ ਦੀ ਲਾਜ ਕੈਸੀ।

ਸ਼ਰਮ ਦੀਆਂ ਮੁੰਦਾਂ ਪਾ ਤੂੰ ਜੋਗੀ ਖਿੰਥਾ ਕਰ ਤੂੰ ਦਇਆ॥

ਜਿਵੇਂ-ਸਲਾਈ ਦੀ ਏਕ ਤੀਲ ਹੀ ਹਜ਼ਾਰਾਂ ਮਣ ਲੱਕੜਾਂ ਨੂੰ ਭਸਮ ਕਰ ਦੇਤੀ ਹੈ ਇਸੇ ਪ੍ਰਕਾਰ ਸਾਧਸੰਗਤ ਕਰਨ ਨਾਲ ਕੋਟਾਨ ਕੋਟ ਜਨਮ ਕੇ ਪਾਪ ਭਸਮ ਹੋ ਜਾਤੇ ਹੈਂ।

ਜਿਵੇਂ ਕੋਈ ਪੁਰਸ਼ ਹੋਕਾ ਦੇ ਰਿਹਾ ਸੀ ਅੱਛੇ ਸੰਗਤਰੇ, ਅੱਛੇ ਸੰਗਤਰੇ ਅਸੀਂ ਵਿਸ਼ਵਾਸ ਕਰ ਲੈਂਦੇ ਹਾਂ। ਪਰ ਜੇਕਰ ਸਿਆਣੇ ਪੁਰਸ਼ ਨੇ ਕਿਹਾ ਕਿ ਭਾਈ ਮਹਾਪੁਰਸ਼ਾਂ ਦਾ ਸੰਗ ਕਰਨ ਵਾਲਾ ਤਰ ਜਾਂਦਾ ਹੈ, ਤਰ ਜਾਂਦਾ ਹੈ ਤਾਂ ਅਸੀਂ ਕਿਉਂ ਨਹੀਂ ਵਿਸ਼ਵਾਸ ਕਰਦੇ।

ਗੋਪੀ ਚੰਦ ਜੋ ਭਰਥਰੀ ਦਾ ਭਾਣਜਾ ਮੈਨਾਵੰਤੀ ਕਾ ਸ਼ਹਿਜ਼ਾਦਾ ਸੀ, ਸਾਧੂ ਬਣਨ ਵੇਲੇ ਮਾਤਾ ਕੋਲ ਉਪਦੇਸ਼ ਲੈਣ ਗਿਆ। ਮਾਤਾ ਨੇ ਉਪਦੇਸ਼ ਦਿੱਤਾ ਸੀ, ਪੁੱਤਰ ਹਮੇਸ਼ਾ ਮਠਿਆਈ ਖਾਣੀ ਭਾਵ ਭੁੱਖ ਲੱਗੀ ਤੇ ਅੰਨ ਛਕਣਾ, ਰੁੱਖਾ ਵੀ ਅੰਮ੍ਰਿਤ ਬਣ ਜਾਤਾ ਹੈ, ਦੂਜਾ ਲੇਫ ਨਿਹਾਲੀ ਤੇ ਬਿਰਾਜਣਾ ਭਾਵ ਨੀਂਦ ਆਈ ਤੇ ਸੌਣਾ। ਜਦੋਂ ਨੀਂਦ ਆ ਜਾਵੇ ਰੋੜਾਂ ਤੇ ਪਿਆ ਬਿਸਤਰੇ ਤੇ ਪਿਆ ਇਕ ਸਮਾਨ ਹੈ। ਤੀਸਰਾ ਕਿਲੇ ਵਿਚ ਰਹਿਣਾ ਭਾਵ ਸਾਧਾਂ ਵਿਚ ਰਹਿਣਾ। ਸਾਧਾਂ ਵਿਚ ਤੋਂ ਭਾਵ ਸ੍ਰੇਸ਼ਟ ਪੁਰਸ਼ਾਂ ਦੀ ਸੰਗਤ ਵਿਚ ਰਹਿਣ ਨਾਲ ਵਿਕਾਰ ਨਹੀਂ ਫੁਰਦੇ, ਸੰਗਤ ਵਾੜ ਹੈ। ਸ਼ੁਭ ਗੁਣ ਜੀਵਨ ਰੂਪੀ ਖੇਤੀ ਦਾ ਨੁਕਸਾਨ ਨਹੀਂ

ਹੋਣ ਦੇਤੀ।

ਤਿੰਨਾਂ ਬਚਨਾਂ ਦਾ ਵਿਸ਼ੇਸ਼ ਭਾਵ ਹੈ ਸੁਖ ਦੀ ਨੀਂਦ ਸੌਣ ਵਾਲਾ ਜਗਿਆਸੂ ਆਲਸੀ ਤੇ ਕਾਮੀ ਹੋਵੇਗਾ, ਭਜਨ ਨਹੀਂ ਕਰ ਸਕੇਗਾ। ਚੰਗੇ ਪਦਾਰਥ ਖਾਣ ਨਾਲ ਵਿਕਾਰਾਂ ਦੀ ਉਤਪਤੀ ਹੁੰਦੀ ਹੈ। ਮਨ ਚੰਚਲ ਹੋ ਜਾਂਦਾ ਹੈ। ਚੰਚਲ ਮਨ ਵਾਲੇ ਨੂੰ ਭਜਨ ਕਰਨ ਦਾ ਕੋਈ ਲਾਭ ਨਹੀਂ ਹੁੰਦਾ। ਸੰਗਤ ਵਿਚ ਰਹਿਣ ਦਾ ਆਦੇਸ਼ ਤਾਂ ਕੀਤਾ ਕਿ ਇਕੱਲਾ ਮਨ ਚੋਰੀ ਕਰਦਾ ਹੈ, ਚੰਚਲ ਮਨ ਵਾਲੇ ਦਾ ਇਕੱਲੇ ਰਹਿਣਾ ਪਾਪ ਦਾ ਕਾਰਨ ਬਣ ਜਾਂਦਾ ਹੈ, ਇਸ ਲਈ ਜਿਤਨੀ ਦੇਰ ਮਨ ਦੀ ਸਥਿਤੀ ਨਾ ਬਣੇ ਸੰਗਤ ਵਿਚ ਰਹਿਣਾ ਚਾਹੀਦਾ ਹੈ। ਇਕ ਦੂਜੇ ਦਾ ਡਰ ਹੋਣ ਤੋਂ, ਬੰਦਾ ਕਈ ਬਿਆਧੀਆਂ ਤੋਂ ਬਚ ਜਾਂਦਾ ਹੈ। ਸਾਧੂਆਂ ਦਾ ਦਰਸ਼ਨ ਦਿਨ ਵਿਚ ਕਈ ਵਾਰ ਕਰੋ ਨਹੀ ਤਾਂ ਦੂਜੇ ਦਿਨ, ਨਹੀਂ ਹਫਤੇ ਮਗਰੋਂ, ਪੰਦਰਾਂ ਦਿਨਾਂ ਪਿਛੋਂ, ਮਹੀਨੇ ਪਿਛੋਂ, ਇਸ ਨਾਲ ਮਨ ਦਾ ਸੰਬੰਧ ਪ੍ਰਭੂ ਨਾਲ ਬਣਿਆ ਰਹਿੰਦਾ ਹੈ।

ਮੋਰੇ ਮਨ ਅਸ ਬਿਸਆਸਾ ਰਾਮ ਤੇ ਅਧਿਕ ਰਾਮ ਕੇ ਦਾਸਾ॥

-o-

ਰਾਮ ਸਿੰਧ ਘਨ ਸਜਨ ਧੀਰਾ॥ ਚੰਦਨ ਤਰ ਹਰਿ ਸੰਤ ਸ਼ਮੀਰਾ॥

ਰਾਮ ਨਾਲੋਂ ਰਾਮ ਕੇ ਦਾਸ ਵੱਡੇ ਕਹੇ ਹਨ, ਜਿਵੇਂ ਸਮੁੰਦਰ ਦਾ ਪਾਣੀ ਖਾਰਾ ਹੈ, ਦੂਰ ਵਾਲਿਆਂ ਨੂੰ ਉਸਦੀ ਭੀ ਪ੍ਰਾਪਤੀ ਨਹੀਂ, ਬੱਦਲ ਰੂਪ ਵਿਚ ਵਰ੍ਹਨ ਨਾਲ ਮਿੱਠਾ ਜਲ ਬਣ ਕੇ, ਨੇੜੇ ਤੇ ਦੂਰ ਵਾਲੇ, ਹਰੇਕ ਨੂੰ ਪ੍ਰਾਪਤ ਹੋ ਜਾਂਦਾ ਹੈ ਘਰ ਬੈਠਿਆਂ ਹੀ। ਇਸੇ ਤਰ੍ਹਾਂ ਪ੍ਰਮਾਤਮਾ ਸਮੁੰਦਰ ਦੀ ਨਿਆਈਂ ਹੈ। ਸੰਤ ਬੱਦਲ ਦੀ ਨਿਆਈਂ ਹਨ, ਹਰ ਜਗ੍ਹਾ ਪਹੁੰਚ ਕੇ, ਗਿਆਨ ਕੀ ਵਰਸ਼ਾ ਕਰਕੇ, ਤਪਦੇ ਹਿਰਦਿਆਂ ਨੂੰ ਸ਼ਾਂਤ ਕਰਕੇ ਪ੍ਰਫੁਲਤ ਕਰਦੇ ਹਨ। ਪ੍ਰਮਾਤਮਾ ਚੰਦਨ ਦੀ ਨਿਆਈ ਹੈ। ਮਹਾਤਮਾ ਹਵਾ ਰੂਪ ਹੋ ਕੇ ਪ੍ਰਮਾਤਮਾ, ਚੰਦਨ ਦੀ ਸੁਗੰਧੀ ਹਰ ਜਗ੍ਹਾ ਪਹੁੰਚਾਤੇ ਹੈਂ।

ਏਕ ਘੜੀ ਆਧੀ ਘੜੀ ਆਧੀ ਸੇ ਭੁਨ ਆਧ।
ਤੁਲਸੀ ਸੰਗਤ ਸਾਧ ਸੇ ਕਟੇ ਕੋਟ ਅਪਰਾਧ।

ਜਿਵੇਂ ਰਾਮ ਚੰਦਰ ਜੀ ਨੇ ਭੀਲਨੀ ਨੂੰ ਉਪਦੇਸ਼ ਦਿੱਤਾ ਸੀ ਕਿ ਸੰਸਾਰ ਨੂੰ ਮੇਰਾ ਰੂਪ ਜਾਨਣਾ ਅਤੇ ਸੰਤਾਂ ਨੂੰ ਮੇਰੇ ਸੇ ਅਧਿਕ ਕਰਕੇ ਜਾਨਣਾ, ਇਨ੍ਹਾਂ ਦੀ ਸੰਗਤ ਕਰਕੇ ਮੇਰੀ ਪ੍ਰਾਪਤੀ ਹੋਤੀ ਹੈ। ਇਸੇ ਲਈ ਮਹਾਰਾਜ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਕਿਹਾ ਹੈ:

ਸਾਧ ਕੀ ਮਹਿਮਾ ਬੇਦ ਨ ਜਾਨਹਿ॥

(ਪੰਨਾ ੨੭੨)

ਜਹਾਂ ਬੇ ਰਹੇ ਵਹੀ ਤੀਰਥ, ਜੋ ਕਿਛ ਬੇ ਕਹੇ ਵਹੀ ਸ਼ਾਸਤਰ।

-o-

ਅੱਗ ਪਾਸ ਬੈਠਣੇ ਸੇ ਗਰਮੀ, ਪਾਣੀ ਪਾਸ ਬੈਠਣੇ ਸੇ ਠੰਡ ਪ੍ਰਤੀਤ ਹੋਤੀ ਹੈ। ਧਨੀ ਪਾਸ ਬੈਠਣ ਤੋਂ ਧਨ ਦਾ ਮੋਹ ਵਧਦਾ ਹੈ। ਪਰਵਾਰ ਪਾਸ ਬੈਠਣੇ ਸੇ ਮਮਤਾ ਵਧਦੀ ਹੈ ਅਤੇ ਇਸਤਰੀ ਪਾਸ ਬੈਠਣ ਤੋਂ ਕਾਮ ਉਤਪੰਨ ਹੋ ਜਾਂਦਾ ਹੈ, ਵਿਦਵਾਨਾਂ ਪਾਸ ਬੈਠਣ ਤੋਂ ਵਿਦਿਆ ਪ੍ਰਾਪਤ ਹੋਤੀ ਹੈ, ਗਿਆਨਵਾਨ ਮਹਾਪੁਰਸ਼ਾਂ ਪਾਸ ਬੈਠਣ ਤੋਂ ਗਿਆਨ ਪੈਦਾ ਹੋਤਾ ਹੈ, ਜੈਸੀ ਸੰਗਤ ਹੋਵੇ ਵੈਸੀ ਰੰਗਤ ਚੜ੍ਹ ਜਾਤੀ ਹੈ। ਸ਼ੁਧ ਬਗੀਚੇ ਵਿਚ ਜਿਤਨੀ ਦੇਰ ਬੈਠੋਗੇ ਉਤਨਾ ਹੀ ਲਾਭ ਹੋਵੇਗਾ, ਜਿਤਨੀ ਦੇਰ ਖ਼ੁਸ਼ਬੂ ਪ੍ਰਾਪਤ ਹੋਈ, ਦਿਮਾਗ਼ ਨੂੰ ਤਰਾਵਟ ਮਿਲੇਗੀ। ਇਸੇ ਤਰ੍ਹਾਂ ਜਿਤਨਾ ਸਮਾਂ ਭੀ ਮਿਲੇ ਸੰਗਤ ਕਰੋ ਸਤਿ ਦੀ, ਥੋੜੀ ਦਾ ਥੋੜਾ ਲਾਭ, ਬਹੁਤੀ ਦਾ ਬਹੁਤਾ ਲਾਭ।

ਸੰਗਤ ਕਰੀਏ ਸਾਧ ਕੀ ਬੰਦਿਉਂ ਕਰੇ ਖੁਦਾਇ॥
ਲੋਹਾ ਪਾਰਸ ਹੋਤ ਕਾ ਕੰਚਨ ਸੰਗਿ ਮਿਲਾਇ॥

੨.੨ ਸੰਗਤ

ਸੰਗਤ ਲੋਕਾਂ ਦੇ ਇਕੱਠ ਸਮੂਹ ਦਾ ਨਾਮ ਹੈ। ਜਿੱਥੇ ਇਸ਼ਟ ਦੀ ਸਥਾਪਨਾ ਨਾ ਹੋਵੇ, ਮਹਾਂਪੁਰਸ਼ ਨਾ ਹੋਣ, ਉਹ ਸੰਗਤ ਸਤਸੰਗਤ ਨਹੀਂ ਕਹਾ ਸਕਦੀ,

"ਸਤਿਗੁਰ ਬਾਝਹੁ ਸੰਗਤਿ ਨ ਹੋਈ॥"

(ਪੰਨਾ ੧੦੬੮)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਾ ਹੋਵੇ ਜਾਂ ਜਿਹੜੇ ਵੀ ਇਸ਼ਟ ਨੂੰ ਕੋਈ ਮੰਨਦਾ ਹੋਵੇ, ਨਾ ਸਥਾਪਨ ਕੀਤਾ ਜਾਵੇ, ਉਹ ਸੰਗਤ ਸਤਸੰਗਤ ਨਹੀਂ ਕਹੀ ਜਾਂਦੀ। ਕਈ ਤਰਕਾਂ ਕਰਦੇ ਹਨ ਕਿ ਸਿੱਖ ਪੋਥੀ ਨੂੰ ਮੱਥਾ ਟੇਕਦੇ ਹਨ, ਯੋਗ ਨਹੀਂ। ਸੁਣੋ ਰਾਮ ਚੰਦਰ ਜੀ ਬਨਵਾਸ ਚਲੇ ਗਏ। ਭਰਤ ਨੇ ਮੋੜਨਾ ਚਾਹਿਆ ਵਾਪਸ ਨਾ ਪਰਤੇ। ਆਖ਼ਿਰ ਉਨ੍ਹਾਂ ਦੀਆਂ ਚਰਨ ਪਾਦਕਾ ਤਖ਼ਤ 'ਤੇ ਸਥਾਪਨ ਕੀਤੀਆਂ। ਚੌਦਾਂ ਸਾਲ ਅਜੁੱਧਿਆ ਦਾ ਰਾਜ ਖੜਾਵਾਂ ਨੇ ਕੀਤਾ। ਇਨ੍ਹਾਂ ਪਿੱਛੇ ਰਾਮ ਹਸਤੀ ਸੀ। ਇਸੇ ਤਰ੍ਹਾਂ ਸਮਝੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਦਸਾਂ ਪਾਤਸ਼ਾਹਾਂ ਦਾ ਸ਼ਬਦ ਉਨ੍ਹਾਂ ਦਾ ਹਿਰਦਾ ਹੈ। ਬੋਲਿਆ ਸ਼ਬਦ ਬੋਲਣ ਵਾਲੇ ਦਾ ਰੂਪ ਹੁੰਦਾ ਹੈ, ਇਸ ਲਈ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਦਾ ਸ਼ਬਦ ਰੂਪ ਹੈ, ਕੀ ਇਹ ਗੁਰਗੱਦੀ ਦਾ ਰਾਜ ਨਹੀਂ ਕਰ ਸਕਦੇ? ਕਰ ਸਕਦੇ ਹਨ। ਦੂਸਰੀ ਸ਼ੰਕਾ ਸਿੱਖ ਜੜ੍ਹ ਨਿਸ਼ਾਨ ਨੂੰ ਕਪੜਾ ਪਹਿਨਾਉਂਦੇ ਤੇ ਮੱਥਾ ਟੇਕਦੇ ਹਨ। ਹੁਣ ਨੈਸ਼ਨਲ ਝੰਡਾ ਭਾਵ ਕੌਮੀ ਝੰਡਾ ਹੈ, ਇੱਟਾਂ ਦਾ ਥੜ੍ਹਾ ਲੋਹੇ ਦੀ ਪੂਜਾ ਸਾਰੇ ਭਾਰਤ ਵਿਚ ਝੂਲ ਰਿਹਾ ਹੈ, ਆਜ਼ਾਦੀ ਵਾਲੇ ਜਾਂ ਮਹੱਤਵ ਵਾਲੇ ਦਿਨ ਸਾਡੇ ਲੀਡਰ ਇਸ ਨੂੰ ਬਸਤਰ ਵੀ ਪਹਿਨਾਂਦੇ ਹਨ, ਝੁਲਾਂਦੇ ਵੀ ਹਨ, ਨਮਸਕਾਰ ਵੀ ਕਰਦੇ ਹਨ, ਕਿਉਂਕਿ ਆਜ਼ਾਦ ਦੇਸ਼ ਦਾ ਚਿੰਨ੍ਹ ਹੈ। ਸ੍ਵੈਮਾਨ ਨੂੰ ਉੱਚਾ ਕਰਦਾ ਹੈ। ਉਹ ਨਿਸ਼ਾਨ ਜਿਸ ਨੂੰ ਕਲਗੀਧਰ ਪਾਤਸ਼ਾਹ ਨੇ ਉਦੋਂ ਝੁਲਾਇਆ ਸੀ, ਜਦੋਂ

ਸਾਰੇ ਹਿੰਦੁਸਤਾਨ ਦੇ ਝੰਡੇ ਗਿਰਾ ਕੇ ਹੈਦਰੀ ਝੰਡਾ ਔਰੰਗਜ਼ੇਬ ਨੇ ਝੁਲਾਇਆ ਸੀ, ਮਨੁੱਖਤਾ ਦੀ ਸੰਪੂਰਨ ਅਜ਼ਾਦੀ ਲਈ ਉਸ ਵੇਲੇ ਤੋਂ ਗੁਰੂ ਜੀ ਦਾ ਮਨੁੱਖਤਾ ਦੀ ਪੂਰਨ ਸੁਤੰਤਰਤਾ ਦਾ ਨਿਸ਼ਾਨ (ਇਹ ਝੰਡਾ ਹੀ ਨਹੀਂ) ਸਾਰੇ ਦੇਸ਼ਾਂ ਵਿਚ ਝੂਲ ਰਿਹਾ ਹੈ, ਕੀ ਇਸਦੀ ਕੋਈ ਮਹੱਤਤਾ ਨਹੀਂ? ਜਿਸ ਨਿਸ਼ਾਨ ਸਾਹਿਬ ਨੂੰ ਨਾ ਮੁਸਲਮਾਨ, ਨਾ ਅੰਗਰੇਜ਼, ਨਾ ਕੋਈ ਹੋਰ ਸਰਕਾਰ ਗਿਰਾ ਸਕੀ। ਇਹ ਖਾਲਸਾ ਦੇ ਸੁਤੰਤਰ ਹੋਣ ਦਾ ਅਤੇ ਸ੍ਵੈਮਾਨ ਦਾ ਪ੍ਰਤੀਕ ਹੈ।

ਝੂਲਤੇ ਨਿਸ਼ਾਨ ਰਹੇਂ ਸਦਾ ਪੰਥ ਮਹਾਰਾਜ ਕੇ।
ਲਗਤੇ ਦੀਵਾਨ ਰਹੇਂ ਸਦਾ ਪੰਥ ਮਹਾਰਾਜ ਕੇ।

ਇਸ ਲਈ ਸਿੱਖ ਜਿਤਨਾ ਵੀ ਆਪਣੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਨਿਸ਼ਾਨ ਸਾਹਿਬ ਦਾ ਸਤਿਕਾਰ ਕਰਦਾ ਹੈ, ਸਹੀ ਕਰ ਰਿਹਾ ਹੈ, ਸਗੋਂ ਵਧੇਰੇ ਕਰਨਾ ਚਾਹੀਦਾ ਹੈ।

੨.੩ ਕੁਸੰਗਤ

ਖੋਟੀ ਬੈਠਕ ਵਿਚ :

ਲੈ ਭਾਈ ਫੀਮ ਖਾ ਲੈ, ਪਹਿਲਾਂ ਕੋਲੋ ਮਾਵਾ ਦੇ ਦੇਣਾ, ਫਿਰ ਚਾਟ ਲਾ ਕਰ, ਆਪ ਖਾਣੀ। ਆਪਣਾ ਤਾਂ ਜੀਵਨ ਬਰਬਾਦ ਹੈ ਹੀ, ਦੂਜਿਆਂ ਨੂੰ ਵੀ ਨਰਕ ਦੇ ਰਸਤੇ ਪਾ ਦੇਣਾ। ਆਦਤ ਬਣ ਜਾਣ ਤੇ ਛੱਡਣੀ ਵੀ ਔਖੀ, ਇਸੇ ਤਰ੍ਹਾਂ ਜੂਆ ਹੈ, ਪਹਿਲੇ ਦਾਅ ਲਈ ਕੋਲੋਂ ਪੈਸੇ ਦੇ ਦੇਣੇ, ਇਕ ਦੋ ਬਾਜ਼ੀਆਂ ਜਿਤਾ ਦੇਣੀਆਂ, ਫੇਰ ਸਭ ਕੁਝ ਕੁਰਕ ਕਰ ਲੈਣਾ। ਇਸੇ ਤਰ੍ਹਾਂ ਤਮਾਕੂ, ਬੀੜਾ, ਜ਼ਰਦਾ, ਖੈਣੀ, ਸ਼ਰਾਬ, ਮਾਸ, ਭੰਗ, ਪੋਸਤ ਹਨ। ਫਿਰ ਹੋਰ ਸਿਨੇਮੇ ਤੇ ਗੰਦੇ ਗੀਤ ਸੋਨੇ ਤੇ ਸੁਹਾਗੇ ਦਾ ਕੰਮ ਕਰਦੇ ਹਨ। ਗੰਦੇ ਨਾਵਲ ਆਦਿਕਾਂ ਦਾ ਤਿਆਗ ਕਰਨਾ ਚਾਹੀਦਾ ਹੈ। ਇਹ ਸਭ ਕੁਸੰਗਤ ਚੋਂ ਹੀ ਮਿਲਦਾ ਹੈ। ਇਸੇ ਲਈ ਕਿਹਾ ਹੈ-

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥੧੩੧॥

(ਪੰਨਾ ੧੩੭੧)

ਜਿਵੇਂ ਤੁਹਾਡੇ ਲਿਬੜੇ ਪੈਰ ਕਮਰੇ ਨੂੰ ਗੰਦਾ ਕਰ ਦਿੰਦੇ ਹਨ। ਇਕ ਲਿਬੜੀ ਹੋਈ ਮੱਝ ਦੂਸਰਿਆਂ ਨੂੰ ਲਬੇੜ ਦੇਤੀ ਹੈ, ਇਸੇ ਤਰ੍ਹਾਂ ਮਨਮੁਖਾਂ ਦੀ ਕੁਸੰਗਤ ਤੋਂ ਹਮੇਸ਼ਾ ਬੁਰਾ ਫਲ ਹੀ ਹੋਤਾ ਹੈ। ਜਿਵੇਂ ਗਲਿਆ ਸੇਬ ਇਕੱਲਾ ਹੀ ਸਾਰੀ ਰੇੜ੍ਹੀ ਨੂੰ ਤਬਾਹ ਕਰ ਦੇਤਾ ਹੈ, ਜੇ ਉਸ ਨੂੰ ਵਿਚੋਂ ਕੱਢ ਦੇਈਏ ਤਾਂ ਦੂਸਰੇ ਗਲਣ ਤੋਂ ਬਚ ਜਾਂਦੇ ਹਨ। ਜਿਵੇਂ ਸਰੀਰ ਦਾ ਇਕ ਅੰਗ ਗਲਣ ਲੱਗੇ ਤਾਂ ਵੈਦਯ ਉਸਨੂੰ ਕੱਟਣ ਦੀ ਰਾਇ ਦੇਂਦਾ ਹੈ। ਸਰੀਰ ਦੇ ਬਚਾਅ ਲਈ ਅੰਗ ਵੀ ਯੋਗ ਸਮਝ ਕੇ ਕਟਵਾ ਦੇਈਦਾ ਹੈ। ਇਸੇ ਤਰ੍ਹਾਂ ਮਨਮੁਖ, ਨਾਸਤਕ,

ਬਿਸ਼ਈ ਕਾਮੀ ਆਦਮੀ, ਕਿਤਨਾ ਵੀ ਨਜ਼ਦੀਕੀ ਹੋਵੇ, ਆਪਣੇ ਬਚਾਅ ਲਈ, ਉਸਨੂੰ ਤਿਆਗ ਦੇਣਾ ਚਾਹੀਦਾ ਹੈ। ਨਹੀਂ ਤਾਂ ਉਸਦੀ ਕੁਸੰਗਤ ਤੋਂ ਜ਼ਰੂਰ ਦੂਸ਼ਣ ਲੱਗ ਜਾਵੇਗਾ। ਜਿਵੇਂ ਧਨੰਤਰ ਤਥਾ ਲੁਕਮਾਨ ਦਾ ਲੜਕਾ ਕੁਸੰਗਤ ਵਿਚ ਪੈ ਗਿਆ, ਰੋਕਣ ਤੋਂ ਰੁਕਿਆ ਨਾ। ਕਹਿਣ ਲੱਗਾ ਕੁਸੰਗਤ ਮੈਨੂੰ ਕਾਲਾ ਦਾਗ਼ ਨਹੀਂ ਲਾ ਸਕਦੀ। ਕੁਝ ਸਮੇਂ ਬਾਅਦ ਲੁਕਮਾਨ ਨੇ ਪਾਸ ਬੁਲਾਇਆ, ਕਾਲਾ ਕੋਲਾ ਬੱਚੇ ਨੂੰ ਮੁੱਠੀ ਵਿਚ ਫੜਨ ਲਈ ਕਿਹਾ ਅਤੇ ਸੁੱਟਣ ਲਈ ਕਿਹਾ। ਇਵੇਂ ਕਰਨ ਨਾਲ ਬੱਚੇ ਦਾ ਹੱਥ ਕਾਲਾ ਹੋ ਗਿਆ। ਸਿੱਖਿਆ ਦਿੱਤੀ ਕਿ ਪੁੱਤਰ ਤੂੰ ਹੱਥ ਕਾਲਾ ਨਹੀਂ ਕਰਨਾ ਚਾਹੁੰਦਾ ਪਰ ਕਾਲਖ ਆਪਣਾ ਦਾਗ਼ ਲਾ ਹੀ ਗਈ ਹੈ। ਇਸੇ ਤਰ੍ਹਾਂ ਤੂੰ ਭਾਵੇਂ ਕਿਤਨਾ ਵੀ ਸਾਵਧਾਨ ਰਹੋ। ਕੁਸੰਗਤ ਕਾਲਾ ਦਾਗ ਲਾ ਜਾਵੇਗੀ। ਉਸ ਦਿਨ ਤੋਂ ਨਸੀਹਤ ਲੈ ਕੇ ਲੁਕਮਾਨ ਦਾ ਲੜਕਾ ਸ਼ੁਭ ਪੁਰਸ਼ਾਂ ਦੀ ਸੰਗਤ ਵਿਚ ਬੈਠਣ ਲਗ ਪਿਆ। ਸੋ ਪਿਆਰੇ ਸਤਸੰਗੀਓ ! ਵਿਸ਼ਾ ਤਾਂ ਕੋਈ ਪੂਰਾ ਨਹੀਂ ਕੀਤਾ ਜਾ ਸਕਦਾ। ਕੌੜੇ ਉਪਦੇਸ਼ਾਂ ਨੂੰ ਬਹੁਤ ਕਰਕੇ ਜਾਨਣਾ ਅਤੇ ਧਾਰਨ ਦੀ ਕੋਸ਼ਿਸ਼ ਕਰਨੀ, ਦਾਸ ਆਪ ਸਤਸੰਗੀਆਂ ਦਾ ਧੰਨਵਾਦੀ ਹੋਵੇਗਾ।

ਸਤਿਨਾਮੁ ਸ੍ਰੀ ਵਾਹਿਗੁਰੂ

ਸਤਿ ਸੰਗਤ ਵਿਚ ਬੈਠ ਕੇ, ਸਿਖ ਹਰਿ ਮਿਲਨ ਦੀ ਰੀਤੀ॥
ਪਾਪ ਕਰਨ ਤੋਂ ਤੋਬਾ ਕਰ ਲੈ, ਜੋ ਬੀਤੀ ਸੋ ਬੀਤੀ॥

-o-

ਪਲਟੂ ਪਾਰਸ ਕਿਆ ਕਰੇ, ਜੇ ਲੋਹਾ ਖੋਟਾ ਹੋਇ॥
ਸਤਿਗੁਰ ਸਭ ਕੋ ਦੇਤ ਹੈ, ਲੇਤਾ ਨਾਹੀ ਕੋਇ॥

-o-

ਕਬੀਰ ਗੁਰ ਕੇ ਦੇਸ਼ ਮੇਂ, ਬਸ ਜਾਇ ਜੋ ਕੋਇ॥
ਕਾਗਾ ਤੇ ਹੰਸਾ ਬਨੇ, ਜਾਤ, ਬਰਣ ਕੁਲ ਖੋਇ॥

-o-

ਸਦ ਗਰੰਥ ਛਾਤੀ ਸੇ ਲਗਾ, ਦੁਰ੍ਹੰਥ ਪਰ ਧਰ ਆਗ ਰੇ॥
ਜੈਸਾ ਸੰਗ ਤੈਸਾ ਰੰਗ, ਯਹ ਕਹਾਵਤ ਪੱਕੀ ਮਾਨ ਰੇ॥

-o-

ਕਬੀਰ ਸੰਗਤ ਸਾਧ ਕੀ, ਸਾਹਿਬ ਆਵੇ ਯਾਦ॥
ਲੇਖੇ ਮੇਂ ਵੋਹੀ ਘੜੀ, ਬਾਕੀ ਦਿਨ ਬਰਬਾਦ॥

-o-

ਬੇਅਦਬ ਗਾ ਕੈ ਜ਼ਿ ਹਾਲੇ ਸਾ ਖ਼ਬਰ,
ਬੇਅਦਬ ਅਜ਼ ਹਕ ਹਮੇਸ਼ਹਿ ਬੇਖ਼ਬਰ ॥

ਅਰਥ :- ਬੇਅਦਬ ਨੂੰ ਸੰਤਾਂ ਦੇ ਹਾਲ ਦੀ ਕੀ ਖ਼ਬਰ ਹੈ, ਬੇਅਦਬ ਵਾਹਿਗੁਰੂ ਤੋਂ ਸਦੈਵ ਬੇਖ਼ਬਰ ਰਹਿੰਦਾ ਹੈ।

★★★

ਅਧਿਆਇ ਤੀਸਰਾ

੩.੧ ਅਨਬੰਧਾਂ ਦਾ ਵਰਨਣ

ਮੰਗਲਾਚਾਰ ਬਾਅਦ ਅਨਬੰਧਾਂ ਦਾ ਬਿਆਨ ਕਰਨਾ ਵੀ ਉਪਯੋਗੀ ਹੈ। ਅਨਬੰਧਾਂ ਦੀ ਗਿਆਤ ਤੋਂ ਬਿਨਾਂ ਸੇਵਕ ਦੀ ਰੁਚੀ ਕਿਸੇ ਵੀ ਪੁਸਤਕ ਵਿਚ ਪਰਵਿਰਤ ਨਹੀਂ ਹੋ ਸਕਦੀ। ਜਗਿਆਸੂ ਜਨਾਂ ਦੀ ਸੂਝ ਲਈ ਚਾਰੇ ਅਨਬੰਧਾਂ ਦਾ ਸੰਕੇਤ

੧. ਅਧਿਕਾਰੀ, ੨. ਵਿਸ਼ਯ, ੩. ਪ੍ਰਯੋਜਨ, ੪. ਸਬੰਧ।

ਇਸ ਪੁਸਤਕ ਨੂੰ ਪੜ੍ਹਨ ਦਾ ਅਧਿਕਾਰੀ ਸ੍ਰੇਸ਼ਟ ਪੁਰਸ਼ ਹੀ ਹੈ, ਨਾਸਤਕ ਮਨਮੁਖ ਨਹੀਂ। ਮੁਕਤੀ ਦੀ ਆਕਾਂਖਸ਼ਾ ਵਾਲਾ ਜਗਿਆਸੂ ਕਹਾ ਜਾਵੇ ਹੈ।

੧. ਅਥ ਵਿਸ਼ਯ ਅਧਿਕਾਰੀ :-

ਸਹਸਕ੍ਰਿਤੀ ਵਿਚ ਕਿਹਾ ਗਿਆ ਹੈ :-ਪਰੀਖੁ ਲੋਕਾਨ ਕਰਮ ਚਿਤਾਨ। ਬ੍ਰਹਮਣੋ ਨਿਰਵੇਦ ਮਾਯਾਤ ਨਾਸਤੀ ਅਕ੍ਰਿਤਾ ਕ੍ਰਿਤੇਨ ਤਦ ਵਿਗਯਾਨਾਰਥ ਸ ਗੁਰੂ ਮੇਵਾਭਿ ਗੱਛੇਤਿ। ਸਮਿਤ ਪਾਣੀ ਸ੍ਰੋਤ੍ਰੀਯੰ ਬ੍ਰਹਮਾ ਨਿਸਠਮ੍॥

ਅਰਥ :-ਕਰਮ ਰਚਤ ਜੋ ਸਵਰਗ ਆਦਿ ਲੋਗ ਹਨ, ਉਨ੍ਹਾਂ ਨੂੰ ਪ੍ਰੀਖਿਆ ਕਰਕੇ ਨਾਸ਼ਮਾਨ ਜਾਣ ਕੇ ਜਗਿਆਸੂ ਪੁਰਸ਼ ਵੈਰਾਗ ਨੂੰ ਪ੍ਰਾਪਤ ਹੋਵੇ। ਆਤਮ ਗਿਆਨ ਦੀ ਪ੍ਰਾਪਤੀ ਵਾਸਤੇ ਹੱਥ ਵਿਚ ਭੇਟਾ ਪੂਜਾ ਲੈ ਕੇ ਬ੍ਰਹਮ ਸ੍ਰੋਤ੍ਰੀ ਬ੍ਰਹਮ ਨੇਸ਼ਠੀ ਗੁਰੂ ਕੀ ਸ਼ਰਨ ਵਿਖੇ ਜਾਵੇ। (ਸ਼ੁਰਤੀ ਵਾਕ)

ਗੁਰੂ ਪ੍ਰਮਾਣ :

ਮੇਰੈ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ॥
ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਰਾਮ॥

(ਪੰਨਾ ੫੭੨)

ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ॥
ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ॥

(ਪੰਨਾ ੫੮੯)

ਸਤਿਗੁਰ ਆਇਓ ਸਰਣਿ ਤੁਹਾਰੀ॥
ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥ ੧॥

(ਪੰਨਾ ੭੧੩)

੨. ਅਥ ਵਿਸ਼ਯ ਅਨਬੰਧ :

ਇਸ ਪੁਸਤਕ ਦਾ ਵਿਸ਼ਯ ਗੁਰੂ ਭਗਤੀ ਹੈ। ਜਿਸ ਗੁਰੂ ਕੀ ਭਗਤੀ ਕਰਨੀ ਹੈ ਉਨ੍ਹਾਂ ਦੇ ਐਸੇ ਲਕਸ਼ਣ ਹਨ-

ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥
ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ
ਮੁਖਿ ਸੰਚਹੁ ਤਿਸ ਪੁੰਨ ਕੀ ਫਿਰਿ ਤੋਟਿ ਨ ਆਵੈ॥

(ਪੰਨਾ ੧੨੬੪)

ਅੰਧੇ ਗੁਰੂ ਤੋਂ ਮੁਕਤੀ ਪ੍ਰਾਪਤ ਨਹੀਂ ਹੋਤੀ-

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥

(ਪੰਨਾ ੯੫੪)

ਪੂਰੇ ਗੁਰ ਕੀ ਪੂਰੀ ਦੀਖਿਆ॥
ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ॥

(ਪੰਨਾ ੨੯੩)

ਏ ਮਨ ਐਸਾ ਸਤਿਗੁਰੁ ਖੋਜਿ ਲਹੁ
ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ॥
ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ॥

(ਪੰਨਾ ੫੯੧)

ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ॥
ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ॥
ਭਗਤ੍ਯ੍ਯੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ॥
ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ॥

(ਪੰਨਾ ੧੩੫੫)

ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥
ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭਿ ਥਾਇ॥

(ਪੰਨਾ ੨੭)

੩. ਅਥ ਪ੍ਰਯੋਜਨ ਅਨਬੰਧ :-

ਇਹ ਦੋ ਭਾਂਤਿ ਕੇ ਹੈਂ-੧. ਅਵਾਂਤਰ, ੨. ਮੁਖ ਮਨ ਦੀ ਸ਼ਾਂਤੀ। ਪ੍ਰਮੇਸ਼ਰੀ ਭਗਤੀ, ਪ੍ਰੇਮ, ਇਕਾਗਰਤਾ, ਸਮ ਭਾਵ, ਬਿਗਿਆਨ। ਇਥੋਂ ਤਾਈਂ ਅਵਾਂਤਰ ਹੈ ਜੋ ਸ਼ਕਤੀ ਦੀ ਪ੍ਰਾਪਤੀ ਹੈ, ਇਹ ਇਸ ਪੁਸਤਕ ਦਾ ਮੁਖ ਪ੍ਰਯੋਜਨ ਹੈ। ਅਨਵੈ ਰੀਤੀ ਤੋਂ ਸਤਿਗੁਰਾਂ ਦੀ ਸੇਵਾ ਕਰਨ ਤੋਂ ਇਸ ਤਰ੍ਹਾਂ ਫਲ ਪ੍ਰਾਪਤ ਹੋਤਾ ਹੈ-

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ॥
ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ॥
ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ॥
ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ॥
ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ॥੭੦॥

(ਪੰਨਾ ੯੪੬)

੪. ਅਥ ਸਬੰਧ ਅਨਬੰਧ :

ਵਿਸ਼ਯ ਅਤੇ ਪੁਸਤਕ ਦਾ ਪ੍ਰਤੀਪਾਦਯ ਤੇ ਪ੍ਰਤੀਪਾਦਕ ਭਾਵ ਸੰਬੰਧ ਹੈ। ਪੁਸਤਕ ਦਾ ਅਤੇ ਪ੍ਰਯੋਜਨ ਦਾ ਪ੍ਰਾਪਯ ਅਤੇ ਪ੍ਰਾਪਕ ਭਾਵ ਸੰਬੰਧ ਹੈ। ਅਧਿਕਾਰੀ ਅਤੇ ਵਿਚਾਰ ਦਾ ਕਰਤਰੀ ਕਰਤੱਵਯ ਭਾਵ ਸੰਬੰਧ ਹੈ, ਇਸ ਤੋਂ ਆਦਿ ਤੋਂ ਭੀ ਸਬੰਧ ਜਾਣ ਲੈਣੇ।

੩.੨ ਚਾਰੇ ਅਨਬੰਧ ਇਤਿ :-

ਸਹਸਕ੍ਰਿਤੀ ਵਿਚ ਲਿਖਿਆ ਹੈ :

ਬ੍ਰਹਮਵਿਤ ਮਾਤ੍ਰੇਣ ਏਕੋਤ੍ਰ ਸ਼ੰਤੰ ਕੁਲ ਤਾਰਯਤੀ॥
ਕੁਲਮ ਪਵਿਤ੍ਰਮ ਜਨਨੀ ਕ੍ਰਿਤਾਰਥਾ ਬਸੁੰਧਰਾ ਪੁਣਯਵਤੀ ਚੈਤੇਨ॥
ਅਪਾਰ ਸੰਵਿਤ ਸੁਖ ਸਾਗਰੇ ਅਸਮਿਨ ਲੀਨੰ ਪਰੇ ਯਸਹ ਚੇਤਹ॥

ਉਸ ਨਾਮ ਜਪਣ ਵਾਲੇ ਪੁਰਸ਼ ਦੀ ਕੁਲ ਪਵਿੱਤ੍ਰ ਮਾਤਾ ਕ੍ਰਿਤ ਕ੍ਰਿਤ ਹੋ ਜਾਂਦੀ ਹੈ

ਅਤੇ ਜਿਥੇ ਉਸਦਾ ਜਨਮ ਹੁੰਦਾ ਹੈ, ਜਹਾਂ ਉਹ ਵਸਦਾ ਹੈ ਉਹ ਧਰਤੀ ਵੀ ਬੜੇ ਪੁੰਨਾਂ ਵਾਲੀ ਹੋਤੀ ਹੈ।

ਪਿਤਾ ਸਾਚ ਚੌਬੀਸ ਬੀਸ ਮਾਤਾ ਕੇ ਜਾਨੌ॥
ਖੋੜਸ ਤੁਲਾ ਮਗਨ ਦੁਆਦਸ ਸੁਤਾ ਪਛਾਨੌ॥
ਏਕਾਦਸ ਕੁਲ ਭੈਣ ਦਸ ਭੂਆ ਕੇ ਲੇਖੇ॥
ਮਾਤ ਭੈਣ ਕੁਲ ਆਠ ਸ਼ੁਰਤੀ ਸਿੰਮ੍ਰਤੀ ਪੇਖੇ॥

-o-

ਧੰਨੁ ਧੰਨੁ ਧੰਨੁ ਜਨੁ ਆਇਆ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥

(ਪੰਨਾ ੨੯੪)

★★★

ਅਧਿਆਇ ਚੌਥਾ

੪.੧ ਨਾਮ ਮਹਿਮਾ

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥
ਜਹ ਮਹਾ ਭਇਆਨ ਦੂਤ ਜਮ ਦਲੈ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥
ਜਹ ਮੁਸਕਲ ਹੋਵੈ ਅਤਿ ਭਾਰੀ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥
ਅਨਿਕ ਪੁਨਹਚਰਨ ਕਰਤ ਨਹੀ ਤਰੈ॥
ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥
ਗੁਰਮੁਖਿ ਨਾਮੁ ਜਪਹੁ ਮਨ ਮੇਰੇ॥
ਨਾਨਕ ਪਾਵਹੁ ਸੂਖ ਘਨੇਰੇ॥ ੧॥

(ਪੰਨਾ ੨੬੪)

੪.੨ ਨਾਮ

(ਣਮ-ਧਾਤੂ) ਤੋਂ ਬਣਿਆ ਮੰਨਿਆ ਜਿਸ ਪਦ ਕਰਕੇ ਕਿਸੇ ਨੂੰ ਹੋਰਨਾਂ ਨਾਲੋਂ ਵਿਸ਼ੇਸ਼ਤਾ ਨਾਲ ਬੁਲਾਇਆ ਜਾਵੇ, ਜਾਂ ਆਪਣੇ ਆਪ ਨੂੰ ਉਸ ਨਾਲ ਸਬੰਧਿਤ ਕਰਨੇ ਹਿਤ ਸੰਬੋਧਤ ਕੀਤਾ ਜਾਵੇ। ਉਸਨੂੰ ਨਾਮ ਕਿਹਾ ਜਾਂਦਾ ਹੈ। ਨਾਮ ਦੇ ਪਦ ਅਰਥ ਕੋਸ਼ਾਂ ਵਿਚ ਪ੍ਰਸਿੱਧ, ਨਿਸਚੇ ਵਾਚਕ ਅਤੇ ਵਿਸ਼ੇਸ਼ਤਾ ਬੋਧਕ ਭੀ ਲਿਖੇ ਹਨ। ਸ਼ਾਸ਼ਤਰਾਂ ਨੇ ਨਾਮ ਰੂਪ ਨੂੰ ਨਾਸ਼ਵਾਨ ਮੰਨਿਆ ਹੈ। ਕੀ ਪ੍ਰਮਾਤਮਾ ਦਾ ਨਾਮ ਭੀ ਨਾਸ਼ ਹੋ ਜਾਂਦਾ ਹੋਵੇਗਾ? ਨਹੀਂ, ਕਿਉਂਕਿ ਗੁਰੂ ਜੀ ਨੇ ਉਸਨੂੰ ਸਤਿਨਾਮ ਕਿਹਾ ਹੈ, ਸਤ ਦਾ ਕਦੇ ਵਿਨਾਸ਼ ਨਹੀਂ ਹੋਤਾ।

'ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ॥'

(ਪੰਨਾ ੧੦੮੩)

੨. ਜੈਸੀ ਕਿਰਤ ਸਰਗੁਨ ਰੂਪ ਧਾਰ ਕੇ ਕੀਤੀ, ੩. ਬਹੁਤ ਪੁਰਾਣਾ। ਉਸਦੇ ਪ੍ਰੇਮੀਆਂ ਨੇ ਬੇਅੰਤ ਨਾਮ ਰਖੇ ਨੇ, ਰਾਮ, ਓਮ, ਗੋਬਿੰਦ, ਨਾਰਾਇਣ, ਮਾਧਵ, ਮੁਕੰਦ, ਅੱਲ੍ਹਾ, ਗੌਡ (GOD) ਆਦਿ ਵਿਚ ਕਿਰਤਮ ਨਾਮ ਹਨ, ਜੈਸੀ ਕਿਰਤ ਭਗਵਾਨ ਨੇ ਸਰਗੁਣ ਸਰੂਪ ਧਾਰ ਕੇ ਕੀਤੀ ਵੈਸਾ ਹੀ ਨਾਮ ਪੈ ਗਿਆ। ਜਿਵੇਂ ਮੁਰ ਦੈਂਤ ਨੂੰ ਮਾਰਿਆ ਮੁਰਾਰੀ, ਮਧੂ ਦੈਂਤ ਨੂੰ ਮਾਰਿਆ ਮਾਧਵ, ਤਥਾ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਵੰਜਾ ਰਾਜੇ ਛੁਡਵਾ ਕੇ ਲਿਆਂਦੇ "ਬੰਦੀ ਛੋੜ" ਨਾਮ ਪੈ ਗਿਆ। ਇਸੇ ਪ੍ਰਕਾਰ ਸਮਝ ਲੈਣਾ ਸਭ ਕਿਰਤਮ ਨਾਮ ਹਨ, ਪਰ ਸਤਿਨਾਮੁ ਅਨਾਦਿ ਕਾਲ ਤੋਂ ਚਲਿਆ ਆ ਰਿਹਾ ਨਾਮ ਹੈ, ਇਸ ਲਈ ਇਹ ਅਕਿਰਤਮ ਨਾਮ ਹੈ। ਪ੍ਰਮੇਸ਼ਰ ਦਾ ਨਾਮ ਦੁਨਿਆਵੀ ਨਾਮਾਂ ਵਤ ਨਹੀਂ ਬਲਕਿ ਸਭ ਦਾ ਅਧਿਸ਼ਠਾਨ ਰੂਪ ਹੈ, ਉਸ ਪਾਰਬ੍ਰਹਮ ਦੀ ਜਗਿਆਸੂਆਂ ਨੂੰ ਆਪਣੇ ਆਪ ਦੀ ਜਨਾਉਣੇ ਵਾਲੀ ਅਵਸਥਾ ਹੈ, ਉਹ ਨਾਮ ਹੈ। ਜਦ ਜਗਿਆਸੂ ਇਹ ਜਾਣ ਲੈਂਦਾ ਹੈ ਕਿ ਆਹ ਸਭ ਅਨਾਤਮਾ ਹੈ ਔਰ ਆਹ ਆਤਮਾ ਹੈ, ਆਹ ਮੈਨੂੰ ਪ੍ਰਾਪਤ ਹੋਇਆ ਹੈ। ਪ੍ਰਾਪਤੀ ਦੇ ਵਕਤ ਦਾ ਪ੍ਰਾਪਤ ਹੋਇਆ ਸਤ ਸਰੂਪ ਔਰ ਪਰਸਪਰ ਮੇਲ ਨਾਮ ਕਿਹਾ ਜਾਂਦਾ ਹੈ। ਨਾਮ ਇਕ ਵਿਦਿਆ ਵਿਗਿਆਨ ਹੈ, ਪ੍ਰੇਮ ਦੀ ਇਕ ਧਾਰਾ ਹੈ, ਜਿਵੇਂ ਨਾਮ ਪਿਛੇ ਕੋਈ ਵੀ ਵਸਤੂ ਹੈ, ਜਿਵੇਂ ਦੁੱਧ ਸ਼ਬਦ ਪਿਛੇ ਦੁੱਧ ਰੂਪੀ ਪਦਾਰਥ ਬੁੱਧੀ ਵਿਚ ਪ੍ਰਗਟ ਹੋ ਜਾਂਦਾ ਹੈ, ਠੀਕ ਇਸੇ ਤਰ੍ਹਾਂ ਸਤਿਨਾਮ ਪਿੱਛੇ ਕੋਈ ਐਸੀ ਹਸਤੀ ਹੈ ਜਿਸਦੇ ਨਾਮ ਦੀ ਸ਼ਕਤੀ ਤੋਂ ਸਭ ਕੁਝ ਪੈਦਾ ਹੋਇਆ ਹੈ।

ਕਿਰਤਮ ਨਾਵਾਂ ਵਿਚ ਪੰਜ ਚੀਜ਼ਾਂ ਹਨ

੧. ਜਾਤੀ-ਜਾਦਵ ਰਾਇਆ, ੨. ਗੁਣ-ਸਯਾਮ ਰੰਗ, ੩. ਕਿਰਿਆ-ਰਾਧਾ ਰਮਣ, ੪. ਸੰਬੰਧ ਕਰਕੇ-ਨੰਦ ਕੋ ਨੰਦਨ, ੫. ਵਿਅਕਤੀ ਕਰਕੇ-ਦੇਹਧਾਰੀ। ਇਸੇ ਲਈ ਸਤਿਨਾਮ ਨਾਮ ਸਭ ਨਾਲੋਂ ਉੱਚਾ ਸੁੱਚਾ ਹੈ। ਸਮੂੰਹ ਗੁਣਾਂ ਦਾ ਭੰਡਾਰ ਹੈ, ਅਤੇ ਵਾਹਿਗੁਰੂ ਨਾਮ ਨਿਆਰਾ ਤੇ ਸ੍ਰੇਸ਼ਟ ਹੈ।

ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲ॥
ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥

(ਪੰਨਾ ੨੮੪)

ਭਾਵ ਕਿ ਸਥੂਲ ਸੂਖਮ ਪ੍ਰਪੰਚ ਸਭ ਨਾਮ ਦੀ ਸਤਾ ਤੋਂ ਰਚਿਆ ਗਿਆ ਹੈ। ਇਸ ਪਿਛੇ ਨਾਮੀ ਪ੍ਰੇਮਸ਼ਰ ਬਿਰਾਜਮਾਨ ਹੋ ਰਿਹਾ ਹੈ। 'ਜਪਤਿ ਜਪਤਿ ਸ੍ਰੀ ਨਾਮ ਕੇ ਉਪਜੈ ਮਨ ਗਯਾਨ।' ਜਿਉਂ ਜਿਉਂ ਰਸਨਾ ਦੁਆਰਾ ਨਾਮ ਜਪੀਦਾ ਹੈ ਅੰਦਰ ਦੇ ਸਾਰੇ ਪੜਦੇ ਖੁਲ੍ਹ ਜਾਂਦੇ ਹਨ ਅਤੇ ਉਸ ਵਾਹਿਗੁਰੂ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਪਰ ਨਾਮ ਉਸੇ ਦੀ

ਕਿਰਪਾ ਤੋਂ ਜਪਿਆ ਜਾਂਦਾ ਹੈ। "ਸੇ ਸਿਮਰਹਿ ਜਿਨ ਆਪਿ ਸਿਮਰਾਏ॥" ਨਾ, ਜਪਣੇ ਵਾਲੇ ਵਿਚ ਅਭੇਦ ਹੋ ਜਾਂਦੇ ਹਨ। ਨਾਮ ਵਰਨਾਤਮਿਕ ਤੇ ਧੁਨ ਆਤਮਿਕ ਹੈ ਅੱਖਰ ਵਿਚ ਜੋ ਰਸਨਾ ਦੁਆਰਾ ਜਪਿਆ ਜਾਏ, ਵਰਨਾਤਮਿਕ, ਜੋ ਅੱਖਰਾਂ ਦੇ ਨਾਮ ਤੋਂ ਪੈਦਾ ਹੋਈ ਲਿਵਤਾਰ ਅਨੰਦ ਦੀ ਜੋ ਅਭੇਦ ਅਵਸਥਾ ਹੈ, ਉਹ ਧੁਨਾਤਮਿਕ ਕਹਿਲਾਂਦੀ ਹੈ। ਇਹ ਅਵਸਥਾ ਲਿਖਣ ਵਿਚ ਨਹੀਂ, ਅਨੁਭਵ ਵਿਚ ਹੈ।

੪.੩ ਨਾਮ ਸਿਮਰਨ ਦੇ ਅੰਗ

੧. ਦੇਰ ਤੱਕ ਜਾਪ ਕਰਨਾ,
੨. ਸਤਿਗੁਰਾਂ ਨੂੰ ਅੰਗ ਸੰਗ ਜਾਣਨਾ,
੩. ਅਰਥ ਵਿਚ ਬਿਰਤੀ ਟਿਕਾਉਣੀ,
੪. ਇਕਾਗ੍ਰਤਾ ਮਨ ਦੀ,
੫. ਸ਼ਰਧਾ ਰੱਖਣੀ, ਪ੍ਰਮੇਸ਼ਰ ਨੂੰ ਵਿਆਪਕ ਜਾਨਣਾ,
੬. ਸੰਤੋਖ,
੭. ਇਕਾਂਤ,
੮. ਵਿਕਾਰ ਰਹਿਤ ਹੋਣਾ,
੯. ਪ੍ਰੇਮ ਨਾਲ ਭਜਨ ਕਰਨਾ,
੧੦. ਮਾਣ ਵਡਿਆਈ ਦਾ ਤਿਆਗ,
੧੧. ਦਰਸ਼ਨ ਦੀ ਲਾਲਸਾ,
੧੨. ਬਾਣੀ ਦੀ ਮਨੌਤ,
੧੩. ਅਖੰਡ ਭਗਤੀ।

ਕਿਸੇ ਭੀ ਵਿਅਕਤੀ ਵਿਚ ਨਾਮ ਦੀ ਮਹਿਮਾ ਵਰਨਣ ਕਰਨ ਦੀ ਸ਼ਕਤੀ ਨਹੀਂ। ਨਾਰਦ ਸ਼ਾਰਦ ਗਣੇਸ਼ ਸ਼ੇਸ਼ਨਾਗ ਆਦਿ ਭੀ ਥਕਤ ਹੋ ਰਹੇ ਹੈਂ।

ਸ਼ੇਸ਼ ਨਾਗ ਜਾਪਹਿ ਦਿਨ ਰਾਤੀ ਇਕ ਤਿਲ ਤਾਕਾ ਮਰਮ ਨ ਪਾਵਣਿਆ॥

-o-

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥

(ਪੰਨਾ ੧੩੬੮)

ਨਾਮ ਰੂਪੀ ਧਨ ਤੋਂ ਬਿਨਾਂ ਸਭੀ ਕੰਗਾਲ ਹੈਂ, ਨਾਮ ਰੂਪੀ ਧਨ ਤੋਂ ਹੀਣੇ 'ਨਾਂ

ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥' ਬਾਕੀ ਜਨਮ ਤੋਂ ਬਾਅਦ ਈਹਾਂ ਹੀ ਮਿਲੇ ਹੈ ਅਤੇ ਮਰਨ ਤੋਂ ਬਾਅਦ ਇਥੇ ਹੀ ਰਹਿ ਜਾਣਾ ਹੈ। ਨੇਕ ਕਰਮ ਔਰ ਹਰੀ ਦਾ ਨਾਮ ਹੀ ਨਾਲ ਜਾਂਦਾ ਹੈ। ਜਿਸਕੇ ਹਾਥ ਮੇਂ ਨਾਮ ਰੂਪੀ ਤਲਵਾਰ ਹੈ ਉਹ ਹੀ ਨਿਰਭਯ ਵਿਅਕਤੀ ਹੈ, ਉਸ ਪ੍ਰਾਣੀ ਕੋ ਜਮ ਔਰ ਮ੍ਰਿਤੂ ਕਾ ਭਯ ਨਹੀਂ ਰਹਿਤਾ। ਨਾਮ ਵਿਚ ਬੜਾ ਜਾਦੂ ਹੈ, ਪਾਪਾਂ ਦੇ ਸਮੂੰਹ ਨੂੰ ਛਿਨ ਵਿਚ ਖ਼ਤਮ ਕਰ ਸਕਦਾ ਹੈ। ਜਿਵੇਂ ਗੰਗਾ ਕਾ ਜਲ ਇਸ਼ਨਾਨ ਪਾਨ ਸੇ ਪਾਪਾਂ ਕੀ ਮਲ ਕੋ ਨਿਵਾਰਨ ਕਰੇ ਹੈ, ਗੰਗਾ ਜਲ ਪੀਣੇ ਸੇ ਅਨੰਦ ਹੋਵੇ ਹੈ, ਨਾਮ ਸ੍ਰਵਣ ਮਾਤ੍ਰ ਸੇ ਅਨੰਦ ਦੇਵੇ ਹੈ, ਇਸ ਸੇ ਮੁਕਤੀ ਤੇ ਨਿਰਵਾਣ ਪਦ ਦੀ ਪ੍ਰਾਪਤੀ ਹੁੰਦੀ ਹੈ।

ਕਬੀਰਾ ਸਭ ਜਗ ਨਿਰਧਨਾ, ਔਰ ਧਨਵੰਤਾ ਨਹੀਂ ਕੋਇ॥
ਧਨਵੰਤਾ ਸੋ ਜਾਨੀਏ, ਜੋ ਪ੍ਰਭੂ ਨਾਮ ਧਨ ਹੋਇ॥

ਮਨ ਨੂੰ ਵਿਚਾਰ ਦੁਆਰਾ ਸ਼ੁੱਧ ਕਰਨਾ, ਬਾਣੀ ਨੂੰ ਜਾਪ ਤਥਾ ਮਨੌਤਾ ਘੱਟ ਬੋਲਣ ਦੀ ਆਦਤ ਤੋਂ ਸ਼ੁਧ ਕਰਨਾ, ਸਰੀਰ ਨੂੰ ਜਲ ਮ੍ਰਿਤਕਾ ਸਾਬਣ ਦੁਆਰਾ ਸ਼ੁੱਧ ਕਰਨਾ।

੪.੪ ਜਪ ਦੇ ਵਿਘਨਕਾਰੀ ਤੱਤ

੧. ਸਰੀਰ ਦੀ ਮਲਨਤਾ,
੨. ਜ਼ਿਆਦਾ ਖਾਣਾ,
੩. ਜ਼ਿਆਦਾ ਸੌਣਾ,
੪. ਕ੍ਰੋਧ ਕਰਨਾ,
੫. ਚੰਚਲ ਮਨ,
੬. ਆਲਸ ਕਰਨਾ,
੭. ਕਲੇਸ਼ਦਾਇਕ ਕੰਮ ਕਰਨੇ,
੮. ਕਠੋਰ ਸੁਭਾਅ। ਇਹ ਅੱਠ ਵਿਘਨ ਜਾਪ ਵਿਚ ਰੁਕਾਵਟ ਰੂਪ ਹਨ।

ਸਭੀ ਰਸਾਇਨ ਹਮ ਕਰੀ, ਨਾਮ ਸਮਾਨ ਨਹੀਂ ਕੋਇ॥
ਰਤੀ ਏਕ ਘਟ ਸੰਚਰੇ, ਸਬ ਤਨ ਕੰਚਨ ਹੋਇ॥

ਭਗਵਾਨ ਕਾ ਨਾਮ ਕੇਵਲ ਪਾਪਾਂ ਦਾ ਹੀ ਨਾਸ਼ਕ ਨਹੀਂ, ਨਾਮ ਮਨ ਮੇਂ ਗਿਆਨ ਰੂਪੀ ਜੋਤੀ ਪੈਦਾ ਕਰਕੇ ਭਗਵਾਨ ਸੇ ਪ੍ਰੇਮ ਉਤਪੰਨ ਪੈਦਾ ਕਰਦਾ ਹੈ। ਨਾਮ ਬਲ ਦੁਆਰਾ ਨਾਮੀ ਭਗਵਾਨ ਸਾਡੇ ਵੱਲ ਖਿੱਚਿਆ ਆਤਾ ਹੈ। ਦੋਨੋਂ ਕਾਰਜ ਕਰਤਾ ਹੈ, ਸਾਨੂੰ ਪ੍ਰਭੂ ਵੱਲ

ਤੇ ਪ੍ਰਭੂ ਨੂੰ ਸਾਡੇ ਵੱਲ ਖੀਚ ਲੇਤਾ ਹੈ। ਤੁਲਸੀ ਦਾਸ ਜੀ ਕਥਨ ਕਰਤੇ ਹੈਂ

ਰਾਮ ਨਾਮ ਮੰਨ ਦੀਪ ਧਰ, ਜੀਹ ਦੇਹਰੀ ਦਵਾਰ॥
ਤੁਲਸੀ ਭੀਤਰ ਬਾਹਰੌਂ, ਜੌ ਚਾਹਸਿ ਉਜਿਆਰ॥

ਅਰਥ :-ਜਿਵੇਂ ਦੀਪਕ ਡਿਉੜ੍ਹੀ ਵਿਚ ਰਖਣੇ ਤੋਂ ਅੰਦਰ ਬਾਹਰ ਪ੍ਰਕਾਸ਼ ਹੋ ਜਾਤਾ ਹੈ, ਇਸ ਪ੍ਰਕਾਰ ਰਸਨਾ ਰੂਪੀ ਡਿਉੜ੍ਹੀ ਪਰ ਨਾਮ ਰੂਪੀ ਦੀਪਕ ਰਖ ਲਿਆ ਜਾਵੇ ਤਾਂ ਅੰਦਰ ਬਾਹਰ ਪ੍ਰਕਾਸ਼ ਹੋ ਜਾਵੇਗਾ। ਜਿਵੇਂ ਫਟਕੜੀ ਗੰਦੇ ਪਾਣੀ ਕੋ ਸਾਫ ਕਰਤੀ ਹੈ, ਨਾਮੁ ਮਨ ਕੀ ਮੈਲ ਕੋ ਦੂਰ ਕਰਤਾ ਹੈ। ਜਿਵੇਂ ਗੁੜਮਾਰ ਬੂਟੀ ਖਾ ਕੇ ਖੰਡ ਸਵਾਦ ਨਹੀਂ ਆਤਾ, ਇਸੇ ਤਰ੍ਹਾਂ ਵਿਕਾਰਾਂ ਰੂਪੀ ਗੁੜਮਾਰ ਬੂਟੀ ਖਾਣੇ ਸੇ ਨਾਮ ਕਾ ਸੁਆਦ ਨਹੀਂ ਆਤਾ। ਵਿਸ਼ੇ ਰੂਪੀ ਰਸ ਤਿਆਗੋਗੇ ਤਾਂ ਨਾਮ ਰੂਪੀ ਰਸ ਆਵੇਗਾ।

ਤੁਲਸੀ ਪਿਛਲੇ ਪਾਪ ਸੋਂ ਹਰਿ ਚਰਚਾ ਨ ਸੁਹਾਏ॥
ਜੈਸੇ ਜਵਰ ਕੇ ਜੋਰ ਸੇ, ਭੋਜਨ ਕੀ ਰੁਚਿ ਜਾਏ॥

ਸਤਿਗੁਰਾਂ ਦਾ ਨਾਮ ਮੋਹ ਮਾਯਾ ਰੂਪੀ ਅੰਧਕਾਰ ਨੂੰ ਨਿਵਾਰਨ ਕੇ ਲੀਏ ਦੀਪਕ ਹੈ, ਜਿਵੇਂ ਸਰਦੀ ਦੇ ਮਾਰੇ ਨੂੰ ਅਗਨੀ ਹੀ ਸਹਾਰਾ ਹੈ, ਨਾਮ ਦਾ ਮਹਾਤਮ ਕਿਤਨਾ ਕਿਹਾ ਜਾਵੇ। ਨਾਮ ਹੀ ਹਰ ਬਿਪਤਾ ਮੇਂ ਸਹਾਰਾ ਹੈ।

ਨਾਮ ਮਹਾਤਮ ਸਾਖੀ ਸੁਨ, ਨਰ ਕੀ ਕੇਤਕ ਬਾਤ॥
ਸਰਵਰ ਪਰ ਗਿਰਵਰ ਤਰੇ, ਜਿਉ ਤਰੁਵਰ ਕੇ ਪਾਤ॥

ਅਰਥ :-ਸਾਖੀ (ਗਵਾਹੀ) ਸੁਨ ਨਾਮ ਕੇ ਮਹਾਤਮ ਕੀ, ਨਾਮ ਕੀ ਸ਼ਕਤਿ ਤੋਂ ਸਮੁੰਦਰ ਮੇਂ ਪਹਾੜ ਇਉਂ ਤੈਰਤੇ ਹੈਂ ਜਿਵੇਂ ਸਰੋਵਰ ਮੇਂ ਬ੍ਰਿਛ ਕੇ ਪੱਤਰ।

ਕਲਿਜੁਗ ਕੇਵਲ ਨਾਮ ਅਧਾਰਾ, ਸਿਮਰ ਸਿਮਰ ਭਵ ਉਤਰਹੁ ਪਾਰਾ।

-o-

ਜਬ ਹੀ ਨਾਮ ਹਿਰਦੇ ਪਰਯੋ, ਭਯੋ ਪਾਪ ਕਾ ਨਾਸ॥
ਜੈਸੇ ਚਿਨਗੀ ਆਗ ਕੀ, ਪੜੀ ਪੁਰਾਨੇ ਘਾਸ॥

-o-

ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ॥ ਪ੍ਰਭ ਕੈ ਸਿਮਰਨਿ ਪੂਰਨ ਆਸਾ॥
(ਪੰਨਾ ੨੬੩)

ਪ੍ਰਭ ਕੈ ਸਿਮਰਨ ਕੀ ਬਹੁਤ ਮਹਿਮਾ ਹੈ। ਸਿਮਰਨ ਸ਼ਬਦਿ ਦਾ ਅਰਥ ਪ੍ਰਭੂ ਕੋ ਬਾਰ-ਬਾਰ ਯਾਦ ਕਰਨਾ ਹੈ ਅਰਥਾਤ ਉਸਕੇ ਪਤਿਤ ਪਾਵਨ ਨਾਮ ਕੋ ਬਾਣੀ ਸੇ ਜਾਂ ਮਨ ਸੇ ਜਪਣਾ। ਸਿਮਰਨ ਕੋ ਜਪੁ ਭੀ ਕਹਿਤੇ ਹੈਂ। ਫ਼ਾਰਸੀ ਮੇਂ ਇਸੇ ਜ਼ਿਕਰ ਕਹਿਤੇ ਹੈਂ। ਜਿਹ

ਯਾਦ ਕਰਨੇ ਵਾਲੇ ਮੇਂ, ਔਰ ਜਿਸ ਕੋ ਯਾਦ ਕੀਆ ਜਾਏ ਸੱਚੀ ਲਗਨ ਕੀ ਏਕ ਤਾਰ ਬਾਂਧ ਦੇਤਾ ਹੈ। ਯਹ ਤਾਰ ਆਂਖੋਂ ਸੇ ਨਜ਼ਰ ਆਨੇ ਵਾਲੀ ਨਹੀਂ, ਯਹ ਰੂਹਾਨੀ ਆਤਮਿਕ ਤਾਰ ਹੈ ਜਿਸੇ ਮਾਨਸਿਕ ਭਾਵਨਾ ਕਹਿਤੇ ਹੈਂ।

ਜਿਵੇਂ ਹਾਥੋਂ ਕੀ ਤਾਲੀ ਸੇ ਹਜ਼ਾਰਾਂ ਪੰਛੀ ਦੌੜ ਜਾਤੇ ਹੈਂ, ਨਾਮ ਸ੍ਰਵਣ ਜਪਣ ਤੋਂ ਬੇਅੰਤ ਪਾਪ ਭਾਗ ਜਾਤੇ ਹੈਂ। ਰਾਜਾ ਬਹੁਤ ਦੁਖੀ ਹੈ ਪਰ ਸ਼ਾਂਤੀ ਦਾ ਸਾਧਨ ਨਾਮ ਹੈ।

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥
ਹਰਿ ਕਾ ਨਾਮੁ ਜਪਤ ਹੋਇ ਸੁਖੀਆ॥

(ਪੰਨਾ ੨੬੪)

ਈਸ਼ਵਰ ਕੇ ਨਾਮ ਕਾ ਸਹਾਰਾ ਹੀ ਸੱਚਾ ਹੈ, ਬਾਕੀ ਸਭੀ ਸਹਾਰੇ ਝੂਠੇ ਹੈਂ। ਜਿਵੇਂ ਕਿਸੇ ਰਾਜੇ ਦੇ ਪੁੱਤਰ ਨਹੀ ਸੀ, ਜਯੋਤਸ਼ੀਆਂ ਤੋਂ ਪੁੱਤਰ ਪ੍ਰਾਪਤੀ ਕਾ ਸਾਧਨ ਪੂਛਾ। ਉਸਨੇ ਕਹਾ ਕਿ ਆਪ ਲਈ ਕੋਈ ਪੁਰਸ਼ ਇਸਤ੍ਰੀ ਆਪਣੇ ਪੁੱਤਰ ਕੀ ਬਲੀ ਦੇਵੇ। ਪੁੱਤਰ ਲਈ ਰਾਜੇ ਨੇ ਢੰਡੋਰਾ ਪਿਟਵਾਇਆ। ਇਕ ਇਸਤਰੀ ਜਿਸਦੇ ਸੱਤ ਪੁੱਤਰ ਸਨ, ਹੌਸਲਾ ਕਰਕੇ ਪੁੱਤਰ ਦੇਕਰ ਬੇਅੰਤ ਧਨ ਪ੍ਰਾਪਤ ਕੀਤਾ। ਰਾਜੇ ਨੇ ਕਿਹਾ ਕਾਕਾ ਕੋਈ ਕਾਰਜ ਕਰ ਲਵੇ, ਇਸ ਨੇ ਚਾਰ ਢੇਰੀਆਂ ਮਿੱਟੀ ਦੀਆਂ ਬਣਾਈਆਂ, ਤੀਨ ਢਾਹ ਦਿੱਤੀਆਂ, ਚੌਥੀ ਕੋ ਨਮਸਕਾਰ ਕਰਕੇ ਬਲੀ ਦੇਣ ਲਈ ਰਾਜਾ ਕੇ ਪਾਸ ਆ ਗਿਆ। ਰਾਜੇ ਨੇ ਇਸ ਖੇਲ ਨੂੰ ਪੁੱਛਿਆ। ਹੋਣਹਾਰ ਬਾਲਕ ਨੇ ਬਤਾਇਆ, ਰਾਜਾ ਪਹਿਲਾਂ ਮਾਤਾ ਪਿਤਾ ਦਾ ਸਹਾਰਾ ਹੋਤਾ ਹੈ, ਉਨ੍ਹਾਂ ਮਾਯਾ ਦੇ ਲਾਲਚ ਵਿਚ ਆਪ ਪਾਸ ਵੇਚ ਦੀਆ, ਦੂਜਾ ਰਾਜੇ ਦਾ ਸਹਾਰਾ ਹੋਤਾ ਹੈ ਆਪ ਮੇਰਾ ਆਪਣੇ ਪੁੱਤਰ ਪ੍ਰਾਪਤੀ ਲਈ ਬਲੀਦਾਨ ਦੇ ਰਹੇ ਹੋ, ਤੀਸਰਾ ਸਹਾਰਾ ਦੇਵੀ ਦੇਵਤੇ ਦਾ ਹੋਤਾ ਹੈ, ਦੇਵੀ ਆਪ ਮੇਰੇ ਖ਼ੂਨ ਕੀ ਪਿਆਸੀ ਹੈ, ਤੀਨੋਂ ਨੇ ਮੇਰੀ ਸਹਾਇਤਾ ਨਹੀਂ ਕੀ, ਚੌਥਾ ਪ੍ਰਮੇਸ਼ਰ ਦਾ ਨਾਮ ਹੈ, ਤੀਨ ਢੇਰੀਆਂ ਢਾਹ ਦਿੱਤੀਆਂ ਹਨ, ਚੌਥੀ ਨੂੰ ਨਮਸਕਾਰ ਕਰਕੇ ਆਪ ਪਾਸ ਆ ਗਿਆ ਹੂੰ, ਤੁਮ੍ਹਾਰਾ ਜਿਵੇਂ ਚਿਤ ਕਰਦਾ ਹੈ ਕਰੋ, ਹੁਣ ਪ੍ਰਭੂ ਦੇ ਨਾਮ ਦੀ ਓਟ ਹੈ। ਬਾਲਕ ਦੀ ਚਤੁਰਾਈ ਦੇਖ ਰਾਜੇ ਦਾ ਮਨ ਦ੍ਰਵੀਭੂਤ ਹੋ ਗਿਆ, ਪੁੱਤਰ ਮਾਰ ਕੇ ਪੁੱਤਰ ਦੀ ਆਸ ਕਿਥੋਂ ਕੀਤੀ ਜਾ ਸਕਦੀ ਹੈ? ਐਸਾ ਗੋਬਿੰਦ ਨਾਮ ਦਾ ਭਰੋਸਾ ਰੱਖਣ ਵਾਲਾ ਪੁੱਤਰ ਕਹਾਂ ਸੇ ਮਿਲੇਗਾ? ਰਾਜੇ ਨੇ ਇਸੀ ਨੂੰ ਆਪਣਾ ਪੁੱਤਰ ਬਣਾ ਕੇ ਯੁਵਰਾਜ ਬਣਾ ਕਰ ਰਾਜ ਸੌਂਪ ਦੀਆ, ਇਹ ਨਾਮ ਦਾ ਮਹਾਤਮ ਹੈ। ਜਦੋਂ ਮੌਤ ਆਉਂਦੀ ਹੈ ਵੈਦ ਦੀ ਬੁੱਧੀ ਹੀਨ ਹੋ ਜਾਤੀ ਹੈ, ਪ੍ਰਲੋਕ ਵਿਚ ਪ੍ਰਭੂ ਹੀ ਸਹਾਇਕ ਹੈ।

੪.੫ ਨਾਮ ਬਰਾਬਰ ਕੋਈ ਮੋਤੀ ਨਹੀਂ !

ਜਿਵੇਂ ਲੰਕਾ ਫਤਹਿ ਹੋਣ ਤੋਂ ਪ੍ਰਸੰਨ ਚਿੱਤ ਹੋ ਕੇ ਸ੍ਰੀ ਰਾਮ ਚੰਦਰ ਜੀ ਨੇ ਹਨੂਮਾਨ ਨੂੰ ਏਕ ਮਾਲਾ ਦੀ ਜੋ ਮੇਘਨਾਦ ਰਾਵਣ ਦੇ ਲੜਕੇ ਨੇ ਇੰਦਰ ਤੋਂ ਜਿੱਤੀ ਸੀ। ਇਹ ਮਾਲਾ

ਬਿਭੀਸ਼ਣ ਜੀ ਨੇ ਰਾਮ ਚੰਦਰ ਜੀ ਨੂੰ ਅਰਪੀ ਸੀ। ਉਨ੍ਹਾਂ ਹਨੂਮਾਨ ਦੀ ਸੇਵਾ ਤੋਂ ਤਰੁੱਠ ਕੇ ਉਸਨੂੰ ਦਿੱਤੀ ਸੀ, ਹਨੂਮਾਨ ਜੀ ਮੋਤੀ ਭੰਨ ਭੰਨ ਦੇਖ ਰਹੇ ਹਨ। ਮਾਤਾ ਸੀਤਾ ਜੀ ਨੇ ਕਿਹਾ ਇਹ ਕੀ ਕਰ ਰਿਹਾ ਹੈਂ? ਹਨੂਮਾਨ ਨੇ ਕਿਹਾ ਮਾਤਾ ਜੀ ਇਨ੍ਹਾਂ ਵਿਚ ਰਾਮ ਨਾਮ ਦੇਖ ਰਹਾ ਹੂੰ। ਸੀਤਾ ਜੀ ਨੇ ਕਹਾ ਆਪ ਕੇ ਹਿਰਦੇ ਮੇਂ ਹੈ, ਉਸੀ ਵਕਤ ਹਿਰਦਾ ਚੀਰ ਕੇ ਰਾਮ ਰਾਮ ਦਿਖਾ ਦੀਆ ਸੀ।

ਜੋ ਨਾ ਭਜੇ ਹਰਿ ਨਾਮ ਕੋ, ਹੈ ਸੋ ਮਰੇ ਸਮਾਨ॥
ਧੌਕਨੀ ਜਿਉ ਸੁਨਾਰ ਕੀ, ਲੈ ਸਾਸ ਬਿਨ ਪ੍ਰਾਣ॥

ਨਾਮ ਸਾਰੇ ਧਨਾਂ ਤੋਂ ਸ੍ਰੇਸ਼ਟ ਧਨ ਹੈ ਇਕ ਸ਼ਾਹੂਕਾਰ ਨੇ ਦਾਨ ਦਾ ਕੁੰਭ ਲਗਾਇਆ, ਸਭ ਜਾਚਕ ਦਾਨ ਲੈਣ ਵਾਸਤੇ ਗਏ, ਭਗਤ ਨਾਮਦੇਵ ਜੀ ਨਾ ਗਏ। ਸ਼ਾਹੂਕਾਰ ਨੇ ਬੇਨਤੀਆਂ ਵੀ ਭੇਜੀਆਂ, ਪਰ ਨਾ ਆਏ। ਆਖ਼ਰ ਆਪ ਚਰਨਾਂ ਵਿਚ ਹਾਜ਼ਰ ਹੋਇਆ। ਬੇਨਤੀ ਕੀਤੀ ਮਜਬੂਰ ਕਰਨ ਤੋਂ ਭਗਤ ਜੀ ਨੇ ਕਿਹਾ, ਇਕ ਕਾਗ਼ਜ਼ ਲਿਆਉ, ਕਾਗਜ਼ ਪਰ 'ਰਾ' ਅੱਖਰ ਪਾ ਦੀਆ ਅਤੇ ਇਸ ਬਰਾਬਰ ਸੋਨਾ ਤੋਲ ਲਿਆਉਣ ਲਈ ਬੇਨਤੀ ਕੀਤੀ। ਸ਼ਾਹੂਕਾਰ ਨੇ ਹੀਨਤਾ ਸਮਝੀ, ਭਗਤ ਜੀ ਨੇ ਕਿਹਾ ਸਾਨੂੰ ਇੱਛਾ ਨਹੀਂ ਆਪ ਕਾ ਬਚਨ ਹੀ ਪੂਰਾ ਕਰਨਾ ਸੀ। ਸ਼ਾਹੂਕਾਰ ਗਿਆ ਤੱਕੜੀ ਵਿਚ ਪਾ ਕੇ ਸੋਨਾ ਪਾ ਕੇ ਤੋਲਣ ਲੱਗਾ, ਸਾਰਾ ਸੋਨਾ ਤੋਲਿਆ ਗਿਆ ਪਰ 'ਰਾ' ਵਾਲਾ ਪਲੜਾ ਭਾਰੀ ਰਿਹਾ। ਆ ਕੇ ਖਿਮਾਂ ਮੰਗੀ। ਭਗਤ ਜੀ ਨੇ ਕਿਹਾ ਹਾਲਾਂ ਤਾਂ 'ਰਾ' ਹੀ ਲਿਖਿਆ ਹੈ 'ਮ' ਨਹੀਂ ਪਾਇਆ, ਇਸੇ ਕਰਕੇ ਸ਼ਾਹੂਕਾਰ ਜੀ

"ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥"

ਨਾਮ ਤੁਲਿ ਬ੍ਰਹਮ ਸਮਸਰਿ ਏਕ ਜੀਅ ਕਿਆ ਬਖਾਨੈ, ਹਾਂ ਕਿ ਬਲਿ ਬਲਿ ਬਲਿ ਸਦ ਬਲਿਹਾਰ॥

-o-

ਭਗਤਿ ਭੰਡਾਰ ਗੁਰਬਾਣੀ ਲਾਲ॥
ਗਾਵਤ ਸੁਨਤ ਕਮਾਵਤ ਨਿਹਾਲ॥ ੨॥

(ਪੰਨਾ ੩੭੬)

-o-

ਸਤਿਗੁਰਿ ਮੋ ਕਉ ਦੀਨੋ ਦਾਨੁ॥
ਅਮੋਲ ਰਤਨੁ ਹਰਿ ਦੀਨੋ ਨਾਮੁ॥
ਸਹਜ ਬਿਨੋਦ ਚੋਜ ਆਨੰਤਾ॥
ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ॥ ੧॥

ਕਹੁ ਨਾਨਕ ਕੀਰਤਿ ਹਰਿ ਸਾਚੀ॥
ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ॥ ੧॥ ਰਹਾਉ॥

(ਪੰਨਾ ੧੧੫੭)

-o-

ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ॥
ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ॥
ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ॥
ਨਾਮ ਬਿਨਾ ਧ੍ਰਿਗੁ ਜੀਵਣੁ ਮੂਆ॥੨॥
ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ॥
ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ॥
ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ॥
ਨਾਮ ਬਿਨਾ ਭ੍ਰਮਿ ਆਵੈ ਜਾਈ॥ ੩॥

(ਪੰਨਾ ੧੧੫੫)

ਨਾਮੁ ਜਪਤ ਸੋਊ ਜਨੁ ਉਧਰੈ ਜਿਸਹਿ ਉਧਾਰਹੁ ਆਪ॥
ਬਿਨਸਿ ਜਾਇ ਮੋਹ ਭੈ ਭਰਮਾ ਨਾਨਕ ਸੰਤ ਪ੍ਰਤਾਪ॥

(ਪੰਨਾ ੧੩੦੬)

੩.੬ ਪ੍ਰਭੂ ਦਾ ਅਦਬ

ਭਾਈ ਨੰਦ ਲਾਲ ਜੀ ਫ਼ਾਰਸੀ ਵਿਚ ਲਿਖਦੇ ਹਨ :

ਗਰ ਚਿਹ ਅਜ਼ ਸਰ ਤਾ ਬਪਾ ਮੌਲਾ ਬਵਦ॥
ਜ਼ਿੰਦਗੀ ਦਰ ਬੰਦਗੀ ਔਲਾ ਬਵਦ॥

ਅਰਥ :-ਭਾਵੇਂ ਸਿਰ ਤੋਂ ਪੈਰਾਂ ਤੀਕ ਮੌਲਾ ਹੋ ਜਾਵੇ ਪਰ ਜੀਵਨ ਬੰਦਗੀ ਵਿਚ ਹੀ ਸੋਭਦਾ ਹੈ।

੧. ਨਾਮਾਂ ਦੀ ਵਿਆਖਿਆ :

ਏਕੰਕਾਰ ਭੀ ਕਹਾ ਹੈ।

ਗੁਣ ਗੋਪਾਲ ਗਾਵਹੁ ਨਿਤ ਸਖੀਹੋ ਸਗਲ ਮਨੋਰਥ ਪਾਏ ਰਾਮ॥
ਸਫਲ ਜਨਮੁ ਹੋਆ ਮਿਲਿ ਸਾਧੂ ਏਕੰਕਾਰੁ ਧਿਆਏ ਰਾਮ॥

(ਪੰਨਾ ੭੮੨)

੨. ਨਿਰੰਕਾਰ ਭੀ ਕਹਾ ਹੈ :

ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥
ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥

(ਪੰਨਾ ੨੫੦

੩. ਓਅੰਕਾਰ ਨਾਮ ਭੀ ਲਿਖਿਆ ਹੈ :

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥
ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥
ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥

(ਪੰਨਾ ੯੨੯

੪. ਸੋਹੰ ਭੀ ਕਹਾ ਹੈ :

ਸੋਹੰ ਸੋ ਜਾ ਕਉ ਹੈ ਜਾਪ ॥ (ਪੰਨਾ ੧੧੬੨

੫. ਅਨੇਕ ਨਾਮ ਭੀ ਕਹੇ ਹੈਂ :

ਹਰਿ ਕੇ ਨਾਮ ਅਸੰਖ ਅਗਮ ਹਹਿ ਅਗਮ ਅਗਮ ਹਰਿ ਰਾਇਆ ॥
ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ ॥ ੧ ॥

(ਪੰਨਾ ੧੩੧

੬. ਨਿਰੰਜਨ ਭੀ ਕਿਹਾ ਹੈ :

ਨਾਮੁ ਨਿਰੰਜਨੁ ਉਚਰਾਂ ਪਤਿ ਸਿਉ ਘਰਿ ਜਾਂਈ ॥ (ਪੰਨਾ ੧੨੩੯

੭. ਸਤਿਨਾਮ ਭੀ ਕਿਹਾ ਹੈ :

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥

(ਪੰਨਾ ੬੭

੮. ਰਾਮ ਨਾਮ ਕਿਹਾ ਹੈ :-

ਕਲਜੁਗ ਮਹਿ ਰਾਮ ਨਾਮੁ ਹੈ ਸਾਰੁ ॥ (ਪੰਨਾ ੧੧੨੯

੯. ਹਰਿ ਹਰਿ ਨਾਮੁ ਭੀ ਹੈ :

ਹਰਿ ਹਰਿ ਨਾਮੁ ਸਦਾ ਜਪੁ ਜਾਪਿ॥ (ਪੰਨਾ ੧੧੪੩)
ਸਦਾ ਸਖਾਈ ਹਰਿ ਹਰਿ ਨਾਮੁ॥ (ਪੰਨਾ ੧੧੪੬)

੧੦. ਗੋਬਿੰਦ ਨਾਮ ਭੀ ਹੈ :

ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ॥ (ਪੰਨਾ ੮੧੧)

੧੧. ਗੋਪਾਲ ਭੀ ਨਾਮ ਹੈ :

ਰਾਮ ਨਾਮ ਜਪਤ ਗੋਪਾਲ॥

੧੨. ਮੁਕੰਦ ਨਾਮ ਹੈ :-

ਮੁਕੰਦ ਮੁਕੰਦ ਜਪਹੁ ਸੰਸਾਰ॥ (ਪੰਨਾ ੮੭੫)

੧੩. ਵਾਹਿਗੁਰੂ ਭੀ ਕਹਾ ਹੈ :-

ਵੇਮੁਹਤਾਜਾ ਵੇਪਰਵਾਹੁ॥ ਨਾਨਕ ਦਾਸ ਕਹਹੁ ਗੁਰ ਵਾਹੁ॥
(ਆਸਾ ਮ: ੫, ਪੰਨਾ ੩੭੬)

ਦੋਹਾ ਨਿਰਗੁਣ ਸਰਗੁਣ ਨਾਮ ਜੋ, ਵਾਹਿਗੁਰ ਤਿੰਨ ਮੇਰ॥
ਸਭ ਤੇ ਊਚਾ ਜਾਣੀਏ, ਲੇਤ ਨ ਕੀਜੈ ਦੇਰ॥

-o-

ਚੌਪਈ: ਅਖਰ ਮਧੁਰ ਮਨੋਹਰ ਚਾਰ, ਚਾਰ ਬੇਦ ਕੇ ਜਾਨਹੁੰ ਸਾਰ॥
ਚਾਰ ਬਰਨ ਕੋ ਹਰਨ ਬਿਕਾਰ, ਚਾਰ ਜੁ ਆਸ਼੍ਰਮ ਸੁਖਦ ਆਚਾਰ॥
ਚਾਰ ਮੁਕਤ ਕੇ ਇਹ ਦਰ ਚਾਰ, ਕਿਦਹੁ ਬਿਸ਼ਨ ਕੇ ਹੈ ਭੁਜ ਚਾਰ
ਚਾਰ ਉਪਦੇਸ਼ ਚਕ ਜੇ ਚਾਰ, ਚਾਰ ਅਵਸਥਾ ਮੇਂ ਸੁਖਕਾਰ॥
ਦੋਹਾ: ਨ੍ਰਿਪ ਵਿਵੇਕ ਕੇ ਸੈਨ ਮੇਂ ਸੈਨਾ ਪਤਿ ਚਾਰ॥
ਮੋਹ ਕਟਕ ਕੋ ਜੀਤ ਕੇ ਖਿਨ ਮਹਿ ਲੇਵਤ ਮਾਰ॥
ਚੌਪਈ: ਪ੍ਰੇਮ ਭਗਤ ਕੇ ਭੂਖਣ ਚਾਰ, ਲਖਣ ਗਿਆਨ ਕੋ ਲੋਚਨ ਚਾਰ॥
ਚਾਰ ਪਦਾਰਥ ਕੇ ਦਾਤਾਰ, ਚਾਰ ਜੁਗ ਤਿਨ ਮੇਂ ਗਤਿਕਾਰ॥
ਭਗਤ ਕੰਠ ਆਭਰਣ ਸੁਚਾਰ, ਜਿਹ ਛਬਿ ਦੋਨੋਂ ਲੋਕ ਉਚਾਰ॥
ਚਾਰ ਬਰਣ ਕੋ ਧਰਮ ਅਧਾਰ, ਚਾਰ ਵਰਣ ਉਹ ਕਵਿਣ ਬਿਸਾਰ॥

ਦੋਹਾ ਜੀਵ ਪ੍ਰਮਾਤਮ ਮੇਲਕੇ ਕਿਦਹੁ ਦੁਭਾਸੀ ਚਾਰ॥
ਗਾਹਕ ਜੇ ਅਪਵਰਗ ਕੇ ਭਲੇ ਦਲਾਲ ਵਿਚਾਰ॥
ਭਵ ਬੰਧਨ ਕੇ ਅਮਯ ਕੌ ਆਖੇ ਭੇਖਜ ਚਾਰ॥
ਭਰਮ ਤਮ ਕੌ ਸਮ ਭਾਨੁ ਕੇ ਦੇਵ ਸਪਦ ਉਹ ਟਾਰ॥
ਚੌਪਈ ਵਵਾ ਵਾਸਦੇਵ ਤੇ ਲੀਨੋ, ਹਰ ਬਿਸਨ ਤੇ ਹਾਹਾ ਕੀਨੋ॥
ਗਗਾ ਗੋਬਿੰਦ ਤੇ ਲੀਯ ਜਾਨੋ, ਰਾਰਾ ਰਾਮਚੰਦ ਮਨ ਮਾਨੋ॥
ਚਤੁਰ ਬਰਨ ਕੌ ਏਕ ਬਨਾਇਆ, ਫਲਦਾਇਕ ਇਹ ਅਧਿਕ ਸੁਹਾਇਆ॥
ਚਤੁਰ ਬਰਨ ਸਿਮਰਨ ਕੌ ਏਕੂ॥ ਉਰਧਾਰੇ ਜਿਸ ਹੋਤ ਵਿਵੇਕੂ॥

(ਵ) ਸਹਸਕ੍ਰਿਤੀ ਕਾ ਸਲੋਕ ਹੈ:

ਵਿਸ੍ਰੇਸੰ ਵਿਸ੍ਰਮਿਤੀ ਉਕੰ ਸੰਪਟੇ ਵਿਸ਼੍ਰ ਭੂਸ਼ਣੰ॥
ਵਿਸ਼੍ਰ ਸ੍ਰਯੰ ਬ੍ਰਹਮ ਤੇ ਪ੍ਰਣਵਦੀ ਦੀ ਨਮਾਮਯਹੰ॥ ੨॥
ਵਰਨਾ ਵਰਣ ਵਿਹੀਨਾਯ ਵੇਦ ਸਾਰ॥
ਪ੍ਰਵਰਤਕ ਵਿਸ੍ਰ ਸਵਰਗ ਮਹੀ ਧੀਸੰ ਵਕਾਰ ਤੰ ਨਮਾਮਯਹੰ॥

ਟੀਕਾ ਓਅੰਕਾਰ ਕਾ ਆਦਿ ਸਾਰੇ ਵਿਸਵ ਕਾ ਈਸ਼ਵਰ ਔਰ ਵਿਸ਼ਵ ਰੂਪ ਇ ਨਾਮ ਸੇ ਕਹਾ ਗਿਆ ਹੈ ਔਰ ਵਿਸ਼ਵ ਕੇ ਬੀਚ ਮੇਂ ਵਿਸ਼ਵ ਕਾ ਭੂਸ਼ਣ ਰੂਪ ਵਿਸ਼ਵ ਕ ਪ੍ਰਕਾਸ਼ਕ ਆਪ ਖੁਦ ਬ੍ਰਹਮ ਤਿਸ ਕੋ ਮੈਂ ਨਮਸਕਾਰ ਕਰਤਾ ਹੂੰ॥

(ਹ) ਸਹਸਕ੍ਰਿਤੀ ਕਾ ਸਲੋਕ ਹੈ:

ਹਰਿ ਹਰਾਇ ਸ੍ਰਯੰ ਬ੍ਰਹਮ ਹੰਸ ਬੋਧ ਪ੍ਰਕਾਸ਼ਕੰ॥
ਹਸਖਮਲ ਵਰਯ ਬੀਜ ਹਕਾਰੰ ਤੰ ਨਮਾਮਯਹੰ॥

ਟੀਕਾ : ਹਰਿ ਵਿਸ਼ਨ ਹਰ ਮਹਾਦੇਵ ਆਦਿ ਯੇ ਸ੍ਰਯੰ ਬ੍ਰਹਮ ਹੈ ਔਰ ਸ਼ੁਧ ਬੋਧ ਕ ਪ੍ਰਕਾਸ਼ਨ ਕਰਨੇ ਵਾਲਾ ਔਰ ਹੈ, ਯਾਨੇ ਪ੍ਰਸ਼ਿਧ ਸ, ਯਾਨੇ ਸੁਤੇ ਖ, ਯਾਨੇ ਆਕਾਸ਼ ਵ ਪੂਰਣ ਮ, ਯਾਨੇ ਮਾਇਆ ਲ, ਯਾਨੇ ਲੀਨ ਹੋਵੇ ਜਿਸ ਮੇਂ ਅਥਵਾ ਹਸਤਾਮਲਕ ਯਾ ਹਥ ਮੇਂ ਆਵਲੇ ਕੀ ਨਿਆਈ ਅਪਰੋਕਸ ਰੂਪ ਔਰ ਸਾਰੇ ਜਗਤ ਕਾ ਸ੍ਰੇਸ਼ਟ ਬੀਜ ਰੂ ਅਹੰਕਾਰ ਤਿਸਕੋ ਮੈਂ ਨਮਸਕਾਰ ਕਰਤਾ ਹੂੰ॥

(ਗ) ਸਹਸਕ੍ਰਿਤੀ ਕਾ ਸਲੋਕ ਹੈ:

ਗਿਆਨਾਰਕੰ ਗਿਰਾਧੀਸ਼ੰ ਗੋ ਅਤੀਤੰ ਸ੍ਰਚਛ ਸਾਖਿਣੰ
ਗਮਨਾਗਮਨ ਵਿਹੀਨਾਯ ਗਕਾਰੰ ਤੰ ਨਮਾਮਯਹੰ॥

ਟੀਕਾ : ਗਿਆਨ ਕਾ ਸੂਰਜ ਰੂਪ ਬਾਣੀ ਕਾ ਆਧਾਰ ਬਾਣੀ ਰਹਿਤ ਸ਼ੁਧ ਸਰਵ ਕਾ ਸਾਖੀ ਰੂਪ ਆਨੇ ਜਾਨੇ ਸੇ ਰਹਿਤ ਸਾਰੇ ਪਰੀਪੂਰਣ ਗਕਾਰ ਅਖਰ ਵਾਲੇ ਗੋਬਿੰਦ ਰੂਪ ਕੋ

ਮੈਂ ਨਮਸਕਾਰ ਕਰਤਾ ਹੂੰ।

(ਗ) ਸਹਸਕ੍ਰਿਤੀ ਕਾ ਸਲੋਕ ਹੈ:

ਰਾਮ ਬੀਜੰ ਸੁਰੇਸ੍ਰਯੰ ਦੈਵ ਦੈਤ ਯਾਭਿ ਬੰਧਿਤੰ॥
ਸਰਵਾਸ੍ਰਯ ਸਰਵਮਿਤਿ ਸ਼ਕਿਤ ਹਕਾਰੰ ਤ੍ਵੰ ਨਮਾਮਯਹੰ॥

ਟੀਕਾ ਰਾਮ ਬੀਜ ਵਾਲਾ ਦੇਵਤਾਉਂ ਕਾ ਈਸ਼ਵਰ ਦੇਵਤਾ ਦੈਂਤਯੋ ਕਰਕੇ ਨਮਸਕਾਰ ਕੇ ਲਾਇਕ ਸਰਵਾਧਾਰ ਸਰਵਰੂਪ ਸ਼ਕਤੀ ਵਾਲਾ ਰਕਾਰ ਅੱਖਰ ਵਾਲਾ ਜੋ ਰਾਮ ਤਿਸਕੋ ਮੈਂ ਨਮਸਕਾਰ ਕਰਤਾ ਹੂੰ।

ਸਹਸਕ੍ਰਿਤੀ ਕਾ ਸਲੋਕ ਹੈ:

ਇਤ ਯੇਵੰ ਮਹਾਵਰਣੰ ਭਾਵਨਾਯ ਮਹੂਰ ਮੁਹ: ਚਤੁਰ
ਵਰਗਾ ਫਲੰ ਦਾਸਯੇ ਸਿੱਧ ਏਵ ਨ ਸੰਸ਼ਯ: ॥

ਟੀਕਾ : ਇਸ ਪ੍ਰਕਾਰ ਬੜੇ ਵਰਣ ਵਾਲਾ ਜੋ ਵਾਹਿਗੁਰੂ ਨਾਮ ਹੈ ਉਸ ਕੋ ਬਾਰੰਬਾਰ ਚਿੰਤਨ ਕਰਨੇ ਸੇ ਧਰਮ ੧, ਅਰਥ ੨, ਕਾਮ ੩, ਮੋਕਸ਼ ੪, ਇਨ ਚਾਰੋਂ ਫਲੋਂ ਕੀ ਸਿੱਧੀ ਹੋਤੀ ਹੈ ਇਸ ਮੇਂ ਸੰਦੇਹ ਨਹੀਂ। ਚਾਰੋਂ ਅੱਖਰ ਏਕ ਕਰ ਵਾਹਿਗੁਰੂ ਜਪ ਮੰਤ੍ਰ ਜਪਾਵੈ।

-o-

੧੪. ਨਾਰਾਇਣ ਨਾਮ ਭੀ ਕਿਹਾ ਹੈ-

ਨਾਮੁ ਨਿਰੰਜਨੁ ਨੀਰਿ ਨਰਾਇਣ॥
ਰਸਨਾ ਸਿਮਰਤ ਪਾਪ ਬਿਲਾਇਣ॥

(ਪੰਨਾ ੮੬੭)

੧੫. ਸਹੰਸਰ ਨਾਮ ਭੀ ਕਹੇ ਹੈਂ :-

ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ॥ ਮਧੁਸੂਦਨ ਦਾਮੋਦਰ ਸੁਆਮੀ॥

(ਪੰਨਾ ੧੦੮੨)

ਜਿਵੇਂ ਸਮੁੰਦਰ ਮੇਂ ਬੇਅੰਤ ਬੇੜੀਆਂ ਹੋਤੀ ਹੈਂ, ਜਿਸ ਭੀ ਬੇੜੇ ਬੇੜੀ ਵਿਚ ਬੈਠੇਗਾ ਪਾਰ ਹੋ ਜਾਵੇਗਾ। ਸ੍ਰੀ ਗੁਰੂ ਗਰੰਥ ਸਾਹਿਬ ਜੀ ਮੇਂ ਬੇਅੰਤ ਨਾਮ ਲਿਖੇ ਹੈਂ, ਜਿਸ ਨਾਮ ਨੂੰ ਅਧਿਕਾਰੀ ਸ਼ਰਧਾ ਨਾਲ ਜਪੇਗਾ ਔਰ ਹਿਰਦੇ ਮੇਂ ਪ੍ਰਣ ਕਰ ਲਵੇਗਾ ਬੇੜਾ, ਪਾਰ ਹੋ ਜਾਵੇਗਾ।

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥

(ਪੰਨਾ ੨੮੭)

ਉਤਮ ਵਾਸਤੇ ਨਾਮ ਯਾਨੇ ਨਿਰਗੁਣ ਦਾ ਗਿਆਨ, ਯਾਨੇ ਅਭੇਦ ਚਿੰਤਨ ਨਾਮ ਕਾ ਅਰਥ ਹੈ, ਮਧਮੋਂ ਵਾਸਤੇ ਧਿਆਨ ਯਾਨੇ ਪ੍ਰਤੀਕ ਉਪਾਸ਼ਨਾ ਅਰ ਅਹੰਗਰੇ ਧਿਆਨ ਯੇ ਤੀਨੋਂ ਧਿਆਨ ਨਾਮ ਕੇ ਅਰਥ ਹੈਂ।

ਕਨਿਸ਼ਟੋ ਵਾਸਤੇ ਸਿਮਰਨ ਯਾਨੇ ਰਸਨਾ ਕਾ ਜਾਪ ਹਿਰਦੇ ਜਪਨੀ ਔਰ ਅਜਪਾ ਜਾਪ ਹੈ। ਯੇ ਪਹਿਲੇ ਤੀਨੋਂ ਜਾਪ ਨਾਮ ਕੇ ਅਰਥ ਹੈਂ। ਦੋ ਪ੍ਰਕਾਰ ਕੀ ਭਗਤੀ ਹੈ-ਪਗ ਯਾਨੇ ਅਨੰਨਯ ਭਗਤੀ ਨਿਰੰਤਰ ਇਕ ਰਸ। ਉਸਕਾ ਏਕ ਗਿਆਨੀ ਹੀ ਅਧਿਕਾਰੀ ਹੋ ਸਕਦਾ ਹੈ। ਅਪਰਾ ਜਾਨੇ ਵਿਰਲ ਭਗਤੀ ਇਸ ਕਾ ਅਧਿਕਾਰੀ ਜਗਿਆਸੂ, ਅਰਥਾਰਥੀ, ਆਤੁਰ ਸਭੀ ਹੈਂ।

ਕਬੀਰ ਆਧੀ ਸਾਖ ਯਹ, ਕੋਟ ਗ੍ਰੰਥ ਜਾਨ॥
ਨਾਮ ਸਤ ਜਗ ਝੂਠ ਹੈ, ਸੁਰਤ ਸ਼ਬਦ ਪਹਿਚਾਨ॥

ਅਰਥ :-ਆਪੇ ਦੋਹੇ ਵਿਚ ਕਰੋੜੋਂ ਗਰੰਥੋਂ ਕਾ ਨਿਚੋੜ ਦਸਦੇ ਹੂਏ ਕਬੀਰ ਸਾਹਿਬ ਕਹਤੇ ਹੈਂ ਮਾਲਕ ਕਾ ਨਾਮ ਹੀ ਸਤ ਹੈ, ਸਭ ਸੰਸਾਰ ਮਿਥਿਆ ਔਰ ਅਸਤ ਹੈ। ਸੁਰਤ ਸਬਦ ਸੇ ਜੁਦਾ ਹੋ ਕਰ ਦੁਖੀ ਹੋ ਰਹੀ ਹੈ। ਜਬ ਤਕ ਸ਼ਬਦ ਨਹੀਂ ਪਹਿਚਾਨੇਗੀ ਸ਼ਬਦ ਸੇ ਨਹੀਂ ਮਿਲੇਗੀ, ਤਬ ਤੱਕ ਸੱਚਾ ਸੁਖ ਤੇ ਸੱਚੀ ਸ਼ਾਂਤੀ ਨਹੀਂ ਮਿਲ ਸਕਦੀ, ਸ਼ਬਦ ਦੀ ਪਹਿਚਾਣ ਬਿਨਾਂ ਦੁਨਿਆਵੀ ਪਦਾਰਥ ਅਸਤ ਨਜ਼ਰ ਨਹੀਂ ਆ ਸਕਦੇ, ਇਨ੍ਹਾਂ ਦਾ ਮੋਹ ਨਹੀਂ ਟੂਟ ਸਕਤਾ। ਸੁਰਤ ਕੇ ਸ਼ਬਦ ਮੇਂ ਯਹ ਭੇਦ ਖੁਲ੍ਹੇਗਾ, ਇਸੀ ਕੋ ਸੁਰਤ ਸ਼ਬਦ ਕਾ ਜੋਗ ਕਹਤੇ ਹੈਂ।

੪.੭ ਨਾਮ ਜਪਣ ਵਾਲਿਆਂ ਕਾ ਪ੍ਰਭੂ ਆਪ ਪਹਿਰੇਦਾਰ ਹੈ !

ਫੌਜ ਵਿਚ ਮਹਾਰਾਜ ਬਾਬਾ ਕਰਮ ਸਿੰਘ ਸਾਹਿਬ ਜੀ ਹੋਤੀ ਮਰਦਾਨ ਵਾਲੇ ਡਿਊਟੀ ਸੇ ਵਿਹਲੇ ਹੋ ਕਰ ਆਤਮ ਚਿੰਤਨ ਕੀਆ ਕਰਤੇ। ਏਕ ਸਮੇਂ ਮੇਂ ਐਸਾ ਲੀਨ ਹੋਏ ਅਗਲੇ ਦਿਨ ਤੱਕ ਸਮਾਧੀ ਨਾ ਖੁਲ੍ਹੀ, ਨੌਕਰੀ ਮੇਂ ਹਾਜ਼ਰੀ ਨਾ ਦੇ ਸਕੇ। ਚੁਗਲ ਨੇ ਚੁਗਲੀ ਉਗਲੀ, ਪ੍ਰਭੂ ਨੇ ਆਪ ਸਮੇਂ ਸਿਰ ਹੋ ਕੇ ਬਾਬਾ ਜੀ ਦਾ ਸਰੂਪ ਧਾਰ ਕੇ ਪਹਿਰਾ ਦੀਆ। ਆਪ ਸਮਾਧੀ ਖੁਲ੍ਹਨੇ ਪਸ਼ਚਾਤ ਆਪਣੇ ਮਾਲਕ ਪਾਸ ਆਏ ਅਤੇ ਖਿਮਾਂ ਮੰਗੀ। ਸਾਹਿਬ ਨੇ ਕਿਹਾ ਕਰਮ ਸਿੰਘ ਖਿਮਾਂ ਕਾਹੇ ਕੀ। ਆਪ ਨੇ ਗੈਰ-ਹਾਜ਼ਰੀ ਕਾ ਸਮਾਚਾਰ ਬਤਾਇਆ। ਸਾਹਿਬ ਨੇ ਦਸਿਆ ਕਿ ਆਪ ਤਾਂ ਆਪਣਾ ਫਰਜ਼ ਨਿਭਾ ਕੇ ਗਏ ਹੋ। ਮਲੂਮ ਹੋ ਗਿਆ ਕਿ ਪ੍ਰਭੂ ਆਪ ਖ਼ਿਦਮਤ ਕਰ ਗਏ। ਨਾਮ ਕੱਟਣ ਲਈ ਕਿਹਾ, ਸਾਹਿਬ ਨਾ ਮੰਨਿਆ। ਆਪ ਨੇ ਕਿਹਾ ਮੇਰਾ ਨਾਮ ਆਪ ਕੀ ਲਿਖਤ ਮੇਂ ਨਹੀਂ ਹੈ, ਐਸਾ ਹੀ ਹੂਆ। ਸਾਹਿਬ ਨੇ ਲਾਲਚ ਭੀ ਦੀਆ ਮਾਨੇ ਨਹੀਂ ਅਤੇ ਕਿਹਾ ਅਬ ਝੂਠੇ ਸਾਹਿਬ ਕੀ ਨੌਕਰੀ ਨਹੀਂ ਕਰੂੰਗਾ, ਸੱਚੇ ਸਾਹਿਬ ਕੀ ਨੌਕਰੀ ਕਰਾਂਗਾ, ਜਿਸ ਨੇ ਮੇਰੇ ਥਾਂ ਆਪ ਫੌਜੀ ਲਿਬਾਸ ਧਾਰ ਕੇ ਪਹਿਰਾ ਦੀਆ

ਹੈ, ਸੋ ਨਾਮ ਜਪਣ ਵਾਲਿਆਂ ਦੀ ਆਪ ਹੀ ਲਾਜ ਰਖਦਾ ਹੈ।

ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ॥

(ਪੰਨਾ ੬੩੭)

੪.੮ ਗੁਰਸਿੱਖ ਦੀ ਨਿੱਤ ਕਿਰਿਆ

ਅੰਮ੍ਰਿਤ ਵੇਲੇ ਤਿੰਨ ਵਜੇ ਜਾਂ ਚਾਰ ਵਜੇ ਜਾਗ ਕਰ ਸੌਚ ਕਿਰਿਆ ਕਰਕੇ ਦਾਤਣ ਕਰੇ, ਦਾਤਣ ਕਿੱਕਰ ਜਾਂ ਹੋਰ ਅਨੁਕੂਲ ਬਿਰਛ ਕੀ ਸਵਾ ਗਿੱਠ ਲੰਬੀ ਹੋਵੇ ਰੋਜ਼ਾਨਾ ਕਰਨੀ, ਕੁਰਲਾ ਕਰਕੇ ਇਸ਼ਨਾਨ ਸਹਿਤ ਕੇਸੀ ਜਾਂ ਮੌਕੇ ਮੁਤਾਬਿਕ ਨਿਰਾ ਇਸ਼ਨਾਨ ਹੀ ਕਰੇ। ਇਸ਼ਨਾਨ ਸਮੇਂ :-

੧. *ਰਾਮਦਾਸ ਸਰੋਵਰਿ ਨਾਤੇ॥* (ਪੰਨਾ ੬੨੫)
੨. *ਗੁਰ ਸਤਿਗੁਰ ਕਾ ਜੋ ਸਿਖੁ ਅਖਾਏ॥* (ਪੰਨਾ ੩੦੫)
੩. *ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ॥* (ਪੰਨਾ ੬੧੧)
੪. *ਗੁਰ ਕਾ ਸਬਦਿ ਰਖਵਾਰੇ॥* (ਪੰਨਾ ੬੨੬)
੫. *ਊਠਤ ਸੁਖੀਆ ਬੈਠਤ ਸੁਖੀਆ॥* (ਪੰਨਾ ੧੧੩੬)

ਸ਼ਬਦ ਪੜ੍ਹ ਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਸੰਪੂਰਨ ਕਰੇ, ਪੂਰੀ ਸ਼ੁੱਧੀ ਨਾਲ ਪਾਠ ਪੜ੍ਹਨਾ।

ਫੇਰ ਭੂਮਿ ਆਸਣ ਕਰਕੇ ਭਜਨ ਕਰਨਾ, ਆਸਣ ਵਿਧੀ ਨੀਚੇ ਸਾਦਾ ਬਸਤਰ ਵਿਛਾ ਕੇ ਉਪਰ ਕੰਬਲ ਹੋ ਸਕੇ ਤਾਂ ਸ਼ੇਰਸ਼ਾਲਾ ਜਾਂ ਮ੍ਰਿਗਸ਼ਾਲਾ ਬਿਛਾ ਲੈਣੀ, ਉਪਰ ਸਫੈਦ ਰੰਗ ਦਾ ਬਸਤਰ ਬਿਛਾ ਲੈਣਾ। ਨਹੀਂ ਤਾਂ ਊਨੀ ਬਸਤਰ ਉਪਰ ਸਫੈਦ ਸੂਤੀ ਬਸਤਰ ਹੀ ਕਾਫੀ ਹੈ। ਇਕ ਤੇ ਸਧਾਰਣ ਧੂਪ ਤੌਰ ਦਾ ਜਾਪ ਹੈ, ਜੇ ਵਿਸ਼ੇਸ਼ ਤੌਰ ਤੇ ਕਰਨਾ ਹੋਵੇ ਤਾਂ ਜੋਤ ਗੌਕੇ ਘੀ ਦੀ, ਨਹੀਂ ਤਾਂ ਮਾਝੇ ਘੀ ਦੀ ਬਾਲ ਲਵੇ, ਜਲ ਪਾਸ ਹਮੇਸ਼ਾ ਰਖੇ, ਧੂਪ ਸਮਗ੍ਰੀ ਦਾ ਵਰਤੇ, ਕੋਇਲੇ ਬੇਰੀ ਦੀ ਲੱਕੜ ਜਾਂ ਪਲਾਸ (ਢਕ) ਦੀ ਲੱਕੜ ਵਰਤੇ, ਅੱਗੇ ਸਮੇਂ ਅਨੁਸਾਰ ਵਿਚਾਰ ਲੈਣੀ।

੪.੯ ਸਮਗ੍ਰੀ ਦੇ ਧੂਪ ਦਾ ਨੁਕਸਾ

ਧੂਪ ਗੀਗੀ, ਚਾਰੇ ਮੇਵੇ, ਦੋਨੋਂ ਚੰਦਨ, ਦੋਨੋਂ ਤਿਲ, ਦੋਨੋਂ ਲਾਚੀਆਂ, ਦੋਨੋਂ ਜੌਂ, ਦੋਨੋਂ ਸਪਾਰੀਆਂ, ਖਸ, ਚਬ, ਧੂਪ ਲੱਕੜੀ ਤੁਲਸੀ ਪੱਤ੍ਰ, ਤੇਜ ਪੱਤ੍ਰ, ਭੋਜ ਪੱਤ੍ਰ, ਛਾਮੋਤੀਆ, ਲੌਂਗ, ਨੇਤ੍ਰ ਬਾਲਾ, ਸੁਗੰਧ ਬਾਲਾ, ਕੇਸਰ ਹੋ ਸਕੇ ਤਾਂ ਥੋੜੀ ਕਸਤੂਰੀ ਭੀ

ਮਿਲਾ ਦੇਵੇ। ਆਸਣ ਪਰ ਬੈਠਣ ਲੱਗਿਆਂ ਸਾਰੀ ਸਮਗ੍ਰੀ ਤਿਆਰ ਕਰ ਲੈਣੀ, ਪੂਰਬ ਵੱਲ ਮੁੱਖ ਕਰਕੇ ਜਾਂ ਧਰੂਅ ਵਾਲੇ ਪਾਸੇ ਬੈਠ ਕਰ ਭਜਨ ਸ਼ੁਰੂ ਕਰਨਾ ਪ੍ਰਾਰੰਭਤਾ ਦੀ ਅਰਦਾਸ ਕਰਨੀ, ਹੇ ਸਤਿਗੁਰੂ ਬਿਘਨਾਂ ਦੀ ਨਵਿਰਤੀ ਕਰੋ, ਫੇਰ ਆਸਣ ਦਾ ਜਾਪ ਕਰਨਾ।

੧. *ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥*

(ਪੰਨਾ ੨੦੧)

ਸ਼ਬਦ ਪੜ੍ਹੋ, ਫੇਰ :

੨. *ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥* (ਪੰਨਾ ੯੧)

੩. *ਤਾਤੀ ਵਾਉ ਨਾ ਲਗਈ॥* (ਪੰਨਾ ੮੧੯)

ਪੜ੍ਹ ਕਰ ਪਾਠ ਪ੍ਰਾਰੰਭ ਕਰਨਾ।

ਮੰਤਰ ਪੜ੍ਹ ਕੇ ਹੋਮ ਕਰਨ ਵੇਲੇ ਸਿੱਧੀ ਤਲੀ ਧੂਪ ਪਾਉਣਾ, ਪੁੱਠੀ ਤਲੀ ਕਰਕੇ ਨਹੀਂ ਪਾਉਣਾ।

੪.੧੦ ਆਸਣੁ

ਆਸਣ ਚੌਰਾਸੀ ਪ੍ਰਕਾਰ ਦੇ ਹਨ, ਪਰ ਇਨ੍ਹਾਂ ਵਿਚੋਂ ਦੋ ਆਸਣ ਪ੍ਰਧਾਨ ਹਨ ਪਦਮ ਤੇ ਸਿਧ ਆਸਣ। ਪਦਮ ਆਸਣ ਯਤੀ ਪੁਰਸ਼ਾਂ ਕਾ ਹੈ, ਸਿੱਧ ਆਸਣ ਇਸਤ੍ਰੀ, ਮਰਦ, ਬਾਲਕ, ਜਵਾਨ ਸਭ ਲਈ ਸੁਗਮ ਹੈ। ਖੱਬੀ ਲੱਤ ਉਪਰ ਸੱਜੀ ਲੱਤ ਰੱਖ ਕਰ ਬੈਠਣਾ। ਭਾਵ ਖੱਬੀ ਲੱਤ ਕੀ ਪਿੰਨੀ ਉਪਰ ਸੱਜਾ ਚਰਨ ਧਰ ਕਰ ਬੈਠਨਾ। ਨਿਰਣੇ ਲਈ ਕਿਸੇ ਮਹਾਤਮਾ ਤੋਂ ਪੁਛ ਲੈਣਾ।

੪.੧੧ ਜਾਪ

੩੨ ਮਾਲਾ ੧੦੮ ਮਨਕਿਆਂ ਵਾਲੀਆਂ ਰੋਜ਼ ਕੀਤੀਆਂ ਜਾਣ, ੪੦ ਦਿਨ ਮੇਂ ਸਵਾ ਲੱਖ ਪਾਠ ਹੋ ਜਾਤਾ ਹੈ। ਇਸ ਪ੍ਰਕਾਰ ਪੰਜ ਚਾਲੀਸੇ ਕੀਤੇ ਜਾਣ ਬੜੀ ਚੰਗੀ ਗੱਲ ਹੈ। ਇਸ ਵਿਚ ਭੋਜਨ ਇਕ ਵੇਲੇ ਖਾਣਾ, ਦੋ ਵੇਲੇ ਜਲ ਪਾਣੀ, ਰੁੱਤ ਅਨੁਸਾਰ ਕਬਜ਼ ਤੋਂ ਸਨਾਹਪਤੀ ਵਰਤਣੀ, ਕਿਸੇ ਦੇ ਮੱਥੇ ਨਹੀਂ ਲਗਣਾ, ਅੰਦਰ ਗੁਪਤ ਰਹਿ ਕਰ ਇਕਾਂਤ ਦੇਹ ਮੇਂ ਭਜਨ ਕਰਨਾ, ਮੋਨ ਧਾਰਨਾ, ਸਦ ਗ੍ਰੰਥਾਂ ਦਾ ਪੜ੍ਹਨਾ, ਨੀਂਦ ਭੁੱਖ ਤੇ ਕਾਬੂ ਪਾਉਣਾ, ਬ੍ਰਹਮੁਚਰਜ ਧਾਰਨ ਕਰਨਾ, ਜੰਗਲ ਪਾਣੀ ਤੋਂ ਬਾਦ ਇਸ਼ਨਾਨ ਬਸਤ੍ਰ ਬਦਲ ਕੇ ਸਾਧਨ ਵਿਚ ਜੁੱਟਣਾ। ੩ ਘੰਟੇ ੩੯ ਮਿੰਟ ਦੀ ਇਕ ਸਮਾਧੀ ਹੈ।

ਨੋਟ : ਸਾਰਨਾ ੩ ਮਾਸ਼ੇ ਤੋਂ ਅੱਧਾ ਤੋਲਾ ਤੀਕ ਦੁਧ ਗਰਮ ਸਾਥ ਰਾਤ ਕੋ ਸੋਤੇ ਵਕਤ ਵਰਤੇ। ਕਬਜ਼ ਕਾ ਰੋਗ ਕਦੇ ਭੀ ਨਾ ਹੋਣ ਦੇਵੇ। ਬਿਬੇਕ ਬੈਰਾਗ ਅਵਸਥਾ ਨੂੰ ਧਾਰਨਾ,

ਸਦਾ ਹੀ ਮਨ ਬਾਣੀ ਸਰੀਰ ਕਰਕੇ ਸਵੱਸ਼ ਰਹਿਣਾ, ਹੋਣ ਵਾਲੇ ਚਮਤਕਾਰ ਨੂੰ ਜਰਨਾ ਅਤੇ ਕਿਸੇ ਪਾਸ ਨਾ ਕਹਿਣਾ, ਵਰ ਸ੍ਰਾਪ ਤੋਂ ਰਹਿਤ ਹੋਣਾ, ਦੂਸਰਾ ਜੋ ਲੋਗ ਐਸਾ ਨਿਯਮ ਨਹੀਂ ਕਰ ਸਕਦੇ ਉਹ ਖੁਲ੍ਹਾ ਹੀ ਆਸਣ ਲਾ ਕੇ ਸਮੱਗਰੀ ਤੋਂ ਬਿਨਾਂ ਵੀ ਜਾਪ ਕਰ ਸਕਦੇ ਹਨ। ਇਕੱਲੀ ਰੋਟੀ ਵੀ ਭੁੱਖ ਮਿਟਾ ਦੇਤੀ ਹੈ ਪਰ ਜਿਤਨੇ ਪਦਾਰਥ ਮਿਲਤੇ ਜਾਏਂਗੇ ਰਸ ਸੁਆਦ ਵੱਧਦਾ ਜਾਏਗਾ, ਇਸੇ ਤਰ੍ਹਾਂ ਨਾਮ ਤੋਂ ਬਿਨਾਂ ਸਭ ਸਾਧਨ ਸਿਫਰ ਹਨ, ਪਰ ਜਿਵੇਂ ਜਿਵੇਂ ਨਾਮ ਨਾਲ ਮਿਲਦੇ ਜਾਏਂਗੇ ਕੀਮਤ ਵਧਦੀ ਜਾਏਗੀ। ਜਾਪ ਵੇਲੇ ੧ੴ ਤੋਂ ਗੁਰ ਪ੍ਰਸਾਦਿ ਤੀਕ ਮੂਲ ਮੰਤਰ ਪੜ੍ਹਨਾ, ਇਥੋਂ ਤਾਈਂ ੩੬ ਅੱਖਰ ਹਨ। ਜੇ ਕੋਈ ਹੋਸੀ ਭੀ ਸੱਚ ਤਕ ਪੜ੍ਹੇ ਤਾਂ ਕੋਈ ਹਰਜ ਨਹੀਂ, ਮਿਸਰੀ ਹਰ ਪਾਸੇ ਤੋਂ ਮਿੱਠੀ ਹੁੰਦੀ ਹੈ। ਐਸੇ ਨਾਮ ਦਾ ਸਵਾਦ ਹੈ ਗੁਰਪ੍ਰਸਾਦਿ ਤੱਕ ਨੰਗੀ ਤਲਵਾਰ ਹੈ ਆਦਿ ਸਚੁ ਤੋਂ ਹੋਸੀ ਭੀ ਸਚੁ-ਇਸਦਾ ਕਵਚ ਮਿਆਨ ਹੈ। ਨੰਗੀ ਤਲਵਾਰ ਲੈ ਕੇ ਸੂਰਮਾ ਹੀ ਘੁੰਮ ਸਕਦਾ ਹੈ। ਮਿਆਨ ਨਾਲ ਬਾਲਕ ਅਨਜਾਨ ਭੀ ਘੁੰਮ ਸਕਦਾ ਹੈ। ਗੁਰਪ੍ਰਸਾਦਿ ਤੱਕ ਬ੍ਰਹਮ ਦਾ ਪੂਰਨ ਤੇਜ ਹੈ, ਜਾਪ ਵੇਲੇ ਹਰੇਕ ਜਰ ਨਹੀਂ ਸਕਦਾ, ਹੋਸੀ ਭੀ ਸਚੁ ਤੱਕ ਕਰਨ ਨਾਲ ਅਗਿਆਨੀ ਨੂੰ ਸੁਖ ਹੈ।

ਕੋਈ ਬਿਘਨ ਨਹੀਂ ਭਾਸਦਾ, ਉਂਜ ਗੁਰਪ੍ਰਸਾਦਿ ਵਾਲਾ ਤੇਜ ਜਰ ਲਿਆ ਜਾਵੇ ਤਾਂ ਵਧੇਰੇ ਸੂਰਬੀਰਤਾ ਹੈ, ਕਿਉਂਕਿ ਦੁਸ਼ਮਨ ਨਾਲ ਜੂਝਣ ਸਮੇਂ ਤਾਂ ਨੰਗੀ ਤਲਵਾਰ ਹੀ ਕਾਰਜ ਕਰੇਗੀ। ਉਂਜ ਮਹਾਤਮਾ ਲੋਕ ਗੁਰਪ੍ਰਸਾਦਿ ਤੀਕ ਹੀ ਜਾਪ ਕਰਦੇ ਕਰਵਾਂਦੇ ਹਨ। ਜੇ ਵਾਹਿਗੁਰੂ ਮੰਤਰ ਦਾ ਜਾਪ ਕਰਨਾ ਹੋਵੇ ਤਾਂ ਸਵਾਸ ਦੇ ਬਾਹਰ ਕੱਢਦਿਆਂ ਵਾਹ ਸ਼ਬਦ ਕਹਿਣਾ ਅਤੇ ਅੰਦਰ ਸਾਂਸ ਖਿਚਦਿਆਂ ਗੁਰੂ ਸ਼ਬਦਿ ਕਹਿਣਾ, ਇਹ ਸਵਾਸਾਂ ਦਾ ਭਜਨ ਹੈ। ਇਹ ਜੁਗਤੀਆਂ ਸਿਆਣਿਆਂ ਤੋਂ ਸਮਝਣ ਗੋਚਰ ਹਨ, ਇਸ ਲਈ ਇਨ੍ਹਾਂ ਦਾ ਲਿਖਣਾ ਪੂਰਨ ਸਫਲਤਾ ਨਹੀਂ ਬਖਸ਼ਦਾ।

੪.੧੨. ਧਿਆਨ :-

ਤ੍ਰਿਕੁਟੀ ਵਿਚ ਜਾਂ ਨੱਕ ਦੀ ਕੂੰਬਲੀ ਤੇ ਕਰਨਾ ਥੋੜੀ ਦੇਰ ਬਾਦ ਇਕਾਗ੍ਰਤਾ ਹੋਣ ਲੱਗੇਗੀ, ਨੱਕ ਵਿਚੋਂ ਸਰੀਰ ਵਿਚੋਂ ਵਾਸ਼ਨਾ ਆਉਣ ਲੱਗੇਗੀ, ਜ਼ਬਾਨ ਵਿਚੋਂ ਮਿੱਠਾ ਮਿੱਠਾ ਸਵਾਦ ਆਵੇਗਾ। ਸਿਮਰਨ ਦੁਆਰਾ ਸੰਚੇ ਕੀਤੇ ਧਨ ਦਾ ਨਾਮ ਜੋਗ ਹੈ, ਇਹ ਫਰਜ਼ ਸਾਧਕ ਦਾ ਹੈ, ਰੱਖਿਆ ਕਰਨੀ ਆਤਮਾ ਧਨ ਦੀ ਇਸ ਨੂੰ (ਕਸੇਸ਼) ਜਾਂ ਖੇਮ ਕਹਤੇ ਹੈਂ। ਇਹ ਕਾਰਜ ਪ੍ਰਭੂ ਦਾ ਹੈ, ਅਰਦਾਸ ਕਰਨੀ ਹੈ ਕਿ ਹੇ ਪ੍ਰਮਾਤਮਾ ਮੇਰੇ ਬਿਘਨਾਂ ਦੀ ਨਵਿਰਤੀ ਕਰਕੇ ਨਾਮ ਰੂਪੀ ਧਨ ਦੀ ਰੱਖਿਆ ਕਰੋ ਅਤੇ ਸਫਲਤਾ ਬਖਸ਼ੋ, ਵਿਕਾਰਾਂ ਤੋਂ ਮਨ ਬੁੱਧੀ ਨੂੰ ਰਹਿਤ ਕਰੋ, ਚਾਲੀਸੇ ਦੇ ਆਦਿ ਮੱਧ ਅੰਤਿ ਵਿਚ ਦੇਸੀ ਘਿਉ ਦੀਆਂ ਤਿੰਨ ਦੇਗਾਂ ਦੇਣੀਆਂ, ਤਿੰਨ ਪਾਉ ਘਿਉ ਮੁਤਾਬਿਕ ਰਸਦ ਅਨੁਸਾਰ ਦੇਗ ਕਰਨੀ, ਪਹਿਲੇ ਸ਼ੁਰੂ ਕਰਨ ਵੇਲੇ ਮੱਧ ਦੇ ਅੰਤ ਅਤੇ ਸਮਾਪਤੀ ਤੋਂ ਬਾਦ ਸਮੁੱਚੀ ਅਰਦਾਸ ਤੇ ਹੋ ਸਕੇ ਸਾਧਸੰਗਤ

ਦੁਆਰਾ ਬਾਣੀ ਦਾ ਪ੍ਰਕਾਸ਼ ਕਰਕੇ ਲੰਗਰ ਦੀਵਾਨ ਸਜਾਉਣਾ, ਪ੍ਰਕਾਸ਼ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਰੋਜ਼ਾਨਾ ਕਰਨਾ, ਨਾ ਹੋ ਸਕੇ ਤਾਂ ਮਨ ਵਿਚ ਹੀ ਬਾਣੀ ਦਾ ਧਿਆਨ ਕਰਨਾ। ਜੇ ਵਾਹਿਗੁਰੂ ਸ਼ਬਦ ਦਾ ਅਭਿਆਸ ਸਮਗ੍ਰੀ ਦੁਆਰਾ ਕਰਨਾ ਹੋਵੇ ਤਾਂ ਦਿਨ ਵਿਚ ਤਿੰਨ ਵਾਰ ੬ ਹਜ਼ਾਰ ਹਰ ਵਾਰੀ ਜਾਪ ਕਰਨਾ, ਅੰਮ੍ਰਿਤਧਾਰੀ ਲਈ ਪੰਜ ਬਾਣੀਆਂ ਅੰਮ੍ਰਿਤ ਵੇਲੇ, ਪੰਜਾਂ ਕਕਾਰਾਂ ਦੀ ਰਹਿਤ ਵਿਚ ਦ੍ਰਿੜ੍ਹ, ੪-ਬੱਜਰ ਕੁਰਹਿਤਾਂ, ਨਿੰਦਾ ਚੁਗਲੀ ਤੋਂ ਪ੍ਰਹੇਜ਼, ਸ਼ਾਮ ਨੂੰ ਰਹਿਰਾਸ ਸਾਹਿਬ, ਆਰਤੀ, ਕੀਰਤਨ ਸੋਹਿਲੇ ਜੀ ਦਾ ਪਾਠ ਕਰਕੇ ਬਿਰਾਜਣਾ, ਮੱਸਿਆ, ਪੁੰਨਿਆਂ, ਸੰਗਰਾਂਦ ਦੇਗ ਕਰਵਾਣੀ, ਗਰੀਬ ਦੀ ਭੇਟ ਸ਼ਰਧਾ ਹੈ। ਸਰੀਰ ਦੁਆਰਾ ਝਾੜੂ ਬਹਾਰੂ ਲੰਗਰ ਦੀ ਸੇਵਾ ਕਰੇ। ਮਾਨਸਿਕ ਤਰੱਕੀ ਲਈ ਅਪਾਹਜਾਂ, ਲੰਗੜਿਆਂ, ਲੂਲਿਆਂ ਨੂੰ ਦਾਨ ਦੇ ਕੇ ਸੰਗਤ ਦੀ ਸੇਵਾ ਤੋਂ ਅਸ਼ੀਰਵਾਦ ਪ੍ਰਾਪਤ ਕਰੇ।

ਨੋਟ : ਤਿੰਨ ਵਾਰੀ ੬-੬ ਹਜ਼ਾਰ ਵਾਹਿਗੁਰੂ ਮੰਤਰ ਜਪੀਏ ਤਾਂ ਸਾਰਾ ਜਾਪ ੧੮੦੦੦ ਵਾਰੀ ਹੋ ਜਾਂਦਾ ਹੈ। ਸਾਲ ਵਿਚ ਦੋ ਅਖੰਡ ਪਾਠ ਸਾਹਿਬ ਜਾਂ ਸਹਿਜ ਪਾਠਾਂ ਦੇ ਗ੍ਰਹਿ ਵਿਖੇ ਪਾਠ ਕਰਵਾ ਕੇ ਕੀਰਤਨ ਕਥਾ ਕਰਵਾਏ, ਦਸਵੰਧ ਕਿਰਤ ਦਾ ਕੱਢੇ, ੨੪ ਘੰਟਿਆਂ ਵਿਚ ੨-੩੦ ਘੰਟੇ ਗੁਰੂ ਦਰਬਾਰ ਵਿਚ ਕਥਾ ਕੀਰਤਨ ਸਿਮਰਨ ਵਿਚ ਬਿਤਾਵੇ। ਇਹ ਸਮੇਂ ਦਾ ਦਸਵੰਧ ਹੈ। ਗੁਰਧਾਮਾਂ ਦੀ ਯਾਤਰਾ ਸਾਲ ਛੇਈਂ ਮਹੀਨੀਂ ਮਹੀਨੇ ਵਿਚ ਇਕ ਵਾਰ ਜ਼ਰੂਰ ਕਰੇ। ਦੋਨੋਂ ਵੇਲੇ ਕੰਘਾ ਕਰਕੇ ਦਸਤਾਰ ਪੇਚ ਖੋਲ੍ਹ ਕੇ ਸਜਾਏ। ਸ਼ਰਾਬ, ਮਾਸ, ਤਮਾਮ ਨਸ਼ਿਆਂ, ਪਰ-ਇਸਤ੍ਰੀ, ਪਰਾਇਆ ਧਨ ਵੇਖ ਸਮਝ ਕੇ ਤਿਆਗ ਦੇਵੇ, ਇਹ ਸਭ ਨਾਮ ਉਦਯੋਗੀ ਬਾਤਾਂ ਹਨ, ਕਿਸੇ ਮਤ ਮਤਾਂਤਰ ਦੇ ਝਗੜੇ ਵਿਚ ਨਾ ਪਵੇ, ਆਪਣੇ ਦਾ ਮੰਡਨ ਕਰਨਾ, ਦੂਸਰੇ ਦਾ ਖੰਡਨ ਕਰਨਾ, ਦੋਨਾਂ ਪੱਖਾਂ ਦੀ ਨਿੰਦਾ ਉਸਤਤਿ ਤੋਂ ਰਹਿਤ ਹੋ ਕੇ ਪ੍ਰਭੂ ਅਨੁਰਾਗੀ ਬਣ ਕੇ ਨਾਮ ਰਸ ਦਾ ਪਾਠ ਕਰੇ। ਜੇ ਬਿਰਤੀ ਜ਼ਿਆਦਾ ਚੰਚਲ ਹੋਵੇ ਤਾਂ ਸ੍ਰੀ ਜਪੁਜੀ ਸਾਹਿਬ ਜਾਂ ਸੁਖਮਨੀ ਸਾਹਿਬ ਦੇ ਵਧੇਰੇ ਪਾਠ ਕਰੇ, ੨੫ ਜਪੁਜੀ ਸਾਹਿਬ ਜੀ ਦੇ ਜਾਂ ਪੰਜ ਸੁਖਮਨੀ ਸਾਹਿਬ ਜੀ ਦੇ ਪਾਠ ਕਰੇ। ਪੁਰਾਣੇ ਗੁਰਸਿੱਖ ਸਵਾ ਲੱਖ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਕਰਿਆ ਕਰਦੇ ਸਨ, ਕਈ ਅੱਜ ਵੀ ਜਿਨ੍ਹਾਂ ਤੇ ਸਤਿਗੁਰਾਂ ਦੀ ਕਿਰਪਾ ਹੈ ਕਰਦੇ ਹਨ। ੧੨੫ ਵੀ ਰੋਜ਼ਾਨਾ ਕਰਨ ਵਾਲੇ ਪ੍ਰੇਮੀ ਮਿਲਦੇ ਹਨ, ੭੫ ਜਾਂ ੫੦ ਜਾਂ ੨੫ ਵਾਲੇ ਗੁਰਸਿੱਖਾਂ ਦੇ ਦਰਸ਼ਨ ਵੀ ਕਦੇ-ਕਦੇ ਹੁੰਦੇ ਹਨ। ਸੁਣਤੇ ਪੁਨੀਤ ਕਹਤੇ ਪਵਿਤ੍ਰ ਹਨ। ਵਾਟ ਮੁਕਾਇਆਂ ਮੁਕਣੀ ਹੈ, ਚਾਹੇ ਪੈਦਲ, ਚਾਹੇ ਸਵਾਰੀ ਰਾਹੀਂ, ਚਾਹੇ ਉਡਕੇ ਮੁਕਾ ਲਵੋ। ਜਿਤਨਾ ਵਧੇਰੇ ਜਾਪ ਕਰੋਗੇ ਉਤਨਾ ਪ੍ਰਭੂ ਦਾ ਪਿਆਰ ਵਧੇਗਾ ਅਤੇ ਨੇੜੇ ਹੁੰਦੇ ਜਾਵੋਗੇ। ਸਿਮਰਨ ਜਾਪ ਤੋਂ ਬਿਨਾਂ ਜੋ ਅਨੰਦ ਹੈ ਉਹ ਪ੍ਰਪੱਕ ਨਹੀਂ ਰਹਿੰਦਾ, ਕੁਝ ਸਮੇਂ ਬਾਅਦ ਖੀਣ (ਨਸ਼ਟ) ਹੋ ਜਾਂਦਾ ਹੈ, ਜਿਤਨਾ ਸਿਮਰਨ ਤੋਂ ਅਨੰਦ ਪੈਦਾ ਹੁੰਦਾ ਹੈ ਮਿਹਨਤ ਨਾਲ ਮਿਲਦਾ ਹੈ ਤੇ ਨਸ਼ਟ ਨਹੀਂ ਹੁੰਦਾ। ਪ੍ਰਭੂ ਪ੍ਰਾਪਤੀ ਦੇ ਦੋ ਰਸਤੇ ਨੇ ਜਾਂ ਉਸਦੀ ਸੇਵਾ ਕਰਕੇ ਬਾਪੂ ਦੀ ਜਾਇਦਾਦ ਦੇ ਵਾਰਸ ਬਣ ਜਾਉ ਜਾਂ ਆਪ ਮਿਹਨਤ ਕਰੋ ਪ੍ਰਭੂ ਫਲ ਦੇਵੇਗਾ।

ਸੇਵਾ ਸਿਮਰਨ ਅਭੇਦ ਰੂਪ ਹਨ। ਸੇਵਾ ਵਾਲਾ ਹੀ ਸਿਮਰਨ ਕਰ ਸਕਦਾ ਹੈ ਅਤੇ ਸਿਮਰਨ ਵਾਲੇ ਦੇ ਮਨ ਵਿਚ ਹੀ ਸੇਵਾ ਭਾਵ ਜਾਗ੍ਰਤ ਹੁੰਦਾ ਹੈ।

੪.੧੨.੧ ਜਾਪ ਜੁਗਤਿ-ਨਿਮਨਲਿਖਤ ਹਨ :

੧. ਉੱਚੀ ਸ੍ਵਰ ਵਿਚ ਬੋਲ ਕੇ, ੨. ਜਪ ਗੁਪਤ ਰੂਪ ਵਿਚ, ੩. ਭਜਨ ਬਰਾਬਰ ਮੰਤਰ ਦਾ ਉਚਾਰਨ, ੪. ਸਿਮਰਨ ਯਾਦ ਵਿਚ ਬੈਠਣਾ ਬਿਸਮਾਦ ਦੀ ਅਵਸਥਾ, ੫. ਅਭਿਆਸ ਸ਼ਬਦ ਸੁਰਤ ਦਾ ਚਿੰਤਨ ਸਵਾਸਾਂ ਦੁਆਰਾ ਸਿਮਰਨ ਬਾਰਬਾਰ ਕਰਨਾ, ੬. ਅਜਪਾ ਜਾਪ ਜਪੇ ਤੋਂ ਬਿਨਾਂ ਜਾਪ ਦਾ ਹੋਣਾ ਸੁਤੇ ਸਿਧ ਅਭਿਆਸ ਦੀ ਅਵਸਥਾ ਪ੍ਰਾਪਤ ਹੋ ਜਾਣ ਤੋਂ ਮੰਤਰ ਦਾ ਆਪਣੇ ਆਪ ਉਚਾਰਨ ਹੋਣਾ ਅਭਿਆਸ ਦਾ ਅਰਥ ਹੈ। ਅਭਿ (ਹਿਰਦਾ) ਆਸ (ਇੱਛਾ) ਪ੍ਰਭੂ ਮਿਲਾਪ ਦੀ ਇੱਛਾ ਦੀ ਹਰ ਵੇਲੇ ਤਾਂਘ ਜੋ ਸਿਮਰਨ ਵਿਚ ਜੋੜੀ ਰਖਦੀ ਹੈ ਅਭਿਆਸ ਕਹਿਲਾਤਾ ਹੈ। ਅਜਪਾ ਜਾਪ ਅਭਿਆਸ ਦੀ ਹੀ ਨਿਸਚਲ ਅਵਸਥਾ ਜਦੋਂ ਸਵਾਸਾਂ ਤੇ ਕਾਬੂ ਪੈ ਜਾਵੇ ਤਾਂ ਹੁੰਦਾ ਹੈ।

੪.੧੨.੨ ਰੋਮ ਰੋਮ ਦਾ ਜਾਪ :

ਬਿਆਪਕ ਪ੍ਰਭੂ ਵਿਚ ਸਮਾਈ ਹੋ ਜਾਣਾ ਭਾਵ ਆਤਮ ਅਨੰਦ ਦੀ ਅਵਸਥਾ ਦਾ ਗਿਆਨ ਹੋਣਾ ਹੀ ਰੋਮ ਰੋਮ ਦਾ ਸਿਮਰਨ ਹੈ। ਇਥੇ ਮਨ ਵਾਚਾ ਸਰੀਰ ਤੋਂ ਉੱਪਰ ਉਠ ਕੇ ਪ੍ਰਭੂ ਦੇ ਨੂਰ ਵਿਚ ਆਤਮਾ ਅਭੇਦ ਹੋ ਜਾਂਦੀ ਹੈ। ਜਿਥੇ ਉਹ ਗਿਆਨੀ ਬੈਠਦਾ ਹੈ, ਧਰਤੀ ਬਨਾਸਪਤੀ ਸਭ ਜੰਤੂ ਵੀ ਉਸਦੀ ਛੋਹ ਨਾਲ ਨਾਮ ਜਪਣ ਲੱਗ ਪੈਂਦੇ ਹਨ।

ਜਹਾ ਬੋਲ ਤਹ ਅਛਰ ਆਵਾ॥
ਜਹ ਅਬੋਲ ਤਹ ਮਨੁ ਨ ਰਹਾਵਾ॥
ਬੋਲ ਅਬੋਲ ਮਧਿ ਹੈ ਸੋਈ॥
ਜਸ ਓਹੁ ਹੈ ਤਸ ਲਖੈ ਨ ਕੋਈ॥

(ਪੰਨਾ ੩੪੦)

-o-

ਜੇਤਾ ਸੁਨਣਾ ਤੇਤਾ ਨਾਮੁ॥ ਜੇਤਾ ਪੇਖਨੁ ਤੇਤਾ ਧਿਆਨੁ॥

(ਪੰਨਾ ੨੩੬)

ਐਸੀ ਬ੍ਰਹਮ ਦ੍ਰਿਸ਼ਟੀ ਵਾਲੇ ਮਹਾਤਮਾ ਹੋ ਜਾਂਦੇ ਹਨ।

ਨਾਮ ਤੁਲਿ ਕਛੁ ਅਵਰੁ ਨ ਹੋਇ॥

(ਪੰਨਾ ੨੬੫)

ਹੋਰ ਕਿਹੜੀ ਵਸਤੂ ਹੈ ਜੋ ਨਾਮ ਸਮਾਨ ਹੈ? ਕੋਈ ਭੀ ਨਹੀਂ। ਨਾਮ ਦੀ ਕਮਾਈ ਕਰਦਾ ਕਰਦਾ ਨਾਮ ਦਾ ਸਰੂਪ ਹੋ ਕੇ ਉਸ ਵਿਚ ਲੀਨ ਹੋ ਜਾਂਦਾ ਹੈ। ਜਿਵੇਂ ਲੂਣ ਦੀ ਡਲੀ ਸਮੁੰਦਰ ਦਾ ਅੰਤ ਲੈਣ ਗਈ ਜਲ ਵਿਚ ਮਿਲ ਕੇ ਜਲ ਦਾ ਹੀ ਰੂਪ ਹੋ ਗਈ, ਕੌਣ ਦੱਸੇ ਸਮੁੰਦਰ ਕਿਤਨਾ ਡੂੰਘਾ ਹੈ। ਇਹੋ ਹੀ ਅਵਸਥਾ ਪ੍ਰਭੂ ਪਿਆਰਿਆਂ ਦੀ ਹੈ, ਉਸ ਵਿਚ ਮਿਲ ਕੇ ਉਸਦਾ ਰੂਪ ਹੋ ਜਾਂਦੇ ਹਨ।

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂੰ॥

(ਪੰਨਾ ੧੩੭੫)

ਹੁਣ ਕੌਣ ਦੱਸੇ, ਕੌਣ ਬੋਲੇ, ਕੌਣ ਵੀਚਾਰ ਕਰੇ, ਖਮੋਸ਼ੀ ਦੀ ਅਵਸਥਾ ਪ੍ਰਾਪਤ ਹੋ ਗਈ ਹੈ।

ਕਹੁ ਕਬੀਰ ਛੂਛਾ ਘਟੁ ਬੋਲੈ॥ ਭਰਿਆ ਹੋਇ ਸੁ ਕਬਹੁ ਨ ਡੋਲੈ॥

(ਪੰਨਾ ੮੭੦)

ਐਸੀ ਅਲਬੇਲੀ ਆਤਮਾ ਅਨੰਦੀ ਅਵਸਥਾ ਆਤਮ ਬੇਤਿਆਂ ਦੀ ਨਾਮ ਬਲ ਦੁਆਰਾ ਹੋ ਜਾਂਦੀ ਹੈ। ਆਉ ਉਹਨਾਂ ਦੇ ਕੌਤਕ ਦੇਖ ਅਸਚਰਜ ਨਾ ਹੋਈਏ, ਅੰਦਰ ਵੀ ਝਾਤ ਮਾਰ ਕੇ ਆਪੇ ਦੀ ਖੋਜ ਕਰੀਏ, ਇਸੇ ਵਿਚ ਲਾਗ ਇਸੇ ਵਿਚ ਪ੍ਰਮਾਰਥ ਹੈ, ਨਾਮ ਦੀ ਸੰਖੇਪ ਵਿਆਖਿਆ ਕੀਤੀ ਹੈ। ਇਸ ਦਾ ਅਨੰਦ ਲੈਣ ਲਈ ਅਭਿਆਸ ਦੀ ਕਮਾਈ ਦੀ ਲੋੜ ਹੈ। ਇਹ ਦੰਦਾਂ ਦਾ ਵਿਸ਼ਾ ਨਹੀਂ, ਮੂੰਹ ਜ਼ਬਾਨੀ ਜਮ੍ਹਾਂ ਖਰਚ ਕਰਨ ਨਾਲ ਪ੍ਰਭੂ ਨਹੀਂ ਰੀਝਦਾ, ਉਸਨੂੰ ਰਿਝਾਨੇ ਦਾ ਸਾਧਨ ਨਿਰਮਾਣਤਾ, ਗਰੀਬੀ, ਹਉਮੈ ਦਾ ਤਿਆਗ ਹੈ।

ਮੂਲ ਮੰਤ੍ਰ ਦੇ ਪਾਠ ਵੇਲੇ ਦਸਾਂ ਪਾਤਸ਼ਾਹੀਆਂ ਦੇ ਨਾਮ ਪਰ ਧੂਪ ਦੀਆਂ ਅਹੂਤੀਆਂ ਦੇਣੀਆਂ, ਜਾਪ ਵੇਲੇ ਮੂਲ ਮੰਤਰ ਪੜ੍ਹ ਕੇ ਇਕ ਮੰਤਰ ਤੇ ਕਈ ਇਕ-ਇਕ ਮਾਲਾ ਤੇ ਕਰਦੇ ਹਨ।

੪.੧੩ ਹਵਨ ਦੀਆਂ ਬਾਣੀਆਂ

੧. ਜਪੁਜੀ ਸਾਹਿਬ ਜੀ, ੨. ਜਾਪ ਸਾਹਿਬ, ੩. ਚੌਪਈ ਹਮਰੀ ਕਰੋ, ੪. ਅਕਾਲ ਉਸਤਤਿ, ੫. ਚੰਡੀ ਚਰਿਤ੍ਰ ਦੂਸਰਾ, ੬. ਚੰਡੀ ਦੀ ਵਾਰ, ੭. ਉਗ੍ਰਦੰਤੀ ਸੱਤਾਂ ਬਾਣੀਆਂ ਦਾ, ਸੱਤ ਪਾਠੀ ਪਵਿੱਤ੍ਰ ਹੋ ਕੇ ਸਨੇਕੇਸੀ ਇਸ਼ਨਾਨ ਕਰਕੇ ਸਾਰੀ ਸਮਗ੍ਰੀ ਤਿਆਰ ਕਰਕੇ ਜਾਪ ਕਰਨ :-ਦੁੱਧ, ਖੰਡ, ਘੀ, ਹਵਨ, ਸ਼ਹਿਤ ਅਤੇ ਪਾਣੀ ਇਨ੍ਹਾਂ ਦਾ ਵੀ ਹਵਨ ਸਮੇਂ ਪ੍ਰਯੋਗ ਕੀਤਾ ਜਾਂਦਾ ਹੈ। ਅੱਜ ਗੁਰੂ ਸ਼ਿਸ਼ ਇਨ੍ਹਾਂ ਦਾ ਤਿਆਗ ਕਰਦੇ ਜਾ ਰਹੇ ਹਨ।

ਨੋਟ :-ਨਾਮਧਾਰੀ ਗੁਟਕੇ ਵਿਚ ਇਹ ਸਾਰੀਆਂ ਬਾਣੀਆਂ ਹਨ, ਹਵਨ ਵੇਲੇ ਪਾਣੀ

ਵਧੀ ਅੱਗ ਨੂੰ ਸ਼ਾਂਤ ਕਰਨ ਲਈ ਛਿਟੇ ਰੂਪ ਵਿਚ ਵਰਤੀਦਾ ਹੈ।

ਅਖੰਡ ਪਾਠ ਸਾਹਿਬ ਨਾਲ ਪੋਥੀ ਸਾਹਿਬ (ਸ੍ਰੀ ਜਪੁਜੀ) ਸਾਹਿਬ ਜੀ ਦਾ ਪਾਠ ਅਤੇ ਹਵਨ ਨਾਰੀਅਲ ਕੁੰਭ, ਮੂਲ ਮੰਤ੍ਰ ਦੇ ਪਾਠ ਦੀ ਕਿਰਿਆ ਨੂੰ ਬੰਦ ਹੀ ਕਰ ਦਿੱਤਾ ਹੈ। ਸੰਪ੍ਰਦਾਵਾਂ ਵਿਚ ਪੁਰਾਤਨ ਕਿਰਿਆ ਰਹਿ ਗਈ ਹੈ। ਖੈਰ ਸਮੇਂ ਨਾਲ ਪੰਥ ਵੀਚਾਰ ਕਰਕੇ ਅੱਗੇ ਵਧੇਗਾ। ਲਿਖਣ ਵਾਲਾ ਬਹੁਤ ਕੁਝ ਹੈ। ਕਿਤਨਾ ਲਿਖੀਏ ਕਲਮ ਰੁਕਦੀ ਹੈ, ਲਿਖਾਰੀ ਮਨਮਰਜ਼ੀ ਨਾਲ ਜੋ ਮਰਜ਼ੀ ਲਿਖੀ ਜਾਂਦੇ ਹਨ, ਪੜ੍ਹਨ ਵਾਲਾ ਚੱਕਰ ਵਿਚ ਪਿਆ ਹੋਇਆ ਹੈ ਪਰ ਖਾਲਸਾ ਜੀ ਪੁਰਾਤਨ ਮਰਯਾਦਾ ਹੀ ਮੰਨਣੇ ਯੋਗ ਨੇ।

ਅਖੀਰ ਵਿਚ ਨਾਮ ਨਾਮੀ ਨਾਲੋਂ ਵੱਡਾ ਹੈ।

ਨਾਰਦ ਜੀ ਨੇ ਗੋਪੀਆਂ ਤੋਂ ਕ੍ਰਿਸ਼ਨ ਜੀ ਦੀ ਯਾਚਨਾ ਕੀਤੀ, ਗੋਪੀਆਂ ਨੇ ਕ੍ਰਿਸ਼ਨ ਜੀ ਨੂੰ ਬੇਨਤੀ ਕੀਤੀ, ਉਨ੍ਹਾਂ ਕਿਹਾ ਮੇਰੇ ਬਰਾਬਰ ਕੋਈ ਵਸਤੂ ਤੋਲ ਕੇ ਦਿਉ। ਇਨ੍ਹਾਂ ਕਿਹਾ ਕਿਹੜੀ? ਦੱਸਣ ਤੋਂ ਤੁਲਸੀ ਪਤ੍ਰ ਇਕ ਪਾਸੇ ਕ੍ਰਿਸ਼ਨ ਜੀ ਬੈਠੇ ਨਾਮ ਵਾਲਾ ਪਲੜਾ ਭਾਰੀ ਰਿਹਾ।

ਦੱਸ ਦਿਤਾ ਨਾਮੀ ਨਾਲੋਂ ਨਾਮ ਦੀ ਮਹਾਨਤਾ ਵਿਸ਼ੇਸ਼ ਹੈ, ਕਿਉਂਕਿ ਨਾਮ ਤੋਂ ਹੀ ਨਾਮੀ ਦੀ ਪ੍ਰਾਪਤੀ ਹੁੰਦੀ ਹੈ। ਗੋਪੀਆਂ ਨੂੰ ਦੱਸਿਆ ਆਪ ਮੈਨੂੰ ਸਦਾ ਦੇਖਣਾ ਚਾਹੁੰਦੀਆਂ ਹੋ ਤਾਂ ਮੇਰਾ ਨਾਮ ਜਪਿਆ ਕਰੋ।

ਸਤਿਨਾਮੁ ਸ੍ਰੀ ਵਾਹਿਗੁਰੂ ॥

★★★

ਅਧਿਆਇ ਪੰਜਵਾਂ

੫.੧ ਪ੍ਰਾਰਥਨਾ :

ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
ਕੋਇ ਨ ਜਾਨੈ ਤੁਮਰਾ ਅੰਤੁ॥ ਊਚੇ ਤੇ ਊਚਾ ਭਗਵੰਤ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ ਤੁਮ ਤੇ ਹੋਇ ਸੁ ਆਗਿਆਕਾਰੀ।
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥ ਨਾਨਕ ਦਾਸ ਸਦਾ ਕੁਰਬਾਨੀ॥

(ਪੰਨਾ ੨੬੮)

ਪ੍ਰਾਰਥਨਾ ਇਕ ਅਸਚਰਜ ਸ਼ਕਤੀ ਹੈ, ਇਸ ਦਾ ਅੱਖਰੀ ਅਰਥ ਹੈ ਯਾਚਨਾ ਕਰਨਾ। ਇਹ ਮਨੁੱਖ ਕੇ ਹਿਰਦੇ ਕੀ ਪੁਕਾਰ ਹੈ। ਮਨੁੱਖ ਜਦੋਂ ਕਿਸੇ ਘੁੰਮਣਘੇਰੀ ਵਿਚ ਫਸ ਜਾਤਾ ਹੈ, ਡੂਬਨੇ ਲਗਤਾ ਹੈ, ਦੂਸਰਾ ਕੋਈ ਸਹਾਰਾ ਨਜ਼ਰ ਨਹੀਂ ਆਤਾ, ਉਸ ਵਕਤ ਭਗਵਾਨ ਪਾਸ ਜੋ ਦੁੱਖ ਨਿਵਾਰਨ ਲਈ ਪੁਕਾਰ ਕਰਤਾ ਹੈ ਉਸ ਕਾ ਨਾਮ ਪ੍ਰਾਰਥਨਾ ਹੈ।

ਪ੍ਰਾਰਥਨਾ ਦਾ ਅਰਥ ਕੇਵਲ ਮੰਗਣਾ ਨਹੀਂ, ਪ੍ਰੰਤੂ ਇਸ ਕਾ ਅਰਥ ਹੈ ਪੁਰਸ਼ਾਰਥ ਕਰਤੇ ਹੁਏ ਈਸ਼ਵਰ ਸੇ ਸਹਾਇਤਾ ਮੰਗਣੀ। ਉਦਮ, ਪੁਰਸ਼ਾਰਥ ਅਤੇ ਬੇਨਤੀਆਂ ਦੋਨੋਂ ਏਕ ਸਾਥ ਹੋਣੇ ਚਾਹੀਏ। ਜਿਵੇਂ ਬੇੜੀ ਦਾ ਮਲਾਹ ਆਪਣੇ ਏਕ ਚੱਪੂ ਪਰ ਪ੍ਰਾਰਥਨਾ ਰੂਪੀ ਬੇਨਤੀਆਂ ਕਰ ਰਿਹਾ ਸੀ ਅਤੇ ਦੂਜੇ ਤੋਂ ਪੁਰਸ਼ਾਰਥੀ ਏਕ ਹਾਥ ਸੇ ਕਾਮ (work) ਕਾ ਚੱਪੂ ਚਲਾਤਾ ਸੀ, ਏਕ ਹਾਥ ਸੇ ਪ੍ਰਾਰਥਨਾ ਕਾ ਚੱਪੂ ਚਲਾਤਾ ਸੀ ਭਾਵ ਜੇਕਰ ਦੋਨੋਂ ਹੱਥੀਂ ਕੰਮ ਨਾ ਕੀਤਾ ਤਾਂ ਇਕੱਲੀ ਪ੍ਰਾਰਥਨਾ ਭੀ ਕੁਝ ਕੰਮ ਨਹੀਂ ਕਰਦੀ। ਪ੍ਰਾਰਥਨਾ ਕੇ ਸਾਥ ਉਸ ਵਸਤੂ ਕੀ ਪ੍ਰਾਪਤੀ ਲਈ ਪੁਰਸ਼ਾਰਥ ਭੀ ਅਵੱਸ਼ ਕਰੇ, ਫਿਰ ਆਪ ਕੋ ਉਸ ਕਾਰਜ ਮੇਂ ਅਵੱਸ਼ ਸਫਲਤਾ ਮਿਲੇਗੀ।

ਇਕ ਅੰਗ੍ਰੇਜ਼ ਸ੍ਰੀ ਫਿਲਮੋਰ ਸਾਹਿਬ ਜੀ ਕੀ ਪਤਨੀ, ਬੱਚੇ, ਸਭ ਤਪਦਿਕ ਕੇ ਸ਼ਿਕਾਰ ਹੋ ਗਏ, ਦ੍ਰਿੜ੍ਹ ਵਿਸ਼ਵਾਸ ਸੇ ਪ੍ਰਾਰਥਨਾ ਕਰਨੇ ਸੇ ਸਾਰੇ ਦੇ ਸਾਰੇ ਤੰਦਰੁਸਤ ਹੋ ਗਏ। ਉਸਨੇ ਆਪਣੀ ਇਸਤਰੀ ਕੇ ਕਹਿਣੇ ਪਰ ਅਮਰੀਕਾ ਵਿਚ ਏਕ "ਯੂਨਿਟੀ ਸਕੂਲ ਆਫ ਕ੍ਰਿਸ਼ਚਾਇਨਟੀ" ਨਾਮ ਦਾ ਸਕੂਲ ਸਥਾਪਿਤ ਕੀਤਾ, ਜਿਥੇ ਰੋਗਾਂ ਦੀ ਨਵਿਰਤੀ ਲਈ

ਪ੍ਰਭੂ ਅੱਗੇ ਅਰਦਾਸ ਕੀਤੀ ਜਾਂਦੀ ਸੀ, ਹਰ ਸਾਲ ਹਜ਼ਾਰਾਂ ਰੋਗੀ ਰੋਗ ਤੋਂ ਛੁਟਕਾਰਾ ਪ੍ਰਾਪਤ ਕਰਦੇ ਸਨ।

ਸਰਬ ਰੋਗ ਕਾ ਅਉਖਦੁ ਨਾਮੁ॥ ਕਲਿਆਣ ਰੂਪ ਮੰਗਲ ਗੁਣ ਗਾਮ॥

(ਪੰਨਾ ੨੭੪)

ਈਸ਼ਵਰ ਕੇ ਦਰਬਾਰ ਸੇ ਆਜ ਤੱਕ ਕੋਈ ਖਾਲੀ ਨਹੀਂ ਗਿਆ, ਕਿੰਤੂ ਸ਼ਰਤ ਇਹ ਹੈ ਕਿ ਜਾਚਕ ਸੱਚਾ ਹੋਵੇ। ਪਾਪੀ ਕੋ ਪਵਿੱਤ੍ਰ ਕਰਨੇ ਕੋ ਦੇਰੀ ਨਹੀਂ ਲਗਤੀ, ਇਸ ਲਈ ਉਸਦਾ ਨਾਮ ਪਤਿਤ ਪਾਵਨ ਹੈ। ਸ਼ਰਤ ਯਹ ਹੈ ਕਿ ਸੱਚੇ ਇਰਾਦੇ ਸੇ ਉਸਕੇ ਚਰਨੋਂ ਮੇਂ ਸੀਸ ਧਰ ਦੇ ਅਤੇ ਉਸਦੀ ਕਿਰਪਾ ਦਾ ਜਾਚਕ ਬਣੇ।

ਏਕ ਦਿਨ ਉਸਦੀ ਦਯਾ ਕਾ ਸਾਗਰ ਉੱਛਲ ਪਵੇਗਾ ਅਤੇ ਜਾਚਕ ਕੀ ਆਸ਼ਾ ਰੂਪੀ ਝੋਲੀ ਨੂੰ ਮਨੋਰਥ ਰੂਪੀ ਮੋਤੀਆਂ ਨਾਲ ਭਰ ਦੇਵੇਗਾ।

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ॥
ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ॥

(ਪੰਨਾ ੯੧)

ਸਰਮੱਦ ਸਾਹਿਬ ਲਿਖਤੇ ਹੈਂ :

ਖੁਦਾ ਕਹਿਤਾ ਹੈ ਕਿ ਐ ਮੇਰੇ ਪਾਪੀ ਬੰਦੇ ! ਯਦਿ ਤੂੰ ਹਜ਼ਾਰੋਂ ਬਾਰੀ ਭੀ ਪਾਪ ਕਰ ਚੁੱਕਾ ਹੈ, ਯਦਿ ਤੂੰ ਹਜ਼ਾਰੋਂ ਵਾਰ ਧਰਮ ਪਰ ਚਲਨੇ ਕੀ ਪ੍ਰਤਿਗਿਆ ਕਰਕੇ ਤੋੜ ਚੁੱਕਾ ਹੈ ਫਿਰ ਮੈਂ ਤੁਮ ਸੇ ਕਹਤਾ ਹੂੰ ਕਿ ਤੂੰ ਆਪਣੇ ਪਾਪੋਂ ਸੇ ਬਾਜ਼ ਆ, ਮੇਰੀ ਦਯਾ ਕਾ ਦੁਆਰ ਤੁਮ ਪਰ ਬੰਦ ਨਹੀਂ ਹੂਆ। ਯਹ ਤੋ ਸਦਾ ਖੁੱਲ੍ਹਾ ਹੈ ਔਰ ਖੁੱਲ੍ਹਾ ਰਹਿਤਾ ਹੈ।

ਗੁਰਬਾਣੀ ਭੀ ਕਹਿੰਦੀ ਹੈ

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹ ਬਿਰਦੁ ਸੁਆਮੀ ਸੰਦਾ॥

(ਪੰਨਾ ੫੪੪)

ਅੰਗਰੇਜ਼ੀ ਕੀ ਕਹਾਵਤ ਹੈ

"It is never too late to mend"

ਅਰਥ :-ਸਵੇਰ ਦਾ ਭੁੱਲਿਆ ਹੋਇਆ ਜੇਕਰ ਸ਼ਾਮ ਨੂੰ ਘਰ ਆ ਜਾਵੇ ਉਸਨੂੰ ਭੁੱਲਿਆ ਨਾ ਜਾਣੋ। ਅਗਰ ਆਪ ਸੇ ਅਪਰਾਧ ਹੋ ਗਿਆ ਹੈ, ਪ੍ਰਾਸਚਿਤ ਲਈ ਯਾਚਨਾ ਕਰੋ ਅਤੇ ਪਸ਼ਚਾਤਾਪ ਕੇ ਆਂਸੂ ਗਿਰਾਉ, ਮਨ ਕੀ ਮੈਲ ਧੋ ਡਾਲੋ, ਉਸ ਕੇ ਦਰਬਾਰ ਮੇਂ ਬੇਨਤੀ ਕਰੋ, ਜ਼ਰੂਰ ਸੁਣੇਗਾ।

ਸੁਤੁ ਅਪਰਾਧ ਕਰਤ ਹੈ ਜੇਤੇ। ਜਨਨੀ ਚੀਤਿ ਨ ਰਾਖਸਿ ਤੇਤੇ॥ (ਪੰਨਾ ੪੭੮)

ਤੇਰੀ ਅੱਖ ਦੇ ਸਿਪ ਦਾ ਏਕ ਮੋਤੀ, ਕਿਤੇ ਪ੍ਰਭੂ ਚਰਨਾਂ ਵਿਚ ਡੁਲ੍ਹ ਜਾਵੇ।
ਉਸਦੀ ਦਯਾ ਦਾ ਕੁਲ ਸਾਗਰ, ਤੇਰੇ ਏਕ ਕਤਰੇ ਤੇ ਤੁਲ ਜਾਵੇ।

ਉਰਦੂ ਕਵੀ ਨੇ ਲਿਖਿਆ ਹੈ ਦੁਆ ਜਬ ਦਿਲ ਸੇ ਹੋਤੀ ਹੈ ਹਮੇਸ਼ਾ ਪੂਰੀ ਹੋਤੀ ਹੈ।

੫.੨ ਪ੍ਰਾਰਥਨਾ ਕਾ ਰੂਪਾਂਤਰ :

ਪ੍ਰਾਰਥਨਾ ਨਿਮਰਤਾ ਸਹਿਤ ਪ੍ਰਭੂ ਚਰਨਾਂ ਨਾਲ ਜੋੜਦੀ ਹੈ, ਈਸ਼ਵਰ ਕੋ ਪੱਤਰ ਲਿਖਨੇ ਕੇ ਲੀਏ ਕਾਗਜ਼ ਕਲਮ ਸਿਆਹੀ ਕੀ ਲੋੜ ਨਹੀਂ ਹੈ, ਨਾ ਸ਼ਬਦ ਕੀ ਅਵੱਸ਼ਕਤਾ ਹੈ, ਇਸ ਕਾ ਨਾਮ ਪ੍ਰਾਰਥਨਾ ਹੈ, ਇਹ ਦਿਲ ਸੇ ਹੋਤੀ ਹੈ ਜਿਹਬਾ ਸੇ ਨਹੀਂ। ਗੂੰਗਾ ਬੰਦਾ ਭੀ ਪ੍ਰਾਰਥਨਾ ਕਰ ਸਕਦਾ ਹੈ, ਹਿਰਦਾ ਭਗਤੀ ਸੇ ਪੂਰਨ ਭਰਿਆ ਹੋਣਾ ਚਾਹੀਦਾ ਹੈ ਲਬਾਲਬ। ਪ੍ਰਾਰਥਨਾ ਕੇ ਲੀਏ ਵਿਸ਼ਵਾਸ ਤੇ ਪ੍ਰੇਮ ਦੀ ਲੋੜ ਹੈ, ਚਮੜੇ ਦੀ ਜਿਹਵਾ ਨਾਲ ਪ੍ਰਾਰਥਨਾ ਨਾ ਕਰੋ, ਮਨ ਰੂਪੀ ਜਿਹਵਾ ਨਾਲ ਕਰੋ। ਸੱਚੀ ਮਨ ਕੀ ਪ੍ਰਾਰਥਨਾ ਤੋ ਸ਼ਰਧਾ ਸਰਣਾਗਤੀ ਔਰ ਆਤਮ ਸਮਰਪਣ ਕਾ ਦੂਸਰਾ ਰੂਪ ਹੈ। ਸ਼ਬਦੋਂ ਕੋ ਤੋਤੇ ਕੀ ਤਰ੍ਹਾਂ ਦੋਹਰਾਨਾ ਪ੍ਰਾਰਥਨਾ ਨਹੀਂ। ਪ੍ਰਾਰਥਨਾ ਆਤਮ ਵਿਸ਼ਵਾਸ ਸੇ ਭਰਪੂਰ ਹੈ। ਇਕਾਗਰ ਮਨ ਸੇ ਪ੍ਰਾਰਥਨਾ—ਬੇਨਤੀ ਕੀਤੀ ਜਾਵੇ, ਸ਼ੀਘਰ ਪੂਰਨ ਹੋਤੀ ਹੈ। ਵਸਤੂ ਪਾਨੇ ਕਾ ਦ੍ਰਿੜ੍ਹ ਨਿਸ਼ਚਾ ਔਰ ਲਗਾਤਾਰ ਪ੍ਰਾਰਥਨਾ ਕਰਤਾ ਰਹੇ, ਆਸ ਪੂਰਨ ਨਾ ਹੋਨੇ ਤੋਂ ਪ੍ਰਾਰਥਨਾ ਨ ਤਿਆਗੇ, ਫਲ ਪ੍ਰਾਪਤੀ ਤੱਕ ਪ੍ਰਾਰਥਨਾ ਕਾ ਤਾਰ ਨਾ ਟੂਟੇ, ਦ੍ਰਿੜ੍ਹ ਵਿਸ਼ਵਾਸ ਹੋਵੇ ਕਿ ਭਗਵਾਨ ਮੁਝੇ ਜ਼ਰੂਰ ਸਫਲਤਾ ਦੇਵੇਗਾ।

੫.੩ ਪ੍ਰਾਰਥਨਾ ਕਾ ਲਾਭ :

ਨਿਰਬਲੋਂ ਕਾ ਬਲ ਹੈ। ਇਹ ਪਰਬਤੋਂ ਕੋ ਹਿਲਾ ਸਕਦੀ ਹੈ, ਦਰਿਆਵਾਂ ਮੇਂ ਰਸਤਾ ਪੈਦਾ ਕਰ ਸਕਦੀ ਹੈ। ਈਸ਼ਵਰ ਕੀ ਸਹਾਇਤਾ ਸੇ ਆਪਣੀਆਂ ਕਮਜ਼ੋਰੀਆਂ ਪਰ ਵਿਜੈ ਪ੍ਰਾਪਤ ਕਰ ਸਕਦੇ ਹਾਂ। ਕਈ ਪੜ੍ਹੇ ਲਿਖੇ ਇਸ ਨੂੰ ਇਕ ਢਕੌਂਸਲਾ ਦਸਦੇ ਹਨ, ਪਰ ਉਹ ਮੂਰਖਤਾ ਕਰ ਰਹੇ ਹਨ, ਪ੍ਰਾਰਥਨਾ ਸੇ ਮਹਾਨ ਪਾਪੋਂ ਸੇ ਛੁਟਕਾਰਾ ਹੋ ਜਾਤਾ ਹੈ ਨਿਰਧਨਤਾ, ਦਰਿਦ੍ਰਤਾ, ਰੋਗਤਾ, ਅਸ਼ਾਂਤੀ ਇਸ ਦੇ ਕਰਨ ਨਾਲ ਦੂਰ ਹੋ ਜਾਂਦੀਆਂ ਹਨ ਭਾਵ ਕੋਈ ਵੀ ਕਾਰਜ ਨਹੀਂ, ਜੋ ਪ੍ਰਭੂ ਅੱਗੇ ਪ੍ਰਾਰਥਨਾ ਕਰਨ ਤੋਂ ਪੂਰਨ ਨਾ ਹੋਵੇ ਭਾਵ ਸਭੀ ਕਾਰਜ ਪੂਰੇ ਹੋ ਜਾਂਦੇ ਹਨ।

ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕ ਸਤਿਗੁਰੁ ਤੂਠਾ॥ (ਪੰਨਾ ੩੨੨

-o-

"ਪੂਰੀ ਆਸਾ ਜੀ ਮਨਸਾ ਮੇਰੇ ਰਾਮ॥"

(ਪੰਨਾ ੫੭੭)

ਦ੍ਰੋਪਤੀ ਜਿਤਨੀ ਦੇਰ ਆਪਣੇ ਬੱਲ ਪਰ ਮਾਣ ਕਰਦੀ ਰਹੀ ਸਹਾਇਤਾ ਨਾ ਮਿਲੀ, ਜਦੋਂ ਨਿਰਮਾਣ ਹੋ ਕੇ ਪ੍ਰਭੂ ਚਰਨਾਂ ਵਿਚ ਬੇਨਤੀ ਕੀਤੀ ਪ੍ਰਭੂ ਆਣ ਸਹਾਇਕ ਹੋਇਆ। ਪ੍ਰਭੂ ਨੇੜੇ ਪ੍ਰਾਰਥਨਾ ਦੁਆਰਾ ਹੀ ਪਹੁੰਚਿਆ ਜਾਂਦਾ ਹੈ, ਇਹ ਇਕ ਕਰਤਾ ਪੁਰਖ ਪਾਸ ਉਡ ਕੇ ਜਾਣ ਵਾਲਾ ਪੰਖ ਹੈ। ਇਸ ਨਾਲ ਮਨ ਦੀ ਸ਼ੁੱਧੀ ਹੁੰਦੀ ਹੈ, ਮਨ ਬਾਣੀ ਸਰੀਰ ਦੇ ਕਲੇਸ਼ ਦੂਰ ਹੁੰਦੇ ਹਨ, ਸਭ ਕਾਮਨਾਵਾਂ ਦੀ ਪੂਰਤੀ ਹੋ ਜਾਂਦੀ ਹੈ। ਜਦੋਂ ਸੱਜਲ ਨੇਤਰਾਂ ਸੇ ਪ੍ਰੇਮ ਸਹਿਤ ਪ੍ਰਾਰਥਨਾ ਕਰੋ ਤਾਂ ਭਗਵਾਨ ਵੀ ਗਦ-ਗਦ ਹੋ ਜਾਤੇ ਹੈਂ। ਇਕੱਠੇ ਮਿਲ ਕੇ ਪ੍ਰਾਰਥਨਾ ਕਰਨ ਨਾਲ ਸਹਿਯੋਗ ਵਧਦਾ ਹੈ, ਇਹ ਬਿਖਰੇ ਹੋਏ ਮਨਾਂ ਨੂੰ ਇਕੱਤ੍ਰ ਕਰਨ ਵਾਲਾ ਚੂਨਾ ਤਥਾ ਸੀਮੈਂਟ ਹੈ।

ਸ਼ੇਖ਼ ਸ਼ਾਅਦੀ ਜੀ ਕਹਤੇ ਹੈਂ : ਕਾਬਾ (ਮੱਕਾ) ਕੇ ਦਰਵਾਜ਼ੇ ਪਰ ਏਕ ਜਾਚਕ ਕੋ ਚਿਲਾਤੇ ਦੇਖਾ। ਉਹ ਕਹਿ ਰਿਹਾ ਸੀ ਕਿ "ਹੇ ਖ਼ੁਦਾ ! ਮੈਂ ਇਹ ਨਹੀਂ ਕਹਿਤਾ ਕਿ ਮੇਰੀ ਪ੍ਰਾਰਥਨਾ ਮਨਜ਼ੂਰ ਕਰ, ਮੈਂ ਕਹਿਤਾ ਹੂੰ ਮੈਂ ਪਾਪੀ ਹੂੰ, ਮੇਰੇ ਪਾਪ ਕਰਮਾਂ ਪਰ ਕਲਮ ਫੇਰ ਦੇ, ਇਸ ਪ੍ਰਕਾਰ ਸੇ ਮੈਂ ਉ੍ਰਿਣ ਹੋ ਸਕਤਾ ਹੂੰ ਵਰਨਾ ਨਹੀਂ ਹੋ ਸਕਤਾ।" ਪ੍ਰਾਰਥਨਾ ਮਨੁੱਖ ਕੇ ਮਨ ਕੀ ਸਾਰੀ ਬਿਖਰੀ ਹੁਈ ਔਰ ਚਾਰੋਂ ਦਿਸ਼ਾਓਂ ਮੇਂ ਭਟਕਨੇ ਵਾਲੀ ਬਿਰਤੀਆਂ ਕੋ ਇਕ ਕੇਂਦਰ ਪਰ ਕਰਨੇ ਵਾਲੇ ਮਾਨਸਿਕ ਬਿਆਯਾਮ ਕਾ ਨਾਮ ਹੈ। ਪ੍ਰਾਰਥਨਾ ਕੇ ਸ਼ਾਂਤ ਜਲ ਮੇਂ ਇਸ਼ਨਾਨ ਕਰਨੇ ਸੇ ਜੋ ਅਨੰਦ ਪ੍ਰਾਪਤ ਹੁੰਦਾ ਹੈ ਉਹ ਲੋਕ ਪ੍ਰਲੋਕ ਮੇਂ ਨਹੀਂ ਮਿਲ ਸਕਦਾ। ਏਕ ਅੰਗਰੇਜ਼ੀ ਕਾ ਪ੍ਰਸਿੱਧ ਕਵੀ ਟੈਨੀਸਨ ਕਹਿਤਾ ਹੈ

More things are brought by prayer than this world dreams of."

ਅਰਥ :-ਜਗਤ ਜਿਨ ਚੀਜ਼ਾਂ ਔਰ ਪ੍ਰਾਪਤੀਓਂ ਕੀ ਕਲਪਨਾ ਕਰ ਸਕਦਾ ਹੈ, ਇਸ ਸੇ ਅਧਿਕ ਬੜੇ ਕਾਮ ਪ੍ਰਾਰਥਨਾ ਕੇ ਦੁਆਰਾ ਸਿੱਧ ਹੋ ਸਕਦੇ ਹਨ। ਪ੍ਰਕਿਰਤੀ ਕੇ ਨਿਯਮੋਂ ਕਾ ਉਲੰਘਨ ਕਰਨੇ ਕੀ ਸ਼ਕਤੀ ਪ੍ਰਾਰਥਨਾ ਮੇਂ ਹੀ ਹੈ, ਇਹ ਅਸੀਮ ਸ਼ਕਤੀ ਹੈ, ਨਿਰਬਲੋਂ ਕਾ ਬੱਲ, ਨਿਰਧਨੋਂ ਕਾ ਧਨ, ਅਨਾਥੋਂ ਕਾ ਨਾਥ, ਦੀਨੋਂ ਕਾ ਬੰਧੂ ਪ੍ਰਾਰਥਨਾ ਹੈ।

੫.੪ ਪ੍ਰਾਰਥਨਾ ਕੈਸੀ ਕਰੇ ?

ਹੇ ਭਗਵਾਨ ! ਮੈਂ ਕਿਸੀ ਕੀ ਨਿੰਦਾ, ਚੁਗਲੀ, ਗਾਲੀ ਔਰ ਬੁਰੀ ਬਾਤ ਨਾ ਕਰਾਂ। ਆਪਣੇ ਕਾਨੋਂ ਸੇ ਭੈੜੀ ਬਾਤ ਸ੍ਰਵਣ ਭੀ ਨਾ ਕਰਾਂ। ਨੇਤਰਾਂ ਨਾਲ ਭੈੜੀ ਵਸਤੂ ਦੇਖਾਂ ਭੀ ਨਾ। ਇਸੇ ਤਰ੍ਹਾਂ ਮੇਰਾ ਮਨ, ਸਰੀਰ, ਬਾਣੀ ਆਪ ਕੇ ਅਨੁਕੂਲ ਚੱਲੇ, ਕਦੇ ਪ੍ਰਤੀਕੂਲ (ਉਲਟ) ਨਾ ਹੋਵੇ। ਸਦਾ ਸ਼ੁੱਧ ਮਨ ਸੇ ਆਪ ਕਾ ਚਿੰਤਨ ਔਰ ਸਾਧਸੰਗਤ ਕੀ ਸੇਵਾ ਕਰਾਂ।

ਆਪ ਕਿਰਪਾ ਦੇ ਸਾਗਰ ਹੋ, ਮੈਂ ਸੰਸਾਰ ਸਮੁੰਦਰ ਮੇਂ ਗੋਤੇ ਖਾ ਰਹਾ ਹੂੰ, ਕਿਰਪਾ ਕਰਕੇ ਮੁਝੇ ਆਪ ਹੀ ਬਚਾ ਲੈਣਾ। ਮੇਰੇ ਪਾਪਾਂ ਕਰਮਾਂ ਦੀ ਬੀਚਾਰ ਨਾ ਕਰੋ, ਮੈਂ ਅਦਲ ਨਹੀਂ ਫਜ਼ਲ ਚਾਹਤਾ ਹੂੰ। ਮਾਯਾ ਕੇ ਪੰਜੇ ਸੇ ਬਚਾ ਲੈਣਾ ਕਰੋ, ਜੋ ਕਦਮ-ਕਦਮ ਤੇ ਜੀਵ ਕੀ ਬੁੱਧੀ ਨੂੰ ਛਲ ਰਹੀ ਹੈ। ਆਪ ਮੈਨੂੰ ਮਾਯਾ ਕੇ ਛਲ ਤੋਂ ਬਚਾ ਲਵੋ। ਮੇਰੀ ਆਸ਼ਾ ਹੈ ਮੈਨੂੰ ਸੁਮਤ ਦੀ ਦਾਤ ਦੇਵੋ। ਮੈਂ ਅਗਿਆਨਤਾ ਦੇ ਖੂਹ ਵਿਚ ਗੋਤੇ ਖਾ ਰਿਹਾ ਹਾਂ। ਮੈਨੂੰ ਆਪਣਾ ਬਣਾ ਕੇ ਨਿਸ਼ਕਾਮ ਭਾਵ ਪੈਦਾ ਕਰ ਦੋ, ਆਪ ਕਾ ਕੋਟਾਨ ਕੋਟ ਧੰਨਵਾਦ ਹੈ।

ਜਹਾਂ ਸੁਮਤ ਬਹਾਂ ਸੰਪਤਿ ਨਾਨਾ॥ ਜਹਾਂ ਕੁਮਤਿ ਬਹਾਂ ਬਿਪਤਿ ਨਿਧਾਨਾ॥

ਮੇਰੀ ਪੁਕਾਰ ਹੈ ਕਿ ਮੇਰੇ ਸੀਸ ਪਰ ਪਾਪ ਕੀ ਗਠੜੀ ਭਾਰੀ ਹੋ ਗਈ ਹੈ, ਆਪ ਹੀ ਨਿਵਾਰਨ ਕਰੋ, ਮੇਰੇ ਵਿਚ ਕੋਈ ਤਾਣ ਬਲ ਨਹੀਂ ਹੈ। ਮੈਂ ਮਨ ਰੂਪੀ ਮੈਲਾ ਕਪੜਾ ਲੈ ਕੇ ਆਪ ਪਾਸ ਆਯਾ ਹੂੰ, ਆਪ ਸ਼ੁਧ ਕਰਕੇ ਆਪਣੇ ਪ੍ਰੇਮ ਦੀ ਰੰਗਣ ਚਾੜ੍ਹ ਦੇਵੋ। ਭਗਵਾਨ ਤੋਂ ਹਮੇਸ਼ਾ ਨਾਮ ਦਾ ਦਾਨ ਮੰਗਣਾ ਚਾਹੀਏ।

ਜਾਚਕੁ ਮੰਗੈ ਦਾਨੁ ਦੇਹਿ ਪਿਆਰਿਆ॥
ਦੇਵਣਹਾਰੁ ਦਾਤਾਰੁ ਮੈ ਨਿਤ ਚਿਤਾਰਿਆ॥
ਨਿਖੁਟਿ ਨ ਜਾਈ ਮੂਲਿ ਅਤੁਲ ਭੰਡਾਰਿਆ॥
ਨਾਨਕ ਸਬਦੁ ਅਪਾਰੁ ਤਿਨਿ ਸਭੁ ਕਿਛੁ ਸਾਰਿਆ॥

(ਪੰਨਾ ੩੨੦)

ਭਗਵਾਨ ਤੋਂ ਨਾਮ ਅਤੇ ਮੁਕਤੀ ਦੀ ਯਾਚਨਾ ਕਰੇ, ਝੂਠੇ ਪਦਾਰਥ ਨਾ ਮਾਂਗੇ, ਕਿਉਂਕਿ ਸੰਸਾਰ ਸਮੁੰਦਰ ਸੇ ਤਰਨੇ ਕੀ ਨਿਸ਼ਚਿਤ ਨੌਕਾ ਪ੍ਰਭੂ ਕੇ ਚਰਨ ਹੈਂ। ਯਦੀ ਪ੍ਰਾਰਥਨਾ ਕਰਨੀ ਹੈ ਤਾਂ ਏਕ ਪ੍ਰਾਰਥਨਾ ਕਰੇ

ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥ ੪ ॥

(ਪੰਨਾ ੧੦੧੮)

-o-

ਸਹਸਕ੍ਰਿਤੀ ਦਾ ਸਲੋਕ ਹੈ

ਸਰਬੇ ਭਵੰਤੂ ਸੁਖਿਨ ਸਰਬੇ ਸੰਤੂ ਨਿਰਾਮਯ:।
ਸਰਬੇ ਭਦਾਨੀ ਪਸ ਅੰਤੂ ਮਾ ਕਸ਼ਿਚਦ ਦੁਖ ਭਾਗ ਭਵੇਤ॥

ਅਰਥ ਹੇ ਮਾਲਕ! ਸਾਰੇ ਸੁਖੀ ਹੋਣ, ਸਭੀ ਰੋਗ ਰਹਿਤ ਹੋਵਣ, ਸਭੀ ਕਲਿਆਣ ਕੋ ਦੇਖੇ, ਦੁਖਾਂ ਕਾ ਭਾਗੀ ਕੋਈ ਨਾ ਹੋਵੇ, ਸਭ ਕੇ ਕਲਿਆਣ ਕੀ ਪ੍ਰਾਰਥਨਾ ਕਰੇ। ਹਰ ਗੁਰਮੁਖ ਨੂੰ ਪ੍ਰਭੂ ਅਨੁਕੂਲ ਚਲਣਾ ਚਾਹੀਦਾ ਹੈ। ਭਾਈ ਨੰਦ ਲਾਲ ਜੀ ਕਹਿਤੇ ਹੈਂ :

ਦੀਦਾ ਬਰ ਦੀਦਾਰਿ ਹਕ ਗਰ ਮੁਬਤਲਾਸਤ॥
ਹਰ ਚਿਤ ਮੇਂ ਬੀਨੀ ਬਚਸ਼ਮਤ ਹਕ ਨੁਮਾਤਕ॥

ਅਰਥ :-ਕੁਦਰਤ ਦੱਸ ਰਹੀ ਹੈ ਕਿ ਅਨੁਕੂਲਤਾ ਵਿਚ ਸੁੱਖ ਹੈ, ਇਨਸਾਨ ਦੀ ਆਪਣੀ ਫਿਤਰਤ ਦੱਸ ਰਹੀ ਹੈ ਕਿ ਅਨੁਕੂਲਤਾ ਵਿਚ ਹੀ ਜ਼ਿੰਦਗੀ ਵਿਚ ਪ੍ਰਭੂ ਤਕ ਦੀ ਪ੍ਰਾਪਤੀ ਹੈ।

੫.੫ ਪ੍ਰਾਰਥਨਾ ਦਾ ਫਲ :

ਏਕ ਸਮੇਂ ਬਾਬਰ ਕਾ ਲੜਕਾ ਸ਼ਹਿਜ਼ਾਦਾ ਹਮਾਯੂੰ ਬੀਮਾਰ ਹੋ ਗਿਆ, ਦਵਾਈ ਬੂਟੀ ਦੇ ਸਾਰੇ ਸਾਧਨ ਕੀਤੇ ਲੇਕਿਨ ਸਫਲਤਾ ਪ੍ਰਾਪਤ ਨਾ ਹੋਈ, ਆਖਿਰ ਨਿਰਾਸ਼ ਹੋ ਗਿਆ। ਕਿਸੇ ਮਹਾਤਮਾ ਨੇ ਕਿਹਾ ਨਿਰਾਸ਼ ਨਾ ਹੋ ਇਕ ਦਵਾਈ ਹੋਤੀ ਹੈ, ਇਕ ਦੁਆ ਹੋਤੀ ਹੈ। ਦਵਾਈ ਤਾਂ ਕਰ ਚੁੱਕੇ ਹੋ, ਦੁਆ ਕਰਕੇ ਵੇਖ ਲਵੋ। ਈਸ਼ਵਰ ਸਾਈਂ ਹੈ ਕਸਾਈ ਨਹੀਂ, ਜ਼ਰੂਰੀ ਪ੍ਰਾਰਥਨਾ ਪ੍ਰਵਾਨ ਕਰੇਗਾ। ਬਾਬਰ ਨੇ ਹਮਾਯੂੰ ਦੁਆਲੇ ਚਾਰ ਪ੍ਰਕਰਮਾਂ ਕਰਕੇ ਅਰਦਾਸ ਕੀਤੀ ਐ ਖੁਦਾ ! ਇਸ ਦਾ ਪਾਪ ਕਰਮ ਰੋਗ ਨਵਿਰਤ ਕਰੋ। ਜੋ ਮਹਾਨ ਪਾਪ ਹੈ ਦੂਰ ਨਹੀਂ ਹੋ ਸਕਦਾ, ਇਸ ਦਾ ਰੋਗ ਮੈਨੂੰ ਲਗ ਜਾਵੇ, ਇਹ ਤੰਦਰੁਸਤ ਹੋ ਜਾਵੇ। ਅਰਦਾਸ ਪ੍ਰਵਾਨ ਹੋ ਗਈ, ਹਮਾਯੂੰ ਹੌਲੀ-ਹੌਲੀ ਤੰਦਰੁਸਤ ਹੁੰਦਾ ਗਿਆ, ਬਾਬਰ ਬੀਮਾਰ ਹੋ ਕੇ ਕਾਲਵਸ ਹੋ ਗਿਆ। ਇਹ ਇਤਿਹਾਸਕ ਤਥ ਹੈ। ਇਸੇ ਪ੍ਰਕਾਰ ਮਹਾਰਾਜਾ ਰਣਜੀਤ ਸਿੰਘ ਜੀ ਨੇ ਅਟਕ ਦਰਿਆ ਪਾਰ ਕਰਨਾ ਸੀ, ਅਰਦਾਸ ਬਲ ਤੋਂ ਫੌਜਾਂ ਪਾਰ ਲੈ ਗਏ ਸਨ, ਪਾਣੀ ਗਿੱਟੇ-ਗਿੱਟੇ ਹੀ ਰਹਿ ਗਿਆ ਸੀ। ਬਾਬਾ ਭਾਗ ਸਿੰਘ ਜੀ ਕੁਰੀਵਾਲੇ (ਰਾਵਲਪਿੰਡੀ) ਵਾਲਿਆਂ ਪਾਸ ਬਾਬਾ ਵੀਰ ਸਿੰਘ ਜੀ ਨੌਰੰਗਾਬਾਦ ਰਿਹਾ ਕਰਦੇ ਸਨ। ਇਕ ਦਿਨ ਜੰਗਲ ਵਿਚੋਂ ਸੁੱਕਾ ਬਾਲਣ ਲਿਆਉਣ ਦੀ ਆਗਿਆ ਕੀਤੀ ਅਤੇ ਜਲਦੀ ਆਉਣ ਲਈ ਕਿਹਾ। ਆਪ ਜਦੋਂ ਜੰਗਲ ਵਿਚ ਬਾਲਣ ਲੈਣ ਗਏ ਤਾਂ ਪ੍ਰੀਖਿਆ ਲਈ ਮਹਾਂਪੁਰਸ਼ਾਂ ਨੇ ਮਾਯਾ ਵਰਤਾ ਦਿੱਤੀ। ਜੰਗਲ ਵਿਚੋਂ ਸੁੱਕਾ ਬਾਲਣ ਨਾ ਲੱਭੇ ਅਤੇ ਇਹ ਤੱਕਦੇ ਨੇ ਸਵਰਗ ਲੋਕ ਦੀਆਂ ਅਪੱਸਰਾਂ ਬਿਘਨਕਾਰੀ ਹੋ ਗਈਆਂ ਹਨ। ਹੁਕਮ ਸੀ ਛੇਤੀ ਆਵਣ ਦਾ, ਬਾਲਣ ਲਏ ਬਿਨਾਂ ਕਿਵੇਂ ਜਾਣ, ਇਕ ਮਾਯਾ ਦਾ ਛਲ ਪੈ ਰਿਹਾ ਸੀ। ਅਖੀਰ ਇਕਾਗਰ ਹੋ ਕੇ ਮਾਯਾ ਦੇ ਛਲ ਨੂੰ ਦੂਰ ਕਰਨ ਲਈ ਅਰਦਾਸ ਕੀਤੀ, ਅਰਦਾਸ ਮਨਜ਼ੂਰ ਹੋ ਗਈ।

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥

(ਪੰਨਾ ੮੧੯)

ਨੇਤ੍ਰ ਖੋਲ੍ਹ ਕੇ ਤੱਕਦੇ ਨੇ, ਨਾ ਅਪੱਸਰਾਂ ਨੇ, ਨਾ ਕੋਈ ਛਲ ਹੈ, ਜੰਗਲ ਸੁੱਕਾ ਹਰਾ ਹਰਾ ਹੈ। ਬਾਲਣ ਕੱਟਿਆ ਵਾਪਸ ਡੇਰੇ ਆ ਗਏ। ਬੜੇ ਬਾਬਾ ਜੀ ਨੇ ਕਿਹਾ ਮੈਂ ਤੁਹਾਨੂੰ ਸ਼ੀਘਰ ਆਵਣ ਲਈ ਕਿਹਾ ਸੀ। ਆਪ ਜੀ ਨੇ ਫੁਰਮਾਇਆ ਤੁਹਾਡੀ ਮਾਯਾ ਬੜੀ ਡਾਢੀ ਹੈ। ਬਾਬਾ ਜੀ ਨੇ ਹੱਸ ਕੇ ਕਿਹਾ ਕਿ ਸਿੱਖ ਦੀ ਅਰਦਾਸ ਭੀ ਡਾਢੀ ਹੈ। ਜੇ ਸਾਡੀ ਮਾਯਾ ਡਾਢੀ ਸੀ ਤਾਂ ਤੇਰੀ ਅਰਦਾਸ ਤੋਂ ਬਾਅਦ ਕਿਥੇ ਗਈ ਮਾਇਆ ਭਾਵ ਅਰਦਾਸ ਦਾ ਬਲ ਮਾਯਾ ਨਾਲੋਂ ਡਾਢਾ ਹੈ। ਸੋ ਮਾਯਾ ਦੇ ਛਲ ਤੋਂ ਰਹਿਤ ਹੋਣ ਲਈ ਪ੍ਰਭੂ ਚਰਨਾਂ 'ਚ ਪ੍ਰਾਰਥਨਾ ਕਰਿਆ ਕਰੋ।

ਸਤਿਨਾਮ ਸ੍ਰੀ ਵਾਹਿਗੁਰੂ ॥

★★★

ਅਧਿਆਇ ਛੇਵਾਂ

੬.੧ "ਅਬਿਨਾਸ਼ੀ ਸੁਖ ਅਤੇ ਪ੍ਰਾਪਤੀ" :

ਕਤ ਜਾਈਐ ਰੇ ਘਰ ਲਾਗੋ ਰੰਗੁ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥ ੧॥ ਰਹਾਉ॥
ਏਕ ਦਿਵਸ ਮਨ ਭਈ ਉਮੰਗ॥
ਘਸਿ ਚੰਦਨ ਚੋਆ ਬਹੁ ਸੁਗੰਧ॥
ਪੂਜਨ ਚਾਲੀ ਬ੍ਰਹਮ ਠਾਇ॥
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥ ੧॥
ਜਹਾ ਜਾਈਐ ਤਹ ਜਲ ਪਖਾਨ॥
ਤੂ ਪੂਰਿ ਰਹਿਓ ਹੈ ਸਭ ਸਮਾਨ॥
ਬੇਦ ਪੁਰਾਨ ਸਭ ਦੇਖੇ ਜੋਇ॥
ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥ ੨॥
ਸਤਿਗੁਰ ਮੈ ਬਲਿਹਾਰੀ ਤੋਰ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥
ਰਾਮਾਨੰਦ ਸੁਆਮੀ ਰਮਤ ਬ੍ਰਹਮ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ ੩॥ ੧॥

(ਪੰਨਾ ੧੧੯੫)

ਸੰਸਾਰ ਵਿਚ ਹਰ ਵਿਅਕਤੀ ਸੱਚੇ ਸੁਖ ਦੀ ਪ੍ਰਾਪਤੀ ਦੀ ਢੂੰਡ ਕਰ ਰਿਹਾ ਹੈ ਕਿ ਮੈਨੂੰ ਐਸਾ ਸੁੱਖ ਪ੍ਰਾਪਤ ਹੋਵੇ ਜਿਸ ਦਾ ਕਦੇ ਨਾਸ ਨਾ ਹੋਵੇ। ਸੁੱਖ ਦੀ ਪੂਰਤੀ ਲਈ ਮਾਯਾ ਇਕੱਤ੍ਰ ਕਰਦਾ ਅਥਵਾ ਇਸਤ੍ਰੀ, ਪੁੱਤਰ, ਧੀਆਂ ਪ੍ਰਵਾਰ ਹੋਰ ਮਿੱਤਰਾਂ ਸੱਜਣਾਂ ਸੰਬੰਧੀਆਂ ਤੋਂ ਸੁੱਖ ਦੀ ਆਸ ਕਰਦਾ ਹੈ, ਪਰ ਇਹ ਅਗਿਆਨ ਕਰਕੇ ਕਰ ਰਿਹਾ ਹੈ, ਕਿਉਂਕਿ ਗੁਰੂ ਜੀ ਨੇ ਕਿਹਾ ਹੈ, *"ਅਬਿਨਾਸੀ ਸੁਖ ਆਪਨ ਆਸਨ"* ਭਾਵ ਮਨ ਨੂੰ ਇਕਾਗਰ ਕਰਕੇ ਗੁਰੂ ਚਰਨਾਂ ਵਿਚ ਇਸ ਸਥਿਤੀ ਨੂੰ ਆਸਣ ਲਗਾ ਅਤੇ ਫੇਰ ਤੈਨੂੰ ਆਤਮ ਸੁਖ ਦੀ ਆਸ ਤੇ

ਪ੍ਰਾਪਤੀ ਹੋ ਜਾਵੇਗੀ। ਇਹ ਸੁਖਾਂ ਦੀ ਖੋਜ ਤੂੰ ਬਾਹਰਲੀਆਂ ਵਸਤੂਆਂ ਵਿਚ ਕਰ ਰਿਹਾ ਹੈ ਪਰ ਐਸਾ ਨਹੀਂ, ਸੁਖ ਦਾ ਸੋਮਾ ਅੰਦਰ ਆਤਮੇ ਹੈ, ਇਸ ਦੀ ਢੂੰਡ ਨਹੀਂ ਕਰ ਰਿਹਾ। ਜਿਨ੍ਹਾਂ ਕੀਤੀ ਹੈ ਉਹ ਨਿਸ਼ਚਿਤ ਹੋ ਕੇ ਸਮਾਧੀ ਵਿਚ ਲੀਨ ਹੋ ਗਏ ਹਨ। ਜੋ ਜਗਿਆਸੂ ਬਾਹਰਲੀ ਕਿਰਿਆ ਵੀ ਕਰਦੇ ਪ੍ਰਤੀਤ ਹੁੰਦੇ ਹਨ, ਮਨ ਉਨ੍ਹਾਂ ਦਾ ਪ੍ਰਭੂ ਚਰਨਾਂ ਵਿਚ ਲੀਨ ਰਹਿੰਦਾ ਹੈ। ਜਿਵੇਂ ਸੁਆਮੀ ਰਾਮਾਨੰਦ ਜੀ ਨੂੰ ਯਾਤਰੀਆਂ ਨੇ ਤੀਰਥ ਯਾਤਰਾ ਲਈ ਪ੍ਰੇਰਨਾ ਦਿੱਤੀ। ਉਨ੍ਹਾਂ ਕਿਹਾ ਭਾਈ ਤੀਰਥ ਤੇ ਕੀ ਹੈ, ਅੰਤਰ ਆਤਮੇ ਭਗਤੀ ਪ੍ਰੇਮ ਦਾ ਰੰਗ ਲਗ ਰਿਹਾ ਹੈ, ਮਨ ਸੰਕਲਪਾਂ ਵਿਕਲਪਾਂ ਤੋਂ ਰਹਿਤ ਹੋਣ ਕਰਕੇ ਪਿੰਗਲਾ ਹੋ ਗਿਆ ਹੈ। ਇਕ ਦਿਨ ਐਸੀ ਇੱਛਾ ਪੈਦਾ ਹੋਈ ਆਤਮਿਕ ਸ਼ਾਂਤੀ ਲਈ ਚੋਆ ਚੰਦਨ ਭਾਵ ਸੁਗੰਧੀ ਵਾਲੀਆਂ ਵਸਤੂਆਂ ਰਗੜ ਲਈਆਂ, ਬ੍ਰਹਮ ਦੀ ਪੂਜਾ ਵਾਸਤੇ ਚਲ ਪਿਆ, ਜੋ ਮੰਦਰ ਵਿਚ ਮੂਰਤੀ ਰੂਪ ਵਿਚ ਕਲਪਤ ਸੀ, ਉਸ ਨੇ ਦੱਸਿਆ ਤੂੰ ਕਿਹੜੀ ਗੌਣੀ ਪੂਜਾ ਵਿਚ ਲਗ ਗਿਆ ਹੈਂ, ਉਹ ਬ੍ਰਹਮ ਸੁਖਾਂ ਦਾ ਕਾਰਨ ਤੇਰੇ ਅੰਦਰ ਹੀ ਹੈ। ਇਸ ਗੱਲ ਦਾ ਨਿਰਣਾ ਗੁਰੂ ਜੀ ਨੇ ਦੇਣਾ ਕੀਤਾ, ਜਿਥੇ ਜਾਉ (ਨਦੀਆਂ) ਜਲ ਵਿਚ ਜਾਂ ਪੱਥਰ ਹੀ ਹਨ, ਪ੍ਰਮੇਸ਼ਰ ਹਰ ਜਗ੍ਹਾ ਪਰੀਪੂਰਨ ਹੋ ਰਿਹਾ ਹੈ ਅਤੇ ਸਾਰਿਆਂ ਵਿਚ ਇਕ ਸਮਾਨ ਬਿਆਪਕ ਹੈ ਤੇ ਮੈਂ ਆਪ ਜੀ ਤੋਂ ਸਦਾ ਬਲਿਹਾਰ ਜਾਂਦਾ ਹੂੰ। ਸਾਰੇ ਬੇਦ ਪੁਰਾਨ ਵੀਚਾਰੇ ਹਨ, ਉਥੇ ਤਾਂ ਜਾਈਏ ਜੇ ਇਥੇ ਨਾ ਹੋਵੇ, ਪਰ ਸਤਿਗੁਰਾਂ ਨੇ ਮਨ ਨੂੰ ਬਿਆਕੁਲ ਕਰਨ ਵਾਲੇ ਸਾਰੇ ਬਿਖੇ ਵਿਕਾਰ ਅਤੇ ਭਰਮ ਕੱਟ ਦਿੱਤੇ ਹਨ। ਰਾਮਾਨੰਦ ਸੁਆਮੀ ਦਾ ਬ੍ਰਹਮ ਤਾਂ ਸਾਰੀਆਂ ਜਗ੍ਹਾਂ ਵਿਚ ਬਿਆਪਕ ਹੈ ਪਰ ਗੁਰੂ ਕੇ ਸ਼ਬਦ (ਉਪਦੇਸ਼) ਤੋਂ ਕਰੋੜਾਂ ਕਰਮਾਂ ਦੀ ਮੈਲ ਕੱਟੀ ਜਾਂਦੀ ਹੈ। ਜਿਨ੍ਹਾਂ ਤੇ ਗੁਰੂ ਜੀ ਦੀ ਪੂਰਨ ਕਿਰਪਾ ਹੋ ਜਾਵੇ ਉਨ੍ਹਾਂ ਦਾ ਮਨ ਸਵੱਛ ਹੁੰਦਾ ਹੈ ਅਤੇ ਉਨ੍ਹਾਂ ਨੂੰ ਹੀ ਪਰਮਾਨੰਦ ਅਬਿਨਾਸ਼ੀ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਪਰ ਅਸੀਂ ਲੋਕਾਂ ਨੇ ਪ੍ਰਮਾਤਮਾ ਨਾਲੋਂ ਸੰਬੰਧ ਤੋੜ ਕੇ ਦੁਨਿਆਵੀ ਵਸਤੂਆਂ ਨਾਲ ਚਿੱਤ ਲਗਾਇਆ ਹੋਇਆ ਹੈ। ਇਥੇ ਸਾਇੰਸ ਦੇ ਯੁੱਗ ਵਿਚ ਅਧਿਆਤਮਕ ਅਤੇ ਆਤਮ ਦਰਸ਼ਨ ਕੀ ਬਾਤ ਕਰਨਾ ਬੇਵਕਤ ਕਾ ਰਾਗ ਅਲਾਪਨਾ ਪ੍ਰਤੀਤ ਹੋ ਰਿਹਾ ਹੈ। ਮਾਯਾਵਾਦ ਕੀ ਇਤਨੀ ਅੰਧੇਰੀ ਚਲ ਰਹੀ ਹੈ ਕਿ ਮਨੁਖ ਕੋ ਸ਼ਾਂਤੀ ਨਹੀਂ ਮਿਲ ਸਕਦੀ। ਸੰਸਾਰ ਕੇ ਅਸਥਾਈ ਸੁਖੋਂ ਮੇਂ ਸੱਚਾ ਸੁੱਖ ਕਹਾਂ ਹੈ। ਸੰਸਾਰ ਕੀ ਸਾਰੀ ਸੁਖ ਖੁਸ਼ੀਆਂ ਖਿਨ ਭੰਗਰ ਹਨ। ਪਿਆਸ ਲਗਨੇ ਪਰ ਤੜਫਨੇ ਲਗਾ, ਭੂਖ ਲਗੀ ਰੋਟੀ ਖਾ ਲਈ ਔਰ ਭੂਖ ਮਿਟ ਗਈ। ਫੇਰ ਲਗੇ ਤਾਂ ਚੂਹੇ ਨਾਚਨੇ ਲਗੇ। ਲੜਕਾ ਜਨਮਣ ਪਰ ਖੁਸ਼ੀ ਸੇ ਨਾਚਨੇ ਲਗਾ, ਮਰਨੇ ਪਰ ਚਿੱਲਾਨੇ ਲਗਾ। ਧਨ ਆਣੇ ਪਰ ਖੁਸ਼ ਹੋਣੇ ਲਗਾ, ਜਾਣੇ ਪਰ ਸ਼ੋਕ ਗ਼ਮ ਮੇਂ ਮਰਨੇ ਲਗਾ। ਇਸੇ ਤਰ੍ਹਾਂ ਭੋਗੋਂ ਵਿਖੇ ਰੋਗ ਭੈ ਹੈ, ਸੁੱਖਾਂ ਨੂੰ ਨਾਸ਼ ਹੋ ਜਾਣ ਦਾ ਡਰ ਹੈ, ਸੁੰਦਰਤਾ ਨੂੰ ਕਰੂਪਤਾ ਦਾ ਭੈ ਹੈ, ਜੋਬਨ ਨੂੰ ਬੁਢਾਪੇ ਦਾ ਭੈ ਹੈ, ਬੁੱਢੇ ਨੂੰ ਮੌਤ ਦਾ ਭੈ ਹੈ, ਧਨ ਵਿਚ ਰਾਜਾ ਦਾ ਭੈ ਹੈ, ਲੜਾਈ ਵਿਚ ਹਾਰ ਦਾ ਭੈ ਹੈ, ਗੁਣੀ ਪੁਰਸ਼ਾਂ ਨੂੰ ਮੂਰਖਾਂ ਦਾ ਭੈ ਹੈ,

ਕਾਇਆ ਨੂੰ ਜਮਾਂ ਦਾ ਭੈ ਹੈ, ਬੈਰਾਗੀ ਪੁਰਸ਼ ਹੀ ਪ੍ਰੇਮ ਅਵਸਥਾ ਨੂੰ ਨਾਮ ਦੀ ਕਮਾਈ ਦੁਆਰਾ ਆਤਮ ਪਦ ਦੀ ਪ੍ਰਾਪਤੀ ਕਰਕੇ ਪ੍ਰਾਪਤ ਕਰ ਸਕਦਾ ਹੈ। ਥੋੜਾ ਧਨ ਮਿਲਣ ਤੋਂ ਖੁਸ਼ੀ ਪ੍ਰਤੀਤ ਕਰਦਾ ਹੈ, ਇਸੇ ਤਰ੍ਹਾਂ ਥੋੜੀ ਖੁਸ਼ੀ ਹੋਣ ਤੋਂ ਖੁਸ਼ ਪ੍ਰਤੀਤ ਹੁੰਦਾ ਹੈ, ਅਭਾਵ ਹੋਣ ਤੋਂ ਦੁਖੀ ਬਣ ਜਾਤਾ ਹੈ, ਪਰ ਆਤਮ ਬੇਤਾ ਹਰ ਇਕ ਰਸ ਅਵਸਥਾ ਦਾ ਮਾਲਕ ਬਣ ਜਾਤਾ ਹੈ। ਗੁਰੂ ਜੀ ਨੇ ਫਰਮਾਇਆ ਹੈ :

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥

(ਪੰਨਾ ੧੪੨੭)

ਐਸੀ ਅਵਸਥਾ ਸੁਖ ਵਾਲੀ ਹੈ, ਪਰ ਇਸ ਦੀ ਪ੍ਰਾਪਤੀ ਗੁਰੂ ਦੇ ਹੁਕਮ ਦੀ ਪਾਲਨਾ ਕਰਕੇ ਨਾਮ ਅਭਿਆਸ ਦੁਆਰਾ ਹੀ ਹੈ।

ਯੂਰਪ ਵਿਚ ਤਾਂ ਐਸਾ ਹੋ ਰਿਹਾ ਹੈ :

ਭੂਲਤਾ ਜਾਤਾ ਹੈ ਯੌਰਪ, ਆਸਮਾਨੀ ਬਾਪ ਕੋ॥
ਬਸ ਖ਼ੁਦਾ ਸਮਝਾ ਹੈ ਉਸਨੇ, ਬਰਫ਼ ਔਰ ਭਾਫ਼ ਕੋ॥

ਇਸ ਵਕਤ ਉਨ੍ਹਾਂ ਲੋਕਾਂ ਦਾ ਮੁੱਖ ਕਾਰਜ—ਕਮਾਉ, ਖਾਉ, ਐਸ਼ ਉਡਾਉ, ਮੁੱਖ ਵਿਸ਼ਾ ਹੋ ਰਿਹਾ ਹੈ, ਪਰ ਇਹ ਕਿਰਿਆ ਤਾਂ ਪਸ਼ੂਆਂ ਪੰਛੀਆਂ ਵਿਚ ਵੀ ਦੇਖੀ ਜਾਂਦੀ ਹੈ।

ਨਿੰਦ੍ਰਾ, ਭੋਜਨ, ਭੋਗ, ਭਯ ਇਹ ਪਸੁ ਪੁਰਖ ਸਮਾਨ॥
ਨਰਕ ਗਿਆਨ ਨਿਜ ਅਧਿਕਤਾ ਗਿਆਨ ਬਿਨਾਂ ਪਸ਼ੁ ਜਾਨ॥

ਚਾਰ ਚੀਜ਼ਾਂ ਪਸ਼ੂਆਂ ਤੇ ਬੰਦਿਆਂ ਦੀਆਂ ਇਕ ਸਮਾਨ ਹਨ, [੧] ਨਿੰਦ੍ਰਾ, [੨] ਭੋਜਨ, [੩] ਭੋਗ, [੪] ਕਾਮ ਕ੍ਰੀੜਾ, [੫] ਡਰ। ਪਰ ਬੰਦਿਆਂ ਵਿਚ ਪਸ਼ੂਆਂ ਨਾਲੋਂ ਇਕ ਵਸਤੂ ਗਿਆਨ ਦੀ ਬਿਲੱਖਣਤਾ ਹੈ, ਜੇ ਨਹੀਂ ਤਾਂ ਪਸ਼ੂ ਤੇ ਬੰਦਾ ਇਕ ਸਮਾਨ ਹੈ। ਜੋ ਭੋਗ ਹਨ ਇਹ ਤਾਂ ਬਦਾਮ ਦੀਆਂ ਛਿੱਲਾਂ ਨੂੰ ਚਬਾਨਾ ਹੈ। ਭਗਵਾਨ ਕਾ ਨਾਮ ਬਦਾਮ ਕੀ ਗਿਰੀ ਕੇ ਸਮਾਨ ਮੀਠਾ ਹੈ। ਜਿਵੇਂ ਮਾਰੂਥਲ ਵਿਚ ਮ੍ਰਿਗ ਤ੍ਰਿਸ਼ਨਾ ਦੇ ਜਲ ਤੋਂ ਪਾਣੀ ਦੀ ਆਸ ਕਰੇ ਪੂਰਨ ਨਹੀਂ ਹੋ ਸਕਦੀ ਤੇ ਨਾ ਹੀ ਪਿਆਸ ਬੁਝਾ ਕੇ ਸ਼ਾਂਤੀ ਹੀ ਪ੍ਰਾਪਤ ਕਰ ਸਕਦਾ ਹੈ। ਇਸੇ ਤਰ੍ਹਾਂ ਝੂਠੀਆਂ ਵਸਤੂਆਂ, ਝੂਠੇ ਪਦਾਰਥਾਂ ਵਿਚੋਂ ਕਦੇ ਸੱਚੇ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਪਿਆਰੇ ਸਾਧਕੋ ! ਨਕਲੀ ਵਸਤੂਆਂ ਸੇ ਸਾਵਧਾਨ ਰਹੋ। ਜਿਨ੍ਹਾਂ ਚੀਜ਼ਾਂ ਨੂੰ ਅਸੀਂ ਅੰਮ੍ਰਿਤ ਸਮਝ ਰਹੇ ਹਾਂ ਵੋਹ ਜ਼ਹਿਰ ਹੈ, ਸੰਸਾਰ ਕੇ ਸੁੱਖ ਮਿੱਠੇ ਪ੍ਰਤੀਤ ਹੋ ਰਹੇ ਹਨ, ਇਸ ਲਈ ਮਨੁੱਖ ਇਹਨਾਂ ਨੂੰ ਭੋਗਦਾ ਹੈ। ਅੰਤ ਵਿਚ ਕੜਵੇ ਪ੍ਰਤੀਤ ਹੋਤੇ ਹੈਂ। ਅਕਾਸ਼ ਤੋਂ ਫੂਲੋਂ ਕੀ ਕਦੇ ਕਿਸੇ ਨੇ ਸੁਗੰਧੀ ਨਹੀਂ ਪ੍ਰਾਪਤ ਕੀਤੀ, ਜਦ ਹੈ ਹੀ ਨਹੀਂ ਸੁਗੰਧੀ ਤਾਂ ਕਿਥੋਂ ਪ੍ਰਾਪਤ

---

੧. ਸੌਣਾ, ੨. ਖਾਣਾ, ੩ ਗ੍ਰਿਹਸਤ, ੪. ਕਾਮ-ਕ੍ਰੀੜਾ, ੫. ਡਰ

ਕਰੇਗਾ। ਮਨੁੱਖ ਧਨ, ਦੌਲਤ, ਇਸਤ੍ਰੀ, ਸੰਤਾਨ ਇਸ ਲੀਏ ਚਾਹਤਾ ਹੈ ਸੁੱਖ ਪ੍ਰਾਪਤ ਹੋਵੇ। ਇਨ੍ਹਾਂ ਤੋਂ ਸਿਵਾਏ ਕਲੇਸ਼ ਤੋਂ ਔਰ ਮਿਲਤਾ ਕੁਛ ਨਹੀਂ। ਕਿਉਂਕਿ ਪ੍ਰਸੰਨਤਾ ਔਰ ਅਨੰਦ ਕਾ ਵਾਸਤਵ ਸ੍ਰੋਤ ਈਸ਼ਵਰ ਹੈ, ਇਸ ਲਈ ਉਸ ਦੀ ਪ੍ਰਾਪਤੀ ਤੋਂ ਬਿਨਾਂ ਅੱਜ ਤੀਕ ਨਾ ਕਿਸੇ ਨੂੰ ਸੱਚੀ ਖੁਸ਼ੀ ਮਿਲੀ ਹੈ ਅਤੇ ਨਾ ਮਿਲੇਗੀ। ਆਜ ਤੋ ਕੁਕਰਮਾਂ ਮੇਂ ਲਗ ਕਰ ਮਾਨਵਤਾ ਕਾ ਦਿਵਾਲਾ ਹੀ ਨਿਕਲ ਗਿਆ ਹੈ, ਧਰਮ ਕੋ ਛੋੜ ਕਰ, ਮਾਯਾ ਪਿਛੇ, ਦੁਨੀਆਂ ਦੀਨ ਧਰਮ ਨੂੰ ਵੇਚ ਰਹੀ ਹੈ। ਸਤ ਦਾ ਮਾਰਗ ਤਿਆਗ ਕੇ ਅਸੱਤ ਕੀ ਤਰਫ ਜਾ ਰਹੇ ਹਨ, ਪ੍ਰਤੀ ਦਿਨ ਆਪਣਾ ਨਾਸ਼ ਕਰ ਰਹੇ ਹਨ। ਬੈਰਾਗੀ ਪੁਰਸ਼ ਕੇ ਲੀਏ ਰਾਜ ਸਿੰਘਾਸਣ ਤੇ ਭੀਖ ਮਾਂਗਣਾ ਏਕ ਸਮਾਨ ਹਨ। ਜਿਵੇਂ ਬੱਚਾ ਜਦੋਂ ਮਾਤਾ ਪਾਸ ਜਾਂਦਾ ਹੈ, ਮਾਤਾ ਏਕ ਹਾਥ ਮੇਂ ਮੋਹਰ ਏਕ ਹਾਥ ਮੇਂ ਮਿਠਾਈ ਲੈ ਕਰ ਬੈਠ ਜਾਤੀ ਹੈ, ਬੱਚਾ ਮਿਠਾਈ ਲੇਗਾ ਔਰ ਮੋਹਰ ਤਿਆਗ ਦੇਵੇਗਾ। ਉਹ ਇਹ ਨਹੀਂ ਜਾਨਤਾ ਮਿਠਾਈ ਇਸੇ ਮੋਹਰ ਤੂੰ ਬੇਅੰਤ ਆ ਸਕਦੀ ਹੈ ਪਰ ਅਗਿਆਨੀ ਹੈ। ਇਸ ਪ੍ਰਕਾਰ ਜੀਵ ਅਗਿਆਨ ਵੱਸ ਹੋਇਆ ਹੋਇਆ ਮੋਕਸ਼ ਰੂਪੀ ਮੋਹਰ ਨੂੰ ਤਿਆਗ ਕੇ ਵਿਕਾਰਾਂ ਰੂਪੀ ਮਠਿਆਈ ਕੇ ਪਿੱਛੇ ਭਾਗ ਰਿਹਾ ਹੈ। ਜ਼ਬਾਨ ਤੀਕ ਹੀ ਪਦਾਰਥਾਂ ਦਾ ਸੁੱਖ ਹੈ, ਗਲੇ ਤੋਂ ਥੱਲੇ ਹੋਣ ਤੇ ਕੋਈ ਸਵਾਦ ਅਨੰਦ ਨਹੀਂ। ਇਸੇ ਤਰ੍ਹਾਂ ਸੰਸਾਰਿਕ ਸੁਖ ਲਿਪਤ ਹੋਣ ਤੋਂ ਦੁਨਿਆਵੀ ਪਦਾਰਥ ਸੁਖ ਦੀ ਪ੍ਰਤੀਤੀ ਦੇ ਰਹੇ ਹਨ, ਵਾਸਤਵ ਵਿਚ ਕੁਝ ਵੀ ਨਹੀਂ ਹੈ। ਆਤਮ ਗਿਆਨ ਤੋਂ ਬਿਨਾਂ ਆਪ ਸੁੱਖ ਤੋਂ ਕੋਸੋਂ ਦੂਰ ਰਹੋਗੇ। ਜਬ ਤੱਕ ਮਨੁੱਖ ਕੀ ਮੈਂ ਨਹੀਂ ਜਾਤੀ, ਸੱਚਾ ਸੁੱਖ ਪ੍ਰਾਪਤ ਨਹੀਂ ਹੋ ਸਕਦਾ। ਮੈਂ ਕੋ ਮਾਰਨੇ ਕੇ ਲੀਏ ਦੁਨੀਆਵੀ ਲੋਕਾਂ ਦਾ ਕੁੱਬ ਬਿਬੇਕ ਔਰ ਬੈਰਾਗ ਕਾ ਮੁੱਕਾ ਲਗਾ ਕਰ ਹੀ ਸੀਧਾ ਕਰਨਾ ਹੋਵੇਗਾ। ਨੂਨ ਕਾ ਅਲਫ ਬਨਾਣਾ ਹੋਵੇਗਾ ਇਸ ਪ੍ਰਕਾਰ ਮੈਂ ਮਰੇਗੀ। ਜਿਵੇਂ ਬੁੱਲ੍ਹੇਸ਼ਾਹ, ਅਨਾਇਤ ਸ਼ਾਹ ਕੇ ਪਾਸ ਗਿਆ, ਗਿਆਨ ਦੀ ਯਾਚਨਾ ਕੀਤੀ, ਉਨ੍ਹਾਂ ਕਿਹਾ ਇਸ ਖਜੂਰ 'ਤੇ ਚੜ੍ਹ ਜਾਹ। ਖਜੂਰ ਲੰਬੀ ਸਿੱਧੀ ਸੀ ਉਸਨੂੰ ਤਜਰਬਾ ਨਹੀਂ ਸੀ, ਉੱਪਰ ਜਾ ਕਰ ਗਿਰ ਗਿਆ, ਗਿਰਤੇ ਵਕਤ ਕਹਿਣੇ ਲਗਾ ਗੁਰੂ ਜੀ! ਮੈਂ ਮੂਆ, ਗੁਰੂ ਨੇ ਕਹਾ, ਮੈਂ ਮੂਆ ਤੇ ਖੁਦਾ ਹੂਆ।

ਅਹੰਕਾਰ ਦੀ ਨਵਿਰਤੀ ਸੇ ਹੀ ਬ੍ਰਹਮ ਮੇਂ ਲੀਨਤਾ ਪ੍ਰਾਪਤ ਕਰਦਾ ਹੈ। ਬ੍ਰਹਮ ਮੇਂ ਲੀਨ ਹੋਏ ਬਿਨਾਂ ਆਤਮਿਕ ਸ਼ਾਂਤੀ ਅਤੇ ਸੱਚੇ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ। ਜੋ ਗੁਰੂ ਹੁਕਮ ਵਿਚ ਹੈ ਹੁਕਮ ਸਤ ਕੀਆ ਤਾਂ ਪ੍ਰਾਪਤੀ ਹੈ, ਹੁਕਮ ਅਸੱਤ ਹੋਣ ਤੋਂ ਭਟਕਣਾ ਅਤੇ ਕਲੇਸ਼ ਹੈ। ਜਦੋਂ ਵੀ ਸੁਖ ਦੀ ਪ੍ਰਾਪਤੀ ਹੋਈ ਹੁਕਮ ਦੀ ਪਾਲਣਾ ਕਰਕੇ ਹੀ ਹੋਈ ਹੈ।

ਤੂੰ ਸ਼ਾਹੀਨ (ਬਾਜ਼) ਹੈ ਪਰ ਬਾਜ਼ (ਉਡਣਾ) ਹੈ ਕਾਮ ਤੇਰਾ॥
ਤੂੰ ਆਤਮਾ ਹੈ ਊਚਾ ਹੈ ਨਿਸ਼ਾਨਾ ਤੇਰਾ॥

ਨਾਮ ਦੀ ਦਾਤ ਪ੍ਰਾਪਤ ਕਰਕੇ ਉਸਕੇ ਅਭਿਆਸ ਦੁਆਰਾ ਹੀ ਕਲਿਆਣ ਅਤੇ ਆਤਮਕ ਸੁਖ ਦੀ ਉਪਲਬਧੀ ਹੈ।

ਮਾਯਾਵਾਦੀਓਂ ਕੇ ਪ੍ਰਚਾਰ ਨੇ ਯੂਰਪ ਮੇਂ ਭੋਗ ਬਿਲਾਸ ਕੀ ਆਂਧੀ ਚਲਾ ਦੀ ਹੈ, ਜਿਸਕੇ ਸਾਮ੍ਹਣੇ ਸਦਾਚਾਰ, ਸੰਤੋਖ, ਧਰਮ, ਮਾਤਾ ਪਿਤਾ ਕੀ ਸੇਵਾ, ਤਪ, ਤਿਆਗ, ਬ੍ਰਹਮਚਰਜ ਔਰ ਪ੍ਰਭੂ ਭਗਤੀ ਉਡਤੇ ਜਾ ਰਹੇ ਹੈਂ। ਇਸ ਪਾਸੇ ਸਾਡਾ ਧਿਆਨ ਨਹੀਂ ਜਾ ਰਿਹਾ। ਸਵੇਰ ਵੇਲਾ ਸੈਰ ਔਰ ਖੇਲੋਂ ਨੇ, ਸ਼ਾਮ ਵੇਲਾ ਸਿਨੇਮੇ, ਕਲੱਬੋਂ, ਟੈਲੀਵੀਜ਼ਨੋਂ, ਪਾਰਟੀਆਂ ਨੇ ਹੜੱਪ ਕਰ ਲਿਆ ਹੈ। ਰਾਤ ਨੂੰ ਬੁਰੇ ਸੁਪਨੇ ਆਉਂਦੇ ਹਨ, ਦਿਨ ਕੋ ਪੇਟ ਕਾ ਧੰਦਾ ਲੈ ਬੈਠਾ ਹੈ। ਅੱਛੇ ਵਿਚਾਰ ਸੁਣਨੇ ਵਾਸਤੇ ਨਾ ਸਮਾਂ ਹੈ ਨਾ ਮਨ, ਸਤਸੰਗ ਜਾਨੇ ਕਾ ਮੌਕਾ ਹੀ ਨਹੀਂ ਮਿਲਦਾ। ਐਸੇ ਲੋਕ ਗਿਆਨ ਕੇ ਪ੍ਰਕਾਸ਼ ਕੇ ਸਥਾਨ ਕੋ ਛੋੜ ਕਰ ਅੰਧਕਾਰ ਕੇ ਅੰਧੇਰੇ ਅਗਿਆਨ ਕੋ ਜ਼ਿਆਦਾ ਪਸੰਦ ਕਰਤੇ ਹੈਂ। ਭਾਵ ਕਿ ਪੁਜਾਰੀਆਂ ਨੂੰ ਆਤਮ ਸੁਖ ਨਹੀਂ ਮਿਲ ਸਕਦਾ ਕਿਉਂਕਿ ਉਨਕੇ ਮਨ ਅਨਿਤ ਔਰ ਚੰਚਲ ਹੈਂ।

ਬੈਨਜਮਿਨ ਫਰੈਂਕਲਿਨ ਨੇ ਏਕ ਬੜੇ ਪੂੰਜੀਪਤੀ ਕੋ ਕਹਾ ਥਾ–"ਜੋ ਮਨੁੱਖ ਏਕ ਰੋਟੀ ਔਰ ਪਾਣੀ ਪਰ ਜੀਵਨ ਨਿਰਬਾਹ ਕਰ ਸਕਦਾ ਹੈ ਵਹਿ ਤੇਰੇ ਜਹੇ ਹਜ਼ਾਰੋਂ ਪੂੰਜੀਪਤੀਓਂ ਕੀ ਕਿਆ ਪਰਵਾਹ ਕਰਤਾ ਹੈ।" ਸਹਸਕ੍ਰਿਤੀ ਦਾ ਸਲੋਕ ਹੈ

ਆਸ਼ਾ ਮਹਾਂ ਦੁਖਮ, ਨਿਰਾਸ਼ਾ ਮਹਾਂ ਸੁਖਮੁ॥

ਸੰਸਾਰੀ ਝੰਝਟ ਇਸ ਪ੍ਰਕਾਰ ਹੈ ਜਿਵੇਂ ਕਹਾ ਹੈ

ਆਵੇ ਦਿਆ ਖੋਤਿਆ, ਹੇਠ ਖਲੋਤਿਆ।
ਕੱਚੀਆਂ ਲਿਆਵੇਗਾ, ਪੱਕੀਆਂ ਲੈ ਜਾਵੇਗਾ।
ਆਵੇ ਨੇ ਨਹੀਓਂ ਮੁਕਨਾ, ਤੂੰ ਨਹੀਓਂ ਛੁਟਨਾ।

ਜੀਵ ਵੀ ਗਧੇ ਵਾਂਗ ਗੇੜੇ ਵਿਚ ਲੱਗਾ ਹੋਇਆ ਹੈ। ਮਰਨ ਤੀਕ ਪੁੱਤਰ ਧੀਆਂ ਪ੍ਰਵਾਰ ਦਾ ਬੋਝ ਢੋਅ ਰਿਹਾ ਹੈ। ਤੇਲੀ ਦੇ ਬਲਦ ਵਾਲੀ ਅਵਸਥਾ ਹੈ, ਉਹ ਵੀ ਸਾਰਾ ਦਿਨ ਕੋਹਲੂ ਦੁਆਲੇ ਘੁੰਮ ਰਿਹਾ ਹੈ, ਇਹ ਵੀ ਮਾਯਾ ਦੇ ਚੱਕਰ ਕੱਟ ਰਿਹਾ ਹੈ। ਜਿਤਨੀ ਦੇਰ ਮਾਯਾ ਦਾ ਚੱਕਰ ਪ੍ਰਭੂ ਸਿਮਰਨ ਦੇ ਬਲ ਦੁਆਰਾ ਨਹੀਂ ਤੋੜਦਾ, ਚੌਰਾਸੀ ਦੇ ਗੇੜੇ ਤੋਂ ਛੁਟਕਾਰਾ ਨਹੀਂ ਪ੍ਰਾਪਤ ਕਰ ਸਕਦਾ।

ਏਕ ਵਾਰ ਏਕ ਇਸਤਰੀ ਜਿਸ ਦਾ ਨਾਮ ਵਿਸਾਖਾ ਥਾ, ਭਗਵਾਨ ਬੁੱਧ ਕੇ ਪਾਸ ਆਈ ਕਿ ਮੇਰਾ ਪੋਤਾ ਜੀਵਤ ਕਰ ਦੋ। ਮਹਾਤਮਾ ਬੁੱਧ ਨੇ ਕਹਾ, ਆਪ ਕਿਤਨੇ ਲੜਕੇ ਔਰ ਲੜਕੀਆਂ ਚਾਹਤੀ ਹੋ, ਜਿਤਨੇ ਤੁਮਾਰੇ ਗਾਮ ਮੇਂ ਹੈਂ। ਉਸਨੇ ਕਹਾ ਹਾਂ। ਭਗਵਾਨ ਬੁੱਧ ਨੇ ਕਹਾ ਤੁਮਾਰੇ ਗਾਮ ਮੇਂ ਰੋਜ਼ ਕਿਤਨੇ ਮਰਤੇ ਹੈਂ? ਬੋਲੀ ਕਮ ਸੇ ਕਮ ਏਕ। ਭਗਵਾਨ ਬੁੱਧ ਨੇ ਕਹਾ ਫਿਰ ਤਾਂ ਤੁਮ ਰੋਜ਼ ਰੋਤੀ ਹੀ ਰਹੋਗੀ। ਏਕ ਵਾਰ ਏਕ ਮਹਾਤਮਾ ਨੂੰ ਕਿਸੇ ਡੇਰੇ ਦੇ ਮਹੰਤ ਨੇ ਕਹਾ, ਆਪ ਮੇਰੇ ਚੇਲੇ ਬਣ ਜਾਉ, ਮੇਰੀ ਸਾਰੀ ਦੌਲਤ ਕੇ ਮਾਲਕ ਬਣ ਜਾਉਗੇ। ਉਨ੍ਹਾਂ ਕਿਹਾ ਜਿਸ ਨੂੰ ਆਤਮਾ ਧਨ ਰੂਪੀ ਸੱਚੀ ਦੌਲਤ ਮਿਲ ਜਾਵੇ ਉਹ ਝੂਠੀ ਦੌਲਤ ਨੂੰ

ਕਿਆ ਕਰੇਗਾ, ਇਹ ਤਾਂ ਕੋਲਿਆਂ ਦੀ ਦਲਾਲੀ ਹੈ, ਮੂੰਹ ਹੀ ਕਾਲਾ ਕਰਤੀ ਹੈ।

ਜਿਵੇਂ ਦਾਤੂ ਜੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਪ੍ਰਤੀ ਗੁਰੂ ਅਮਰਦਾਸ ਜੀ ਨੂੰ ਗੱਦੀ ਦੇਣ ਦਾ ਰੋਸ ਪ੍ਰਗਟ ਕੀਤਾ। ਆਪ ਜੀ ਨੇ ਕਿਹਾ ਜੇ ਆਪ ਨੂੰ ਗੱਦੀ ਮਿਲ ਜਾਤੀ ਤੁਮ ਕਿਆ ਕਰਤੇ? ਇਸ ਨੇ ਕਹਾ ਮਾਯਾ ਇਕੱਤ੍ਰ ਹੋਤੀ। ਗੁਰੂ ਸਾਹਿਬ ਜੀ ਨੇ ਕਿਹਾ, ਜੇ ਮਾਯਾ ਦੀ ਇੱਛਾ ਹੈ, ਇਕ ਮੁਠੀ ਮਾਯਾ ਦੇ ਕੇ ਕਿਹਾ ਲੈ ਗਿਣ ਲੈ। ਸਵੇਰ ਤੋਂ ਸ਼ਾਮ ਤੀਕ ਗਿਣਦਾ ਰਿਹਾ, ਤੋਟ ਨਾ ਆਵੇ। ਖਾਜ ਆਵੇ, ਕਰਨ ਲਗ ਪਵੇ, ਗਿਣਤੀ ਕਰਦਾ ਥੱਕ ਗਿਆ। ਆਖਿਰ ਗੁਰੂ ਜੀ ਨੂੰ ਕਹਿਣ ਲੱਗਾ, ਮੁਕਦੀ ਨਹੀਂ, ਮਹਾਰਾਜ ਜੀ ਨੇ ਕਹਾ ਭਾਈ ਇਹ ਗੁਰੂ ਨਾਨਕ ਦੇਵ ਜੀ ਕਾ ਖਜ਼ਾਨਾ ਹੈ, ਮੁੱਕ ਨਹੀਂ ਸਕਦਾ, ਜਾਹ ਸ਼ੀਸ਼ਾ ਲਿਆ ਕੇ ਮੂੰਹ ਸਿਰ ਵੇਖ ਲੈ। ਜਦੋਂ ਤੱਕਿਆ ਮੂੰਹ ਸਿਰ ਕਾਲਾ ਹੋਇਆ ਪਿਆ ਸੀ ਖਾਜ ਵੇਲੇ ਹੱਥ ਫੇਰਨ ਤੋਂ। ਕਹਿਣ ਲੱਗਾ, ਜੀ ਮੂੰਹ ਸਿਰ ਕਾਲਾ ਹੋ ਗਿਆ ਹੈ। ਮਹਾਰਾਜ ਜੀ ਨੇ ਕਿਹਾ ਦਾਤੂ ਜੀ ਮਾਯਾ ਦਾ ਮੋਹ ਤਿਆਗ ਕੇ, ਭਜਨ ਕਰੋ ਫੇਰ, ਉਜਲਤਾ ਪ੍ਰਾਪਤ ਹੋਵੇਗੀ। ਮਾਯਾ ਦਾ ਮੋਹ ਤਾਂ ਮੂੰਹ ਸਿਰ ਕਾਲਾ ਹੀ ਕਰਦਾ ਹੈ। ਇਸ ਪ੍ਰਕਾਰ ਸਤਸੰਗੀਓ ! ਸਾਨੂੰ ਵੀ ਸਿਖਿਆ ਲੈ ਕੇ ਮਾਯਾ ਦਾ ਮੋਹ ਤਿਆਗ ਕੇ ਸਿਮਰਨ ਕਰਨਾ ਚਾਹੀਦਾ ਹੈ, ਜੇ ਪ੍ਰਲੋਕ ਵਿਚ ਪਵਿੱਤ੍ਰ ਮੁਖ ਲੈ ਕੇ ਜਾਣਾ ਚਾਹਤੇ ਹੋ। ਇਸ ਦਾ ਭਾਵ ਇਹ ਨਹੀਂ ਧਰਮ ਦੀ ਕਿਰਤ ਨਹੀਂ ਕਰਨੀ, ਕਰਨੀ ਹੈ, ਦਸਵੰਧ ਗੁਰੂ ਘਰ ਅਰਪਣ ਕਰਨਾ, ਵੰਡ ਛਕਣਾ, ਨਾਮ ਜਪਣਾ, ਆਏ ਗੁਰਸਿਖ ਅਤਿਥੀ ਦੀ ਤਨੋ ਮਨੋ ਧਨੋ ਸੇਵਾ ਕਰਨੀ, ਘਰ ਦੇ ਹਰ ਪਦਾਰਥ ਨੂੰ ਗੁਰੂ ਕੀ ਅਮਾਨਤ ਜਾਣਨਾ। ਜਦੋਂ ਇਸ ਪ੍ਰਕਾਰ ਅਹੰ ਭਾਵ ਤੋਂ ਰਹਿਤ ਹੋ ਕੇ ਰਹੋਗੇ ਤਾਂ 'ਵਿਚੇ ਮਾਇਆ ਪਾਇਆ' ਦੀ ਅਵਸਥਾ ਮਿਲ ਜਾਵੇਗੀ।

ਸਵਾਮੀ ਰਾਮ ਤੀਰਥ ਅਮਰੀਕਾ ਮੇਂ ਪ੍ਰਚਾਰ ਲਈ ਗਏ, ਇਨ੍ਹਾਂ ਨੂੰ ਮਾਯਾ ਦੇ ਪ੍ਰਲੋਭਨਾ ਵਿਚ ਫਸਾਉਣਾ ਚਾਹਿਆ। ਕਿਉਂਕਿ ਮਨੁੱਖ ਦੇ ਅੰਦਰ ਕਨਕ ਕਾਮਨੀ ਸੋਨਾ (ਤਮਾਮ ਮਾਇਆ) ਤੇ ਕਾਮਨੀ ਇਸਤਰੀਆਂ ਦੋ ਕਮਜ਼ੋਰੀਆਂ ਹਨ, ਇਨ੍ਹਾਂ ਦੇ ਜਾਲ ਵਿਚ ਵੱਡੇ ਤੋਂ ਵੱਡੇ ਫੱਸ ਜਾਂਦੇ ਹਨ। ਸਵਾਮੀ ਜੀ ਨੂੰ ਮਾਯਾ ਪਦਾਰਥ ਬਸਤਰ ਭੇਟ ਕੀਤੇ, ਉਨ੍ਹਾਂ ਮੋੜ ਦਿੱਤੇ ਅਤੇ ਕਿਹਾ ਮੈਂ ਭਾਰਤ ਸੇ ਤੀਨ ਬਸਤਰੋਂ ਮੇਂ ਆਯਾ ਹੂੰ ਔਰ ਇਨ੍ਹਾਂ ਵਿਚ ਹੀ ਵਾਪਸ ਚਲਾ ਜਾਊਂਗਾ। ਫੇਰ ਇਕ ਇਸਤ੍ਰੀ ਭੇਜੀ, ਇਸ ਨੇ ਕਹਾ ਸਵਾਮੀ ਜੀ ਕਿਤਨਾ ਚੰਗਾ ਹੋਵੇ ਆਪਾਂ ਦੋਨੋਂ ਰਲ ਕੇ ਪ੍ਰਚਾਰ ਕਰੇਂ, ਅਗਰ ਮੈਂ ਆਪ ਪਾਸ ਰਹਿੰਦੀ ਹੂੰ ਤੇ ਨਿੰਦਾ ਹੈ, ਆਪ ਮੇਰੇ ਨਾਲ ਸ਼ਾਦੀ ਕਰ ਲਵੋ, ਤੁਹਾਡੀ ਹਰ ਤਕਲੀਫ ਵਿਚ ਮੈਂ ਸਹਾਇਤਾ ਕਰੂੰਗੀ। ਆਪ ਕੀ ਜੀਵਨ ਸਾਥਨ ਬਣ ਜਾਊਂਗੀ। ਸਵਾਮੀ ਜੀ ਮੁਸਕਰਾਏ, ਪਰ ਆਤਮ ਗਿਆਨੀ ਦੀ ਅਵਸਥਾ ਦਾ ਗਿਆਨ ਹੈ। ਸਵਾਮੀ ਜੀ ਨੇ ਕਿਹਾ ਸੰਸਾਰ ਦੀਆਂ ਸਭ ਇਸਤ੍ਰੀਆਂ ਮੇਰੀਆਂ ਮਾਤਾਵਾਂ ਹਨ, ਸ਼ਾਦੀ ਕਿਸ ਨਾਲ ਕਰਾਂ ? ਇਹ ਸੁਣ ਕਰ ਲੱਜਿਤ ਹੋ ਕਰ ਵਾਪਸ ਲੌਟ ਗਈ। ਪਾਦਰੀ ਨੇ ਜਬ ਇਸਤ੍ਰੀ ਨੂੰ ਸਵਾਮੀ ਜੀ ਕੋਲ ਜਾਣ ਦਾ ਪ੍ਰਣਾਮ

ਪੂਛਾ ਤਾਂ ਇਸਤ੍ਰੀ ਨੇ ਕਿਹਾ ਕਿ ਪਾਦਰੀ ਜੀ, ਉਸ ਨੇ ਮਨ ਇੰਦ੍ਰੀਆਂ ਪਰ ਕਾਬੂ ਪਾ ਲਿਆ ਹੈ, ਵਿਜੈ ਪ੍ਰਾਪਤ ਕਰ ਲਈ ਹੈ, ਉਸ ਵਿਅਕਤੀ ਕੋ ਕੋਈ ਭੀ ਅਧੀਨ ਨਹੀਂ ਕਰ ਸਕਦਾ। ਧੰਨ ਉਹ ਲੋਗ ਹਨ ਜਿਨ੍ਹਾਂ ਨੇ ਦੁਨੀਆਂ ਦੇ ਭੋਗੋਂ ਨੂੰ ਲੱਤ ਮਾਰੀ ਔਰ ਠੁਕਰਾ ਦੀਆ ਹੈ। ਪਰ ਅੱਜ ਦੁਨੀਆਂ ਭੋਗਾਨੰਦ ਮਗਰ ਲੱਗ ਕੇ ਜੋਗਾਨੰਦ ਦਾ ਰਸ ਤਿਆਗ ਕੇ ਜੀਵਨ ਖੋ ਬੈਠੀ ਹੈ। ਰੀਢਾ ਫੋਲਣ ਤੋਂ ਛਿਲਕੇ ਹੀ ਛਿਲਕੇ ਮਿਲੇਂਗੇ। ਇਸੇ ਤਰ੍ਹਾਂ ਇਨ੍ਹਾਂ ਭੋਗਾਂ ਵਿਚੋਂ ਅਨੰਦ ਸੁਖ ਕਿਥੋਂ ਮਿਲ ਸਕਦਾ ਹੈ? ਕਦੇ ਵੀ ਨਹੀਂ। ਸਹਸਕ੍ਰਿਤੀ ਦਾ ਸਲੋਕ ਹੈ

ਮਾਤਰੀ ਵਤ ਪਰ ਦਾਰੇ ਸ਼ੁ, ਪਰ ਦਰਬੇ ਸ਼ੁ ਲੋਸ਼ਟ ਵਤ।
ਆਤਮ ਵਤ ਸਰਬ ਭੂਤੇ ਸ਼ੁ, ਯਾ ਪਸ਼ੁਅਤੀ ਸਾ ਪੰਛੀਅਤਾ॥

-o-

ਚਲੋ ਚਲੋ ਸਭ ਕੋ ਕਹੇ, ਬਿਰਲਾ ਪਹੁੰਚੇ ਕੋਇ॥
ਏਕ ਕੰਚਨ ਏਕ ਕਾਮਨੀ, ਦੁਰਗਮ ਘਾਟੀ ਕੋਇ॥

ਇਹ ਦੋ ਹੀ ਕਠਿਨ ਘਾਟੀਆਂ ਹਨ, ਇਨ੍ਹਾਂ ਨੂੰ ਪਾਰ ਕਰਨੇ ਵਾਲਾ ਮੰਜ਼ਿਲ ਪਰ ਪਹੁੰਚ ਜਾਤਾ ਹੈ। ਸੁੱਖਾਂ ਦਾ ਸਾਗਰ ਤਾਂ ਹਮਾਰਾ ਆਤਮਾ ਹੈ, ਹਮ ਸੁੱਖਾਂ ਦੇ ਦਾਸ ਹੋ ਕੇ ਬਾਹਰੋਂ ਢੂੰਡ ਰਹੇ ਹਾਂ। ਜਿਵੇਂ ਹਰਨ ਦੇ ਅੰਦਰੋਂ ਕਸਤੂਰੀ ਦੀ ਮਹਿਕ ਆਉਂਦੀ ਹੈ, ਬਾਹਰ ਭੱਜਦਾ ਹੋਇਆ, ਜੰਗਲਾਂ ਵਿਚ ਢੂੰਡ ਰਿਹਾ ਹੈ।

ਆਜ ਦਾ ਨਵਯੁਵਕ ਕਹਿੰਦਾ ਹੈ ਕਿ ਤੌਹੀਨ ਅਪਮਾਨ, ਜਵਾਨੀ ਹੈ, ਖ਼ੁਦਾ ਯਾਦ ਰਹੇ ਯਹ ਹਮਾਰੀ ਨਾਦਾਨੀ ਹੈ। ਸੰਸਾਰ ਅਸਾਰ ਹੈ, ਸਰੀਰ ਖਿਣਭੰਗਰ ਹੈ, ਸਵਾਸ ਆਤਾ ਹੈ ਮੁੜ ਨਹੀਂ ਪਤਾ, ਆਵੇਗਾ ਕਿ ਨਹੀਂ।

"ਕਿਆ ਭਰੋਸਾ ਹੈ ਇਸ ਜ਼ਿੰਦਗਾਨੀ ਕਾ। ਆਦਮੀ ਬੁਲਬਲਾ ਹੈ ਪਾਣੀ ਕਾ।"

-o-

ਸਵਾਸ ਸਵਾਸ ਪਰ ਰਾਮ ਕਹ, ਬਿਰਥਾ ਜਨਮ ਮਤ ਖੋਇ॥
ਕਿਆ ਜਾਨੇ ਇਸ ਸਵਾਸ ਕਾ, ਬਹੁਰ ਆਵਨ ਹੋਇ ਨਾ ਹੋਇ॥

ਯਜੁਰਵੇਦ ਮੇਂ ਸਹਸਕ੍ਰਿਤੀ ਮੇਂ ਕਹਾ ਹੈ :-

ਤਅੱਕਤੇਨ ਭੁੰਜੀਥਾ ਅਰਥਾਤ ਤਪ ਔਰ ਤਿਆਗ ਸੇ ਵਸਤੂਆਂ ਕਾ ਭੋਗ ਕਰੋ ਲਲਚਾਉ ਮੱਤ। ਜਿਵੇਂ ਸਰਾਂ ਮੇਂ ਰਾਤ ਰਹੇ, ਉਥੇ ਕੀਆਂ ਵਸਤੂਆਂ ਵਰਤਣ ਤੋਂ ਬਾਅਦ ਨਾਲ ਕੋਈ ਸਲੰਗਤਾ ਨਹੀਂ ਹੋਤੀ। ਜਿਵੇਂ ਕੋਈ ਅਪਣਾ ਮਕਾਨ ਵੇਚ ਡਾਲਤਾ ਹੈ, ਵੇਚਣ ਤੋਂ ਬਾਅਦ ਮਕਾਨ ਦੀ ਟੁੱਟ ਭੱਜ ਦਾ ਉਸਨੂੰ ਕੋਈ ਫਿਕਰ ਨਹੀਂ ਹੋਤਾ, ਜਿਵੇਂ ਬਿੱਲੀ ਕਿਸੇ ਕਾ ਚੂਚਾ ਲੇ ਜਾਏ ਦੁੱਖ ਨਹੀਂ ਹੋਤਾ। ਆਪਣਾ ਜਾਣੋ ਤੋਂ ਹੋਤਾ ਹੈ, ਇਸਦਾ ਕਾਰਨ ਮੋਹ

ਹੈ। ਮੋਹ ਦਾ ਤਿਆਗ ਕਰੋ, ਕੋਈ ਦੁੱਖ ਨਹੀਂ ਹੋ ਸਕਦਾ। ਮਨੁੱਖ ਦਾ ਜਨਮ ਬੜਾ ਦੁਰਲੱਭ ਹੈ, ਕੌਡੀਓਂ ਖੋਟਾ ਕਰਕੇ ਰੋਲ ਰਹੇ ਹੈਂ। ਜਿਵੇਂ ਗੰਦੇ ਮਕਾਨ ਵਿਚ ਕਿਸੇ ਦਾ ਕੀ, ਆਪਣਾ ਜੀਅ ਬੈਠਣ ਨੂੰ ਨਹੀਂ ਕਰਦਾ, ਇਸੇ ਪ੍ਰਕਾਰ ਅਸਾਂ ਸਰੀਰ ਰੂਪੀ ਮੰਦਰ ਨੂੰ ਸ਼ਰਾਬ, ਮਾਸ, ਨਿੰਦਿਆ, ਚੁਗਲੀ, ਭੈੜੀਆਂ ਬਾਦੀਆਂ, ਨਸ਼ਿਆਂ [1] ਬਿਅਸਨਾਂ ਤੋਂ ਗੰਦਾ ਕਰ ਰਹੇ ਹਾਂ, ਪ੍ਰਮਾਤਮਾ ਕਿਵੇਂ ਬਿਰਾਜਮਾਨ ਹੋਵੇਗਾ? ਉਸਨੂੰ ਬੈਠਾਣ ਲਈ ਅੰਦਰ ਬਾਹਰ ਦੀ ਸ਼ੁੱਧਤਾ ਪਵਿੱਤ੍ਰਤਾ ਦੀ ਲੋੜ ਹੈ। ਮੁਕਤੀ ਲਈ ਖੁੱਲ੍ਹਾ ਦਰਵਾਜ਼ਾ ਮਨੁਸ਼ ਜਨਮ ਹੈ, ਬਾਕੀ ਜੂਨੀਆਂ ਭੋਗ ਜੂਨੀਆਂ ਹਨ, ਨਯਾ ਕਰਮ ਨਹੀਂ ਕਰ ਸਕਦੀਆਂ, ਬੰਦ ਦਰਵਾਜ਼ੇ ਹਨ। ਸੂਈ ਘਰ ਵਿਚ ਖੋਈ ਹੈ ਢੂੰਡ ਬਾਹਰ ਕਰ ਰਿਹਾ ਹੈ। ਘਰ ਮੇਂ ਅੰਧੇਰਾ ਹੈ ਦੀਪਕ ਹੈ ਨਹੀਂ। ਹਮਾਰੀ ਬੁੱਧੀ ਪ੍ਰਭੂ ਨੂੰ ਛੋੜ ਕਰ ਦੂਸਰੇ ਨੂੰ ਬਿਸਯ ਗ੍ਰਹਿਣ ਕਰ ਰਹੀ ਹੈ। ਮਨ ਪ੍ਰਭੂ ਚਿੰਤਨ ਦੀ ਬਜਾਏ ਦੁਨਿਆਵੀ ਪਦਾਰਥਾਂ ਦਾ ਚਿੰਤਨ ਕਰ ਰਿਹਾ ਹੈ, ਫਿਰ ਸੁਖ ਕਿਥੋਂ ਮਿਲੇ ?

੬.੨ ਮਨ ਦੀ ਸ਼ਾਂਤੀ-

ਸੁਖ ਦੀ ਪ੍ਰਾਪਤੀ ਦਾ ਰਸਤਾ :

ਬੁੱਧੀ ਕਰਕੇ ਬੁਰਾਈਆਂ ਦੀ ਧਾਰਣਾ ਛੋੜ ਕੇ, ਪ੍ਰਭੂ ਨੂੰ ਸਤ ਚਿਤ ਅਨੰਦ ਸਰੂਪ ਜਾਣ। ਮਨ ਕਰਕੇ ਇਨ੍ਹਾਂ ਭਾਵਾਂ ਦਾ ਮਨਨ ਕਰੇ। ਬਾਣੀ ਕਰਕੇ ਸਭ ਨਾਲ ਮੀਠਾ ਭਾਸ਼ਣ ਕਰੇ। ਅੱਖਾਂ ਨਾਲ ਜਿਤਨਾ ਪ੍ਰਪੰਚ ਦੇਖ ਰਿਹਾ ਹੈ ਬ੍ਰਹਮ ਰੂਪ ਜਾਨੇ। ਕੰਨਾਂ ਕਰਕੇ ਜਿਤਨੀਆਂ ਜੂਨਾਂ ਬੋਲੀ ਬੋਲ ਰਹੀਆਂ ਹਨ, ਸਮਝੋ ਪ੍ਰਮੇਸ਼ਰ ਆਪ ਹੀ ਬੋਲ ਰਿਹਾ ਹੈ। ਜਿਤਨੀਆਂ ਵੀ ਸੁਗੰਧੀਆਂ ਹਨ, ਸਮਝੋ ਈਸ਼ਵਰ ਹੀ ਪ੍ਰਗਟ ਹੋ ਰਿਹਾ ਹੈ। ਰਸਨਾ ਦੁਆਰਾ ਆਪ ਹੀ ਰਸਾਂ ਨੂੰ ਦੇਣ ਵਾਲਾ ਹੈ। ਭਾਵ ਸਭ ਇੰਦ੍ਰੀਆਂ ਦਾ ਪ੍ਰਭੂ ਪਰਾਇਣ ਕਰ ਦੇਵੇ ਅਤੇ ਇਨ੍ਹਾਂ ਨੂੰ ਵਿਸ਼ੇ ਵਾਸ਼ਨਾ ਤੋਂ ਬਚਾ ਕੇ ਸੇਵਾ ਸਿਮਰਨ ਦੁਆਰਾ ਰਹਿਤ ਕਰੇ। ਕਿਸੇ ਅੰਧੇ ਕੋ ਰਸਤਾ ਦਿਖਾਣਾ, ਰੋਗੀ ਦਾ ਇਲਾਜ ਕਰਨਾ, ਕਰਵਾਣਾ, ਕਿਸੇ ਨੂੰ ਆਰਥਿਕ ਸਹਾਇਤਾ ਦੇਣੀ, ਵਿਦਿਆ ਦਾਨ ਦੇਣਾ, ਮਾਤਾ ਪਿਤਾ, ਸਮਾਜ ਦੀ ਸੇਵਾ ਕਰਨਾ, ਕਿਸੇ ਲੰਗੜੇ ਲੂਲ੍ਹੇ ਅਪਾਹਜ ਦੀ ਸਹਾਇਤਾ ਕਰਨੀ. ਜਦੋਂ ਤਨ, ਮਨ, ਧਨ ਦਾ ਅਹੰਕਾਰ ਤਿਆਗ ਕੇ ਨਿਰਅਭਿਆਨ ਹੋ ਕੇ ਸੇਵਾ ਕਰੋਗੇ ਤਾਂ ਦੇਹ ਅਧਿਆਤਮ ਤੋਂ ਰਹਿਤ ਹੋ ਕੇ ਅਬਿਨਾਸ਼ੀ ਸੁੱਖ ਨੂੰ ਪ੍ਰਾਪਤ ਕਰੋਗੇ। ਫਿਰ ਮੈਂ (ਅਹੰਕਾਰ ਕੀ ਸੰਤਾਨ, ਮੇਰੀ ਮੇਰਾ ਭਾਵ ਵੀ ਖਤਮ ਹੋ ਜਾਵੇਗਾ, ਇਹ ਹੀ ਦੁੱਖ ਦਾ ਕਾਰਨ ਹੈ। ਜਿਥੇ ਸ਼ਾਂਤੀ ਦਾ ਸਾਮਰਾਜ ਕਾਇਮ ਹੋ ਜਾਵੇ, ਫਿਰ ਸ਼ਾਂਤੀ ਦੀ ਖੋਜ ਵੀ ਖ਼ਤਮ ਹੋ ਜਾਵੇਗੀ।

੬.੩ ਦੋ ਰਸਤੇ

ਉਪਨਿਸ਼ਦ ਮੇਂ ਕਥਾ ਹੈ ਜਦੋਂ ਯਮਰਾਜ ਨੇ ਨਚਕੇਤਾ ਦੀ ਭਗਤੀ ਤੋਂ ਖੁਸ਼ ਹੋਏ, ਬਰ ਮੰਗਣ ਲਈ ਕਿਹਾ, ਤਦੋਂ ਨਚਕੇਤਾ ਨੇ ਕਿਹਾ–ਹੇ ਦੇਵ ! ਆਪ ਪ੍ਰਸੰਨ ਹੋ ਤਾਂ ਬਤਾਓ ਆਤਮਾ ਕਾ ਸਹੀ ਰੂਪ ਔਰ ਇਸਦੀ ਪ੍ਰਾਪਤੀ ਕਾ ਉਪਾਏ ਮੈਂ ਜਾਨਣਾ ਚਾਹਤਾ ਹੂੰ। ਇਹ ਮੇਰਾ ਅਸਲੀ ਬਰ ਹੈ। ਆਤਮਾ ਕਾ ਗਿਆਨ ਅਧਿਕਾਰੀ ਨੂੰ ਦੇਣਾ ਚਾਹੀਦਾ ਹੈ, ਐਸੀ ਬਿਚਾਰ ਕੇ, ਯਮਰਾਜ ਨੇ ਨਚਕੇਤਾ ਕੋ ਪਦਾਰਥਾਂ, ਇਸਤਰੀਆਂ, ਅਪੱਸਰਾਂ, ਲੋਕ ਪ੍ਰਲੋਕ ਕੇ ਸੁਖਾਂ ਕੇ ਪ੍ਰਲੋਭਨ ਦੀਏ, ਪਰ ਇਸ ਬੈਰਾਗੀ ਨੇ ਦੁਖਦਾਈ ਜਾਣ ਕੇ ਤਿਆਗ ਦੀਏ। ਇਸਤਰੀ ਦੀ ਸੁੰਦਰਤਾ 'ਤੇ ਮੂਰਖ ਲੋਕ ਹੀ ਮਰਦੇ ਹਨ, ਜਿਵੇਂ ਦੀਵੇ ਦੀ ਲੋਅ 'ਤੇ ਪਤੰਗਾ। ਜਿਵੇਂ ਅੱਗ ਵਿਚ ਤੇਲ ਪਾਉਣ ਨਾਲ ਅਗਨੀ ਭੜਕਦੀ ਹੈ, ਇਵੇਂ ਹੀ ਭੋਗੋਂ ਨੂੰ ਪ੍ਰਾਪਤ ਕਰਕੇ ਬਿਸ਼ੈ ਵਾਸ਼ਨਾ ਵਧਦੀ ਹੈ। ਤਾਂ ਤੇ ਵਾਸ਼ਨਾ ਦਾ ਤਿਆਗ ਹੀ ਸੱਚਾ ਸੁੱਖ ਹੈ। ਕੌਣ ਬੁੱਧੀਮਾਨ ਪੁਰਸ਼ ਹੈ ਜੋ ਬਿਸ਼ੈ ਵਾਸ਼ਨਾ ਵਿਚ ਲੱਗ ਕੇ ਆਪਣਾ ਜੀਵਨ ਬਿਅਰਥ ਕਰੇਗਾ। ਨਚਕੇਤਾ ਦਾ ਦ੍ਰਿੜ੍ਹ ਨਿਸ਼ਚਾ ਦੇਖ ਕਰ ਧਰਮਰਾਜ ਬੋਲੇ, ਹੇ ਨੇਚਕੇਤਾ ਜੀਉ, ਦੂਸਰੀ ਜੂਨੀਆਂ ਦੀ ਤਰ੍ਹਾਂ ਮਨੁਖਾ ਜਨਮ ਕਰਮਾਂ ਦਾ ਫਲ ਭੋਗਣ ਲਈ ਨਹੀਂ ਮਿਲਾ। ਇਸ ਸੇ ਮਨੁਸ਼ ਆਗੇ ਕੋ ਸੁਖ ਦੇਣੇ ਵਾਲੇ ਸਾਧਨ ਇਕਤ੍ਰ ਕਰੇ ਅਤੇ ਸਾਧਨਾ ਕਰੇ। ਮਨੁਖਾ ਜਨਮ ਅੱਗਾ ਸਵਾਰਣ ਲਈ ਅੱਛੇ ਕਰਮ ਕਰਨ ਲਈ ਮਿਲਾ ਹੈ। ਵੇਦ ਵਿਚ ਦੋ ਮਾਰਗ ਬਤਾਏ ਹਨ :-੧. ਸ੍ਰੇਯ, ੨. ਪ੍ਰੇਯ। ਪਹਿਲਾ ਨਵਿਰਤੀ ਮਾਰਗ ਹੈ, ਦੂਸਰਾ ਪ੍ਰਵਿਰਤੀ ਮਾਰਗ ਹੈ।

ਸ੍ਰੇਯ ਦਾ ਭਾਵ ਹੈ :– ਸਦਾ ਵਾਸਤੇ ਸਭ ਪ੍ਰਕਾਰ ਦੇ ਦੁੱਖਾਂ ਤੋਂ ਮੁਕਤ ਹੋ ਕਰ ਅਨੰਦ ਸਰੂਪ ਪ੍ਰਮਾਤਮਾ ਨੂੰ ਪ੍ਰਾਪਤ ਕਰਨੇ ਦਾ ਉਪਾਏ।

ਪ੍ਰੇਯ ਦਾ ਭਾਵ ਹੈ : ਧਨ, ਇਸਤਰੀ, ਪੁੱਤਰ, ਜਸ, ਲੋਕ ਪਲੋਕ ਦੇ ਸੁਖਾਂ ਦੀ ਪ੍ਰਾਪਤੀ ਦਾ ਉਪਾਏ ਸੋਚਣਾ।

ਨਵਿਰਤੀ ਪੱਖ :

ਇਸ ਵਿਚ ਬੈਰਾਗ, ਬਿਬੇਕ ਨੂੰ ਧਾਰ ਕੇ ਤਿਆਗੀ ਬਨਣਾ, ਨਿਸ਼ਕਾਮ ਭਾਵ ਪੈਦਾ ਕਰਨਾ, ਕਰਮ ਦਾ ਤਿਆਗ ਨਹੀਂ ਕਰਨਾ, ਅਹੰਭਾਵ ਦਾ ਤਿਆਗ ਕਰਨਾ, ਸਗੋਂ *(ਕਰਮ ਕਰਤ ਹੋਵੈ ਨਿਹਕਰਮ)* ਦੀ ਅਵਸਥਾ ਦੁਆਰਾ ਜੀਵਨ ਮੁਕਤੀ ਅਤੇ ਬਿਦੇਹ ਮੁਕਤੀ ਦਾ ਅਨੰਦ ਮਾਨਣਾ। ਮੋਹ, ਮਮਤਾ, ਇਸਤਰੀ ਪਰਵਾਰ ਸਭ ਪ੍ਰਕਾਰ ਦੇ ਐਸ਼ਵਰਜ ਦਾ ਮਨੋਂ ਤਿਆਗ ਕਰਨਾ ਸੱਚਾ ਤਿਆਗ ਹੈ, ਐਸਾ ਨਹੀਂ :

ਨਾਰ ਮੁਏ ਘਰ ਸੰਪਤਿ ਨਾਸੀ, ਮੂੰਡ ਮੁੰਡਾਏ ਭਯਾ ਸੰਨਿਆਸੀ।
ਜਾਂ ਡੰਡ ਕਮੰਡਲ ਮੋਢੇ ਭਾਰ, ਜੋਗ ਨਹੀਂ ਇਹ ਕਰਮਾਂ ਦੀ ਮਾਰ।

ਸਿਨੇਮੇ ਅਫੀਮ, ਡੋਡੇ, ਜੂਏ ਆਦਿਕਾਂ ਦੇ ਬਿਅਸਨਾਂ ਤੋਂ ਜਾਇਦਾਦ ਦੀ ਕੁਰਕੀ ਕਰਾ ਕੇ ਮੂੰਹ ਸਿਰ ਮੁੰਨਾ ਕੇ ਮਾਲਾ ਪਾ ਕੇ ਕਿਸੇ ਧਰਮ ਅਸਥਾਨ ਤੇ ਭਗਵੇ ਕਪੜੇ ਪਾ ਕੇ ਬੈਠ ਜਾਣਾ ਜਾਂ ਫਿਰ ਤੀਵੀਂ ਦੇ ਮਰਨ ਤੇ ਪੁਤਰਾਂ ਨੂੰਹਾਂ ਨਾਲ ਨਾ ਬਨਣ ਤੇ ਮੰਦਰ, ਗੁਰਦੁਆਰੇ ਜਾ ਬੈਠਣਾ, ਤਿਆਗ ਨਹੀਂ, ਜਾਂ ਹਰ ਵੇਲੇ ਸੋਟਾ ਲੋਟਾ ਥੈਲਾ ਲੈ ਕੇ ਘੁੰਮੀ ਜਾਣਾ, ਸੇਵਾ ਸਿਮਰਨ ਨਾ ਕਰਨਾ ਜੋਗ ਨਹੀਂ, ਕਰਮਾਂ ਦੀ ਮਾਰ ਹੈ। ਪਦਾਰਥ ਪਾਸ ਹੁੰਦਿਆਂ ਨਿਰਚਾਹ ਹੋਣਾ ਅਥਵਾ ਹੁੰਦੀ ਵਸਤੂ ਦਾ ਧਰਮ ਅਰਥ ਦਾਨ ਦੇਣਾ, ਸੱਚਾ ਤਿਆਗ ਹੈ।

ਬੇਦ ਅਰਥ ਗਿਆਤਾ ਮੁਨੀ, ਕਹਤ ਤਾਂਹਿ ਬੈਰਾਗ॥

ਕਾਂ ਦੀ ਬਿਠ ਸਮਾਨ ਗੰਦੇ ਜਾਣ ਕੇ ਲੋਕ (ਮਾਤਲੋਕ) ਅਤੇ ਪ੍ਰਲੋਕ (ਸਵਰਗ) ਦੇ ਸੁਖਾਂ ਨੂੰ ਤਿਆਗ ਦੇਵੇ, ਸੱਚਾ ਤਿਆਗ ਨਵਿਰਤੀ ਪੱਖ ਹੈ। ਇਸ ਨਾਲ ਵਿਰਤੀ ਅੰਤਰਮੁਖ ਹੋ ਜਾਤੀ ਹੈ। ਅਗਰ ਪ੍ਰਾਰਬਧ ਦੇ ਸੰਜੋਗ ਨਾਲ ਜਨਕ ਵਾਂਗ ਰਾਜ ਸਮੱਗ੍ਰੀ ਭੀ ਮਿਲੇ, ਤਾਂ ਈਸ਼ਵਰ ਦੀ ਦਾਤ ਜਾਣ ਕੇ ਸੱਤਾ ਦਾ ਦੁਰਉਪਯੋਗ ਨਾ ਕਰੇ, ਪ੍ਰਜਾ ਦੇ ਹਿੱਤ ਵਿਚ ਵਰਤੇ ਅਤੇ ਸਾਰੀ ਬਿਭੂਤੀ ਨੂੰ ਪ੍ਰਭੂ ਦੀ ਜਾਣ ਕੇ ਆਪਣੇ ਆਪ ਨੂੰ ਸੇਵਾਦਾਰ ਸਮਝਦਾ ਹੋਇਆ ਸੰਗਤ ਦੀ ਸੇਵਾ ਵਿਚ ਜੀਵਨ ਗੁਜ਼ਾਰੇ, ਫਿਰ ਵਿਚੇ ਮਾਯਾ ਪਾਇਆ ਦੀ ਅਵਸਥਾ ਹੋ ਜਾਂਦੀ ਹੈ।

ਦੂਸਰਾ ਮਾਰਗ ਹੈ ਪ੍ਰਵਿਰਤੀ :-

ਇਸ ਵਿਚ ਹਰ ਇਨਸਾਨ ਸੁਖੈਨ ਹੀ ਚਲ ਰਿਹਾ ਹੈ। ਇਹ ਵਿਦਿਆ ਅਵਿਦਿਆ ਦੇ ਦੋ ਸਾਧਨ ਜੁਦੇ ਜੁਦੇ ਹਨ। ਇਨ੍ਹਾਂ ਦਾ ਫਲ ਭੀ ਵੱਖਰਾ-ਵੱਖਰਾ ਹੈ। ਇਨ੍ਹਾਂ ਦੋਨਾਂ ਦੇ ਸੁਖ ਵਿਸ਼ੈ ਭੋਗ ਬੰਦੇ ਨੂੰ ਸ਼ੀਘਰ ਹੀ ਆਪਣੇ ਵੱਲ ਖਿੱਚ ਰਹੇ ਹਨ। ਭਾਗਾਂ ਵਾਲਾ ਤਾਂ ਭੋਗਾਂ ਨੂੰ ਦੁਖਦਾਈ ਜਾਣ ਕੇ ਭਗਵਾਨ ਦੀ ਪ੍ਰਾਪਤੀ ਲਈ ਯਤਨ ਕਰਤਾ ਹੈ, ਪਰ ਅਗਿਆਨੀ ਜੀਵ ਆਤਮਿਕ ਸੁਖ ਪ੍ਰਾਪਤ ਨਾ ਹੋਣ ਤੋਂ, ਇਨ੍ਹਾਂ ਖੋਟੇ ਸੁਖਾਂ ਵਿਚ ਪ੍ਰਵਿਰਤ ਹੋ ਰਹੇ ਹਨ। ਇਹ ਖਿਨਭੰਗਰ ਹਨ, ਇਨ੍ਹਾਂ ਦਾ ਸੁਖ ਤੁਛ ਹੈ। ਜਿਵੇਂ ਕੁੱਤੇ ਨੂੰ ਕੁੱਤੀ ਦੇ ਭੋਗਣ ਵਿਚ ਅਨੰਦ ਹੈ, ਇਸ ਤਰ੍ਹਾਂ ਰਾਣੀ ਰਾਜੇ ਅਤੇ ਇੰਦ੍ਰਾਨੀ ਇੰਦ੍ਰ ਨੂੰ ਭੀ ਵਿਸ਼ੇ ਦਾ ਅਨੰਦ ਇਕ ਸਮਾਨ ਹੈ। ਵਿਕਾਰਾਂ ਤੋਂ ਵਾਸਤਿਕ ਸੁਖ ਨਹੀਂ ਮਿਲਦਾ।

"ਕੁੱਤਾ ਚੱਬਦਾ ਜਿਵੇਂ ਹੱਡੀਆਂ ਨੂੰ, ਤਿਵੇਂ ਵਿਸ਼ੈਆਂ ਦਾ ਵਿਚ ਸਵਾਦ ਹੈ" ਭਾਵ ਕੁੱਤਾ ਜਦੋਂ ਹੱਡੀ ਚੱਬਦਾ ਹੈ, ਆਪਣੀ ਜ਼ਬਾਨ ਵਿਚ ਹੱਡੀ ਤੋਂ ਜ਼ਖਮ ਹੋਣ ਤੋਂ ਖੂਨ ਚੂਸਦਾ ਹੈ, ਇਹ ਜਾਣਦਾ ਹੈ ਸ਼ਾਇਦ ਹੱਡੀ ਵਿਚੋਂ ਖੂਨ ਮਿਲ ਰਿਹਾ ਹੈ। ਅਗਿਆਤ ਹੈ ਜਾਣਦਾ ਨਹੀਂ, ਇਹ ਤਾਂ ਮੇਰੇ ਆਪਣੇ ਖੂਨ ਦਾ ਸੁੱਖ ਹੈ। ਇਸੇ ਤਰ੍ਹਾਂ ਕੋਈ ਇਸਤ੍ਰੀ ਹੀਜੜੇ ਨਪੁੰਸਕ ਨੂੰ ਆਪਣਾ ਪਤੀ ਮੰਨਣ ਲਈ ਤਿਆਰ ਨਹੀ। ਜਿਉਂ ਕਾਪੁਰਖ ਪੁਚਾਰੇ ਨਾਰੀ, ਜਿਵੇਂ ਕੋਈ

ਨਪੁੰਸਕ, ਇਸਤਰੀ ਪਲੋਸਣਾ ਚਾਹੇ ਸ਼ਰਮਿੰਦਗੀ ਤੇ ਲਾਹਨਤ ਹੀ ਉਠਾਣੀ ਪਵੇਗੀ। ਭਾਵ ਹੈ ਕਿ ਆਪਣੇ ਖ਼ੂਨ ਨੂੰ ਨਸ਼ਟ ਕਰਕੇ ਹੀ ਵਿਸ਼ੈ ਸੁਖ ਹੈ। ਜਿਹੜੀ ਧਾਤੂ ਨਸ਼ਟ ਹੋਣ ਲਗਿਆਂ ਆਪ ਨੂੰ ਸੁੱਖ ਦਾ ਅਨੁਭਵ ਕਰਵਾਤੀ ਹੈ, ਕੀ ਜੇ ਉਸ ਬੀਰਜ ਦੀ ਰੱਖਿਆ ਕੀਤੀ ਜਾਵੇ, ਤਾਂ ਫਿਰ ਆਪ ਨੂੰ ਕੋਈ ਸੁੱਖ ਨਹੀਂ ਹੋਵੇਗਾ? ਨਹੀਂ ਮਹਾਨ ਸੁੱਖ ਦੀ ਪ੍ਰਾਪਤੀ ਹੋਵੇਗੀ। ਸਮਾਧੀ ਦੇ ਅਨੰਦ ਵਿਚ ਬੀਰਜ ਹੀ ਤੇਲ ਬਣ ਕੇ ਬਲਦਾ ਹੈ ਅਤੇ ਆਤਮਾ ਰੂਪੀ ਜੋਤੀ ਦੇ ਪ੍ਰਕਾਸ਼ ਵਿਚ ਸਹਾਇਕ ਹੈ।

ਕਨਿਕ ਕਾਮਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹਿ ਮਿਲੀਐ ਹਰਿ ਦੁਆਰਾ॥੪॥..
ਸੇਜ ਸੋਹਨੀ ਚੰਦਨ ਚੋਆ ਨਰਕ ਘੋਰ ਕਾ ਦੁਆਰਾ॥ ੭॥

(ਅੰਗ ੬੪੨)

ਜਿਵੇਂ ਕਿਸੇ ਰਾਜੇ ਨੇ ਮਹਾਤਮਾ ਨੂੰ ਮਹਿਲਾਂ ਵਿਚ ਚਰਨ ਪਾਉਣ ਲਈ ਬੇਨਤੀ ਕੀਤੀ। ਮਹਾਤਮਾ ਜੀ ਨੇ ਕਿਹਾ ਅਸੀਂ ਸਿੱਧ ਪੱਧਰੇ ਸਾਧੂ ਹਾਂ, ਸਾਨੂੰ ਆਪ ਲੋਗਾਂ ਨਾਲ ਬੈਠਣਾ ਉਠਣਾ ਬੋਲਣਾ ਚੱਲਣਾ ਭੀ ਨਹੀਂ ਆਉਂਦਾ। ਸਾਨੂੰ ਵਾਹਿਗੁਰੂ ਨੇ ਗਰੀਬ ਸੰਗਤਾਂ ਦੀ ਸੇਵਾ ਬਖਸ਼ੀ ਹੈ। ਸਮਾਂ ਭੀ ਨਹੀਂ ਹੈ, ਦੂਸਰਾ ਅਸੀਂ ਮਹਿਲਾਂ ਵਿਚ ਆਉਣ ਤੋਂ ਕੰਨੀਂ ਭੀ ਕਤਰਾਉਂਦੇ ਹਾਂ। ਅਸੀਂ ਆਪਣੇ ਸੇਵਾਦਾਰਾਂ ਨੂੰ ਕੋਇਲ ਦੇ ਬੱਚਿਆਂ ਵਾਂਗੂੰ ਸਾਂਭ ਸਾਂਭ 'ਰਖਦੇ ਹਾਂ, ਜੋ ਜੀਵਨ ਬਣਾਉਣ ਲਈ ਘਰ ਘਾਟ ਤਿਆਗੀ ਫਿਰਦੇ ਹਨ। ਤੁਹਾਡੇ ਮਹਿਲਾਂ ਦੀ ਵਿਸ਼ੈ ਵਿਕਾਰਾਂ ਦੀ ਗੰਦੀ ਹਵਾ, ਕਿਤੇ ਉਨ੍ਹਾਂ ਦੇ ਮਨ ਵਿਚ ਵਿਕਾਰ ਪੈਦਾ ਕਰਕੇ, ਇਨ੍ਹਾਂ ਨੂੰ ਧਰਮ ਮਾਰਗ ਤੋਂ ਡੇਗ ਨਾ ਦੇਵੇ, *ਇਸ ਲਈ ਰਾਜਨ ਸਾਡਾ ਆਉਣਾ ਮਜਬੂਰੀ ਵਸ ਬਣਦਾ ਨਹੀਂ ਅਤੇ ਕਿਛ ਕਾਜ ਨਾ ਰਾਜਨ ਸਾਥ।* ਤੁਮੇਂ ਸਾਡੇ ਨਾਲ ਪ੍ਰਯੋਜਨ ਭੀ ਨਹੀਂ, ਬਿਨਾਂ ਪ੍ਰਯੋਜਨ ਸੱਦੋ ਭੀ ਨਾ, ਪ੍ਰਵਰਤ ਤੋਂ, ਬਿਨਾਂ ਮਤਲਬ ਤੋਂ, ਮੰਦ ਬੁੱਧੀ ਵਾਲਾ ਭੀ ਕਿਸੇ ਕਾਰਜ ਵਿਚ ਪ੍ਰਵੇਸ਼ ਨਹੀਂ ਕਰਦਾ, ਵਿਦਿਆ ਪੜ੍ਹਕੇ ਮਾਯਾ ਅਤੇ ਦੁਨੀਆਂ ਦੇ ਉਪਯੋਗ ਹੀ ਹਨ। ਅਵਿਦਿਆ (ਅਗਿਆਨ) ਕਰਕੇ, ਜੀਵ ਇਨ੍ਹਾਂ ਨੂੰ ਪ੍ਰਵਿਰਤ ਹੋਣ ਦੀ ਲਾਲਸਾ ਕਰ ਰਿਹਾ ਹੈ। ਇਨ੍ਹਾਂ ਵਿਚ ਪੈ ਕੇ ਆਪਣੇ ਨਿਸ਼ਾਨੇ ਤੋਂ ਖੁੰਝ ਜਾਂਦਾ ਹੈ ਅਤੇ ਜੂਨੀ ਚੱਕਰਾਂ ਵਿਚ ਭੱਟਕਦਾ ਹੈ। ਇਸ ਲਈ ਬਿਬੇਕੀ ਪੁਰਸ਼ ਨੀਰ, ਖੀਰ, ਦੁਧ, ਹੰਸ ਵਿਰਤੀ ਭਾਵ ਜਿਵੇਂ ਹੰਸ ਪਾਣੀ ਦਾ ਤਿਆਗ ਕਰਕੇ ਦੁੱਧ ਪਾਨ ਕਰਦਾ ਹੈ, ਇਸੇ ਪ੍ਰਕਾਰ ਆਤਮਾ ਆਸਰੇ ਜਿਹੜੇ ਵਿਸ਼ੈ ਹਨ ਪਾਣੀ ਵਤ ਹੌਲੇ ਹਨ, ਇਨ੍ਹਾਂ ਦਾ ਤਿਆਗ ਕਰਕੇ ਦੁਧ ਵਤ ਗੌਰਵਤਾ ਵਾਲੇ ਆਤਮ ਗਿਆਨ ਰੂਪੀ ਦੁਧ ਦਾ ਪਾਨ ਕਰੇ, ਪ੍ਰੇਯ ਦੀ ਅਪੇਕਸ਼ਾ ਸ੍ਰੇਯ ਕੋ ਗ੍ਰਹਿਣ ਕਰੇ। ਕਿੰਤੂ ਕਮ ਬੁਧੀ ਵਾਲੇ ਪ੍ਰੇਯ ਹੀ ਅਪਨਾਤੇ ਹੈਂ, ਜੋਗਖੇਮ ਦੀ ਸਿੱਧੀ ਵਿਚ ਲਗ ਜਾਤੇ ਹੈਂ, ਇਸਦਾ ਭਾਵ ਹੈ ਮਿਲੇ ਹੂਏ ਪਦਾਰਥ ਸੁਰੱਖਤ ਰਹੇਂ ਅਤੇ ਜੋ ਪ੍ਰਾਪਤ ਹੈ, ਹੋਰ ਮਾਤਰਾ ਵਿਚ ਵੱਧ ਜਾਣ। ਪਰ ਜਿਨ੍ਹਾਂ ਦੀ ਵਿਕਾਰਾਂ ਵਿਚ

ਰੁਚੀ ਹੈ ਉਹ ਮੁਕਤੀ ਦੇ ਰਸਤੇ ਅੱਗੇ ਕਦਾਪਿ ਨਹੀਂ ਵੱਧ ਸਕਦੇ। ਪ੍ਰੇਜ ਕੇ ਅਭਿਲਾਸ਼ੀ ਇਸ ਫੰਦੇ ਵਿਚ ਆਪ ਹੀ ਫੰਸ ਕਰ ਮਰ ਰਹੇ ਹੈਂ। ਭਗਵਾਨ ਦੀ ਕ੍ਰਿਪਾ ਵਾਲਾ ਮਨੁੱਖ ਅਸੁਰੀ ਸੰਪਦਾ ਦਾ ਤਿਆਗ ਕਰਕੇ, ਦੈਵੀ ਸੰਪਤੀ ਕੇ ਗੁਣਾਂ ਕੋ ਵਧਾਂਦਾ ਹੈ। ਇੰਦ੍ਰੀਆਂ ਕੇ ਭੋਗ ਪ੍ਰਮਾਤਮਾ ਤੋਂ ਜੀਵ ਨੂੰ ਪਰ੍ਹੇ ਲੈ ਜਾਂਦੇ ਹਨ, ਪਰ ਬੁਧੀਮਾਨ ਇਨ੍ਹਾਂ ਸੁਖਾਂ ਦਾ ਤਿਆਗ ਕਰਕੇ, ਧਿਆਨ ਕੋ ਭਗਵਾਨ ਮੇਂ ਲਗਾਤਾ ਹੈ। ਨਾਸ਼ਵਾਨ ਭੋਗੋਂ ਸੇ ਸੁਖ ਦੀ ਆਸ਼ਾ ਤਿਆਗ ਕੇ, ਬੈਰਾਗ ਰੂਪੀ ਸੱਚਾ ਸੁਖ ਧਾਰਨ ਕਰ ਲੈ। ਬੈਰਾਗ ਦੁਆਰਾ ਸਭ ਇੱਛਾਂ ਤਿਆਗ ਦੇਵੇ, ਸ਼ਾਂਤੀ ਤੁਹਾਡੇ ਸਾਹਮਣੇ ਹੱਥ ਜੋੜ ਕੇ ਖਲੋਵੇਗੀ। ਆਪਣਾ ਕੀਤਾ ਹੋਇਆ ਪ੍ਰਭੂ ਨੂੰ ਅਰਪਣ ਕਰ ਦਿਉ *"ਪ੍ਰਮੇਸ਼ਰ ਕਾ ਨਾਮ ਹੀ ਜ਼ਿੰਦਗੀ ਹੈ ਬਾਕੀ ਸਭ ਸ਼ਰਮਿੰਦਗੀ ਹੈ"* ਨਾਮ ਤੋ ਸਾਰੇ ਜਪਤੇ ਹੈਂ, ਕੋਈ ਪਤੀ ਕਾ, ਕੋਈ ਪਤਨੀ ਕਾ, ਕੋਈ ਮਾਤਾ ਪਿਤਾ ਮਿੱਤਰਾਂ ਦਾ, ਜਾਂ ਦੇਵੀ ਦੇਵਤਿਆਂ ਦਾ, ਇਹ ਨਾਮ ਨਾਸ ਰੂਪ ਹਨ, ਪਰ ਵਾਹਿਗੁਰੂ ਦਾ ਨਾਮ ਸਤਿਨਾਮ ਹੈ, ਇਸ ਦਾ ਕਦੇ ਨਾਸ ਨਹੀਂ ਹੋਤਾ। ਇਸ ਲਈ ਸੱਚਾ ਨਾਮ ਪ੍ਰਮੇਸ਼ਰ ਦਾ ਹੈ, ਇਸ ਦੇ ਜਪ ਦਾ ਲਾਭ ਹੈ। ਜੋ ਇਸਤਰੀ ਪੁਰਸ਼ ਪੁੱਤਰ ਦੀ ਆਸ਼ਾ ਵਿਚ ਲੱਗੇ ਹੋਏ ਹਨ, ਜੋ ਇਨ੍ਹਾਂ ਤੋਂ ਸੁਖਾਂ ਦੀ ਆਸ ਕਰਦੇ ਹਨ ਸਰਾਸਰ ਭੂਲ ਵਿਚ ਹਨ। ਜੇ ਤੂੰ ਸੁੱਖ ਦੀ ਜ਼ਿੰਦਗੀ ਬਤੀਤ ਕਰਨਾ ਚਾਹੁੰਦਾ ਹੈ ਤਾਂ ਭੋਗ ਬਿਲਾਸਾਂ ਦਾ ਦਾਸ ਨਾ ਬਣ, ਤੇਰੀਆਂ ਇੰਦ੍ਰੀਆਂ ਪਾਪਾਂ ਦੀਆਂ ਜੜ੍ਹਾਂ ਹਨ, ਇੰਦ੍ਰੀਆਂ ਪਰ ਕਾਬੂ ਪਾ ਕੇ ਅਬਿਨਾਸ਼ੀ ਸੁਖ ਪ੍ਰਾਪਤ ਕਰ ਲੈ, ਬਾਹਰੋਂ ਸੁਖ ਨਹੀਂ ਮਿਲਦਾ, ਜਦੋਂ ਮਿਲਿਆ ਅੰਦਰੋਂ ਆਤਮਾ ਤੋਂ ਹੀ ਸੁਖ ਮਿਲੇਗਾ। ਜਿਵੇਂ ਮਾਤਾ ਤੋਂ ਪੁੱਤਰ ਵਿਛੜ ਜਾਵੇ, ਮਾਂ ਮਾਂ ਪੁਕਾਰਦਾ ਹੈ, ਮੇਲੇ ਦਾ ਕੋਈ ਵਿਅਕਤੀ, ਕੋਈ ਪਦਾਰਥ, ਕੋਈ ਦ੍ਰਿਸ਼ ਚੰਗਾ ਨਹੀਂ ਲਗਤਾ, ਮਾਤਾ ਦੀ ਪ੍ਰਾਪਤੀ ਨੂੰ ਸੁਖ ਮੰਨਦਾ ਹੈ। ਇਸੇ ਤਰ੍ਹਾਂ ਇਹ ਜਗਿਆਸੂ ਰੂਪੀ ਜੀਵ, ਸੰਸਾਰ ਵੀ ਜੋ ਮੇਲੇ-ਝਮੇਲੇ ਦੀ ਨਿਆਈਂ ਹੈ, ਭੁੱਲਾ ਹੋਇਆ ਰੋ ਰਿਹਾ ਹੈ, ਪਰ ਸੁੱਖ ਦੀ ਪ੍ਰਾਪਤੀ ਬ੍ਰਹਮ ਵਿਦਿਆ ਰੂਪੀ ਮਾਤਾ (ਆਤਮ) ਗਿਆਨ ਤੋਂ ਬਿਨਾਂ ਕਦੇ ਨਹੀਂ ਹੋ ਸਕਦੀ, ਨਹੀਂ ਹੋ ਸਕਦੀ, ਨਹੀਂ ਹੋ ਸਕਦੀ, ਬਾਰ-ਬਾਰ ਕਿਹਾ ਹੈ।

੬.੪ ਸੱਚੇ ਸੁਖ ਦੀ ਪ੍ਰਾਪਤੀ ਦੇ ਉਪਾਵ :

੧. ਕਾਮਨਾ ਦਾ ਤਿਆਗ, ੨. ਸਤਸੰਗ, ੩. ਆਪਣੀ ਪ੍ਰੀਖਿਆ ਕਰਨੀ।

ਕਾਮਨਾ ਦਾ ਤਿਆਗ :

ਘਰ ਘਾਟ ਦਾ ਤਿਆਗ ਕਰਨ ਨਾਲ ਵੀ ਜੀਵ ਦਾ ਤਿਆਗ ਕਾਮਨਾ ਨਹੀਂ ਕਰਣ ਦੇਂਦੀ। ਇਸ ਲਈ ਐਸਾ ਤਿਆਗ ਕਰ

ਰੇ ਮਨ ਐਸੋ ਕਰਿ ਸੰਨਿਆਸਾ ॥
ਬਨ ਸੇ ਸਦਨ ਸਬੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥ ੧ ॥ ਰਹਾਉ ॥

ਜਤ ਕੀ ਜਟਾ ਜੋਗ ਕੋ ਮੰਜਨੁ ਨੇਮ ਕੇ ਨਖਨ ਬਢਾਓ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥ ੧॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ ॥ ੨॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸੋ ਲਜਾਵੈ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ॥ ੩॥੧॥

(ਦਸਮ ਗ੍ਰੰਥ)

ਇਸ ਸ਼ਬਦ ਵਿਚ ਕਲਗੀਧਰ ਪਾਤਸ਼ਾਹ ਨੇ ਸੱਚੇ ਸੰਨਿਆਸ ਅਤੇ ਸੱਚੇ ਤਿਆਗ ਕਾ ਵਰਨਣ ਕੀਤਾ ਹੈ। ਕਈ ਵਾਰੀ ਤਿਆਗ ਦਾ ਵੀ ਤਿਆਗ ਸਿੱਖਣਾ ਪੈਂਦਾ ਹੈ। ਗੁਰੂ ਬਚਨ ਵਿਚ ਆਪਣੇ ਸਾਰੇ ਕਰਮਾਂ ਦਾ ਤਿਆਗ ਕਰਨਾ ਭਾਵ ਗੁਰੂ ਇੱਛਾ ਅਨੁਸਾਰ ਕਰਮ ਕਰਨਾ। ਉਥੇ ਆਪਣਾ ਕਰਮ ਵੱਡਾ ਨਹੀਂ ਗੁਰੂ ਦਾ ਹੁਕਮ ਵੱਡਾ ਹੈ, ਪਰ ਜੀਵ ਕਈ ਵਾਰੀ ਆਪਣੇ ਕਰਮ ਰੂਪੀ ਜੂਲੇ ਨਾਲ ਬੱਝਾ ਹੋਇਆ, ਮਹਾਂਪੁਰਸ਼ਾਂ ਦੀ ਆਗਿਆ ਨੂੰ ਮੰਨਣ ਤੋਂ ਇਨਕਾਰੀ ਹੋ ਕੇ ਆਤਮ ਸੁਖ ਤੋਂ ਵਾਂਝਾ ਰਹਿ ਜਾਂਦਾ ਹੈ।

ਸਤਿਸੰਗ :-ਇਸ ਦਾ ਲਾਭ ਇਹ ਹੈ- ਮਹਾਂਪੁਰਸ਼ਾਂ ਦੀ ਸੰਗਤ ਕਰਨ ਤੋਂ ਪਾਪ ਅਤੇ ਪੁੰਨ ਕਰਮਾਂ ਦਾ ਗਿਆਨ ਹੋਤਾ ਹੈ ਅਤੇ ਆਪਣੇ ਕੀਤੇ ਪਾਪ ਕਰਮਾਂ ਦਾ ਪਸਚਾਤਾਪ ਹੋਤਾ ਹੈ। ਸਤਸੰਗ ਭੀ ਸੱਚੇ ਸੁਖ ਦੀ ਪ੍ਰਾਪਤੀ ਦਾ ਇਕ ਰਸਤਾ ਹੈ, ਪਸ਼ਚਾਤਾਪ ਤੋਂ ਪਿਛੋਂ ਬੈਰਾਗ ਉਤਪੰਨ ਹੋਤਾ ਹੈ, ਬੈਰਾਗ ਤੋਂ ਤਿਆਗ ਪੈਦਾ ਹੋਤਾ ਹੈ, ਤਿਆਗ ਤੋਂ ਨਾਮ ਪੈਦਾ ਹੋਤਾ ਹੈ, ਨਾਮ ਤੋਂ ਆਤਮਿਕ ਸ਼ਾਂਤੀ ਪ੍ਰਾਪਤ ਹੁੰਦੀ ਹੈ, ਸ਼ਾਂਤੀ ਤੋਂ ਜੀਵਨ ਮੁਕਤੀ, ਬਿਦੇਹ ਮੁਕਤੀ, ਅਭੇਦਤਾ ਪ੍ਰਾਪਤ ਹੁੰਦੀ ਹੈ। ਇਸ ਲਈ ਹਰ ਪੁਰਸ਼ ਨੂੰ ਸ੍ਰੇਸ਼ਟ ਮਹਾਂਪੁਰਸ਼ਾਂ ਦੀ ਸੰਗਤ ਅਤੀ ਜ਼ਰੂਰੀ ਹੈ।

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥

(ਪੰਨਾ ੧੨)

ਸ੍ਵੈ ਪ੍ਰੀਖਿਆ :-

ਰਾਤ ਨੂੰ ਸੌਣ ਦੇ ਵੇਲੇ ਰੋਜ਼ਾਨਾ ਵਿਚਾਰ ਕਰੇ, ਮੈਂ ਕਿਤਨੇ ਭਲੇ ਕਾਰਜ ਕੀਤੇ ਹਨ ਅਤੇ ਕਿਤਨੇ ਨੀਚ ਕਰਮ ਕੀਤੇ ਹਨ, ਫੇਰ ਭਲਿਆਂ ਕਰਮਾਂ ਦੀ ਪੂੰਜੀ ਵਧਾਵੇ, ਪਾਪ ਕਰਮਾਂ ਦੀ ਰਾਸ ਨੂੰ ਘਟਾਉਂਦਾ ਜਾਵੇ ਅਤੇ ਵੀਚਾਰ ਕਰੇ ਪਾਪ ਕਰਮ ਕਿਹੜੇ ਕਾਰਨ ਤੋਂ ਪੈਦਾ ਹੋਇਆ, ਉਸ ਜੜ੍ਹ ਨੂੰ ਕਾਟ ਡਾਲੇ। ਹੌਲੀ-ਹੌਲੀ ਜਦੋਂ ਪਾਪ ਕਰਮਾਂ ਦਾ ਪਸ਼ਚਾਤਾਪ ਕਰੇਂਗੇ ਤਾਂ ਇਨ੍ਹਾਂ ਪਰ ਜਿੱਤ ਪਾ ਕਰ ਅਸੀਂ ਨੇਕ ਕਰਮੀ, ਧਰਮ ਸਮਾਰਗੀ ਬਣ ਜਾਏਂਗੇ।

ਜਿਹੜੀਆਂ ਵਸਤੂ ਮਨ ਨੂੰ ਗਿਰਾਵਟ ਵੱਲ ਲਿਜਾਂਦੀਆਂ ਹਨ ਉਨ੍ਹਾਂ ਦਾ ਤਿਆਗ ਕਰਕੇ ਸਿਮਰਨ ਕਰੇ। ਇਸ ਪ੍ਰਕਾਰ ਕਰਨ ਤੋਂ ਜੀਵ ਸ਼ੀਘਰ ਹੀ ਆਪਣੇ ਮਨ ਪਰ ਕਾਬੂ ਪਾ ਲੈਂਦਾ ਹੈ। ਕਵੀ ਨੇ ਕਿਹਾ ਹੈ-

"ਰਾਹ ਪ੍ਰਭੂ ਦੇ ਤੁਰਿਆ ਜਾਈਂ, ਦੇਖੀਂ ਥਿੜਕੀ ਨਾ।
ਪਾਣੀ ਵਿਚੋਂ ਕੁਛ ਨਹੀਂ ਲੱਭਣਾ ਪਾ ਮਧਾਣੀ ਰਿੜਕੀ ਨਾ।"

ਉਪਰੋਕਤ ਦੱਸੇ ਹੋਏ ਸਾਧਨਾਂ ਨੂੰ ਧਾਰਨ ਕਰਨ ਨਾਲ ਸਾਧਕ ਕੋ ਬੈਰਾਗ ਦੁਆਰਾ ਬਿਬੇਕ ਦੀ ਪ੍ਰਾਪਤੀ ਹੋ ਜਾਵੇਗੀ। ਬਿਬੇਕੀ (ਗਿਆਨਵਾਨ) ਨੂੰ ਆਤਮਾ ਦਾ ਸਦਾ ਸੁੱਖ ਬਣਿਆ ਰਹਿਤਾ ਹੈ। ਕਿਉਂਕਿ ਜਗਤ ਜੋਤ ਦੇ ਜਾਪ ਤੋਂ ਬਿਨਾਂ ਉਹ ਪੁਰਖ ਕਿਸੇ ਦੇਵੀ ਦੇਵਤੇ ਦਾ ਜਾਪ ਨਹੀਂ ਕਰਦਾ, ਉਸਦੀ ਭਾਵਨਾ ਐਸੀ ਹੈ, ਕਲਗੀਧਰ ਜੀ ਫੁਰਮਾਂਦੇ ਹਨ :-

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾਂ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥ ੧॥

(ਦਸਮ ਗ੍ਰੰਥ, ਪੰਨਾ ੭੧੨)

ਜੋਤ ਸਰੂਪ ਅਕਾਲ ਪੁਰਖ ਦਾ ਪਿਆਰਾ ਹੀ ਮਲ ਅਵਿਦਿਆ ਦਾ ਤਿਆਗ ਕਰਕੇ ਖਾਲਸਾ (ਸ਼ੁੱਧ) ਸਰੂਪ ਕਹਾ ਸਕਦਾ ਹੈ ਭਾਵ ਜੋ ਸ਼ੁਧ ਭਾਵਨਾ ਵਾਲਾ ਹੈ, ਉਹ ਹੀ ਖਾਲਸਾ ਹੈ ਭਾਵ ਖਾਲਸਾ ਕੇਵਲ ਏਕ ਹੀ ਬ੍ਰਹਮ ਦਾ ਉਪਾਸ਼ਕ, ਦ੍ਵੈਤ ਤੋਂ ਰਹਿਤ, ਪ੍ਰਭੂ ਚਿੰਤਨ ਕਰਨ ਵਾਲਾ ਹੀ ਖਾਲਸਾ ਕਹਾ ਸਕਦਾ ਹੈ। ਇਸ ਲੇਖ ਵਿਚ ਵੇਦਾਂ, ਸ਼ਾਸਤਰਾਂ, ਸੁਰਤੀਆਂ ਅਤੇ ਦਸਮ ਗੁਰੂ ਜੀ ਦੇ ਪਵਿੱਤਰ ਉਪਦੇਸ਼ਾਂ ਰਾਹੀਂ ਆਪ ਜੀ ਨੂੰ ਸੱਚੇ ਸੁੱਖ ਦੀ ਪ੍ਰਾਪਤੀ ਦੇ ਕਿੰਚਤ ਲੱਛਣ ਦਰਸਾਏ ਹੈਂ, ਸਾਰੀਆਂ ਯੁਕਤੀਆਂ ਦਲੀਲਾਂ ਪ੍ਰਮਾਣ ਲਿਖਣ ਵਿਚ ਤਾਂ ਆਉਂਦੇ ਨਹੀਂ, ਕਰਨ ਨਾਲ, ਅਨੁਭਵ ਤੋਂ, ਮੌਕੇ ਮੁਤਾਬਕ, ਸਾਰੀਆਂ ਵੀਚਾਰਾਂ, ਆਤਮਾ ਤੋਂ ਹੀ ਪ੍ਰਾਪਤ ਹੋ ਜਾਂਦੀਆਂ ਹਨ, ਤੁਰੋਗੇ ਤਾਂ ਰਸਤਾ ਤਥਾ ਮੁਕਾਮ ਮਿਲ ਜਾਵੇਗਾ। ਲੋੜ ਪੁਰਸ਼ਾਰਥ ਦੀ ਹੈ, ਇਹ ਹੀ ਦੇਵਤਾ ਹੈ।

★★★

ਅਧਿਆਇ ਸੱਤਵਾਂ

੭.੧ ਮਨ ਦਾ ਸਵਰੂਪ ਕੀ ਹੈ ?

ਗੁਰੂ ਜੀ ਨੇ ਫੁਰਮਾਇਆ ਹੈ

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥

(ਪੰਨਾ ੪੪੧)

ਤਥਾ:- *ਇਹੁ ਮਨੁ ਕਰਮਾ ਇਹੁ ਮਨੁ ਧਰਮਾ॥*
ਇਹੁ ਮਨੁ ਪੰਚ ਤਤੁ ਤੇ ਜਨਮਾ॥

(ਪੰਨਾ ੪੧੫)

ਇਹੁ ਮਨੁ ਲੇ ਜਉ ਉਨਮਨਿ ਰਹੈ॥
ਤਉ ਤੀਨਿ ਲੋਕ ਕੀ ਬਾਤੈ ਕਹੈ॥

(ਪੰਨਾ ੩੪੨)

ਮਨ ਕੀ ਹੈ :-

"ਸੰਕਲਪਾ ਬਿਕਲਪਾ ਹੀ ਮਨਾ" ਭਾਵ ਬੰਦੇ ਦੇ ਸੰਕਲਪ ਬਿਕਲਪ ਖਿਆਲ ਹੀ ਮਨ ਹੈ।

ਅੰਗਰੇਜ਼ੀ ਦੇ ਵਿਦਵਾਨਾਂ ਨੇ :-

Mind is a bundle of thoughts.

ਮਨ ਨੂੰ ਵਿਚਾਰਾਂ ਦੀਆਂ ਗੱਠਾਂ ਮੰਨਿਆ ਹੈ, ਬਿਚਾਰੋਂ ਕਾ ਸ੍ਰੋਤ ਹੈ। ਇਸ ਦੇ ਭੇਦ ਨੂੰ ਸਮਝਣਾ ਬੜਾ ਕਠਿਨ ਹੈ।

ਸਨਕਾਦਿਕ ਨਾਰਦ ਮੁਨਿ ਸੇਖਾ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥

(ਅੰਗ ੩੩੦)

ਇਸ ਦੇ ਮਰਮ ਨੂੰ ਬੜੇ-ਬੜੇ ਰਿਸ਼ੀ ਨਹੀਂ ਸਮਝ ਸਕੇ। *"ਮਨ ਦੇ ਮਾਰੇ ਮਰ ਗਏ ਕਾਜ਼ੀ ਮੁੱਲਾਂ ਸ਼ੇਖ"* ਮਨ ਅਜਿਤ ਸੂਰਮਾ ਹੈ, ਪਰਸ ਨਾਥ ਨੇ ਸਾਰੇ ਰਾਜੇ ਜਿੱਤ ਲਏ,

ਵਸ਼ਿਸ਼ਟ ਜੀ ਪਾਸ ਆ ਕੇ ਮਾਯਾ ਅਤੇ ਆਪਣੇ ਆਪ ਨੂੰ ਦਿਗ-ਬਿਜਈ ਸਿੱਧ ਕਰਨਾ ਚਾਹਿਆ। ਗੁਰੂ ਵਸ਼ਿਸ਼ਟ ਜੀ ਨੇ ਕਿਹਾ ਆਪ ਕਾ ਵੱਡਾ ਸ਼ਤਰੂ ਤਾਂ ਸੁਰਜੀਤ ਹੈ। ਉਸਨੇ ਕਿਹਾ ਕਿਹੜਾ? ਦੱਸਣ ਤੋਂ ਮਨ। ਪਰਸ ਨਾਥ ਨੇ ਬੜੇ ਯਤਨ ਕੀਤੇ, ਮਨ ਨਾ ਜਿੱਤ ਸਕਿਆ। ਆਖਰ ਚਿਖਾ ਚਿਣ ਕੇ ਸ਼ਰਮ ਦਾ ਮਾਰਾ ਜੀਉਂਦਾ ਸੜ ਕੇ ਮਰ ਗਿਆ।

ਮਨ ਵਸ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥

ਤਥਾ- ਕੁੰਭੇ ਬਧਾ ਜਲੁ ਰਹੇ ਜਲ ਬਿਨੁ ਕੁੰਭੁ ਨ ਹੋਇ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥

(ਪੰਨਾ ੪੬੯)

ਮਨ ਦਾ ਆਪਣਾ ਕੋਈ ਸਰੂਪ ਨਹੀਂ, ਜੈਸੀ ਵਸਤੂ ਸਾਥ ਮਿਲ ਜਾਤਾ ਹੈ, ਵੈਸਾ ਹੀ ਰੂਪ ਧਾਰਨ ਕਰ ਲੇਤਾ ਹੈ। ਰਾਜ ਦਾ ਸੰਕਲਪ ਕਰਨ ਨਾਲ ਰਾਜਾ ਬਣ ਬੈਠਤਾ ਹੈ, ਇਸਤਰੀ ਦੀ ਕਲਪਨਾ ਤੋਂ ਇਸਤਰੀ ਰੂਪ ਧਾਰਤਾ ਹੈ, ਪਹਾੜ, ਨਦੀਆਂ, ਦਰਿਆਵਾਂ, ਸਮੁੰਦਰਾਂ ਦੇ ਧਿਆਨ ਤੋਂ ਉਨ੍ਹਾਂ ਦਾ ਰੂਪ ਧਾਰਨ ਕਰ ਲੈਵੇ ਹੈ। ਵੈਰੀ ਦਾ ਚਿੰਤਨ ਕਰਨ ਤੋਂ ਵੈਰੀ, ਮਿੱਤਰ ਭਾਵ ਤੋਂ ਮਿੱਤਰ ਬਣ ਜਾਵੇ ਹੈ, ਜੋਗ ਤੋਂ ਜੋਗੀ, ਰੋਗ ਤੋਂ ਰੋਗੀ, ਵਿਦਵਾਨ ਕੇ ਪਾਸ ਬੈਠ ਕੇ ਵਿਦਵਾਨ, ਮੂਰਖ ਪਾਸ ਜਾਣ ਤੇ ਮੂਰਖ, ਸ਼ੁਦਾਈ ਨਾਲ ਸ਼ੁਦਾਈ ਜੈਸਾ, ਸ਼ਰਾਰਤੀ, ਮਸ਼ਕਰੇ, ਨਕਲੀਏ, ਭੰਡ ਨਾਲ ਮਿਲ ਕੇ ਵੈਸਾ ਰੂਪ ਧਾਰਨ ਕਰੇ ਹੈ। ਜਿਸ ਦਾ ਆਪ ਰੂਪ ਕੋਈ ਨਹੀਂ ਹੈ। ਦੁਨੀਆਦਾਰ ਨਾਲ ਮਿਲ ਕੇ ਦੁਨੀਆਦਾਰ, ਭਗਤ ਨਾਲ ਮਿਲ ਕੇ ਭਗਤ, ਜਦੀ ਪਰਮਾਤਮਾ ਨਾਲ ਮਿਲ ਕੇ ਪਰਮਾਤਮਾ ਦਾ ਰੂਪ ਹੋ ਜਾਤਾ ਹੈ।

ਮਲਨ ਅੰਨ ਕਰ ਮਲਨ ਮਨ, ਸ਼ੁਧ ਅੰਨ ਕਰ ਸ਼ੁਧ॥
ਜਲਵਤ ਚਿਤ ਜਾਸੋਂ ਭਵੈ ਭਵਤ ਤਥਾ ਤਿਸ ਬੁਧ॥

ਭਰਥਰੀ ਹਰੀ ਜੀ ਫੁਰਮਾਤੇ ਹੈਂ, ਅੰਨ ਤੋਂ ਮਨ ਦੀ ਉਤਪਤੀ ਹੋਈ ਹੈ। *ਜੈਸਾ ਅੰਨ ਤੈਸਾ ਮਨ, ਜੈਸਾ ਪਾਣੀ ਤੈਸੀ ਬਾਣੀ।* ਜੇ ਮਲੀਨ ਖੋਟੀ ਕਮਾਈ ਦਾ ਅੰਨ ਖਾਵੋਗੇ ਤਾਂ ਮਨ ਖੋਟਾ ਬਣ ਜਾਵੇਗਾ, ਸ਼ੁੱਧ ਧਰਮ ਦੀ ਕਿਰਤ ਦਾ ਅੰਨ ਖਾਵੋਗੇ ਤਾਂ ਸ਼ੁੱਧ ਹੋ ਜਾਵੇਗਾ, ਇਸ ਦਾ ਆਪਣਾ ਰੂਪ ਕੋਈ ਨਹੀਂ। ਜਿਵੇਂ ਪਾਣੀ ਦਾ ਆਪਣਾ ਕੋਈ ਰੂਪ ਨਹੀਂ, ਜੈਸਾ ਰੰਗ ਪਾਵੋ ਬਣ ਜਾਤਾ ਹੈ, ਹਰਾ ਰੰਗ ਪਾਉਣ ਤੋਂ ਹਰਾ, ਪੀਲੇ ਤੋਂ ਪੀਲਾ, ਲਾਲ ਤੋਂ ਲਾਲ, ਇਸੇ ਤਰ੍ਹਾਂ ਮਨ ਨੂੰ ਜੈਸੀ ਵਸਤੂ ਮਿਲੇਗੀ ਵੈਸਾ ਬਣ ਜਾਵੇਗਾ। ਕੁਸੰਗੀ ਨਾਲ ਕੁਸੰਗੀ, ਸਤਸੰਗੀ ਨਾਲ ਸਤਸੰਗੀ, ਧਰਮੀ ਨਾਲ ਧਰਮੀ, ਅਧਰਮੀ ਨਾਲ ਅਧਰਮੀ, ਆਸਤਕ ਨਾਲ ਆਸਤਕ, ਨਾਸਤਕ ਨਾਲ ਨਾਸਤਕ। ਹੁਣ ਤੁਹਾਡੇ ਆਪਣੇ ਤੇ ਨਿਰਭਰ ਹੈ ਮਨ ਨੂੰ ਚੰਗਾ ਬਣਾਉਣਾ ਜਾਂ ਮਾੜਾ।

ਦੋਸੁ ਨ ਦੀਜੈ ਕਾਹੂ ਲੋਗ॥ ਜੋ ਕਮਾਵਨੁ ਸੋਈ ਭੋਗ॥

(ਪੰਨਾ ੮੮੮)

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥

(ਪੰਨਾ ੧੩੪)

-o-

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥

(ਪੰਨਾ ੯੧੮)

ਮਨ ਦੀ ਪਵਿੱਤ੍ਰਤਾ ਨੂੰ ਮੁਖ ਰਖਦਿਆਂ ਸਤਿਗੁਰੂ ਨਾਨਕ ਸਾਹਿਬ ਜੀ ਨੇ ਲਾਲੋ ਦੀ ਕੋਧਰੇ ਦੀ ਰੋਟੀ ਪ੍ਰਵਾਨ ਕੀਤੀ, ਮਲਕ ਭਾਗੋ ਦੇ ਪੂੜਿਆਂ ਨੂੰ ਠੁਕਰਾਇਆ। ਉਧਰੋਂ ਦੁੱਧ ਦੀ ਧਾਰਾ, ਉਧਰੋਂ ਮਜ਼ਲੂਮਾਂ ਦਾ ਖ਼ੂਨ ਚੁਆਇਆ।

ਸਿਖਿਆ ਦਿੱਤੀ :-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥

(ਪੰਨਾ ੧੪੧)

-o-

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥

(ਪੰਨਾ ੧੨੪੫)

ਐਸਾ ਉਪਦੇਸ਼ ਮਨ ਨੂੰ ਪਵਿੱਤ੍ਰ ਰੱਖਣ ਵਾਸਤੇ ਹੀ ਫੁਰਮਾਇਆ ਹੈ। ਅੱਜ ਸੰਤ ਮਹੰਤ ਜਥੇਦਾਰ, ਪ੍ਰਧਾਨ, ਮਲਕ ਭਾਗੋਆਂ ਪਾਸ ਠਹਿਰਦੇ ਹਨ ਅਤੇ ਉਨ੍ਹਾਂ ਦਾ ਕੁਧਾਨ ਖਾਂਦੇ ਹਨ, ਇਸੇ ਲਈ ਨਿਘਰਦੇ ਜਾ ਰਹੇ ਹਨ।

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥

(ਪੰਨਾ ੭੯੦)

ਮਹਾਂਵਾਕ ਸਿੱਧ ਹੋ ਰਹੇ ਹਨ। ਸ਼ਰਾਬਾਂ, ਮਾਸ, ਮੁਰਗੇ, ਮੱਛੀਆਂ ਛਕਦੇ ਹਨ ਪਰਇਸਤ੍ਰੀ ਗਾਮੀ ਹਨ। ੧੪੦੦ ਮਸੰਦ ਸਿੱਖਾਂ ਤੋਂ ਮਾਸ, ਸ਼ਰਾਬਾਂ ਤੇ ਲੜਕੀਆਂ ਬਿਭਚਾਰ ਲਈ ਮੰਗਣ ਵਾਲਿਆਂ ਨੂੰ ਤੇਲ ਦਾ ਕੜਾਹਾ ਤਪਾ ਕੇ ਕਲਗੀਧਰ ਜੀ ਨੇ ਸਾੜਿਆ ਸੀ। ਉਸ ਬਾਤ ਨੂੰ ਇਹ ਸਭੇ ਭੁੱਲ ਹੀ ਗਏ ਹਨ। ਸਮੇਂ ਅਨੁਸਾਰ "ਕਰਣੀ

ਉਪਰਿ ਹੋਵਗਿ ਸਾਰ' ਸਭ ਦੀ ਖਬਰ ਲਵੇਗਾ। ਰਾਗੀ, ਢਾਡੀ, ਪ੍ਰਚਾਰਕ, ਗ੍ਰੰਥੀ ਵਿਰਲੇ-ਵਿਰਲੇ ਵਿਅਸਨਾ ਤੋਂ ਰਹਿਤ ਹਨ, ਨਹੀਂ ਤਾਂ ਵਿਸ਼ੇ ਦੀ ਨਦੀ ਵਿਚ ਰੁੜ੍ਹ ਰਹੇ ਹਨ। ਇਨ੍ਹਾਂ ਦੀ ਇਹ ਦਸ਼ਾ ਹੈ ਤਾਂ ਸੰਸਾਰੀਆਂ ਦੀ ਕੀ ਹੋਵੇਗੀ? ਜਥੇਦਾਰਾਂ ਨੇ ਸ਼ਰਾਬਾਂ ਦੇ ਠੇਕੇ, ਗ੍ਰੰਥੀਆਂ ਨੇ ਮੁਰਗੀਖਾਨੇ ਖੋਹਲੇ ਹਨ, ਕਿਉਂਕਿ ਅਜ਼ਾਦ ਭਾਰਤ ਦੇ ਨਾਗਰਿਕ ਹਨ। ਸਾਡਾ ਵਿਸ਼ਾ ਸੀ ਮਨ ਬਾਬਤ, ਮਨ ਨਾਮ ਹੈ ਧਿਆਨ ਕਾ, ਜਿਸ ਦਾ ਜਿਸ ਪਾਸੇ ਮਨ ਹੋਵੇਗਾ ਉਹ ਵੈਸਾ ਹੀ ਮਨੁੱਖ ਹੋਵੇਗਾ। ਬਿਜਲੀ ਦੀ ਰਫਤਾਰ ਤੇ ਚੰਚਲਤਾ ਇੱਕ ਲੱਖ ੩੬੦੦੦ ਸਾਈਕਲ ਪ੍ਰਤੀ ਸੈਕਿੰਡ ਹੈ, ਮਨ ਦੀ ਤੇਜ਼ੀ ਗਿਣੀ ਨਹੀਂ ਜਾ ਸਕਦੀ। ਇਹ ਇਕ ਖਿਨ ਵਿਚ ਅਮਰੀਕਾ, ਇੰਗਲੈਂਡ ਘੁੰਮ ਆਤਾ ਹੈ। ਮਨ ਆਪਣੀ ਇੱਛਾ ਵਿਚ ਬਿਚਰਤਾ ਰਹਿੰਦਾ ਹੈ। ਮਹਾਰਾਜਾ ਯੁਧਿਸ਼ਟਰ ਜੀ ਨੂੰ ਯਕਸ਼ ਨੇ ਪੂਛਾ ਸਾਰਿਆਂ ਨਾਲੋਂ ਤੇਜ਼ ਵਸਤੂ ਕਿਹੜੀ ਹੈ? ਉਨ੍ਹਾਂ ਕਿਹਾ ਮਨ। ਕਾਮੀ ਪੁਰਸ਼ਾਂ ਦੀ ਸੰਗਤ ਤੋਂ ਕਾਮੀ, ਕ੍ਰੋਧ ਕਰਨ ਤੋਂ ਕ੍ਰੋਧੀ, ਲੋਭ ਤੋਂ ਲੋਭੀ, ਅਹੰਕਾਰ ਤੋਂ ਅਹੰਕਾਰੀ ਹੋ ਜਾਂਦਾ ਹੈ, ਸਤਵਾਦੀ ਤੋਂ ਸਤਵਾਦੀ, ਇਖਲਾਕੀ ਤੋਂ ਇਖਲਾਕੀ ਬਣ ਜਾਤਾ ਹੈ। ਦੂਸਰੇ ਦੀ ਨਕਲ ਸ਼ੀਘਰ ਹੀ ਉਤਾਰਤਾ ਹੈ, ਅੱਖਾਂ ਨਾਲ ਮਿਲ ਕੇ ਦੇਖਤਾ ਹੈ, ਕੰਨਾਂ ਨਾਲ ਮਿਲ ਕੇ ਸੁਣਤਾ ਹੈ, ਜ਼ਬਾਨ ਨਾਲ ਮਿਲ ਕੇ ਬੋਲਤਾ ਹੈ, ਨੱਕ ਨਾਲ ਮਿਲ ਕੇ ਸੂੰਘਤਾ ਹੈ। ਇਸੇ ਤਰ੍ਹਾਂ ਜਿਹੜੇ ਇੰਦ੍ਰੀਆਂ ਨਾਲ ਮਿਲਤਾ ਹੈ ਜੈਸਾ ਹੀ ਕਾਰਜ ਕਰਤਾ ਹੈ। ਜੇ ਸਾਡਾ ਮਨ ਕਿਸੇ ਕਾਰਜ ਵਿਚ ਹਾਜ਼ਰ ਨਾ ਹੋਵੇ ਕੋਲ ਹੋਣ ਵਾਲੀ ਵਸਤੂ ਦਾ ਗਿਆਨ ਵੀ ਨਹੀਂ ਹੁੰਦਾ। ਜੋ ਏਕ ਸਮੇਂ ਏਕ ਵਸਤੂ ਦਾ ਗਿਆਨ ਪ੍ਰਾਪਤ ਕਰੇ ਵਹ ਮਨ ਹੈ। ਜਿਵੇਂ ਰਾਜਾ ਜਨਕ ਕੇ ਮੰਤਰੀ ਨੇ ਸ਼ੰਕਾ ਕੀ ਆਪ ਕਹਤੇ ਹੋ ਹਮ ਬ੍ਰਹਮ ਗਿਆਨੀ ਹੈਂ ਤੋ ਰਾਜ ਕੇ ਕਾਜ ਕਿਵੇਂ ਕਰਤੇ ਹੋ? ਰਾਜਾ ਜਨਕ ਜੀ ਨੇ ਸਭ ਨੂੰ ਭੋਜਨ ਵਰਜਿਆ, ਰਸੋਈਏ ਕੋ ਕਿਹਾ ਕਿ ਦਾਲ ਸਬਜ਼ੀ ਮੇਂ ਪੂਰਾ ਨਿਮਕ ਮਸਾਲਾ ਨਹੀਂ ਪਾਉਣਾ। ਭੋਜਨ ਤਿਆਰ ਹੋਣ ਪਰ ਸਾਰੇ ਮੰਤ੍ਰੀਆਂ ਨੂੰ ਬੁਲਾਇਆ ਅਤੇ ਕਹਾ ਭੋਜਨ ਛਕਣ ਤੋਂ ਬਾਦ ਆਪ ਸਭ ਕੋ ਫਾਂਸੀ ਦੇ ਦਿਤੀ ਜਾਵੇਗੀ। ਜਦੋਂ ਸਭੀ ਭੋਜਨ ਛਕ ਚੁੱਕੇ ਤਾਂ ਰਾਜਾ ਜਨਕ ਜੀ ਨੇ ਪੂਛਾ ਕਿ ਭੋਜਨ ਕਾ ਸਵਾਦ ਕੈਸਾ ਥਾ? ਉਨ੍ਹਾਂ ਕਿਹਾ ਹਮੇਂ ਤਾਂ ਖਿਆਲ ਹੀ ਨਹੀਂ, ਸਾਡਾ ਖਿਆਲ ਤਾਂ ਮ੍ਰਿਤੂ ਮੇਂ ਥਾ, ਬਸ ਵਹੀ ਖਿਆਲ ਹੀ ਮਨ ਹੈ। ਰਾਜਾ ਨੇ ਕਿਹਾ ਮੇਰਾ ਮਨ ਰਾਜ ਮੇਂ ਨਹੀਂ ਹੈ, ਇਸ ਲਈ ਹਮ ਬ੍ਰਹਮ ਗਿਆਨੀ ਹੈਂ। ਇਸ ਲਈ ਜੰਗਲਾਂ ਵਿਚ ਫਿਰਨ ਦੀ ਲੋੜ ਨਹੀਂ ਹੈ। ਘਰ ਵਿਚ ਹੀ ਰਹਿ ਕੇ ਮਨ ਦੇ ਖਿਆਲ ਨੂੰ ਪ੍ਰਭੂ ਚਰਨਾਂ ਵਿਚ ਜੋੜਨਾ ਚਾਹੀਦਾ ਹੈ। ਜੇ ਸਰੀਰ ਬਾਹਰ ਹੈ ਮਨ ਘਰ ਵਿਚ ਹੈ ਤਾਂ ਸੱਚਾ ਤਿਆਗੀ ਨਹੀਂ ਹੋ ਸਕਦਾ। ਮਨ ਤਾਂ ਸੰਸਾਰੀ ਹੈ, ਪਰਮਾਰਥੀ ਨਹੀਂ ਬਣ ਸਕਦਾ। ਨਾਵ (ਬੇੜੀ) ਤੋਂ ਪਾਣੀ ਬਾਹਰ ਰਹੇ ਕੋਈ ਡਰ ਨਹੀਂ, ਪਾਣੀ ਵਿਚ ਆਉਣ ਨਾਲ ਹੀ ਡੁੱਬਣ ਦਾ ਡਰ ਹੈ। ਇਸ ਲਈ "ਅੰਤਰ ਬਾਹਰ ਏਕ ਦਿਖਾਇਆ।" ਗੁਰੂ ਜੀ ਨੇ ਕਿਰਪਾ ਕਰਕੇ ਦਸਿਆ ਕਿ ਪਰਮੇਸ਼ਰ ਤੇਰੇ ਅੰਦਰ ਵੀ ਹੈ ਅਤੇ ਬਾਹਰ ਵੀ ਹੈ, ਫਿਰ

ਜੰਗਲਾਂ ਵਿਚ ਕਾਹਦੇ ਲਈ ਢੂੰਡ ਕਰਤਾ ਫਿਰਤਾ ਹੈ।

੭.੨ ਮਨ ਕਾ ਜਨਮ

ਈਸ਼ਵਰੀ ਮਾਯਾ, ਸ਼ਕਤੀ, ਅਵਿਅਕਤ, ਪ੍ਰਕ੍ਰਿਤੀ ਇਹ ਤਿੰਨ ਗੁਣਾਂ ਤੋਂ ਉਤਪੰਨ ਹੋਈ ਹੈ, ਸ਼ਬਦ, ਸਪਰਸ਼, ਰੂਪ, ਰਸ, ਗੰਧ ਪੰਜਾਂ ਨਾਲ ਮਿਲ ਕੇ ਅੱਠਾਂ ਭੇਦਾਂ ਵਾਲੀ ਹੋ ਜਾਂਦੀ ਹੈ। ਮਨ ਹਰਖ ਸ਼ੋਕ ਦੀ ਅਵਸਥਾ ਮਾਯਾ ਕਰਕੇ ਹੀ ਧਾਰਨ ਕਰਤਾ ਹੈ। ਨਿਰਗੁਣ ਨੇ ਆਪਣੇ ਸੰਕਲਪ ਤੋਂ ਮਾਯਾ ਪੈਦਾ ਕੀਤੀ ਭਾਵ ਉਸਦਾ ਸੰਕਲਪ ਹੀ ਮਾਯਾ ਹੈ। ਮਾਯਾ ਮਾ ਦਾ ਅਰਥ ਨਹੀਂ, ਯਾ ਦਾ ਅਰਥ ਜੋ, ਭਾਵ ਜਿਹੜੀ ਵਸਤੂ ਗਿਆਨ ਤੋਂ ਬਾਦ ਨਾ ਰਹੇ, ਉਸਦਾ ਨਾਮ ਮਾਯਾ ਹੈ। ਮਾਯਾ ਤੋਂ ਹਿਰਣਗਰਭ, ਭਾਵ ਮਹਤ ਹੂਆ ਮਹਤ ਕਹਿ ਲਵੋ ਹਿਰਣਗਰਭ ਕਹਿ ਲਵੋ ਏਕ ਹੀ ਬਾਤ ਹੈ ਮਹਤ ਤੋਂ ਹਿਰਣਗਰਭ ਸਾਰਿਆਂ ਦੀ ਬੁੱਧੀ ਹੈ, ਮਹਤ ਸੇ ਅਹੰਕਾਰ ਪੈਦਾ ਹੂਆ ਅਹੰਕਾਰ ਸੇ ਮਨ ਪੈਦਾ ਹੂਆ। ਕਿਉਂਕਿ ਮਨ ਕੀ ਉਤਪਤੀ ਅਹੰਕਾਰ ਸੇ ਹੂਈ ਹੈ ਇਸ ਲਈ ਮੈਂ ਕਾ ਬਿਚਾਰ ਹੀ ਮਨ ਹੈ। ਅਹੰਕਾਰ ਹੀ ਮੈਂ ਹੈਂ, ਅਹੰਕਾਰ ਹੀ ਮੈਂ ਕੇ ਬ੍ਰਿਛ ਕਾ ਬੀਜ ਹੈ। ਸੰਕਲਪ ਬਿਕਲਪ ਇਸ ਬਿਸ਼ੈਲੇ ਬ੍ਰਿਛ ਕੀ ਸਖਾਏ ਹੈਂ। ਮਨ ਬਿਚਾਰੋਂ ਕਾ ਸਮੂੰਹ ਹੈ, ਸਭ ਬਿਚਾਰੋਂ ਸੇ ਮੈਂ ਕਾ ਬਿਚਾਰ ਹੀ ਮਨ ਕੀ ਜੜ੍ਹ ਹੈ। ਇਸ ਲਈ ਮਨ ਤੇ ਮੈਂ ਦੋਨੋਂ ਏਕ ਰੂਪ ਹੈਂ ਤਾਂ ਤੇ ਮਨ ਨੂੰ ਮਾਰਨਾ ਹੋਵੇ ਤਾਂ ਮੈਂ ਨੂੰ ਮਾਰੋ। ਅਸੀਂ ਦੇਖਦੇ ਹਾਂ ਮਹਤ ਸੇ ਲੇ ਕਰ ਸਥੂਲ ਸਰੀਰ ਤੱਕ ਸਭ ਵਸਤੂ ਅਵਿਦਿਆ ਮਾਯਾ ਕਾ ਕਾਰਜ ਹੈ। ਸਭ ਦੀ ਜਨਮ ਦਾਤੀ ਮਾਯਾ ਹੈ, ਇਸ ਲਈ ਸਭ ਅਨਾਤਮ ਹੈ। ਆਤਮਾ ਤੋਂ ਭਿੰਨ ਸਭ ਅਨਾਤਮ ਹੈ। ਅਨਾਤਮ ਹੋਣ ਦੇ ਕਾਰਨ ਮ੍ਰਿਗ ਤ੍ਰਿਸ਼ਨਾ ਦੇ ਜਲ ਭਾਂਤੀ ਸਭ ਮਿਥਿਆ ਹੈ। ਆਤਮਾ ਕੇ ਦਰਸ਼ਨ ਤੋਂ ਹੀ ਮਾਯਾ ਕਾ ਨਾਸ ਹੋ ਸਕਦਾ ਹੈ। ਮਾਯਾ ਕਾ ਕਾਰਜ ਹੋਣੇ ਕੇ ਕਾਰਨ ਮਨ ਜੜ੍ਹ ਹੈ, ਬੰਧਨ ਤੇ ਮੁਕਤੀ ਮਨ ਕੇ ਹਾਥ ਮੇਂ ਹੈ, ਕਿਉਂਕਿ ਸ਼ੁੱਧ ਮਨ ਹੀ ਪ੍ਰਭੂ ਪ੍ਰਾਪਤੀ ਕਾ ਉਪਾਯ ਹੈ। ਆਤਮਾ ਕੋ ਆਪਣਾ ਸਰੂਪ ਦੇਖਣ ਲਈ ਮਨ ਏਕ ਸ਼ੀਸ਼ਾ ਹੈ। 'ਜਦ ਮਨ ਦਾ ਸ਼ੀਸ਼ਾ ਹੋਵੇ ਸਾਫ ਭਈ, ਤਾਂ ਦਿੱਸ ਪੈਂਦਾ ਕਰਤਾਰ ਭਈ।'

-o-

ਸਹਸਕ੍ਰਿਤੀ ਦਾ ਸਲੋਕ ਹੈ:

ਚਿਤ ਜੜਾਨਾ ਤੂ ਯੋ ਦ੍ਰਸਾ ਸੁ ਅਦਯੁਤ ਗਯਾਨ ਵਿਗ੍ਰ: ॥
ਸਏਵ ਹੀ ਮਹਾ ਹਰੀ ਸ ਏਵ ਜਯੋਤੀਮਾਂ ਜਯੋਤੀ ਮ ਏਵ ਪਰਮੇਸ੍ਰ: ॥
ਸਏਵ ਪਰੰਬ੍ਰਹਮ ਤਤ ਬ੍ਰਹਮਾਹੰ ਨ ਸੰਸਯ: ॥

ਅਰਥ :-ਜੜ ਚੇਤਨੋਂ ਕਾ ਦ੍ਰਿਸ਼ਟਾ ਹੈ ਯਾਨੇ ਅਸਥਾਵਰ ਜੰਗਮ ਕਾ ਜੋ ਦੇਖਣੇ ਵਾਲਾ ਹੈ, ਆਪ ਅਬਿਨਾਸ਼ੀ ਚੇਤਨ ਸਰੂਪ ਹੈ ਸੋਈ ਮਹਾਂਦੇਵ ਸੋਈ ਮਹਾਂ ਵਿਸ਼ਨੂੰ, ਸੋਈ ਪ੍ਰਕਾਸ਼ਕੋਂ ਕਾ ਪ੍ਰਕਾਸ਼ਕ ਹੈ, ਸੋਈ ਪਾਰਬ੍ਰਹਮ ਹੈ। ਸੋ ਪਾਰਬ੍ਰਹਮ ਮੈਂ ਹੀ ਹੂੰ, ਇਸ ਮੇਂ ਸੰਦੇਹ ਨਹੀਂ।

ਇਸ ਅਵਸਥਾ ਨੂੰ ਮਨ ਦੀ ਸ਼ੁਧੀ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਮਨ ਸ਼ੁੱਧ ਹੈ ਤਾਂ ਬੁੱਧੀ ਆਪੇ ਹੀ ਪਵਿੱਤ੍ਰ ਹੈ। ਮਨ ਦੇ ਗੰਦੇ ਭਾਵ ਹੀ ਬੁੱਧੀ ਨੂੰ ਬਿਗਾੜਦੇ ਹਨ। ਇਸਦੇ ਨਿਰਮਲ ਹੋ ਜਾਣ ਨਾਲ ਬੁੱਧੀ ਨਿਰਮਲ ਹੋ ਜਾਂਦੀ ਹੈ ਅਤੇ ਸ਼ੁਧ ਬੁੱਧੀ ਦੁਆਰਾ ਹੀ ਉਸਨੂੰ ਅਨੁਭਵ ਕੀਤਾ ਜਾਂਦਾ ਹੈ। ਅਨੁਭਵ ਤੋਂ ਬਾਅਦ ਐਸੀ ਅਵਸਥਾ ਹੈ ਉਸ ਲਈ ਸਹਸਕ੍ਰਿਤੀ ਮੇਂ ਸਲੋਕ ਹੈ :

ਜੀਵੋ ਸ਼ਿਵਾ ਸ਼ਿਵੋ ਜੀਵ: ਸ ਜੀਵ: ਕੇਵਲ: ਸਿਵ: ॥
ਤੁਖ ਬੋਣ ਬਧੋ ਬ੍ਰੀਹੀ ਸਯਾਤ੍ਰ ਤੁਖਯਾ ਭਾਵੇਨ ਤੰਡੁਲ: ॥
ਏਵੰ ਬਧੋਸ ਤਥਾ ਜੀਵ: ਕਰਨ ਨਾਸ਼ੇ ਸਦਾ ਸਿਵ: ॥
ਪਾਸ ਬਧੋ ਤਕ ਜੀਵ: ਪਾਸ ਮੁਕ੍ਰੋ ਸਦਾ ਸਿਵ: ॥

ਅਰਥ :-ਜੀਵ ਸ਼ਿਵ ਹੈ ਸ਼ਿਵ ਜੀਵ ਹੈ, ਸੋ ਜੀਵ ਕੇਵਲ ਸ਼ਿਵ ਸਰੂਪ ਹੀ ਹੈ। ਉਪਾਧੀ ਕਰਕੇ ਨਾਮੋਂ ਕਾ ਭੇਦ ਹੈ ਵਾਸਤਵ ਕਰਕੇ ਨਹੀਂ। ਜੈਸੇ ਤੁਖੋਂ ਨਾਲ ਮਿਲੇ ਹੂਏ ਚਾਵਲ ਬ੍ਰਿਹੀਯਾ (ਸਾਰਿਓਂ) ਕਹਿਲਾਤੇ ਹੈਂ ਔਰ ਤੁਖ ਲਾਹ ਦਿਉ ਤਾਂ ਵੋਹੀ (ਸਾਰਿਓਂ) ਚਾਵਲ ਕਹਿਲਾਤੇ ਹੈਂ, ਐਸੇ ਹੀ ਕਰਮ ਨਾਲ ਬੰਧਾ ਜੀਵ ਕਹਿਲਾਤਾ ਹੈ ਔਰ ਕਰਮੋਂ ਕੇ ਨਾਸ਼ ਹੋਣੇ ਤੇ ਸ਼ਿਵ ਕਹਾਤਾ ਹੈ। ਪਾਸ (ਫਾਂਸੀ) ਫਾਹੀ ਨਾਲ ਬੱਧਾ ਹੂਆ ਜੀਵ ਹੈ ਪਾਸ਼ ਮੁਕਤੀ ਸੇ ਸ਼ਿਵ ਹੈ। ਇਸ ਲਈ ਭਾਈ ਕਰਮਾਂ ਧਰਮਾਂ ਦਾ ਕਰਤਾ ਮਨ ਹੈ, ਮਨ ਕਰਕੇ ਸਾਰੇ ਭਰਮ ਹਨ, ਅਹੰਕਾਰ ਕਰਕੇ ਮੈਂ ਮੇਰੀ ਹੈ, ਅਹੰਕਾਰ ਦੀ ਨਵਿਰਤੀ ਹੀ ਮਨ ਮਾਰਨ ਦਾ ਮੂਲ ਸਾਧਨ ਹੈ, ਮਨ ਦੇ ਮਰਨ ਤੋਂ ਹੀ ਬ੍ਰਹਮ ਰੂਪ ਹੈ, ਅੰਤਹਕਰਣ ਕਾ ਨਿਰਣਾ ਮਨ ਕੋ ਅੰਤਸ਼ਕਰਣ ਭੀ ਕਹਤੇ ਹੈਂ ਅੰਤਰ ਅਖਰਾਂ ਦਾ ਹ ਤੇ ਸ ਦਾ ਹੈ। ਅੰਦਰੂਨੀ ਕਰਣ ਦਾ ਅਰਥ ਹੈ ਯੰਤਰ ਜਾਂ ਸਾਧਨ ਅਰਥਾਤ ਅੰਦਰੂਨੀ ਸਾਧਨ ਜਿਸਕੇ ਦੁਆਰਾ ਹਮ ਕਿਸੀ ਬਾਤ ਕਾ ਗਿਆਨ ਪ੍ਰਾਪਤ ਕਰਤੇ ਹੈਂ, ਇਸ ਪਰ ਸੋਚ ਵਿਚਾਰ ਬਿਮਰਸ਼ ਕਰਤੇ ਹੈਂ ਔਰ ਉਸਕੇ ਬਾਰੇ ਮੇਂ ਆਪਣਾ ਨਿਰਣਾ ਦੇਤੇ ਹੈਂ। ਇੰਦ੍ਰੀਆਂ ਬਹਿਰੂਨੀ ਬਾਹਰਲਾ ਯੰਤਰ (ਔਜ਼ਾਰ) ਹੈ। ਮਨ ਕਾ ਕੰਮ ਹੈ ਸੰਕਲਪ ਬਿਕਲਪ, ਚਿਤ ਕਾ ਕਾਰਜ ਹੈ ਸਿਮ੍ਰਤੀ ਜਾਂ ਸਿਮਰਨ ਸ਼ਕਤੀ, ਬੁੱਧੀ ਕਾ ਕੰਮ ਹੈ ਨਿਸਚੇ ਕਰਨਾ, ਅਹੰਕਾਰ (ਮੈਂ ਰੂਪ ਵਿਚ ਪ੍ਰਗਟ) ਹੋਤਾ ਰਹਿਤਾ ਹੈ। ਅੰਤਸ਼ਕਰਣ ਕੇ ਚਾਰ ਭਾਗ ਹੈਂ-ਮਨ, ਸ਼ੁਧ, ਚਿੱਤ, ਅਹੰਕਾਰ।

ਅਹੰਕਾਰ ਇਕ ਧਾਗੇ ਕੇ ਸਮਾਨ ਇਸ ਵਿਖੇ ਇੰਦ੍ਰੀਆਂ ਰੂਪੀ ਮੋਤੀ ਪ੍ਰੋਏ ਹੈਂ। ਅਹੰਕਾਰ ਰੂਪੀ ਧਾਗਾ ਟੂਟ ਜਾਣ ਨਾਲ ਇੰਦ੍ਰੀਆਂ ਰੂਪੀ ਮੋਤੀ ਗਿਰ ਜਾਤੇ ਹੈਂ। ਅਹੰਕਾਰ ਕਰਕੇ ਆਪਣੇ ਆਪ ਕੋ ਕਰਤਾ ਭੋਗਤਾ ਮਾਨਤਾ ਹੈ, ਆਤਮਾ ਅਸੰਗ ਹੈ। ਇੱਛਾ ਮੁਤਾਬਿਕ ਭੋਗ ਉਪਭੋਗ ਪ੍ਰਾਪਤ ਹੋਣ ਤਾਂ ਸੁਖ ਨਾ ਮਿਲਣ ਤੋਂ ਦੁੱਖ ਮਾਨਤਾ ਹੈ। ਦੁੱਖ ਸੁਖ, ਹਰਖ ਸ਼ੋਕ, ਜਨਮ ਮਰਨ, ਅਹੰਕਾਰ ਕਰਕੇ ਹੀ ਜੀਵ ਹੈ। ਚਿਤ ਸਾਰੇ ਸੰਸਕਾਰਾਂ ਦਾ ਖਜ਼ਾਨਾ ਹੈ। ਇਹ ਸਾਰੇ ਸੰਸਕਾਰ ਇਕੱਤਰ ਰਹਿਤੇ ਹੈਂ। ਇਹ ਸਿਮਰਨ ਸ਼ਕਤੀ ਅਰਥਾਤ ਸਿਮ੍ਰਤੀ ਕਾ ਬੀਜ ਹੈ, ਚਿਤ ਕੋ ਗੁਪਤ ਮਨ ਜਾਂ ਉਪਚੇਤਨ ਭੀ ਕਿਹਾ ਜਾਵੇ ਹੈ। ਇਸ ਵਿਚ ੯੦ ਪ੍ਰਤੀਸ਼ਤ ਸੰਸਕਾਰ

ਰਹਿਤੇ ਹੈਂ, ੧੦ ਪ੍ਰਤੀਸ਼ਤ ਮਨ ਵਿਚ ਰਹਿਤੇ ਹੈਂ। ਸੁਪਨੇ ਵਿਚ ਵੀ ਇਹ ਮਨ ਕੰਮ ਕਰਤਾ ਹੈ। ਚਿਤ ਬ੍ਰਿਤੀ ਦਾ ਨਾਸ਼ ਕਰਨਾ ਮਹਾਨ ਕਠਨ ਕਾਰਜ ਹੈ। ਇਸ ਦੇ ਨਾਸ਼ ਹੋਣ ਤੋਂ ਬ੍ਰਿਖਿਆਕਾਰ ਵਿਰਤੀ ਦਾ ਨਾਸ਼ ਕਰਕੇ ਬ੍ਰਹਮਾਕਾਰ ਬਣਾ ਲੇਵੇ ਹੈ। ਫਿਰ ਹਮਾਰਾ ਚਿੱਤ ਸੰਸਾਰ ਤੋਂ ਉਲਟ ਕੇ ਬ੍ਰਹਮ ਵਿਚ ਲੀਨ ਹੋ ਜਾਵੇਗਾ।

"ਮਨ ਸੰਕਲਪ ਵਿਕਲਪ ਕਰੇ, ਬੁਧੀ ਨਿਸ਼ਚੇ ਕਰ ਲੇਤ॥
ਚਿਤ ਚਿੰਤਨ, ਅਹੰਕਾਰ ਬਿਰਤੀ ਅਹੰਭਾਵ ਭਰ ਲੇਤ॥"

ਆਤਮਾ ਨੇੜੇ ਬੁੱਧੀ ਹੈ, ਬੁੱਧੀ ਨੇੜੇ ਮਨ ਹੈ, ਮਨ ਦੇ ਨੇੜੇ ਇੰਦ੍ਰੀਆਂ ਹਨ, ਇੰਦ੍ਰੀਆਂ ਕੇ ਨੇੜੇ ਸੰਸਾਰ ਕੇ ਪਦਾਰਥ ਹਨ। ਗਿਆਨ ਇੰਦ੍ਰੀਆਂ ਕਾ ਸੰਸਾਰਕ ਪਦਾਰਥਾਂ ਨਾਲ ਸੰਬੰਧ ਹੋਤਾ ਹੈ। ਗਿਆਨਸ਼ੀਲ ਨਾੜੀਆਂ ਕੇ ਦੁਆਰਾ ਉਨ੍ਹਾਂ ਵਸਤੂਆਂ ਕਾ ਗਿਆਨ ਅੰਤਹਕਰਣ ਤੱਕ ਪਹੁੰਚਾਤੀ ਹੈ।

੭.੩ ਮਨ ਕੇ ਅਲੰਕਾਰ

(੧) ਮਨ ਇਕ ਵਕੀਲ ਦੀ ਨਿਆਈ ਹੈ, ਆਪਣੇ ਬੀਚਾਰ ਬੁੱਧੀ ਆਗੇ ਰਖਤਾ ਹੈ। ਬੁੱਧੀ ਇਕ ਨਿਆਏਧੀਸ਼ ਕੀ ਨਿਆਈਂ ਹੈ, ਇਸੇ ਬਿਸ਼ੈ ਪਰ ਸੋਚ ਬਿਚਾਰ ਕੇ ਆਪਣਾ ਨਿਰਣਾ ਦੇਤੀ ਹੈ ਅਤੇ ਪ੍ਰਧਾਨ ਮੰਤਰੀ ਕੀ ਨਿਆਈਂ ਮਨ ਕੋ ਉਸ ਨਿਰਨਯ ਕੇ ਅਨੁਸਾਰ ਕਾਰਜ ਕਰਨੇ ਕਾ ਆਦੇਸ਼ ਦੇਤੀ ਹੈ, ਮਨ ਕੋ ਇਸ ਪਰ ਆਚਰਣ ਕਰਨੇ ਕੋ ਕਹਿਤੀ ਹੈ। ਬੁੱਧੀ ਕੀ ਆਗਿਆ ਤੋਂ ਬਾਅਦ ਮਨ ਸੈਨਾਪਤੀ ਕੀ ਭਾਂਤੀ ਕਾਰਜ ਕਰਤਾ ਹੈ। ਚੇਸ਼ਟਾਸ਼ੀਲ ਨਾੜੀਆਂ ਕੇ ਦੁਆਰਾ ਬਹੁ ਆਦੇਸ਼ ਕਰਮ ਇੰਦ੍ਰੀਆਂ ਤੀਕ ਪਹੁੰਚਾਤਾ ਹੈ ਔਰ ਉਸ ਕਾਰਜ ਨੂੰ ਕਰਵਾਤਾ ਹੈ ਬੁਧੀ ਨਿਆਏਧੀਸ਼ ਅਤੇ ਪ੍ਰਧਾਨ ਮੰਤ੍ਰੀ ਕਾ ਕਾਰਜ ਕਰਤੀ ਹੈ, ਮਨ ਵਕੀਲ ਅਤੇ ਸੈਨਾਪਤੀ ਕਾ ਕਾਰਜ ਕਰਤਾ ਹੈ। ਇਸ ਪ੍ਰਕਾਰ ਮਨ ਬੁੱਧੀ ਔਰ ਇੰਦ੍ਰੀਆਂ ਕੋ ਮਿਲਾਣੇ ਵਾਲੀ ਏਕ ਕੜੀ ਅਰਥਾਤ ਮਨ ਕਾ ਬੁੱਧੀ ਔਰ ਇੰਦ੍ਰੀਆਂ ਨਾਲ ਸੰਬੰਧ ਹੈ। ਮਨ ਇੰਦ੍ਰੀਆਂ ਕਾ ਰਾਜਾ ਹੈ, ਇੱਛਾ ਅਨੁਸਾਰ ਕਾਰਜ ਕਰਵਾਤਾ ਹੈ।

(੨) ਮਾਨੋ ਮਨ ਇਕ ਕਾਰਖਾਨਾ ਹੈ, ਆਤਮਾ ਇਸ ਕਾਰਖਾਨੇ ਕਾ ਸਵਾਮੀ ਹੈ। ਬੁੱਧੀ ਪ੍ਰਬੰਧਕ ਹੈ, ਮਨ ਹੈੱਡ ਕਲਰਕ ਹੈ, ਬੁੱਧੀ ਰੂਪੀ ਪ੍ਰਬੰਧਕ ਸੇ ਆਦੇਸ਼ ਪ੍ਰਾਪਤ ਕਰਤਾ ਹੈ, ਫਿਰ ਕਰਮ ਇੰਦ੍ਰੀਆਂ ਰੂਪੀ ਕਲਰਕੋਂ ਪਰ ਆਦੇਸ਼ ਕਰਕੇ ਅਚਰਣ ਕਰਵਾਤਾ ਹੈ।

(੩) ਮਨ ਕਾ ਤੀਸਰਾ ਅਲੰਕਾਰ :-ਸਰੀਰ ਏਕ ਰੱਥ ਹੈ, ਇੰਦ੍ਰੀਆਂ ਘੋੜੇ ਹੈਂ, ਮਨ ਲਗਾਮ ਔਰ ਬੁੱਧੀ ਸਾਰਥੀ ਹੈ, ਆਤਮਾ ਇਸ ਰੱਥ ਕਾ ਸਵਾਰ ਹੈ। ਇਹ ਸਿੱਧ ਹੂਆ ਕਰਤਾ ਮਨ ਹੀ ਹੈ ਨਾਕਿ ਇੰਦ੍ਰੀਆਂ। ਦੁੱਖ ਸੁੱਖ ਦਾ ਭੋਗਤਾ ਮਨ ਹੀ ਹੈ। ਅੰਤਹਕਰਣ ਜੜ੍ਹ

ਹੈ, ਭੂਤੋਂ ਕੀ ਸਤੋਂ ਅੰਸ਼ ਤੋਂ ਉਤਪੰਨ ਹੋਆ ਹੈ, ਭੂਤੋਂ ਕੀ ਸਤੋ ਅੰਸ ਜੋ ਹੈ ਹਾ ਹੈ ਅੰਤਹਕਰਣ ਭਯੋ ਹੈ। ਆਤਮਾ ਦੇ ਪ੍ਰਤੀਬਿੰਬ ਦੁਆਰਾ ਪ੍ਰਕਾਸ਼ਤ ਹੋਤਾ ਹੈ ਦੁਖ ਸੁਖ ਦਾ ਭੋਗਤਾ ਭੀ ਅੰਤਹਕਰਣ ਹੈ। ਆਤਮਾ ਕਰਤਾ ਭੋਗਤਾ ਨਹੀਂ, ਵਹ ਅਸੰਗ ਹੈ ਅਭੰਗ ਹੈ। ਦਸਮ ਗੁਰੂ ਜੀ ਨੇ ਕਿਹਾ ਹੈ। ਅੰਤਹਕਰਣ ਮੇਂ ਆਤਮਾ ਕਾ ਪ੍ਰਤੀਬਿੰਬ (ਪਰਛਾਈ) ਨਾ ਪਵੇ ਤੋ ਵਹ ਬੇਕਾਰ ਹੈ ਜਿਵੇਂ ਬੰਦ ਕਰਨ ਤੋਂ ਐਨਕ ਕਿਸ ਕੰਮ ਦੀ ਹੈ।

੭.੩.੧. ਮਨ ਦੇ ਰਹਿਣ ਦੇ ਅਸਥਾਨ :-

ਦਿਲ ਚਾਰ ਵਸਤੂਆਂ ਦਾ ਨਿਵਾਸ ਸਥਾਨ ਹੈ, ਪ੍ਰਾਣ, ਮਨ, ਅਹੰਕਾਰ, ਆਤਮਾ। ਨਿੰਦ੍ਰਾ ਅਤੇ ਸਮਾਧੀ ਵਿਚ ਮਨ ਦਾ ਨਿਵਾਸ ਸਥਾਨ ਦਿਲ ਹੈ, ਜਾਗਰਤ ਅਵਸਥਾ ਵਿਚ ਮਨ ਦਾ ਨਿਵਾਸ ਅਸਥਾਨ ਦਿਮਾਗ਼ ਮਸਤਕ ਜਾਂ ਤ੍ਰਿਕੁਟੀ ਹੈ।

੭.੪ ਮਨ ਦੇ ਭੇਦ

੧. ਚੇਤਨ ਮਨ, ੨. ਉਪਚੇਤਨ ਮਨ 3. ਸਮੇਸ਼ਟੀ ਮਨ ਜਾਂ ਵਿਸ਼ਵ ਵਿਆਪੀ ਮਨ।

੧. ਚੇਤਨ :

ਇਸ ਸੇ ਹਮ ਜਾਗਰਤ ਵਿਚ ਸੋਚਤੇ ਹਾਂ, ਦੇਖਤੇ, ਸੁਣਤੇ, ਪੜ੍ਹਦੇ ਇਤਿਆਦਿਕ ਕਿਰਿਆ ਕਰਦੇ ਹਾਂ।

੨. ਉਪਚੇਤਨ ਮਨ :-

ਇਸੇ ਚਿਤ ਕਹਿਤੇ ਹੈਂ, ਸੰਸਕਾਰਾਂ ਦਾ ਭੰਡਾਰ ਹੈ।

੩. ਸਮੱਸ਼ਟੀ ਮਨ ਜਾਂ ਵਿਸ਼ਵ ਵਿਆਪੀ ਮਨ :

ਸ੍ਰਿਸ਼ਟੀ ਕੋ ਪ੍ਰਾਰੰਭ ਤੋਂ ਲੈ ਕੇ ਬ੍ਰਹਮੰਡ ਤੀਕ ਬਹੁਤ ਸਾਰੇ ਸੰਸਕਾਰ ਪ੍ਰਕਿਰਤੀ ਮੇਂ ਮਿਲ ਕਰ ਘੂਮਤੇ ਰਹਿਤੇ ਹੈਂ ਅਤੇ ਇਕ ਵਿਸ਼ੇਸ਼ ਖੇਤਰ ਮੇਂ ਇਕੱਤਰ ਹੋਤੇ ਰਹਿਤੇ ਹੈਂ, ਇਸ ਪ੍ਰਦੇਸ਼ ਕੋ ਵਿਸਵ ਵਿਆਪੀ ਮਨ ਕਹਾ ਜਾਤਾ ਹੈ। ਜਿਸ ਪ੍ਰਕਾਰ ਕਾ ਮਨੁੱਖ ਦਾ ਸੁਭਾਵ ਹੋਤਾ ਹੈ ਉਹ ਸੰਸਕਾਰ ਮਨੁੱਖ ਵੱਲ ਆਪਣੇ ਆਪ ਚਲੇ ਆਤੇ ਹੈਂ। ਮਨੁਸ਼ ਜਿਹੜੀ ਦਿਸ਼ਾ ਵੱਲ ਮਨ ਇਕਾਗਰ ਕਰਤਾ ਹੈ ਉਸੀ ਪ੍ਰਕਾਰ ਕੇ ਬੀਚਾਰੋਂ ਕੀਆਂ ਲਹਿਰਾਂ ਉਸ ਕੇ ਮਨ ਮੇਂ ਉਤਪੰਨ ਹੋਣੇ ਲਗਤੀਆਂ ਹੈਂ। ਇਸ ਪ੍ਰਕਾਰ ਭਲੇ ਬੁਰੇ ਵਿਚਾਰ ਹੀ ਸੰਸਕਾਰ ਨਹੀਂ ਹੈ, ਬਾਹਰ ਭੀ ਸੰਸਕਾਰਾਂ ਕਾ ਆਵਰਣ ਛਾਯਾ ਹੋਯਾ ਹੈ। ਕੁਛ ਪੁਰਾਤਨ ਸੰਸਕਾਰ ਅੰਦਰ ਹਨ,

ਕੁਝ ਜਨਮ ਤੋਂ ਬਾਅਦ ਘਰੋਂ ਬਾਹਰੋਂ ਮਿਲਦੇ ਹਨ। ਬਾਹਰਲੇ ਸੰਸਕਾਰਾਂ ਨਾਲ ਮਿਲਣ ਵਾਲਾ ਮਨ ਬਿਸ਼ਵ ਬਿਆਪੀ ਕਹਾ ਜਾਵੇ ਹੈ। ਯੋਗੀ ਨੂੰ ਯਤਨ ਦੁਆਰਾ ਬਾਹਰਲੇ ਸੰਸਕਾਰ ਅੰਦਰ ਦਾਖਲ ਹੋਣ ਤੋਂ ਰੋਕਣੇ ਚਾਹੀਦੇ ਹਨ ਅਤੇ ਅੰਦਰਲੇ ਸੰਸਕਾਰਾਂ ਨੂੰ ਨਾਮ ਦੇ ਬਲ ਤੋਂ ਖਤਮ ਕਰ ਦੇਣੇ ਚਾਹੀਦੇ ਹਨ। ਸਾਡੇ ਚਿਤ ਦਾ ਸਬੰਧ ਬਿਸ਼ਵ ਬਿਆਪੀ ਮਨ ਨਾਲ ਹੈ। ਅੱਖਾਂ ਦੇਖ ਕੇ, ਕੰਨ ਸੁਣ ਕੇ, ਜ਼ਬਾਨ ਬੋਲਕੇ ਇਸੇ ਤਰ੍ਹਾਂ ਸਾਰੀਆਂ ਇੰਦ੍ਰੀਆਂ ਬਾਹਰੋਂ ਮਨ ਨਾਲ ਮਿਲ ਕੇ ਚਿਤ ਸੰਸਕਾਰਾਂ ਨੂੰ ਸੰਚੇ ਕਰਦਾ ਰਹਿੰਦਾ ਹੈ, ਭਜਨ ਵੇਲੇ ਸੰਸਕਾਰ ਹੀ ਦੀਵਾਰ ਬਣ ਕੇ ਆਤਮ ਗਿਆਨ ਵਿਚ ਰੁਕਾਵਟ ਬਣ ਜਾਂਦੇ ਹਨ। ਇਨ੍ਹਾਂ ਤੇ ਵਿਜਯ ਪਾਉਣ ਲਈ

ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥
ਨਾਨਕ ਕੋਟਿ ਮਧੇ ਕੋ ਐਸਾ ਅਪਰਸ॥

(ਪੰਨਾ ੨੭੪)

ਚੁਪ-ਚਾਪ ਨੇਤ੍ਰ ਬੰਦ ਕਰਕੇ ਬੈਠ ਜਾਵੋ, ਬਾਹਰਲੇ ਸੰਸਕਾਰਾਂ ਵਲੋਂ ਮਨ ਰੋਕ ਕੇ ਬਾਰੰਬਾਰ ਅਭਿਆਸ ਕਰਦੇ ਹੋਏ ਮਨ ਨੂੰ ਸ਼ਾਂਤ ਕਰਨ ਵਿਚ ਸਫਲ ਹੋ ਜਾਉਗੇ।

੭.੫ ਮਨ ਦੀ ਬਿਯੁਤਪਤੀ

(ਬਨਾਵਟ) ਮਨ ਦੀ ਉਤਪਤੀ ਤੀਨ ਗੁਣਾਂ ਤੋਂ ਹੋਈ ਹੈ, (੧) ਸਤ: ਅਰਥਾਤ ਸ਼ਾਂਤੀ, ਖੁਸ਼ੀ ਜਾਂ ਅਨੰਦ, (੨) ਰਜ: ਅਰਥਾਤ ਚੰਚਲਤਾ, ਬੇਚੈਨੀ, ਰਜੋ ਗੁਣ ਤੋਂ ਉਤਪੰਨ ਹੋਈ ਹੈ। (੩) ਤਮ: ਤਮੋ ਗੁਣ ਤੋਂ ਪ੍ਰਮਾਦ, ਆਲਸ, ਗਫਲਤ, ਇਸ ਲਈ ਜਦੋਂ ਸਤੋ ਵਿਰਤੀ ਹੁੰਦੀ ਹੈ ਖੁਸ਼ ਹੋ ਜਾਂਦਾ ਹੈ। ਰਜੋ ਵਿਰਤੀ ਹੋਣ ਤੋਂ ਚੰਚਲ ਸੁਭਾਵ ਵਾਲਾ ਹੋ ਜਾਂਦਾ ਹੈ। ਤਮੋ ਗੁਣ ਆਵਣ ਤੋਂ ਆਲਸੀ ਦਰਿਦ੍ਰੀ ਬਣ ਜਾਤਾ ਹੈ। ਇਹ ਮਨ ਦੀ ਤਿੰਨਾਂ ਗੁਣਾਂ ਦੀ ਕਿਰਿਆ ਦੱਸੀ ਹੈ।

੭.੬ ਮਨ ਦੀਆਂ ਹਾਲਤਾਂ

੧. ਜਾਗਰਤ ਅਵਸਥਾ :-ਜਾਗਰਤ ਅਵਸਥਾ ਏਕ ਲੰਬਾ ਸਫਰ ਹੈ, ਇਸ ਵਿਚ ਆਤਮਾ, ਮਨ, ਸਰੀਰ ਤੀਨੋਂ ਹੀ ਹੋਤੇ ਹੈਂ।

੨. ਸੁਪਨ ਅਵਸਥਾ :-ਸੁਪਨੇ ਵਿਚ ਸਰੀਰ ਨਹੀਂ ਹੋਤਾ ਅਰਥਾਤ ਲਯ ਹੋ ਜਾਤਾ ਹੈ। ਮਨ ਅਤੇ ਆਤਮ ਹੀ ਰਹਿਤੇ ਹੈਂ, ਇਸ ਅਵਸਥਾ ਵਿਚ ਮਨ ਭਿੰਨ ਰੂਪ ਧਾਰਨ ਕਰਤਾ ਹੈ। ਦ੍ਰਿਸ਼ ਔਰ ਦ੍ਰਿਸ਼ਟਾ ਦੋਨੋਂ ਏਕ ਹੀ ਹੋਤੇ ਹੈਂ। ਮਨ ਹੀ ਦ੍ਰਿਸ਼ ਜੋ ਦਿਖਾਈ ਦੇਤਾ ਹੈ ਅਤੇ ਮਨ ਹੀ ਦ੍ਰਿਸ਼ਟਾ (ਦੇਖਣ ਵਾਲਾ) ਹੈ।

੩. ਸੁਸ਼ੁਪਤੀ ਅਵਸਥਾ :-ਇਸ ਅਵਸਥਾ ਵਿਚ ਮਨ ਔਰ ਇੰਦ੍ਰੀਆਂ ਲਯ ਹੋ ਜਾਤੀ ਹੈਂ। ਆਤਮਾ ਹੀ ਹੋਤਾ ਹੈ, ਮਨ ਸੂਖਮ ਔਰ ਬੀਜ ਰੂਪ ਮੇਂ ਰਹਿਤਾ ਹੈ। ਇਸ ਮੇਂ ਐਸਾ ਹੋਤਾ ਹੈ ਮੁਝੇ ਕੁਝ ਭੀ ਪਤਾ ਨਾ ਰਹਾ, ਆਜ ਹਮ ਸੁਖ ਸੇ ਸੋਏ, ਅਨੰਦ ਕਾ ਭਾਨ (ਪ੍ਰਕਾਸ਼ ਹੋਤਾ ਹੈ) ਕਾਰਨ ਅਵਸਥਾ ਹੈ।

੭.੭ ਮਨ ਕੀਆਂ ਤੀਨ ਬਿਰਤੀਆਂ

ਇਨ੍ਹਾਂ ਦੇ ਉਤਪੰਨ ਹੋਣ ਦਾ ਕਾਰਨ ਮਾਯਾ ਦੇ ਤੀਨ ਗੁਣ ਹਨ :

੧. ਸ਼ਾਂਤ ਵਿਰਤੀ :-ਇਹ ਬਿਰਤੀ ਸੁਖ ਰੂਪੀ ਹੋਤੀ ਹੈ। ਇਸ ਵਿਚ ਸਤੋਗੁਣ ਦੀ ਪ੍ਰਧਾਨਤਾ ਹੁੰਦੀ ਹੈ। ਬਿਰਤੀ ਸ਼ਾਂਤ ਹੋਤੀ ਹੈ, ਇਹ ਅਨੰਦ ਸਦਾ ਨਹੀਂ ਰਹਿਤਾ, ਕਭੀ ਕਭੀ ਲਕਸ਼ ਕੀ ਓਰ ਜਾਤਾ ਹੈ ਸਦਾ ਨਹੀਂ। ਪੱਕਾ ਅਨੰਦ ਤਾਂ ਤੁਰੀਯਾਪਦ ਮੇਂ ਹੈ।

੨. ਘੋਰ ਬਿਰਤੀ :-ਇਹ ਰਜੋ ਗੁਣ ਤੋਂ ਉਤਪੰਨ ਹੋਤੀ ਹੈ। ਇਸ ਵਿਚ ਚੰਚਲਤਾ ਕਾਮ, ਕ੍ਰੋਧ, ਮੋਹ, ਰਾਗ, ਦ੍ਵੈਸ਼, ਅਹੰਕਾਰ, ਸੁਖ ਦੁਖ, ਮਨ ਕੇ ਵਿਕਾਰ ਪੈਦਾ ਹੋਤੇ ਰਹਿਤੇ ਹੈਂ। ਰਾਜਸੀ ਕ੍ਰਿਆ ਚੰਗੀ ਲਗਤੀ ਹੈ, ਚਾਰ ਬੰਦਿਆਂ ਵਿਚ ਬੈਠ ਕਰ ਗੱਲਾਂ-ਬਾਤਾਂ ਕਰਨੀਆਂ ਬ੍ਰਹਮਾਕਾਰ ਬਿਰਤੀ ਨਹੀਂ ਹੋਤੀ ਬਹਜਮੁਖ ਰਹਿਤੀ ਹੈ।

੩. ਮੂਢ ਬਿਰਤੀ :-ਇਹ ਤਮੋ ਗੁਣ ਤੋਂ ਪੈਦਾ ਹੋਤੀ ਹੈ, ਆਲਸ ਨੀਂਦ ਆਦਿ ਇਸਕੇ ਬਿਕਾਰ ਹੈਂ। ਵਿਸ਼ੈ ਭੋਗਣ ਦੀ ਚੇਸ਼ਟਾ ਬਣੀ ਰਹਿਤੀ ਹੈ। ਭੋਗਣ ਤੋਂ ਸ਼ਾਂਤੀ, ਬਾਅਦ ਵਿਚ ਫਿਰ ਇੱਛਾ ਦਾ ਬਣਿਆ ਰਹਿਣਾ ਅਤੇ ਮਨ ਦਾ ਚੰਚਲ ਹੋ ਕੇ ਘੋਰ ਅਰਥਾਤ ਤੀਬਰਗਤੀ ਹੋ ਜਾਤਾ ਹੈ ਅਤੇ ਜਦੋਂ ਬਿਸ਼ੇ ਭੋਗਤਾ ਹੈ ਮੂੜ੍ਹ ਹੋ ਜਾਤਾ ਹੈ। ਫਿਰ ਕਹਿਤਾ ਹੈ ਬਸ ਕਰੋ, ਉਹੋ ਵਸਤੂ ਇਕ ਖਿਣ ਤੋਂ ਬਾਅਦ ਚੰਗੀ ਨਹੀਂ ਭਾਸਤੀ। ਇੰਦ੍ਰੀਆਂ ਔਰ ਬਿਸਿਓਂ ਸੇ ਪੈਦਾ ਹੋਇਆ ਸੁਖ ਸੱਚਾ ਸੁੱਖ ਨਹੀਂ ਹੈ, ਕਾਮ, ਕ੍ਰੋਧ, ਲੋਭ, ਮੋਹ ਸਥੂਲ ਬਿਰਤੀਆਂ ਹਨ। ਅਹੰਕਾਰ ਸੂਖਮ ਬਿਰਤੀ ਹੈ, ਬਿਕਾਰਾਂ ਵਲੋਂ ਚਿਤ ਦੀ ਬਿਰਤੀ ਦਾ ਨਿਰੋਧ ਹੀ ਜੋਗ ਹੈ। ਐਸਾ ਕਰਨ ਵਾਲਾ ਜੋਗੀ ਹੈ (ਯੋਗਾਸ ਚਿਤ ਵਿਰਤੀ ਨਿਰੋਧ)

ਮਨ ਕੀ ਦਿਸ਼ਾਏਂ, ਅਵਸਥਾਏਂ ਪਾਂਚ ਪ੍ਰਕਾਰ ਕੀ ਹੈਂ

੧. ਕਸ਼ਿਪਤ ਅਵਸਥਾ :-ਰਜੋ ਗੁਣ ਦੇ ਵਧਣ ਤੋਂ ਹਰ ਵੇਲੇ ਮਨ ਦਾ ਚੰਚਲ ਰਹਿਣਾ, ਅਨਿਸ਼ਥਿਰ ਹੋਣਾ, ਟਿਕਾਅ ਵਿਚ ਨਾ ਰਹਿਣਾ, ਇਧਰ ਉਧਰ ਘੁੰਮਣਾ, ਇਸ ਵਿਚ ਰਾਗ ਦ੍ਵੈਸ਼ ਕਾਮ ਕ੍ਰੋਧ ਦੀ ਪ੍ਰਬਲਤਾ ਹੋਤੀ ਹੈ।

੨. ਬਖਸਿਪਤ ਅਵਸਥਾ :-ਰਜੋ ਗੁਣ ਦੇ ਕੁਝ ਘੱਟ ਹੋਣ ਤੋਂ ਕੁਝ ਸਤੋ ਗੁਣ ਪੈਦਾ ਹੋਣ ਤੋਂ ਕੁਝ ਅਨੰਦ ਸੁਖ ਦਾ ਪੈਦਾ ਹੋਣਾ, ਪਰ ਤਮੋ ਗੁਣ ਦੇ ਕਾਰਨ ਜਲਦੀ ਹੀ ਆਵਰਣ ਪੈਦਾ ਹੋ ਕੇ, ਮਨ ਦੀ ਸ਼ਾਂਤੀ ਦਾ ਭੰਗ ਹੋ ਜਾਣਾ, ਸਥਿਰਤਾ ਕਾ ਖਤਮ ਹੋ ਜਾਣਾ, ਚੰਚਲਤਾ ਦਾ ਉਤਪੰਨ ਹੋਣੇ ਵਾਲੀ ਐਸੀ ਅਵਸਥਾ ਕਹੀ ਹੈ।

੩. ਮੂੜ੍ਹ ਅਵਸਥਾ :-ਤਮੋ ਗੁਣ ਦੇ ਵਧ ਜਾਣ ਤੋਂ ਤੰਦਰਾ ਨਿੰਦ੍ਰਾ, ਆਲਸ, ਪ੍ਰਮਾਦ, ਆਦਿ ਬਿਰਤੀਆਂ ਤੋਂ ਹੋਣ ਵਾਲੀ ਜੜ੍ਹਤਾ ਕਾ ਨਾਮ ਮੂੜ੍ਹ ਅਵਸਥਾ ਹੈ। ਇਹ ਅਗਿਆਨ ਕੀ ਅਵਸਥਾ ਹੈ।

੪. ਏਕਾਗ੍ਰ ਅਵਸਥਾ :-ਤਮੋ ਗੁਣ ਦੇ ਦੱਬ ਜਾਣ ਤੋਂ ਰਜੋ ਗੁਣ ਸੂਖਮ ਹੋ ਜਾਤਾ ਹੈ ਅਤੇ ਸਤੋ ਗੁਣ ਦੇ ਵੱਧ ਜਾਣ ਤੋਂ ਬ੍ਰਿਤੀ ਏਕਾਗਰ ਹੋ ਜਾਤੀ ਹੈ। ਇਸ ਨੂੰ ਸਾਬਿਕਲਪ ਸਮਾਧੀ ਕਿਹਾ ਜਾਂਦਾ ਹੈ, ਜਿਸ ਵਿਚ ਚਿਤ ਦੀਆਂ ਬਾਕੀ ਸਭ ਵਿਰਤੀਆਂ ਲੀਨ ਹੋ ਜਾਤੀਆਂ ਹੈਂ। ਯਥਾਤ, ਧਿਆਨ, ਧੇਯ, ਤ੍ਰਿਪੁਟੀ ਦਾ ਭਾਨ ਰਹਿ ਜਾਤਾ ਹੈ, ਸਿਰਫ ਧਿਆਨ, ਧੇਯ ਵਿਰਤੀ ਹੀ ਰਹਿਤੀ ਹੈ, ਮੈਂ ਅਮਕੀ ਵਸਤੂ ਕਾ ਧਿਆਨ ਕਰਤਾ ਹੂੰ, ਇਸ ਅਵਸਥਾ ਨੂੰ ਇਕਾਗ੍ਰ ਅਵਸਥਾ ਕਿਹਾ ਜਾਵੇ ਹੈ।

੫. ਨਿਰੋਧ ਅਵਸਥਾ :-ਇਸ ਵਿਚ ਸਤੋਗਣ ਬਿਰਤੀ ਦਾ ਤਿਆਗ ਹੋ ਜਾਤਾ ਹੈ। ਤ੍ਰਿਪੁਟੀ ਦਾ ਭਾਨ ਭੀ ਨਹੀਂ ਰਹਿਤਾ, ਫੁਰਨੇ ਤੋਂ ਰਹਿਤ ਅਵਸਥਾ ਹੈ।

ਸਮਾਧੀ ਅਵਸਥਾ :-ਇਸ ਨੂੰ ਨਿਰਵਿਕਲਪ ਸਮਾਧੀ ਜਾਂ ਨਿਰਬੀਜ ਸਮਾਧੀ ਹੀ ਕਹਤੇ ਹੈਂ। ਮਾਯਾ, ਅਵਿਦਿਆ, ਤੀਨ ਗੁਣ, ਪੰਜੇ ਕਲੇਸ਼, ਕਾਮ, ਕ੍ਰੋਧ, ਭਲਾ, ਬੁਰਾ ਸਭ ਖਤਮ ਹੋ ਜਾਤੇ ਹੈਂ। ਕੋਈ ਵਿਕਾਰ ਉਤਪੰਨ ਨਹੀਂ ਹੋਤਾ। ਜੈਸੇ ਵਾਯੂ ਤੋਂ ਬਿਨਾਂ ਦੀਵੇ ਕੀ ਅਵਸਥਾ ਹੈ, ਇਸੇ ਪ੍ਰਕਾਰ ਯੋਗੀ ਕਾ ਮਨ ਪੂਰਨ ਸ਼ਾਂਤ ਹੋਤਾ ਹੈ। ਸਾਰੇ ਪਾਸਿਆਂ ਤੋਂ ਬਿਰਤੀਆਂ ਰੁਕ ਜਾਂਦੀਆਂ ਹਨ। ਆਪਣੀ ਆਤਮਾ ਮੇਂ ਲੀਨ ਹੋ ਜਾਵੇ ਹੈ। ਪਹਿਲੀ ਤੀਨ ਅਵਸਥਾ ਜੋਗ ਵਿਚ ਬਿਘਨ ਪਾਉਂਦੀਆਂ ਹਨ, ਇਨ੍ਹਾਂ ਤੇ ਕਾਬੂ ਪਾਉਣਾ ਕਰੋ। ਚੌਥੀ ਅਵਸਥਾ ਮਨ ਨੂੰ ਇਕਾਗਰ ਕਰਤੀ ਹੈ। ਪੰਜਵੀਂ ਆਤਮ ਅਨੰਦ ਸਰੂਪ ਹੈ, ਯੋਗ ਦੀ ਆਖਰੀ ਮੰਜ਼ਲ ਹੈ। ਮਨ ਕੋ ਰੋਕ ਕਰ ਲਕਸ਼ ਪਰ ਲਗਾਉ, ਹੌਲੀ-ਹੌਲੀ ਅਭਿਆਸ ਕਰਨ ਤੋਂ ਚਿਤ ਦੀਆਂ ਸਭ ਵਿਰਤੀਆਂ ਦਾ ਨਿਰੋਧ ਹੋ ਜਾਤਾ ਹੈ।

੭.੮ ਮਨ ਕੇ ਤੀਨ ਦੋਸ਼

੧. ਮਲ ਦੋਸ਼ :-ਕਾਮ, ਕ੍ਰੋਧ, ਈਰਖਾ, ਲੋਭ, ਮੋਹ ਇਸ ਕਾਰਨ ਤੋਂ ਬਿਆਪਦੇ ਹਨ। ਮਨ ਵਿਚ ਸਦਾ ਬਿਸੇ ਵਾਸ਼ਨਾ ਬਣੀ ਰਹਿਤੀ ਹੈ। ਮਲ ਨਾਮ ਹੈ ਪਾਪ ਕਾ, ਇਸ ਪ੍ਰਕਾਰ ਹੈ ਜਿਵੇਂ ਸ਼ੀਸ਼ੇ ਪਰ ਮੈਲ, ਮਲ (ਪਾਪ) ਕਾ ਆਵਰਣ (ਪਰਦਾ) ਹੈ। ਇਸਤ੍ਰੀ, ਪੁੱਤਰ, ਧਨ, ਮਾਨ ਆਦਿ ਕੀ ਇੱਛਾ ਇਸ ਦੋਸ਼ ਦੀ ਨਵਿਰਤੀ ਨਿਸ਼ਕਾਮ ਕਰਮਾਂ ਤੋਂ ਹੋਤੀ ਹੈ। ਮਹਾਰਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਫੁਰਮਾਤੇ ਹੈਂ-

ਪਾਪੀ ਹੀਐ ਮੈ ਕਾਮੁ ਬਸਾਇ॥ ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥

(ਪੰਨਾ ੧੧੮੬)

੨. ਬਿਕਛੇਪ ਦੋਸ਼ :-ਮਨ ਦੀ ਚੰਚਲਤਾ ਨੂੰ ਪ੍ਰਗਟ ਕਰਤਾ ਹੈ। ਪਿੱਪਲ ਦੇ ਪੱਤੇ ਵਾਂਗ

ਹਵਾ ਦੀ ਸੰਗਤ ਤੋਂ ਚੰਚਲਤਾਈ ਧਾਰਨ ਕਰਤਾ ਹੈ। ਅਵਾਰਾ ਕੁੱਤੇ ਵਾਂਗ ਅਵਾਰਾ ਘੁਮਤਾ ਹੈ। ਬਾਂਦਰ ਦੀ ਭਾਂਤੀ ਇਕ ਜਗ੍ਹਾ ਸਥਿਰ ਨਹੀਂ ਰਹਿ ਸਕਦਾ। ਉਪਰਾਮਤਾ ਮਨ ਦੀ ਅਚਲਤਾਈ, ਸ਼ਾਂਤੀ ਦਾ ਨਾਮ ਹੈ, ਸਮ ਬਾਸ਼ਨਾ ਕੇ ਤਿਆਗ ਸੇ ਉਤਪੰਨ ਹੋਤੀ ਹੈ। ਮਨ ਕੋ ਸੰਸਾਰ ਕੇ ਪਦਾਰਥ ਵੱਲ ਨਾ ਜਾਣ ਦੇਵੋ, ਇਹ ਮਨ ਕੋ ਚੰਚਲ ਬਨਾਤੇ ਹੈਂ। ਬ੍ਰਿਤੀ ਨੂੰ ਸ਼ਬਦ ਅਭਿਆਸ ਦੁਆਰਾ ਇਕਾਗਰ ਕਰੋ। ਕਿਸੇ ਵਸਤੂ ਕੀ ਆਸ਼ਾ ਨਾ ਕਰੋ, ਆਪ ਕੋ ਕਦੇ ਵੀ ਨਿਰਾਸਤਾ ਕਾ ਮੂੰਹ ਨਹੀਂ ਦੇਖਣਾ ਪਵੇਗਾ। ਇਸ ਅਵਸਥਾ ਵਿਚ ਮਨ ਹਿਲਤੇ ਸ਼ੀਸ਼ੇ ਕੀ ਨਿਆਈਂ ਹੈ। ਜਿਵੇਂ ਹਿਲਤੇ ਸ਼ੀਸ਼ੇ ਵਿਚ ਮੂੰਹ ਨਹੀਂ ਦਿਸਦਾ, ਇਸ ਕਾ ਅਵਰਣ ਸੰਕਲਪ ਬਿਕਲਪ ਹਨ। ਇਸ ਦੋਸ਼ ਦੀ ਨਵਿਰਤੀ ਉਪਾਸਨਾ (ਪੂਜਾ) ਪਾਠ ਆਦਿ ਤੋਂ ਹੋਤੀ ਹੈ।

੩. ਅਵਰਣ ਦੋਸ਼ :-ਇਹ ਅਗਿਆਨਤਾ ਵਾਲੀ ਅਵਸਥਾ ਹੈ। ਜੀਵ ਦੀ ਬੁਧੀ 'ਤੇ ਮਾਯਾ ਦਾ ਪਰਦਾ ਆਯਾ ਹੋਇਆ ਹੈ, ਜੋ ਪ੍ਰਮਾਤਮਾ ਦੇ ਦਰਸ਼ਨ ਵਿਚ ਰੁਕਾਵਟ ਹੈ। ਜਿਵੇਂ ਸ਼ੀਸ਼ੇ 'ਤੇ ਪਰਦਾ ਪਾਉਣ ਨਾਲ ਕਿਸੇ ਵਸਤੂ ਦਾ ਪ੍ਰਤੀਬਿੰਬ ਦਿਖਾਈ ਨਹੀਂ ਦੇਤਾ, ਇਸੇ ਤਰ੍ਹਾਂ ਮਨ ਬੁੱਧੀ 'ਤੇ ਜੋ ਖੋਟੇ ਸੰਸਕਾਰਾਂ ਦਾ ਪਰਦਾ ਹੈ ਉਹ ਆਤਮਾ ਨੂੰ ਪ੍ਰਤੱਖ ਨਹੀਂ ਹੋਣ ਦੇਂਦਾ। ਇਸ ਦੋਸ਼ ਦੀ ਨਵਿਰਤੀ ਗਿਆਨ ਤੋਂ ਹੈ। ਮਨ ਵਿਚ ਹਮੇਸ਼ਾ ਦੋਸ਼ ਰਹਿਤੇ ਹਨ, ਜਿਵੇਂ ਪੁੱਤਰ ਇਸਤ੍ਰੀ ਨੂੰ ਮਾਤਾ ਭਾਵਨਾ ਨਾਲ ਤੱਕਦਾ ਹੈ, ਪਤੀ ਪਤਨੀ ਭਾਵਨਾ ਵਿਚ, ਸ਼ੇਰ ਸ਼ਿਕਾਰ ਭਾਵਨਾ ਵਿਚ, ਇਸਤ੍ਰੀ ਏਕ ਹੈ। ਮਨ ਦੀ ਦੋਸ਼ ਅਵਸਥਾ ਕਰਕੇ ਦ੍ਰਿਸ਼ਟੀਕੋਣ ਜੁਦਾ-ਜੁਦਾ ਹੈ, ਇਸੇ ਤਰ੍ਹਾਂ ਆਵਰਣ ਦੋਸ਼ ਕਰਕੇ ਸੰਸਾਰ ਭਿੰਨ-ਭਿੰਨ ਨਜ਼ਰ ਆ ਰਿਹਾ ਹੈ। ਵਾਸਤਵ ਵਿਚ ਬ੍ਰਹਮ ਰੂਪ ਹੀ ਹੈ। ਆਤਮ ਦ੍ਰਿਸ਼ਟੀ ਪੈਦਾ ਕਰਨ ਲਈ ਸੰਸਾਰ ਨੂੰ ਬਦਲਣ ਦੀ ਲੋੜ ਨਹੀਂ, ਲੋੜ ਮਨ ਨੂੰ ਬਦਲਣ ਦੀ ਹੈ। *'ਬਿਨੁ ਮਨ ਮੂਏ ਕੈਸੇ ਹਰਿ ਪਾਏ'* ਗੁਰਬਾਣੀ ਨੇ ਫੁਰਮਾਇਆ ਹੈ।

੭.੯ ਮਨ ਕੀ ਬਿਰਤੀਆਂ

ਮਨ ਦੀਆਂ ਦੋ ਪ੍ਰਕਾਰ ਕੀ ਬਿਰਤੀਆਂ ਹੈਂ, ਏਕ ਦੈਵੀ, ਏਕ ਅਸੁਰੀ। ਦੈਵੀ ਵਿਰਤੀ ਹੋਣੇ ਪਰ ਸ਼ੁਭ ਇਛਾਵਾਂ, ਸ਼ੁਭ ਭਾਵਨਾਵਾਂ ਪੈਦਾ ਹੋਤੀਆਂ ਹਨ। ਜਿਵੇਂ ਸਤ, ਅਹਿੰਸਾ, ਦਯਾ, ਸ਼ਰਧਾ ਭਗਤੀ ਆਦਿ ਇਹ ਬੰਧਨ ਮੁਕਤ ਦਾ ਕਾਰਨ ਹਨ। ਦੂਜੇ ਹਨ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਮਮਤਾ, ਆਸ਼ਾ ਤ੍ਰਿਸ਼ਨਾ ਈਰਖਾ ਰਾਗ ਦ੍ਵੈਸ਼, ਇਹ ਸਭ ਬੰਧਨ ਦਾ ਕਾਰਨ ਹਨ, ਬਿਰਤੀਆਂ ਮੈਲੇ ਮਨ ਦਾ ਵਿਕਾਰ ਹਨ। ਜਿਵੇਂ ਸਮੁੰਦਰ ਵਿਚ ਜਵਾਰਭਾਟਾ ਆਉਂਦਾ ਹੈ, ਮਨ ਵਿਚ ਅਨੇਕ ਪ੍ਰਕਾਰ ਦੇ ਸੰਕਲਪ ਵਿਕਲਪਾਂ ਦਾ ਜਵਾਰਭਾਟਾ ਆਉਂਦਾ ਹੈ। ਸੰਕਲਪ ਬਿਕਲਪ ਰੂਪੀ ਲਹਿਰੇਂ ਹੀ ਵਿਰਤੀ ਕਹਿਲਾਵੇ ਹੈਂ। ਜਿਵੇਂ ਸੂਰਜ ਤੋਂ ਕਿਰਣਾਂ ਮਨ ਰੂਪੀ ਸੂਰਜ ਤੋਂ ਬਿਚਾਰ ਰੂਪੀ ਮਾਨਸਿਕ ਕਿਰਣੇਂ ਹੀ

ਵਿਰਤੀਆਂ ਹਨ, ਜਿਵੇਂ ਸੂਰਜ ਸ਼ਾਮ ਸਮੇਂ ਸਭ ਕਿਰਨਾਂ ਕੋ ਸੰਕੋਚ ਕਰ ਆਪਣੇ ਮੇਂ ਲੀਨ ਕਰ ਲੇਤਾ ਹੈ। ਸੂਰਜਾਂ ਦਾ ਸੂਰਜ, ਜੋ ਪ੍ਰਮਾਤਮਾ ਹੈ ਉਸ ਵਿਚ ਆਪਣੇ ਆਪ ਨੂੰ ਅਭੇਦ ਕਰਨਾ ਹੈ। ਮਨ ਕੇ ਅਧਿਕ ਤਰੰਗ ਹੈਂ ਭਾਵ ਮਨ ਕੀ ਬੇਅੰਤ ਵਿਰਤੀਆਂ। ਮਨ ਜੰਗਲ ਦੀ ਨਿਆਈ ਹੈ, ਦਰੱਖ਼ਤ ਇਸ ਕੀ ਵਿਰਤੀਆਂ ਹਨ, ਮਨ ਤਲਾਬ ਕੀ ਭਾਂਤ ਹੈ, ਬੋਲਣਾ, ਸੁਣਨਾ, ਦੇਖਣਾ ਤੀਨ ਝਰੋਖੇ ਹਨ, ਜਿਨ ਕੇ ਅੰਦਰ ਇਨ੍ਹਾਂ ਦੁਆਰਾ ਵਾਯੂ ਆਕਾਰ, ਬਿਚਾਰ ਰੂਪੀ ਤਰੰਗਾਂ ਨੂੰ ਪੈਦਾ ਕਰਤੀ ਹੈਂ। ਝਰੋਖੇ ਬੰਦ ਹੋ ਜਾਣ ਤਾਂ ਲਹਿਰਾਂ ਨਾ ਉੱਠਣ ਸ਼ਾਂਤ ਹੋ ਜਾਣ। ਇਸੇ ਪ੍ਰਕਾਰ ਦੇਖਣਾ, ਸੁਨਣਾ, ਬੋਲਣਾ ਸੰਕੋਚ ਲਿਆ ਜਾਵੇ ਤਾਂ ਵਿਰਤੀ ਰੂਪੀ ਲਹਿਰਾਂ ਉਤਪੰਨ ਨਹੀਂ ਹੋਤੀਆਂ। ਮਹਾਰਾਜ ਜੀ ਨੇ ਕਹਾ ਹੈ :-'*ਬਿਨੁ ਦੇਖੇ ਉਪਜੈ ਨਹੀ ਆਸਾ॥*' ਜੋ ਤਿਨਾਂ ਨੂੰ ਰੋਕਣਾ ਹੈ *ਇਹ ਦਮ ਕਹਿਲਾਤਾ ਹੈ* ਭਾਵ ਇੰਦ੍ਰੀਆਂ ਨੂੰ ਵਿਕਾਰਾਂ ਤੋਂ ਰੋਕਣਾ ਹੀ ਦਮ ਹੈ, ਦਮ ਦਾ ਭਾਵ ਦਮਨ ਕਰਨਾ, ਮਨ ਕੇ ਬਿਚਾਰੋਂ ਪਰ ਕਾਬੂ ਪਾਉਣਾ ਸਮ ਹੈ। ਜਿਤਨੇ ਬਾਹਰ ਦੇ ਸੰਸਕਾਰ ਮਨ ਅੰਦਰ ਜਾਏਂਗੇ ਉਤਨਾ ਮਲੀਨ ਹੋ ਜਾਵੇਗਾ, ਜਿਤਨੀ ਦੇਰ ਬਾਸਨਾ ਦਾ ਬੱਧਾ ਹੋਇਆ ਮਲੀਨ ਮਨ ਸਹਿਤ ਹੈ ਆਤਮ ਰੂਪੀ ਜਯੋਤੀ ਦਾ ਦੀਦਾਰ ਨਹੀਂ ਕਰ ਸਕਤਾ। ਵਾਸ਼ਨਾ ਤੋਂ ਰਹਿਤ ਹੋਣਾ ਹੀ ਮਨ ਰੂਪੀ ਸ਼ੀਸ਼ੇ ਦਾ ਸਾਫ ਕਰਨਾ ਹੈ। ਸਾਫ ਮਨ ਹੀ ਆਤਮ ਬਿਚਾਰ ਕਰ ਸਕਦਾ ਹੈ, ਇਸ ਲਈ 'ਬਾਸਨ ਮੇਟਿ ਨਿਬਾਸਨ ਹੋਈਐ' ਗਿਆਨ ਪ੍ਰਦੀਪਕਾ ਹੈ। ਸਹਸਕ੍ਰਿਤੀ ਸਲੋਕ ਦਾ ਕਥਨ ਹੈ

ਅੰਤ: ਸਾਰ ਵਿਹੀਨਸਯ ਸਹਾਯ: ਕਿ ਕਰਿਯਸ਼ਤਿ॥
ਮਲਯੇ ਅਪੀ ਇਸਥਿਤੋ ਵੇਣੂ ਨ ਵੇਣੂ ਸ ਚੰਦਨਾਯਤੇ॥

ਅਰਥ :-ਅੰਦਰ ਵਿਚਾਰ ਰਹਿਤ ਪੁਰਸ਼ ਕੋ ਸਹਾਇਕ ਕ੍ਰਿਆ ਕਰ ਸਕਤੇ ਹੈਂ। ਹਿਮਾਲਯ ਪਰਬਤ ਪਰ ਇਸਥਿਤ ਭੀ ਬਾਂਸ ਚੰਦਨ ਨਹੀਂ ਹੋ ਸਕਦਾ ਔਰ ਗੁਰਮੁਖ ਬਾਹਰ ਲੋਗੋਂ ਮੇਂ ਪੂਜਯ ਨਾ ਭੀ ਹੋਗਾ ਤੋ ਭੀ ਅੰਦਰ ਸੇ ਸ਼ਾਂਤ ਚਿਤ ਰਹੇਗਾ, ਵੁਹ ਮਨਮੁਖ ਸੇ ਕਈ ਗੁਣਾ ਅੱਛਾ ਹੈ।

ਸ਼ਲੋਕ ਮਦੋਪ ਸ਼ਮਨੰ ਸ਼ਾਸਤ੍ਰੰ ਖਲਾਨਾਂ ਕੁਰਵਤੇ ਮਦ:॥
ਚਖਸ਼ੂ ਪ੍ਰਕਾਸ਼ਕੰ ਤੇਜ: ਉਲੂਕਾ ਨਾਂ ਅੰਧਤਾਮਿਣ॥

ਅਰਥ :-ਸ਼ਾਸਤੰ ਔਰ ਸਤਿਸੰਗ ਹੰਕਾਰ ਨਾਸ਼ਕ ਹੈ, ਪ੍ਰੰਤੂ ਮਨਮੁਖ ਕੇ ਹਿਰਦੇ ਮੇਂ ਹੰਕਾਰ ਪੈਦਾ ਕਰਤੇ ਹੈਂ। ਜੈਸੇ ਸੂਰਜ ਨੇਤ੍ਰੋਂ ਕੋ ਪ੍ਰਕਾਸ਼ ਦੇਣੇ ਵਾਲਾ ਹੈ, ਪ੍ਰੰਤੂ ਉੱਲੂ ਕੇ ਨੇਤ੍ਰੋਂ ਮੇਂ ਅੰਧਕਾਰ ਦੇਣੇ ਵਾਲਾ ਹੈ। ਸਹਸਕ੍ਰਿਤੀ ਦਾ ਸਲੋਕ ਹੈ

ਯਸਯ ਨਾਸਤਿ ਸ੍ਵਯੰ ਪ੍ਰਗਯਾ ਸ਼ਾਸਤੰ ਤਸਯਾ ਕਰੋਤਿ॥
ਲੋਚਨਾ ਭਯਾ ਹੀਨਸਯ ਦਰਪਨੰ ਕਿੰ ਕਰਿਸ਼ਯਤਿ॥

ਅਰਥ :-ਜਿਸ ਨੂੰ ਆਪਣੀ ਬੁੱਧੀ ਨਹੀਂ, ਸ਼ਾਸਤ੍ਰ ਔਰ ਗੁਰੂ ਉਸ ਕੋ ਕੁਛ ਬੋਧ ਨਹੀਂ

ਕਰ ਸਕਦੇ। ਜੈਸੇ ਦੋਨੋਂ ਨੇਤਰੋਂ ਮੇਂ ਹੀਨ ਪੁਰਸ਼ ਕੋ ਦਰਪਨ ਕਿਆ ਕੁਛ ਦਿਖਾ ਸਕਤਾ ਹੈ ਭਾਵ ਕੁਝ ਨਹੀਂ, ਇਸ ਲਈ ਸਤਿਸੰਗ ਮੇਂ ਜਾਕਰ ਗੁਰਮੁਖ ਕੋ ਹੀ ਲਾਭ ਹੋਤਾ ਹੈ, ਮਨਮੁਖ ਕੋ ਹਾਨੀ ਹੋਤੀ ਹੈ। ਜੈਸੇ ਸ੍ਵਾਂਤੀ ਨਛਤ੍ਰ ਕੀ ਬੂੰਦ ਸਿੱਪੀ ਮੇਂ ਪੜ ਕਰ ਮੋਤੀ ਪੈਦਾ ਕਰਤੀ ਹੈ, ਔਰ ਵੋਹੀ ਸਰਪ ਕੇ ਮੁਖ ਮੇਂ ਪੜ ਕਰ ਜ਼ਹਿਰ ਵਰਧਕ ਹੋ ਜਾਤੀ ਹੈ। ਯਦਪਿ ਸਤਿਸੰਗ ਮੇਂ ਮਨਮੁਖ ਔਰ ਗੁਰਮੁਖ ਦੋਨੋਂ ਹੀ ਇਕੱਠੇ ਰਹਿਤੇ ਹੈਂ, ਪ੍ਰੰਤੂ ਫਲ ਭਿੰਨ-ਭਿੰਨ ਹੋਤਾ ਹੈ।

ਚੌਪਈ *ਉਪਜਹਿ ਏਕ ਸੰਗ ਜਲ ਮਾਹੀ॥ ਜਾਲਜ ਜੋਕ ਜਿਮ ਗੁਣ ਵਿਲਗਾਹੀ॥*
ਸੁਧਾ ਸੁਰਾ ਸਮ ਸਾਧੁ ਅਸਾਧੂ॥ ਜਨਕ ਏਕ ਜਗ ਜਲਧਿ ਅਗਾਧੂ॥

ਅਰਥ :-ਜੈਸੇ ਜਲ ਮਹਿ ਜੋਕ ਔਰ ਕੰਵਲ ਇਕੱਠੇ ਪੈਦਾ ਹੋਤੇ ਹੈਂ ਤਥਾ ਏਕ ਹੀ ਸਮੁੰਦਰ ਸੇ ਵਿਖ ਅਤੇ ਅੰਮ੍ਰਿਤ ਇਕੱਠੇ ਨਿਕਲੇ ਹੈਂ, ਤੈਸੇ ਏਕ ਈਸ਼ਵਰ ਸੇ ਸਾਧੂ ਅਸਾਧੂ ਪੈਦਾ ਹੂਏ ਹੈਂ, ਸੁਭਾਵ ਨਿਆਰਾ ਨਿਆਰਾ ਹੈ।

ਸੁਧਾ ਸੁਧਾਕਰ ਸੁਰਸਰੀ ਸਾਧੂ॥ ਗਰਲ ਅਨਲ ਕਲਮਲਿ ਸਰਿ ਵਿਆਧੂ॥

ਪ੍ਰੰਤੂ ਸੁਧਾ ਅੰਮ੍ਰਿਤ ਸੁਧਾਕਰ ਚੰਦ੍ਰਮਾ ਸੁਰਸਰਿ ਗੰਗਾ ਔਰ ਸਾਧੂ ਲੋਕ ਆਪਣੇ ਕਰਤੱਵ ਸੇ ਭਲੇ ਕਹਿਲਾਤੇ ਹੈਂ ਔਰ ਗਰਲ ਵਿਖੇ ਅਗਨੀ ਔਰ ਕਰਮ ਨਾਸ਼ਾ ਨਦੀ ਤਥਾ ਦੁਸ਼ਟ ਲੋਕ ਯੇ ਆਪਣੀ ਕਰਨੀ ਸੇ ਮੰਦ ਕਹਿਲਾਤੇ ਹੈਂ।

ਦੋਹਾ : ਭਲੇ ਭਲਾਈ ਪੈ ਲਹਹਿ ਲਹਹਿ ਨੀਚਾਈ ਨੀਚ॥
ਸੁਧਾ ਸੁਰਾਹੀ ਅੰਮ੍ਰਿਤਾ ਗਰਲ ਸਰਾਹੀਏ ਮੀਚ॥

ਭਾਵ ਅਰਥ :-ਕਮਲ ਜੜ੍ਹ ਹੈ ਔਰ ਜੋਕ ਚੇਤੰਨ ਹੈ, ਕੰਵਲ ਜਲ ਸੇ ਉਤਪੰਨ ਹੋਕਰ ਜਲ ਕੋ ਨਹੀਂ ਜਾਣ ਸਕਤਾ ਔਰ ਨਾ ਜਲ ਮੇਂ ਲਿਪਾਇਮਾਨ ਹੋਤਾ ਹੈ, ਐਸੇ ਹੀ ਸੰਤ ਸੰਸਾਰ ਮੇਂ ਉਤਪੰਨ ਹੋਕਰ ਸੰਸਾਰ ਕੋ ਜਾਣਤੇ ਨਹੀਂ ਭਾਵ ਮਿਥਿਆ ਸਮਝਤੇ ਹੈਂ ਔਰ ਨਿਰਲੇਪ ਰਹਿਤੇ ਹੈਂ। ਸਹਸਕ੍ਰਿਤੀ ਦਾ ਸਲੋਕ ਹੈ

ਕਿ ਵਿਰੰਚ ਨਿਰਲੇਪ ਉਪਾਏ॥ ਪਦਮ ਪਤ੍ਰ ਜਿਮ ਜਗ ਜਲ ਜਾਏ॥

ਅਰਥ :-ਔਰ ਖਲ ਜੋਕ ਕੇ ਬਰਾਬਰ ਹੈ ਜੋ ਕਿ ਜਗਤ ਕੇ ਦੁਖ ਕੋ ਜਾਣ ਕਰ ਭੀ ਜਗਤ ਮੇਂ ਪੜੇ ਰਹਿਤੇ ਹੈਂ, ਕਿਸੀ ਪੁੰਨ ਵਿਸ਼ੇਸ਼ ਕੇ ਪ੍ਰਭਾਵ ਸੇ ਮਨਮੁਖ ਸਤਿਸੰਗ ਮੇਂ ਚਲੇ ਭੀ ਜਾਵੇ, ਤਉ ਭੀ ਉਨ ਕਾ ਸੁਭਾਵ ਨਹੀਂ ਬਦਲਤਾ।

ਮੂਲ ਖਲਹੁ ਕਰੈ ਭਲ ਪਾਇ ਸੁ ਸੰਗੂ॥ ਮਿਟਹਿ ਨ ਮਲਿਨ ਸੁਭਾਉ ਅਭੰਗੂ॥
ਲਖ ਸੁਵੇਸ ਜਗ ਵੰਚਕ ਜੇਉ॥ ਵੇਖ ਪ੍ਰਤਾਪ ਪੁਜੀਅਤ ਤੇਉ॥
ਉਗਰਹਿ ਅੰਤ ਨ ਹੋਇ ਨਿਬਾਹੂ॥ ਕਾਲ ਨੇਮੀ ਜਿਮ ਰਾਵਣ ਰਾਹੂ॥

ਅਰਥ :-ਮਨਮੁਖ ਊਪਰ ਸੇ ਕਿਤਨਾ ਭੀ ਅੱਛਾ ਵੇਸ ਧਾਰਨ ਕਰੇਂ ਤੌ ਭੀ ਉਸਕਾ ਪਾਜ ਅੰਤ ਮੇਂ ਖੁਲ੍ਹ ਜਾਏਗਾ, ਰਹੇਗਾ ਨਹੀਂ, ਪਖੰਡ ਸੇ ਮਨੁਖ ਲੋਗੋਂ ਮੇਂ ਪੂਜਯ ਭੀ ਹੈ

ਜਾਏਗਾ, ਪ੍ਰੰਤੂ ਉਸ ਕਾ ਚਿਤ ਸ਼ਾਂਤ ਨਹੀਂ ਹੋਏਗਾ।

ਦੋਹਾ :-ਅਤਿਯਾਚਾਰੀ, ਅਨਾਚਾਰੀ, ਅਤਨਿੰਦਾ ਅਤਊਪ॥
ਮੂਰਖ ਕੇ ਲਖਛਣ ਯਹੀ ਅਤਿਹਾਸੀ ਅਤਿਚੂਪ॥

ਸਹਸਕ੍ਰਿਤੀ ਦਾ ਸਲੋਕ ਹੈ

ਮੂਰਖ ਸਯ ਪਚ ਚਿਨਾਨਿ ਗਰਵੋ ਦੁਰਬਚਨ ਮੁਖੇ॥
ਹਠੀ ਚਈਵ ਵਿਸ਼ਾਦੀ ਚ ਸਦੋਕਤੰ ਨਈਵ ਮਨਯਤੇ॥ ੧॥
ਅਮਿਤ ਕਰਵਤੇ ਮਿਤ੍ਰ ਮਿਤ੍ਰ ਦ੍ਵੇਸ਼ਿ ਹਿਨਸ੍ਰਿ॥
ਕਰਮ ਅਰੰਭਃ ਤਤੋ ਦੁਸਟੰ ਤੇਮਾਹੁਃ ਮੂਢੰ ਚੇਤਸ॥ ੨॥
ਅਨਾਹੂਤਃ ਪ੍ਰਵਿਸਤੀ ਹੀ ਅਪ੍ਰਿਸ੍ਰੇ ਬਹੁ ਭਾਸ਼ਤੇ॥
ਅਵਿਸ੍ਰਸੇ ਵਿਸ਼੍ਰਸ੍ਰਿ ਮੂਢ ਚੇਤਾਨ ਧਰਮਃ॥ ੨॥

ਅਰਥ :-ਮੂਰਖ ਕੀ ਪਾਂਚ ਨਿਸ਼ਾਨੀ ਹੋਤੀ ਹੈਂ-ਅਹੰਕਾਰ, ਮੁਖ ਸੇ ਕਟੂ ਬਚਨ, ਹਠ, ਵਿਸ਼ਾਦ (ਝੂਰਨਾ) ਸ੍ਰੇਸ਼ਟ ਪੁਰਸ਼ੋਂ ਕਾ ਉਪਦੇਸ਼ ਨਾ ਮਾਨਣਾ॥੧॥ ਮਿਤਰੋਂ ਕੇ ਸਾਥ ਦ੍ਵੈਸ਼ ਤਥਾ ਹਾਂਸੀ ਕਰਨਾ, ਦੁਸ਼ਟ ਕਰਮੋਂ ਕਾ ਅਰੰਭ ਕਰਨਾ, ਐਸੇ ਪੁਰਸ਼ ਕੋ ਮੂਢ ਕਹਤੇ ਹੈਂ॥ ੨॥ ਬਿਨਾਂ ਬੁਲਾਏ ਕਿਸੀ ਕੇ ਘਰ ਜਾਣਾ, ਬਿਨਾਂ ਪੂਛੇ ਬਹੁਤ ਬੋਲਣਾ ਔਰ ਅਵਿਸ਼ਵਾਸੀ ਪਰ ਵਿਸ਼ਵਾਸ ਕਰਨੇ ਵਾਲੇ ਕੋ ਮੂਰਖ ਕਹਿਤੇ ਹੈਂ। ਪਰ ਗੁਰਮੁਖ ਸੁਭਾਵ ਕੋ ਬਦਲ ਦੇਤਾ ਹੈ।

ਪਰਹਰਿ ਪਾਪੁ ਪਛਾਣੈ ਆਪੁ॥ ਨਾ ਤਿਸੁ ਸੋਗੁ ਵਿਜੋਗੁ ਸੰਤਾਪੁ॥

(ਅੰਗ ੯੩੫)

ਅਰਥ :-ਆਤਮ ਵੀਚਾਰ ਕਰਕੇ ਕਿ ਮਨ ਕਾ ਧਰਮ ਹਰਖ ਸੋਗ ਹੈ ਔਰ ਮੈਂ ਮਨ ਸੇ ਅਲੱਗ ਅਨੰਦ ਸਰੂਪ ਹੂੰ, ਮੇਰੇ ਮੇਂ ਹਰਖ ਸੋਗ ਨਹੀਂ ਹੈ, ਐਸਾ ਜਾਣ ਕਰ ਮਾਨ ਅਪਮਾਨ ਸੁਖ ਦੁਖ ਵਿਚ ਸਮ ਰਹਿਤਾ ਹੈ, ਗੁਰਮੁਖ ਮੁਮੁਖਸ਼ੂ ਵੀਚਾਰ ਕਰਤਾ ਹੈ ਕਿ ਜਬ ਮੈਂ ਆਪਣੀ ਮਹਿਮਾ ਮੇਂ ਅਸਥਿਤ ਹੂੰ ਤਬ ਕਹਾਂ ਆਤਮਾ ਔਰ ਕਹਾਂ ਅਨਾਤਮਾ? ਕਹਾਂ ਸ਼ੁਭ ਹੈ ਕਹਾਂ ਅਸ਼ੁਭ ਹੈ, ਕਹਾਂ ਚਿੰਤਾ ਔਰ ਕਹਾਂ ਅਚਿੰਤਾ ਹੈ। ਐਸੀਆਂ ਵੀਚਾਰਾਂ ਤੋਂ ਆਤਮ ਪਦ ਮੇਂ ਅਰੂੜ ਰਹਿਤਾ ਹੈ। ਆਤਮਾ ਪਦ ਨੂੰ ਪ੍ਰਾਪਤ ਕਰਨ ਵਾਲੀ ਔਕੜ ਕਾ ਅੱਗੇ ਨਿਰੂਪਣ ਕੀਤਾ ਜਾ ਰਿਹਾ ਹੈ ਪੜ੍ਹੋ ਧਿਆਨ ਨਾਲ।

੭.੧੦ ਰਾਗ ਦਵੈਸ਼

ਧ੍ਰਿਗੰਤ ਮਾਤ ਪਿਤਾ ਸਨੇਹੰ ਧ੍ਰਿਗ ਸਨੇਹੰ ਭ੍ਰਾਤ ਬਾਂਧਵਹ॥
ਧ੍ਰਿਗ ਸ੍ਨੇਹੰ ਬਨਿਤਾ ਬਿਲਾਸ ਸੁਤਹ॥

ਧ੍ਰਿਗ ਸ੍ਰੇਹੰ ਗ੍ਰਿਹਾਰਥ ਕਹ॥ ਸਾਧਸੰਗਿ ਸ੍ਰੇਹੰ ਸਤ੍ਰਿ॥
ਸੁਖਯੰ ਬਸੰਤਿ ਨਾਨਕਹ॥

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ ੧੩੫੪)

ਅਰਥ ਧ੍ਰਿਗ ਹੈ ਮਾਤਾ ਪਿਤਾ ਦਾ ਸਨੇਹ, ਧ੍ਰਿਕਾਰ ਹੈ ਭਰਾ ਤੇ ਸੰਬੰਧੀਆਂ ਦੇ ਸਨੇਹ ਨੂੰ, ਧ੍ਰਿਕਾਰ ਹੈ ਇਸਤਰੀ ਤੇ ਪੁਤਰਾਂ ਦੇ ਸਨੇਹ ਨੂੰ, ਧ੍ਰਿਕਾਰ ਹੈ ਘਰ ਦੇ ਪਦਾਰਥਾਂ ਦੇ ਸਨੇਹ ਨੂੰ। ਸਾਧਸੰਗਤ ਦਾ ਸਨੇਹ ਸੱਚਾ ਹੈ। ਗੁਰੂ ਸਾਹਿਬ ਜੀ ਕਥਨ ਕਰਦੇ ਹਨ ਇਹ ਸੁਖ ਵਿਚ ਵਾਸ ਦੇਣ ਵਾਲਾ ਹੈ।

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥

(ਪੰਨਾ ੧੧੦੨)

ਜਿਸ ਵਸਤੂ ਸਥਾਨ ਜਾਂ ਮਨੁੱਖ ਤੋਂ ਹਮੇਸ਼ਾ ਸੁਖ ਮਿਲਿਆ ਹੋਵੇ ਜਾਂ ਸੁਖ ਮਿਲਣ ਦੀ ਆਸ਼ਾ ਹੋਵੇ ਉਸ ਸੇ ਹਮੇਂ ਪ੍ਰੇਮ ਆਸਕਤਿ ਆਕਰਖਣ ਹੋ ਜਾਤਾ ਹੈ। ਜਿਸ ਨੂੰ ਅਸੀਂ ਰਾਗ ਕਹਿਤੇ ਹਾਂ, ਜਿਸ ਸੇ ਹਮੇਂ ਦੁਖ ਮਿਲਾ ਹੋ ਜਾਂ ਦੁਖ ਮਿਲਣੇ ਕੀ ਆਸ਼ਾ ਹੋ ਉਸ ਸੇ ਹਮੇਂ ਬਿਕਰਸ਼ਣ ਯਾ ਘਿਰਣਾ ਹੋ ਜਾਤੀ ਹੈ। ਜਿਸ ਨੂੰ ਅਸੀਂ ਦ੍ਵੈਸ਼ ਕਹਿਤੇ ਹਾਂ। ਜਿਥੇ ਦ੍ਵੈਸ਼ ਹੈ ਵਹਾਂ ਕ੍ਰੋਧ ਭੀ ਜ਼ਰੂਰ ਹੋਤਾ ਹੈ। ਜੋ ਆਪਣੇ ਸੁਖ ਵਾਸਤੇ ਵਸਤੂਆਂ ਕਾ ਪ੍ਰਾਪਤ ਕਰਨਾ ਹੈ ਵਹ ਰਾਗ ਹੈ। ਬਿਸ਼ੈ ਚਿੰਤਨ ਸੇ ਰਾਗ, ਰਾਗ ਸੇ ਕਾਮ, ਕਾਮ ਸੇ ਕ੍ਰੋਧ, ਕ੍ਰੋਧ ਸੇ ਮੋਹ, ਮੋਹ ਸੇ ਸਿਮ੍ਰਤੀ ਕਾ ਨਾਸ਼, ਸਿਮ੍ਰਤੀ ਨਾਸ਼ ਸੇ ਬੁੱਧੀ ਕਾ ਨਾਸ਼, ਬੁੱਧੀ ਬਿਨਾਸ਼ ਸੇ ਮਨੁੱਖ ਕਾ ਬਿਨਾਸ਼ ਹੋ ਜਾਤਾ ਹੈ। ਰਾਗ ਕੋ ਇਸ ਵਾਸਤੇ ਕਲੇਸ਼ ਕਹਾ ਹੈ। ਸੁਖ ਦੁਖ ਤੋਂ ਬਿਨਾਂ ਪ੍ਰਾਪਤ ਨਹੀਂ ਹੋਤੇ, ਜਿਥੇ ਰਾਗ ਹੈ ਉਥੇ ਭਯ ਭੀ ਹੈ, ਰਾਗ ਦਵੈਸ਼ ਹੀ ਵਾਸਤਵਿਕ ਕਰਮ ਹੈ, ਪੁੰਨ ਪਾਪ ਕਾ ਬੀਜ ਹੈ। ਯਦੀ ਤੁਮ ਆਪਣੇ ਆਪ ਕੋ ਪਤੀ ਖਿਆਲ ਕਰਤੇ ਹੋ, ਤੋ ਇਸਤ੍ਰੀ ਮੇਂ ਰਾਗ ਪੈਦਾ ਹੋ ਜਾਤਾ ਹੈ, ਪਰ ਜਦੋਂ ਇਹ ਖਿਆਲ ਕਰਤੇ ਹੋ ਕਿ ਅਮਕਾ ਮੇਰਾ ਸ਼ਤਰੂ ਹੈ ਤਾਂ ਦਵੈਸ਼ ਪੈਦਾ ਹੋ ਜਾਤਾ ਹੈ। ਆਪਣੇ ਬਲ ਕੋ ਦੇਖ ਕਰ ਅਹੰਕਾਰ ਕਰਤਾ ਹੈ, ਨੀਚੀ ਸ਼੍ਰੇਣੀ ਕੇ ਲੋਗੋਂ ਸੇ ਘਿਰਣਾ ਕਰਤਾ ਹੈ। ਅਹੰਕਾਰ ਸੇ ਦਵੈਸ਼ ਪੈਦਾ ਹੋਤਾ ਹੈ, ਅਵਿਦਿਆ ਸੇ ਅਬਿਬੇਕ ਪੈਦਾ ਹੋਤਾ ਹੈ ਅਰਥਾਤ ਸਤ ਅਸਤ ਦੀ ਪਹਿਚਾਨ ਨਾ ਹੋਣਾ। ਅਬਿਬੇਕ ਸੇ ਅਹੰਕਾਰ ਕੀ ਉਤਪਤੀ ਹੋਤੀ ਹੈ, ਅਹੰਕਾਰ ਸੇ ਰਾਗ ਦਵੈਸ਼ ਪੈਦਾ ਹੋਤੇ ਹੈਂ, ਰਾਗ ਦਵੈਸ਼ ਕੇ ਕਾਰਨ ਕਰਮ ਔਰ ਕਰਮ ਕੇ ਅਨੁਸਾਰ ਸਰੀਰ ਧਾਰਨ ਕਰਨਾ ਪੈਂਦਾ ਹੈ, ਸਰੀਰ ਧਾਰਨ ਸੇ ਦੁਖ ਮਿਲਤਾ ਹੈ, ਇਹ ਬੰਧਨ ਕੀ ਜ਼ੰਜੀਰ ਕੀਆਂ ਸਾਤ ਕੜੀਆਂ ਹਨ। ਜਦ ਤੂੰ ਦੁੱਖ ਨਹੀਂ ਚਾਹਤਾ ਤਾਂ ਸਰੀਰ ਨਾ ਧਾਰਨ ਕਰ, ਯਦਿ ਸਰੀਰ ਨਹੀਂ ਚਾਹਤਾ ਤਾਂ ਕਰਮ ਨਾ ਕਰ, ਯਦਿ ਕਰਮ ਨਹੀਂ ਚਾਹਤਾ, ਰਾਗ ਦ੍ਵੈਸ਼ ਨਹੀਂ ਚਾਹਤਾ ਤੋ ਅਹੰਕਾਰ ਨਾ ਕਰ, ਯਦੀ ਅਹੰਕਾਰ ਨਹੀਂ ਚਾਹਤਾ ਤੋ ਬਿਬੇਕ ਸਿਖ। ਯਦਿ ਬਿਬੇਕ ਚਾਹਤਾ ਹੈਂ ਤਾਂ ਬ੍ਰਹਮ ਗਿਆਨ

ਦੁਆਰਾ ਅਵਿਦਿਆ ਕਾ ਨਾਸ ਕਰ।

੭.੧੧ ਰਾਗ ਦ੍ਵੈਸ਼ ਦੂਰ ਕਰਨ ਦੇ ਉਪਾਵ

੧. ਰਾਗ ਦ੍ਵੈਸ਼ ਕੋ ਪ੍ਰਤਿਪਕਸ਼ ਕੀ ਭਾਵਨਾ ਸੇ ਦੂਰ ਕਰੇਂ। ਰਾਗ ਨਾਮ ਪ੍ਰੇਮ ਤਥਾ ਮੋਹ ਕਾ ਹੈ ਜਿਸ ਕੋ ਬੈਰਾਗ ਸੇ ਦੂਰ ਕਰੋ, ਦ੍ਵੈਸ਼ ਕੋ ਵਿਸ਼ਵ ਪ੍ਰੇਮ ਸੇ ਦੂਰ ਕਰੋ।

੨. ਸਭ ਪਰ ਬ੍ਰਹਮ ਭਾਵਨਾ ਰਖਣੇ ਤੋਂ ਦਵੈਸ਼ ਪਰ ਬਿਜੈ ਪਾਈ ਜਾ ਸਕਦੀ ਹੈ। ਇਸ ਸੇ ਸਰਬ ਜਗਤ ਈਸ਼ਵਰ ਰੂਪ ਦਿਖਾਈ ਦੇਵੇਗਾ।

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ॥

(ਪੰਨਾ ੯੮੮)

੩. ਜਗਤ ਔਰ ਜਗਤ ਕੀ ਵਸਤੂਆਂ ਮੇਂ ਦੋਸ਼ ਨਾ ਢੂੰਡੇਂ, ਪ੍ਰੰਤੂ ਮਨ ਕੋ ਦੋਸ਼ੋਂ ਸੇ ਦੂਰ ਰਖੇਂ। ਜਗਤ ਔਰ ਜਗਤ ਕੇ ਪਦਾਰਥ ਭਲੇ ਬੁਰੇ ਨਹੀਂ ਹਨ, ਆਪਣਾ ਮਨ ਹੀ ਭਲਾਈ ਬੁਰਾਈ ਕੋ ਪੈਦਾ ਕਰਤਾ ਹੈ।

੪. ਜਦੋਂ ਆਪ ਅਧਿਕਾਰ ਔਰ ਮਮਤਾ ਕੀ ਭਾਵਨਾ ਕੋ ਦੂਰ ਕਰ ਨਿਰਮਮਤਾ ਕੀ ਅਵਸਥਾ ਪ੍ਰਾਪਤ ਕਰ ਲਵੋਗੇ ਤਾਂ ਦ੍ਵੈਸ਼ ਦੂਰ ਹੋ ਜਾਵੇਗੀ। ਕੋਈ ਆਪ ਕਾ ਅਧਿਕਾਰ ਖੋਹੇਗਾ ਤੋ ਆਪ ਕੋ ਦ੍ਵੈਸ਼ ਨਹੀਂ ਹੋਵੇਗੀ, ਕਿਉਂਕਿ ਆਪਣੇ ਅਧਿਕਾਰ ਕੀ ਭਾਵਨਾ ਹੀ ਤਿਆਗ ਦਿਤੀ ਹੈ।

੫. ਖਿਮਾ ਭਾਵ ਧਾਰਨ ਕਰੋ, ਇਸ ਸੇ ਅਗਰ ਕੋਈ ਆਪ ਕੋ ਹਾਨੀ ਪਹੁੰਚਾਨੇ ਕੀ ਕੋਸ਼ਿਸ਼ ਕਰੇਗਾ ਤੋ ਆਪ ਉਸ ਨਾਲ ਦ੍ਵੈਸ਼ ਨਹੀਂ ਕਰੇਂਗੇ।

੬. ਅਹੰਕਾਰ ਸੈਨਾਪਤੀ ਹੈ, ਰਾਗ ਦ੍ਵੈਸ਼ ਇਸ ਕੇ ਸੈਨਿਕ ਹੈਂ, ਇਸ ਲਈ ਪਹਿਲੇ ਅਹੰਕਾਰ ਕੋ ਮਾਰੋ।

੭. ਬ੍ਰਹਮ ਗਿਆਨ ਸੇ ਹੀ ਇਨ ਕੀ ਜੜ੍ਹ ਉਖਾੜ ਸਕਦੇ ਹੋ। ਬ੍ਰਹਮ ਗਿਆਨ ਪੂਰੇ ਸਤਿਗੁਰਾਂ ਦੀ ਕਿਰਪਾ ਤੋਂ ਪ੍ਰਾਪਤ ਹੁੰਦਾ ਹੈ। ਇਸ ਲੀਏ ਗੁਰੂ ਜੀ ਲਿਖਤੇ ਹੈਂ :-

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥

(ਪੰਨਾ ੫੨੨)

ਸਹਸਕ੍ਰਿਤੀ ਵਿਚ ਸਲੋਕ ਹੈ

ਇੰਦ੍ਰ ਯਸਯੇਂ ਦ੍ਰਿਸ ਯਾਰਥੇ ਰਾਗ ਦ੍ਵੈਸ਼ ਵਿਵਸਿਥਤਉ॥
ਤਯੋਰ ਨ ਵਸ਼ਮਾਗਛੇਤ ਤਉ ਹਯਸਯ ਪਰਿ ਪੰਥਿਨਉ॥

ਅਰਥ ਇੰਦ੍ਰਯ ਕੇ ਅਰਥ ਯਾਨੇ ਵਿਸ਼ੇ ਮੇਂ ਰਾਗ ਦ੍ਵੈਸ਼ ਰਹਿਤੇ ਹੈਂ ਤਿਨਕੇ ਅਧੀਨ ਨਾ ਹੋਵੋ, ਕਿਉਂਕਿ ਰਾਗ ਦ੍ਵੈਸ਼ ਇਸਕੇ ਸ਼ਤਰੂ ਹੈਂ।

ਸਲੋਕ ਰਾਗ ਦ੍ਵੈਸ਼ ਵਿਯੁਕ੍ਤੈਸ੍ਤੁ ਵਿਸ਼ਯਾਨਿੰ ਦ੍ਰਿਯੈਸ੍ਚਰਨ॥
ਆਤਮ ਵਸ਼ਯੈਰ ਵਿਧੇਯਾਤਮਾ ਪਰਸਾਦੰ ਅਧਿ ਗਛਤਿ॥

ਟੀਕਾ : ਆਪਣੇ ਅਧੀਨ ਅੰਤਹਕਰਣ ਵਾਲਾ ਪੁਰਸ਼, ਰਾਗ ਦਵੈਸ਼ ਸੇ ਰਹਿਤ ਹੋ ਕਰ ਆਪਣੇ ਵਸ ਮੇਂ ਕਰੀ ਹੁਈ ਇੰਦ੍ਰੀਓਂ ਸੇ ਭੋਗੋਂ ਕੋ ਭੋਗਤਾ ਹੂਆ ਭੀ ਅੰਤਸ਼ਕਰਣ ਕੀ ਸ਼ੁੱਧੀ ਕੋ ਪ੍ਰਾਪਤ ਹੋਤਾ ਹੈ।

ਸਤਿਨਾਮ ਸ੍ਰੀ ਵਾਹਿਗੁਰੂ

★★★

ਅਧਿਆਇ ਅੱਠਵਾਂ

੮. ਪਾਂਚ ਵਿਸ਼ੇ ਨਿਰੂਪਣ

ਸਹਸਕ੍ਰਿਤੀ ਦਾ ਸਲੋਕ ਹੈ

ਸ਼ਬਦ ਦਿਭਿ ਪੰਚਭਿਰਵੋ ਪੰਚ॥ ਪੰਚਤ੍ਰਮਾ ਪਾ: ਸ੍ਵਗੁਣੇਨ ਬਧਾ:॥
ਕੁਰੰਗਾ ਮਾਤੰਗ ਪਤੰਗ ਮੀਨ॥ ਭ੍ਰਿੰਗਾ ਨਰ: ਪੰਚ ਭਿਰੰਚਤਿ: ਕਿੰ:॥

ਅਰਥ :-ਸ਼ਬਦ, ਸਪਰਸ਼, ਰੂਪ, ਰਸ, ਗੰਧ, ਇਹ ਜੋ ਪਾਂਚ ਵਿਸ਼ੇ ਹੈ ਉਨ੍ਹਾਂ ਮੇਂ ਅਸਕਤਿ ਹੂਏ ਹਰਣ ਸ਼ਬਦ ਪਰ, ਹਾਥੀ ਸਪਰਸ਼ ਪਰ, ਮੀਨ ਰਸ ਪਰ, ਭੌਰਾ ਗੰਧ ਪਰ, ਯਹ ਸਭ ਮੋਹਤ ਹੋਕਰ ਮ੍ਰਿਤੂ ਕੋ ਪ੍ਰਾਪਤ ਹੋਤੇ ਹੈਂ। ਜਿਸ ਮੇਂ ਪਾਂਚੋਂ ਵਿਸ਼ਯ ਪ੍ਰਬਲ ਹੋਂਗੇ, ਉਸਦੀ ਕਿਆ ਕਥਾ ਹੋਗੀ।

ਗੁਰੂ ਵਾਕ :-ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥

(ਪੰਨਾ ੪੮੬)

੮.੧ ਕਾਮ

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥
ਚਿਤ ਹਰਣੰ ਤ੍ਰੈ ਲੋਕ ਗਮ੍ੰ ਜਪ ਤਪ ਸੀਲ ਬਿਦਾਰਣਹ॥
ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥
ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ॥੪੬॥

(ਪੰਨਾ ੧੩੫੮)

ਪਦਅਰਥ :-ਭ੍ਰਮਾਵਣਹ=ਫਿਰਾਉਣ ਵਾਲੇ, ਬਿਦਾਰਣਹ=ਨਾਸ਼ ਕਰਨ ਵਾਲੇ, ਅਵਿਤ ਚੰਚਲ=ਸਥਾਈ ਇਕ ਰਸ ਨਾ ਰਹਿਣ ਵਾਲੇ, ਬਿਮੁੰਚਿਤ=ਛੁਟੀਦਾ ਹੈ।

ਅਰਥ :-ਹੇ ਕਾਮ ਨਰਕ ਵਿਚ ਬਿਸ੍ਰਾਮ ਕਰਨੇ ਵਾਲੇ, ਬਹੁਤ ਜੂਨਾਂ ਵਿਚ ਭਰਮਾਉਣ ਵਾਲੇ, ਚਿਤ ਮੋਹ ਲੈਣ ਵਾਲੇ, ਤਿੰਨਾ ਲੋਕਾਂ ਵਿਚ ਰੀਮਤਾ ਰੱਖਣ ਵਾਲੇ, ਜਪ

ਤਪ ਅਰ ਸ਼ੀਲ ਦੇ ਨਾਸ਼ ਕਰਨ ਵਾਲੇ, ਤੁਛ ਸੁਖ ਦੇਣ ਵਾਲੇ, ਨਾ ਸਥਾਈ ਵਾਲੇ, ਊਚਾਂ ਤੇ ਨੀਚਾਂ ਵਿਚ ਇਕੋ ਜਿਹਾ ਸਮਾਉਣ ਵਾਲੇ, ਤੇਰੇ ਭੈ ਤੋਂ ਉਨ੍ਹਾਂ ਸਾਧਾਂ ਦਾ ਸੰਗ ਕਰਕੇ ਛੁਟਕਾਰਾ ਹੁੰਦਾ ਹੈ ਜਿਨ੍ਹਾਂ ਨੂੰ ਪ੍ਰਮੇਸ਼ਰ ਦੀ ਓਟ ਹੈ। ਗੁਰੂ ਸਾਹਿਬ ਜੀ ਕਥਨ ਕਰਦੇ ਹਨ, ਕਾਮ ਦੇ ਪੰਜ ਦੋਸ਼ :- ਪਹਿਲਾ ਨਰਕ ਦਾ ਭੋਗਣਾ ਜੋ ਵਿਸ਼ੈ ਦੀ ਪ੍ਰਬਲਤਾ ਕਰਕੇ ਪ੍ਰਤੀਤ ਨਹੀਂ ਹੁੰਦਾ, ਪਿਛੋਂ ਨੂੰ ਭੈ ਬੀਭਤਸ ਕਰ ਦਿੰਦਾ ਹੈ। ਦੂਜਾ ਨਰਕ ਤਰ੍ਹਾਂ ਤਰ੍ਹਾਂ ਦੇ ਸਰੀਰਕ-ਰੋਗ ਜੋ ਕੋੜ੍ਹ ਤੁਲ ਹੁੰਦੇ ਹਨ ਦੇ ਕੇ ਸਰੀਰ ਨੂੰ ਨਾਸ ਕਰ ਦਿੰਦਾ ਹੈ। ਤੀਸਰਾ ਨਰਕ ਸੰਸਾਰ ਵਿਚ ਅਪਕੀਰਤੀ ਤੇ ਭਲੇਮਾਣਸਾਂ ਤੋਂ ਤ੍ਰਿਸਕਾਰ ਦੁਆਉਂਦਾ ਹੈ। ਚੌਥਾ ਨਰਕ ਰਾਜਦੰਡ ਦੁਆਉਂਦਾ ਹੈ। ਪੰਜਵਾਂ ਨਰਕ ਪ੍ਰਲੋਕ ਦੇ ਦੁੱਖ ਤਥਾ ਜੂਨਾਂ ਭਰਮਾਉਂਦਾ ਹੈ। ਕਾਮੀ ਪੁਰਸ਼ ਦੀ ਵ੍ਰਿਤੀ ਹਮੇਸ਼ਾ ਵਿਸ਼ੇ ਪਰਾਇਣ ਰਹਿੰਦੀ ਹੈ। ਸੰਕਲਪਾਂ ਦਾ ਬੰਧਨ ਮੁਕਤ ਨਹੀਂ ਹੋਣ ਦੇਂਦਾ, ਜੈਸਾ ਸੰਕਲਪ ਤੈਸਾ ਹੀ ਵਾਸਾ ਹੁੰਦਾ ਹੈ। ਸੋ ਵਿਸ਼ਈ ਨੂੰ ਵਿਸ਼ੇ ਪਰਾਇਣ ਹੋਣ ਕਰਕੇ ਧਰਮ ਮਲੀਨ ਜੂਨਾਂ ਦਾ ਵਾਸਾ ਮਿਲਦਾ ਹੈ।

੮.੧.੧ ਕਾਮ ਕੀ ਹੈ ?

ਕਾਮ ਸ਼ਬਦ ਕੇ ਦੋ ਅਰਥ ਹਨ-ਕਾਮਨਾ ਤਥਾ ਇੱਛਾ। ਦੂਸਰਾ ਅਰਥ ਹੈ ਇਸਤਰੀ ਭੋਗ ਕੀ ਇੱਛਾ।

ਕਾਮ ਕਾਮ ਸਭ ਕੋਈ ਕਹੇ, ਕਾਮ ਨ ਜਾਨੈ ਕੋਇ॥
ਜਿਤਨੀ ਮਨ ਕੀ ਕਲਪਨਾ ਕਾਮ ਕਹਾਵੈ ਸੋਇ॥

ਇਹ ਸਭ ਨਾਲੋਂ ਬਲੀ ਸ਼ਤਰੂ ਹੈ, ਇਸ ਨੂੰ ਜਿੱਤਣ ਦਾ ਕਭੀ ਅਭਿਮਾਨ ਨਾ ਕਰੋ। ਕਾਮ ਕੋ ਵਧਾਨੇ ਵਾਲੀ ਇੰਦ੍ਰੀਜ ਆਂਖ ਹੈ। ਸੰਤ ਤੁਕਾ ਰਾਮ ਜੀ ਕਹਤੇ ਹੈਂ :-

ਹੇ ਭਗਵਾਨ ! ਮੁਝੇ ਇਸਤਰੀ ਕਾ ਸੰਗ ਕਭੀ ਨਾ ਹੋ। ਲੱਕੜੀ ਪੱਥਰ ਜਾਂ ਮਿੱਟੀ ਕੀ ਮੂਰਤੀਆਂ ਭੀ ਮੇਰੇ ਸਾਹਮਣੇ ਨਾ ਹੋਂ। ਕਾਮ ਦੇ ਤਿਆਗ ਤੋਂ ਬਿਨਾਂ ਨਿਰਬਿਕਲਪ ਸਮਾਧੀ ਸਿੱਧ ਨਹੀਂ ਹੋ ਸਕਦੀ, ਕਿਉਂਕਿ ਸਮਾਧੀ ਮੇਂ ਬੀਰਜ ਕਾ ਤੇਲ ਜਲਤਾ ਹੈ। ਇਸਤਰੀਆਂ ਇਨਸਾਨ ਕੋ ਮੰਜ਼ਿਲ ਪਰ ਪਹੁੰਚਣੇ ਨਹੀਂ ਦੇਤੀਆਂ। ਇਸਤ੍ਰੀ ਕਾ ਖਿਆਲ ਮਾਤ੍ਰ ਭੀ ਮਨ ਕੋ ਗੰਦਾ ਕਰਕੇ ਜੋਗੀ ਕੇ ਤਪ ਫਲ ਦਾ ਨਾਸ਼ ਕਰ ਦੇਤਾ ਹੈ। ਕਾਮ ਪਰ ਵਿਜਯ ਪਾ ਲੈਣ ਨਾਲ ਯੋਗੀ ਸਭ ਵਿਕਾਰਾਂ ਕੋ ਸੁਹਾਸ ਹੀ ਵਸ ਕਰ ਲੇਤਾ ਹੈ। ਜਿਵੇਂ ਸ਼ੇਰ ਦੇ ਮੂੰਹ ਨੂੰ ਆਦਮੀ ਦਾ ਖ਼ੂਨ ਲਗ ਜਾਵੇ, ਫੇਰ ਹੋਰ ਖ਼ੂਨ ਨਹੀਂ ਪੀਤਾ, ਬੰਦੇ ਨੂੰ ਹੀ ਖਾਤਾ ਹੈ, ਆਦਮਖ਼ੋਰ ਬਣ ਜਾਤਾ ਹੈ, ਇਸੇ ਪ੍ਰਕਾਰ ਮਨੁੱਖ ਜਦੋਂ ਇਸਤ੍ਰੀ ਭੋਗ ਲੇਤਾ ਹੈ ਫਿਰ ਉਸ ਕਾ ਮਨ ਸਦਾ ਇਸਤ੍ਰੀ ਪੀਛੇ ਭਾਗਤਾ ਹੈ। (ਕਾਮਨੀ) ਇਸਤ੍ਰੀ ਮਿੱਠੀ ਛੁਰੀ ਹੈ ਜਿਸ ਨੇ ਇਸ ਕੋ ਛੂਆ ਖਰਬੂਜ਼ੇ ਕੀ ਭਾਂਤ ਕੱਟ ਗਿਆ। ਕਵੀ ਨੇ ਕਹਾ ਹੈ

ਪਰ ਨਾਰੀ ਪੈਨੋ (ਤੇਜ਼) ਛੁਰੀ ਮਤ ਜਾਈਓ ਇਸ ਕੇ ਸੰਗ॥

ਪਰ ਨਾਰੀ ਕੀ ਛਾਯਾ ਪੜਤ, ਅੰਧੇ ਹੋਵਤ ਭੁਜੰਗ॥
ਨਾਗਿਨ ਕੇ ਦੋਹੀ ਫਨ, ਨਾਰੀ ਕੇ ਫਨ ਬੀਸ॥
ਜਾ ਕੋ ਨਾਰੀ ਨੇ ਡਸਾ, ਮਰੇ ਹੈ ਬਿਸਯਹ ਬੀਸ॥
ਨਾਰੀ ਪਰਾਈ ਆਪਣੀ, ਭੋਗੇ ਨਰਕੇ ਜਾਇ॥
ਆਗ ਆਗ ਸਭ ਏਕ ਸੀ, ਹਾਥ ਦੀਏ ਜਰ ਜਾਇ॥
ਜ਼ਹਿਰ ਪਰਾਇਆ ਆਪਣਾ, ਖਾਇ ਸੇ ਮਰ ਜਾਇ॥
ਅਪਨੀ ਰਕਸ਼ਾ ਨਾ ਕਰੇ, ਕੌਣ ਤੋਹਿ ਸਮਝਾਇ॥
ਪਰ ਨਾਰੀ ਪੈਨੀ (ਤੇਜ਼) ਛੁਰੀ, ਤੀਨ ਠੌਰ (ਸਥਾਨ) ਸੇਖਾਇ॥
ਧਨੀ ਛੀਨੇ, ਜੌਬਨ ਹਰੇ, ਮੁਏ ਨਰਕ ਲੇ ਜਾਏ॥
ਨਾਗਾਂ ਨਾਲੋਂ ਨਾਰ ਬੁਰੀ, ਚਲਤ ਫਿਰਤ ਡਸ ਜਾਇ॥
ਨਾਗ ਪਲੰਘ ਪਰ ਨਾ ਚੜ੍ਹੇ, ਨਾਰ ਪਲੰਘ ਚੜ੍ਹ ਜਾਇ॥

ਬਿਬੇਕ ਬੀਚਾਰ ਦੁਆਰਾ ਹੀ ਕਾਮ ਚੰਡਾਲ ਤੋਂ ਛੁਟਕਾਰਾ ਹੋ ਸਕਦਾ ਹੈ। ਇਸ ਮਾਰੂ ਰੋਗ ਤੋਂ ਬਚਨੇ ਲਈ ਹਲਕਾ ਸਾਤਵਿਕ ਭੋਜਨ, ਜਪ ਤਪ, ਸਤਸੰਗ ਬਹੁਤ ਸਹਾਇਤਾ ਦੇਤੇ ਹੈਂ। ਹਰ ਅੱਠਵੇਂ ਦਿਨ ਬ੍ਰਹਮਚਾਰੀ ਨੂੰ ਵਰਤ ਰਖਣਾ ਚਾਹੀਦਾ ਹੈ। ਇਕਾਦਸ਼ੀ ਦੇ ਵਰਤ ਦਾ ਬਹੁਤ ਮਹਾਤਮ ਹੈਂ। ਸੰਗਰਾਂਦ ਮੌਸਿਆ ਪੁੰਨਿਆ ਕਰ ਲੇਵੇ ਜਾਂ ਮੌਕੇ ਮੁਤਾਬਿਕ ਉਹ ਵੀ ਠੀਕ, ਕਿਉਂਕਿ ਰੋਜ਼ਾਨਾ ਲਗਾਤਾਰ ਖੁਰਾਕ ਖਾਣ ਤੋਂ ਹਰ ਅੱਠਵੇਂ ਦਿਨ ਭਾਵਨਾ ਮਲੀਨਤਾ ਵੱਲ ਪੈਦਾ ਹੋਤੀ ਹੈ। ਇਸ ਨੂੰ ਸ਼ੁੱਧ ਰੱਖਣ ਲਈ ਉਪਵਾਸ ਅਤੀ ਜ਼ਰੂਰੀ ਹੈ। ਗ੍ਰਹਿਸਤੀ ਵਾਸਤੇ ਸੰਜਮ ਰੱਖਣਾ ਜ਼ਰੂਰੀ ਹੈ। ਵਰਤ ਵਿਚ ਦੁੱਧ, ਫਲ ਦਾ ਲੋੜ ਮੁਤਾਬਿਕ ਉਪਯੋਗ ਕਰਨਾ ਜਾਂ ਨਿਭਾ ਸਕੇ ਜਲ ਪਾਣੀ ਤੇ ਰਹਿਣਾ ਬ੍ਰਹਮਚਾਰੀ ਵਾਸਤੇ ਨਿਹਾਇਤ ਜ਼ਰੂਰੀ ਹੈ। ਉਪਨਯਾਸ (ਗੰਦੇ ਨਾਵਲ), ਬੁਰੇ ਗੀਤਾਂ ਦਾ ਪੜ੍ਹਨਾ ਸੁਣਨਾ, ਨਾਟਕੀ ਚੇਟਕੀ ਕਿਰਿਆ, ਨਕਲਾਂ, ਰਾਸਾਂ, ਸਿਨੇਮੇ, ਟੈਲੀਵੀਜ਼ਨਾਂ ਸਤਵਾਦੀ ਇਨਸਾਨ ਅਤੇ ਮਨੁੱਸ਼ਤਾ ਦੀਆਂ ਸ਼ਤਰੂ ਹਨ। ਪਹਿਲੇ ਪਹਿਲ ਇਸਦਾ ਮਹਾਨ ਕਰੜਾਈ ਨਾਲ ਸਾਹਮਣਾ ਕਰਨਾ ਪੈਂਦਾ ਹੈ। ਮੁੱਢ ਕਾਲ ਵਿਚ ਆਪਣੀ ਅਧਿਆਤਮਕ ਸ਼ਕਤੀ ਅਤੇ ਪਵਿੱਤ੍ਰਤਾ ਦੀ ਪ੍ਰੀਖਿਆ ਨਾ ਕਰੋ। ਜਿਵੇਂ ਥੋੜੀ ਅਗਨੀ ਥੋੜੇ ਸਾਧਨ ਤੋਂ ਬੁੱਝ ਜਾਂਦੀ ਹੈ, ਇਸੇ ਤਰ੍ਹਾਂ ਥੋੜਾ ਧਿਆਨ ਤੇ ਗਿਆਨ ਵੀ ਥੋੜੀ ਵਾਸ਼ਨਾ ਰੂਪੀ ਮਿੱਟੀ ਤੁਛ ਵਿਕਾਰਾਂ ਰੂਪੀ ਜਲ ਤੋਂ ਖਤਮ ਹੋ ਜਾਂਦਾ ਹੈ। ਗਿਆਨ ਦੀ ਅਵਸਥਾ ਦੇ ਪ੍ਰਪੱਕ ਹੋਏ ਬਿਨਾਂ ਇਸਤ੍ਰੀ ਅਤੇ ਨੌਜਵਾਨ ਲੜਕਿਆਂ ਦੀ ਸੰਗਤ ਤੋਂ ਪ੍ਰਹੇਜ਼ ਕਰੋ, ਇਨ੍ਹਾਂ ਦੋਹਾਂ ਦਾ ਸੁਭਾਅ ਚੰਚਲ ਹੋਤਾ ਹੈ। ਇਸਤਰੀਆਂ ਛੋਕਰਿਆਂ ਪਾਸ ਬੈਠਣਾ, ਬਾਤ-ਚੀਤ ਕਰਨਾ, ਮਨ ਨੂੰ ਚੰਚਲ ਬਣਾਤਾ ਹੈ। ਬਾਬਾ ਕਰਮ ਸਿੰਘ ਸਾਹਿਬ ਜੀ ਹੋਤੀ ਮਰਦਾਨ ਵਾਲਿਆਂ ਨੇ ਸਾਰੀ ਜ਼ਿੰਦਗੀ ਇਸ ਬਚਨ

ਨੂੰ ਨਿਭਾਇਆ। ਆਪ ਜੀ ਸਮਰਥ ਸਨ, ਜਗਿਆਸੂਆਂ ਨੂੰ ਸਿਖਿਆ ਦੇਣ ਲਈ ਆਪ ਭੀ ਇਸੇ ਭਾਵ ਵਿਚ ਵਰਤੇ, ਬ੍ਰਹਮਚਾਰੀ ਸਾਧੂ ਚੇਲਾ ਚੇਲੀ ਸਿੱਖੀ ਸੇਵਕੀ ਨਾ ਬਣਾਵੇ, ਡੇਰਾ ਨਾ ਬੰਧੇ, ਇਕ ਜਗ੍ਹਾ ਬਿਸ੍ਰਾਮ ਨਾ ਕਰੇ, ਇਕ ਜਗ੍ਹਾ ਬਿਸ੍ਰਾਮ ਕਰਨਾ ਹੋਵੇ ਸ਼ਹਿਰੋਂ ਪਿੰਡੋਂ ਦੂਰ ਨਦੀ ਕਿਨਾਰੇ ਜਾਂ ਪਵਿੱਤ੍ਰ ਅਸਥਾਨ ਵਿਖੇ ਕਰੇ। ਆਮ ਲੋਕਾਂ ਨਾਲ ਮਿਲਵਰਤਣ ਨਾ ਬਣਾਵੇ। ਤਿਆਗ ਰਖੇ, ਆਪਣੇ ਨਿਯਮਾਂ ਵਿਚ ਪ੍ਰਪੱਕ ਰਹੇ। ਆਪਣੇ ਪਾਸ ਇਸਤਰੀਆਂ ਦੇ ਆਉਣ ਤੋਂ ਸੰਕੋਚ ਕਰੇ, ਮੌਨ ਰਖੇ (ਭਾਵ) ਘੱਟ ਬੋਲੇ, ਜ਼ਿਆਦਾ ਨਾਮ ਜਪੇ, ਸਤ ਸ਼ਾਸਤਰ ਦਾ ਬੀਚਾਰ ਕਰੇ, ਤੀਰਥ ਯਾਤਰਾ ਕਰੇ, ਤੀਰਥਾਂ 'ਤੇ ਜ਼ਿਆਦਾ ਦੇਰ ਨਾ ਠਹਿਰੇ, ਪੁੰਨ ਦਾਨ ਦੀ ਵਿਰਤੀ ਰਖੇ, ਜੋ ਵਸਤੂ ਆਵੇ ਪ੍ਰਭੂ ਲੇਖੇ ਲਾ ਦੇਵੇ, ਲੋੜ ਤੋਂ ਵੱਧ ਗ੍ਰਹਿਣ ਨਾ ਕਰੇ ਤਾਂ ਹੋਰ ਵੀ ਚੰਗੀ ਗੱਲ ਹੈ। ਰਾਤ ਨੂੰ ਪਾਸ ਕੋਈ ਵਸਤੂ ਨਾ ਰਖੇ। ਜਿਸ ਮਾਲਕ ਨੇ ਅੱਜ ਦਿਤਾ ਹੈ ਕਲ੍ਹ ਭੀ ਦੇਵੇਗਾ। ਖਾਸ ਪਦਾਰਥ ਹੋਵੇ ਕਈ ਵਾਰ ਲਾਲਚ ਵਿਚ ਆ ਕੇ ਜ਼ਿਆਦਾ ਛੱਕ ਜਾਂਦਾ ਹੈ। ਪਾਸ ਪੈਸਾ ਵੀ ਜ਼ਰੂਰਤ ਤੋਂ ਵੱਧ ਨਾ ਰਖੇ, ਇਹ ਵੀ ਉਪੱਦਰਾਂ ਦਾ ਕਾਰਨ ਹੈ। ਲੋੜ ਤੋਂ ਵੱਧ ਕੋਈ ਵੀ ਵਸਤੂ ਉਪਯੋਗ ਨਹੀਂ। ਸਿੱਖੀ ਸੇਵਕੀ ਬਨਾਉਣੀ, ਗੁਰਮੰਤਰ ਦੇਣੇ, ਸਾਧਕ ਦੇ ਰਾਹ ਵਿਚ ਰੁਕਾਵਟਾਂ ਹਨ। ਸਿੱਖੀ ਸੇਵਕੀ ਦਾ ਮੋਹ ਵਿਰਤੀ ਨੂੰ ਉਪਰ ਨਹੀਂ ਉਠਣ ਦੇਤਾ। ਦੂਜਾ ਕਿਸੇ ਸਿੱਖ ਸੇਵਕ ਨੇ ਬਚਨ ਨਾ ਮੰਨਿਆ ਫਿਰ ਕ੍ਰੋਧ ਆਤਾ ਹੈ। ਇਹ ਵੀ ਰੁਕਾਵਟ ਹੈ। ਗੁਰਮੰਤਰ ਦੇਣਾ ਵੀ ਰੁਕਾਵਟ ਹੈ, ਉਹ ਇਵੇਂ ਜਿਵੇਂ ਟਿਊਬਵੈਲ ਚਲਾ ਕੇ ਪਾਣੀ ਦੇਈਏ, ਰਸਤੇ ਵਿਚ ਆੜ ਕਹੀ ਜਗ੍ਹਾ ਵੱਢ ਦੇਈਏ, ਪਾਣੀ ਕਈ ਖੇਤਾਂ ਵਿਚ ਵੰਡਿਆ ਜਾਵੇਗਾ। ਕੋਈ ਵੀ ਖੇਤ ਅਥਵਾ ਕਿਨਾਰਾ ਭਰੇਗਾ ਨਹੀਂ, ਇਸ ਲਈ ਜਦੋਂ ਤੀਕ ਜਗਿਆਸੂ ਆਪ ਗਿਆਨ ਦੁਆਰਾ ਭਰਪੂਰ ਨਾ ਹੋਵੇ ਉਤਨੀ ਦੇਰ ਉਪਦੇਸ਼ ਦੇਣ ਦਾ ਖਿਆਲ ਨਾ ਕਰੇ, ਨਹੀਂ ਤਾਂ ਲੋਕਾਂ ਨੂੰ ਗਿਆਨ ਦੇਂਦਾ ਦੇਂਦਾ ਆਪ ਅਗਿਆਨੀ ਰਹਿ ਜਾਵੇਗਾ। ਜਦ ਤੀਕ ਸਾਧਕ ਦਾ ਆਪਣਾ ਮਨ ਗਿਆਨ ਵਿਚ ਸੰਪੰਨ ਨਹੀਂ ਇਸ ਨੂੰ ਗੁਰਮੰਤ੍ਰ ਦੇਣ ਦਾ ਅਧਿਕਾਰ ਵੀ ਨਹੀਂ ਔਰ ਉਸਦਾ ਉਪਦੇਸ਼ ਦੂਸਰੇ ਲਈ ਕਲਿਆਣਕਾਰੀ ਵੀ ਨਹੀਂ ਹੈ ਅਤੇ ਆਪਣੇ ਰਾਹ ਵਿਚ ਵੀ ਰੁਕਾਵਟ ਹੈ। ਕਈ ਜਗਿਆਸੂਆਂ ਨੂੰ ਆਦਤ ਹੁੰਦੀ ਹੈ ਕਿ ਸਿੱਖੀ ਸੇਵਕੀ ਬਣਾ ਕੇ ਮਾਯਾ ਮਾਨ ਪ੍ਰਾਪਤ ਕੀਤਾ ਜਾਵੇ, ਇਹ ਚਾਰ ਕੁ ਦਿਨ ਦਾ ਠਾਠਾ ਬਾਗਾ ਹੈ ਪਰ ਮਨ ਨੂੰ ਕੋਈ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਇਸ ਲਈ ਬੀਮਾਰ ਵਤ ਪੂਰਾ ਪੂਰਾ ਪ੍ਰਹੇਜ਼ ਕਰੇ, ਫਿਰ ਕਾਮ ਆਦਿਕ ਸ਼ਤਰੂਆਂ ਨੂੰ ਕਾਬੂ ਕਰ ਸਕਦਾ ਹੈ। ਸ਼ਰਾਬ, ਮਾਸ, ਅਫੀਮ, ਭੰਗ, ਡੋਡੇ, ਤੰਬਾਕੂ, ਜ਼ਰਦਾ, ਬੀੜਾ, ਖੈਣੀ ਨਸ਼ੀਲੀਆਂ ਗੋਲੀਆਂ, ਟੀਕੇ ਅਥਵਾ ਬਿਨਾਂ ਮਤਲਬ ਤੋਂ ਕੁਸ਼ਤੇ ਖਾਣੇ, ਦਵਾਈਆਂ ਖਾਣੀਆਂ ਬ੍ਰਹਮਚਰਜ ਦੀਆਂ ਵੈਰੀ ਹਨ। ਕੱਚਾ ਪਿਆਜ਼, ਲਸਣ, ਧੋਤੀ ਮਸਰਾਂ ਦੀ ਦਾਲ, ਬਤਾਊਂ, ਖਟਾਈ, ਜ਼ਿਆਦਾ ਮਿੱਠਾ, ਜ਼ਿਆਦਾ ਭਾਰੀਆਂ ਚੀਜ਼ਾਂ, ਤੇਲ ਦੀਆਂ ਤਲੀਆਂ ਵਸਤੂਆਂ, ਹੋਟਲਾਂ ਆਦਿਕਾਂ ਦੇ ਬਣੇ ਪਦਾਰਥ ਕਿਸੇ ਨੀਚ (ਅਸ਼ੁੱਧ) ਕਿਰਤ ਦਾ ਭੋਜਨ, (ਮਹਾਂਵਾਰੀ) ਕਾਲ ਮੇਂ ਇਸਤ੍ਰੀ ਹੱਥ ਦਾ ਭੋਜਨ ਵਿਕਾਰਾਂ ਨੂੰ ਉਤਪੰਨ ਕਰਤਾ

ਹੈ। ਗੰਦੀਆਂ ਤਸਵੀਰਾਂ ਦੇਖਣਾ, ਪ੍ਰਤੱਖ ਇਸਤਰੀਆਂ ਦੇ ਰੂਪ ਦੇਖਣ ਦੀ ਇੱਛਾ ਕਰਨੀ ਬਿਬਰਜਤ ਹੈ, ਪਾਪ ਮਈ ਦ੍ਰਿਸ਼ਟੀ ਨਾਲ ਦੇਖਣਾ ਵੀ ਭੈੜਾ ਹੈ। ਬ੍ਰਹਮ ਮਈ ਦ੍ਰਿਸ਼ਟੀ ਵਿਚ ਸਾਰਾ ਸੰਸਾਰ ਗੋਬਿੰਦ-ਮਈ ਦੇਖੋ। ਫਿਰ ਮਾਤਾ ਬਾਲਕ ਸਮਾਨ ਸ਼ੁਧ ਦ੍ਰਿਸ਼ਟੀ ਹੈ। ਬ੍ਰਹਮ ਰੂਪ ਦੇਖਣ ਨਾਲ ਮਨ ਵਿਚ ਕਦੇ ਵੀ ਗੰਦੀ ਵਾਸ਼ਨਾ ਉਤਪੰਨ ਨਹੀਂ ਹੋ ਸਕਦੀ। ਮਾਤਾ, ਭੈਣ, ਧੀ ਤੇ ਕਦੇ ਮਲੀਨ ਦ੍ਰਿਸ਼ਟੀ ਨਹੀਂ ਬਣਤੀ ਕਿਉਂਕਿ ਆਪਣੀਆਂ ਹਨ। ਜੇ ਸਾਰੀਆਂ ਇਸਤ੍ਰੀਆਂ ਨੂੰ ਆਪਣਾ ਆਤਮਾ ਸਰੂਪ ਸਮਝ ਲਿਆ ਜਾਵੇ ਫਿਰ ਦੋਖ ਦ੍ਰਿਸ਼ਟੀ ਕਿਤੇ ਨਹੀਂ ਰਹਿ ਸਕਦੀ। ਗ੍ਰਿਹਸਤੀ ਨੂੰ ਵਿਆਹੀ ਹੋਈ ਇਸਤ੍ਰੀ ਤੋਂ ਬਿਨਾਂ ਸਭ ਪਰ ਬ੍ਰਹਮ ਦ੍ਰਿਸ਼ਟੀ ਕਰਨੀ ਹੋਵੇਗੀ। ਕਾਮ ਚਿਤ ਦੀ ਵਿਰਤੀ ਦਾ ਨਾਸ਼ ਕਰਨ ਵਾਲਾ ਹੈ। ਇਸ ਦਾ ਰੰਗ ਕੁਸੁੰਭੇ ਦੇ ਰੰਗ ਵਤ ਭੜਕਾਊ ਹੋਤਾ ਹੈ। ਜੀਵ ਦਾ ਚਿਤ ਮੋਹਤ ਹੋ ਜਾਂਦਾ ਹੈ। ਕਾਮੀ ਪੁਰਸ਼ ਆਪਣੇ ਮਨ ਦਾ ਸਵਾਮੀ ਨਹੀਂ ਰਹਿੰਦਾ। ਉਸਦਾ ਮਨ ਵਿਸ਼ੈ ਸੰਕਲਪਾਂ ਦੇ ਹੇਠ ਘੋੜਾ ਬਣ ਜਾਤਾ ਹੈ। ਇਸ ਨੇ ਆਪਣਾ ਬਲ ਤਿੰਨਾਂ ਲੋਕਾਂ ਵਿਚ ਪਾਯਾ ਹੋਇਆ ਹੈ। ਜਪ ਤਪ ਸ਼ੀਲ ਧਰਮ ਦਾ ਨਾਸ਼ ਕਰਨਹਾਰਾ ਹੈ। ਖਿਨ ਮਾਤ੍ਰ ਦਾ ਜਜ਼ਬਾ ਹੈ ਸਥਾਈ ਰੂਪ ਨਹੀਂ ਰਹਿੰਦਾ। ਸਰੀਰ ਰਹਿਤ ਹੈ ਅਨੰਗ ਨਾਮ ਕਾਮ ਦਾ ਇਸੇ ਕਰਕੇ ਹੀ ਹੈ। ਚਿਤ ਵਿਚ ਜੋਸ਼ ਪੈਦਾ ਕਰ ਦੇਤਾ ਹੈ, ਆਪਣੀ ਦੇਹ ਨਹੀਂ ਹੋਤੀ, ਦਸ ਹਜ਼ਾਰ ਹਾਥੀ ਦਾ ਇਸ ਵਿਚ ਬੱਲ ਹੈ, ਊਚ ਨੀਚ ਸਭ ਨੂੰ ਇਕ ਰਸ ਬਿਆਪ ਰਿਹਾ ਹੈ।

'ਕਾਮ ਨਾ ਪੂਛੇ ਜਾਤਿ'।

ਕਾਮ ਅਧੀਨ ਹੋਇਆ ਪੁਰਸ਼ ਜਾਤ ਭੇਦ ਦਾ ਊਚ ਨੀਚਤਾ ਭੀ ਨਹੀਂ ਦੇਖਤਾ। ਐਸੇ ਬੁਰਿਆਂ ਸੰਸਕਾਰਾਂ ਤੋਂ ਬਚਣਾ ਅਤੀ ਜ਼ਰੂਰੀ ਹੈ। ਸਤਿਗੁਰਾਂ ਨੇ ਇਸ ਦੀ ਰੋਕਥਾਮ ਲਈ ਸਾਧੂਆਂ ਦੀ ਸੰਗਤ ਦੱਸੀ ਹੈ। ਜਿਨ੍ਹਾਂ ਦਾ ਪ੍ਰਮੇਸ਼ਰ ਉਪਰ ਭਰੋਸਾ ਹੈ ਉਨ੍ਹਾਂ ਨੂੰ ਸਾਧੂ ਨਹੀਂ ਕਿਹਾ ਹੈ। ਜੋ ਭਗਵੇਂ ਪਾ ਕੇ ਭੇਖ ਧਾਰਨ ਕਰਕੇ ਇਸਤਰੀਆਂ ਨੂੰ ਵੱਸ ਕਰਨ ਲਈ ਕਥਾ ਕੀਰਤਨ ਵਖਿਆਨ ਕਰਕੇ ਪਾਖੰਡ ਖਿਲਾਰ ਬੈਠਦੇ ਹਨ। ਇਹ ਉਨ੍ਹਾਂ ਮਹਾਤਮਾਂ ਨੂੰ ਕਿਹਾ ਹੈ। ਜੋ ਦਿਲ ਦੇ ਸਾਧ ਹਨ, ਜਿਨ੍ਹਾਂ ਨੂੰ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਦਾ ਆਸਰਾ ਨਹੀਂ, ਜੋ ਸੰਸਾਰਕ ਵਾਸ਼ਨਾ ਤੋਂ ਆਪ ਬਚੇ ਹਨ ਅਤੇ ਸਤਸੰਗੀਆਂ ਨੂੰ ਬਚਣ ਦਾ ਉਪਦੇਸ਼ ਦੇਂਦੇ ਹਨ। ਆਮ ਪਾਠਕਾਂ ਦੀ ਗਿਆਤ ਲਈ ਕਾਫੀ ਕੁਝ ਲਿਖਿਆ ਹੈ ਸਮਝਣ ਦੀ ਲੋੜ ਹੈ। ਇਹ ਮਜ਼ਮੂਨ ਨਿਰਾ ਪੁਰਸ਼ਾਂ ਲਈ ਨਹੀਂ, ਜਿਤਨਾ ਪੁਰਸ਼ ਲਈ ਜ਼ਰੂਰੀ ਹੈ ਉਤਨਾ ਇਸਤ੍ਰੀਆਂ ਲਈ ਵੀ ਲਾਭਦਾਇਕ ਹੈ। ਜਿਥੇ ਪੁਰਸ਼ ਨੂੰ ਇਸਤ੍ਰੀ ਦੀ ਸੰਗਤ ਹਾਨੀਕਾਰਕ ਹੈ ਉਥੇ ਇਸਤ੍ਰੀ ਲਈ ਪੁਰਸ਼ ਦੀ ਸੰਗਤ ਹਾਨੀਕਾਰਕ ਹੈ ਭਾਵ ਨੁਕਸਾਨ ਦੇਹ ਹੈ। ਪੁਰਾਤਨ ਗ੍ਰੰਥਾਂ ਵਿਚ ਕਾਮ ਸ਼ਬਦ ਦੀ ਬੜੀ ਅਲੋਚਨਾ ਕੀਤੀ ਹੈ, ਕਾਮ ਨੂੰ ਸ਼ੈਤਾਨ ਕਿਹਾ। ਕੀ ਆਪਾਂ ਸਾਰੇ ਸ਼ੈਤਾਨ ਦੇ ਪੁੱਤਰ ਹਾਂ? ਕੋਈ ਮੰਨਣ ਲਈ ਤਿਆਰ ਨਹੀਂ। ਕਾਮ ਸਾਰੇ ਜਗਤ ਦਾ ਬਾਪ ਹੈ। ਜੇ ਗ੍ਰਿਹਸਤੀ ਇਸ ਨੂੰ ਪੁੱਤਰ ਭਾਵਨਾ ਲਈ ਰਿਤੂਕਾਲ ਤੋਂ ਬਾਅਦ ਉਪਯੋਗ

ਵਿਚ ਲਿਆਵੇ ਤਦ ਤੀਕ ਜਦ ਤੱਕ ਬੱਚੇ ਦੀ ਆਸ ਨਾ ਹੋਵੇ। ਇਕ ਮਾਸ ਤੋਂ ਪਹਿਲਾਂ ਇਸਤ੍ਰੀ ਦਾ ਸੰਗ ਕਰਨਾ ਵਿਵਰਜਤ ਹੈ, ਉਹ ਵੀ ਮਹਾਂਵਾਰੀ ਤੋਂ ਤੀਨ ਦਿਨ ਬਾਅਦ ਮਹੀਨੇ ਪਿਛੋਂ ਸਿਰਫ ਏਕ ਬਾਰ। ਜਦੋਂ ਗਰਭ ਹੋ ਜਾਵੇ ਉਸ ਤੋਂ ਬਾਅਦ ਸੰਗ ਕਰਨਾ ਬਹੁਤ ਜ਼ੁਲਮ ਹੈ। ਫਿਰ ਉਹ ਕਾਮ ਵਾਕਿਆ ਹੀ ਸ਼ੈਤਾਨ ਹੈ, ਗਰਭ ਵਿਚ ਪੁੱਤਰ ਪੁੱਤਰੀ ਦੇ ਹੋਣ ਤੋਂ ਜਿਹੜਾ ਪਿਤਾ ਇਸਤਰੀ ਦੀ ਸੰਗਤ ਕਰਦਾ ਹੈ ਦਰਗਾਹ ਵਿਚ ਦੇਣਦਾਰ ਹੈ। ਆਪਣੀ ਜਿਸਮਾਨੀ ਅਤੇ ਮਾਨਸਿਕ ਸ਼ਕਤੀ ਦਾ ਦੋਨੋਂ ਰੂਹਾਂ ਕਾਮ ਰੂਪੀ ਕੁਹਾੜਾ ਲੈ ਕੇ ਨਾਸ਼ ਕਰ ਰਹੀਆਂ ਹਨ। ਇਹ ਗ੍ਰਹਿਸਤੀ ਵਾਸਤੇ ਕੁਝ ਦੱਸਣਾ ਜ਼ਰੂਰੀ ਸੀ, ਬਾਕੀ ਬ੍ਰਹਮਚਾਰੀ ਨੂੰ ਤਾਂ ਅੱਠ ਪ੍ਰਕਾਰ ਦੇ ਕਾਮ ਉੱਪਰ ਕਾਬੂ ਪਾਉਣ ਦਾ ਆਦੇਸ਼ ਹੈ। ਇਸ ਦੁਨੀਆਂ ਦੀਆਂ ਕੀ ਪ੍ਰਲੋਕ ਸਵਰਗ ਦੀਆਂ ਅਪੱਸਰਾਂ 'ਤੇ ਵੀ ਆਪਣਾ ਮਨ ਨਹੀਂ ਡੁਲਾਣਾ ਚਾਹੀਦਾ। ਮੰਜ਼ਿਲ ਤਹਿ ਹੀ ਤਾਂ ਹੋ ਸਕਦੀ ਹੈ ਜੇ ਕਾਮ ਦੇ ਘੋੜੇ ਨਹੀਂ ਬਨਣਾ, ਉਸਨੂੰ ਆਪਣਾ ਘੋੜਾ ਬਨਾਣਾ ਹੈ। ਗ੍ਰਹਿਸਤੀ ਵੀ ਜੋ ਉੱਪਰ ਦੱਸੇ ਨਿਯਮ ਅਨੁਸਾਰ ਵਰਤਦਾ ਹੈ ਉਹ ਵੀ ਏਕਾ ਨਾਰੀ ਜਤੀ ਹੈ। ਬਾਕੀ ਗ੍ਰਹਿਸਤ ਆਸ਼੍ਰਮ ਸਾਰੇ ਆਸ਼ਰਮਾਂ ਕੀ ਮਾਂ ਹੈ, ਉਤਪਤੀ ਸਾਰਿਆਂ ਦੀ ਇਸੇ ਤੋਂ ਹੈ, ਸੱਚਾ ਬ੍ਰਹਮਚਰਜ, ਸੱਚਾ ਗ੍ਰਹਿਸਤ, ਸੱਚਾ ਬਾਨਪ੍ਰਸਤ, ਸੱਚਾ ਸੰਨਿਆਸ ਪ੍ਰਵਾਨ, ਇਸ ਕਾਮ ਨੂੰ ਕਾਬੂ ਕਰਕੇ ਹੀ ਸਨ। ਘਰ ਨੂੰ ਅੱਗ ਲਾ ਕੇ ਸੁੱਖ ਨਾਲ ਵੱਸਣ ਦੀ ਆਸ ਨਹੀਂ ਕੀਤੀ ਜਾ ਸਕਦੀ। ਸਰੀਰ ਰੂਪੀ ਘਰ ਨੂੰ ਪੰਚ ਅਗਨ ਤਿਤ ਲਾਗ ਰਹੀ, ਵਿਕਾਰਾਂ ਰੂਪੀ ਅੱਗ ਲਾ ਕੇ ਸ਼ਾਂਤੀ ਦੀ ਭਾਲ ਕਰੇ ਮੂਰਖਤਾ ਹੈ। ਇਸ ਨੂੰ ਮੈਥੁਨ ਭੀ ਕਹਾ ਹੈ, ਕਿਉਂਕਿ ਸਰੀਰ ਦਾ ਮੈਥੁਨ ਕਰਕੇ ਉਤਪੰਨ ਹੋਤਾ ਹੈ। ਜਿਵੇਂ ਜਿਵੇਂ ਮਧਾਣੀ ਨਾਲ ਮੱਖਣ ਉਤਪੰਨ ਕਰਨ ਤੋਂ ਬਾਅਦ ਲੱਸੀ ਫੋਗ ਹੀ ਰਹਿ ਜਾਤੀ ਹੈ, ਇਸ ਪ੍ਰਕਾਰ ਕਾਮ ਰੂਪੀ ਮਧਾਣੀ ਸਰੀਰ ਰੂਪੀ ਮੱਟੀ ਵਿਚ ਪੈ ਕੇ ਬੀਰਜ ਰੂਪੀ ਮੱਖਣ ਕੱਢ ਦੇਵੇ ਹੈ। ਸਰੀਰ ਨਿਸਤੇਜ ਚਮਕ ਦਮਕ ਤੋਂ ਰਹਿਤ ਸਾਰਹੀਨ ਰਹਿ ਜਾਤਾ ਹੈ, ਜੀਵ ਦੇ ਪੱਲੇ ਵਿਸ਼ਿਆਂ ਰੂਪੀ ਲੱਸੀ ਹੀ ਰਹਿ ਜਾਤੀ ਹੈ। ਇਸਤਰੀ ਦੇਖਣ ਤੋਂ ਮਨ ਨੂੰ ਹਰ ਲੇਵੇ ਹੈ, ਸਪਰਸ਼ ਤੋਂ ਬਲ ਨੂੰ ਹਰੇ ਹੈ, ਸੰਭੋਗ ਤੋਂ ਬੀਰਜ ਹਰ ਲੇਵੇ ਹੈ, ਬਾਦ ਵਿਚ ਬੰਦਾ ਪਸਚਾਤਾਪ ਕਰੇ ਹੈ।

ਕਾਮੀ ਕੀੜਾ ਨਰਕ ਕਾ ਪੜਿਆ ਨਰਕੇ ਮਾਇ॥
ਏਕ ਨਿਮਖ ਸੁਖ ਕਾਰਨੇ ਫਿਰ ਫਿਰ ਜੂਨੀ ਪਾਹਿ॥

ਚਾਲੀ ਦਿਨ ਖੁਰਾਕ ਖਾਣ ਤੋਂ ਡੇਢ ਤੋਲਾ ਬੀਰਜ ਬਣਤਾ ਹੈ, ਜਿਸ ਨੂੰ ਇਕ ਛਿਨ ਵਿਚ ਰੋੜ੍ਹ ਦੇਵੇ ਹੈ। ਤਾਂਤੇ ਮਨ ਤਨ ਬਾਣੀ ਦੀ ਪਵਿੱਤ੍ਰਤਾ ਲਈ ਸਿਮਰਨ ਕਰੋ, ਸਤਿਸੰਗ ਕਰੋ। ਪਸ਼ੂਆਂ ਵਿਚ ਕਾਮ ਚੇਸ਼ਟਾ ਪੁੱਤਰ ਪੁੱਤਰੀ ਭਾਵਨਾ ਵਾਲੀ ਹੈ। ਸਾਲ ਵਿਚ ਇਕ ਵਾਰ ਹਿਰਸ ਹੋਤੀ ਹੈ, ਬਾਕੀ ਸਾਰਾ ਸਾਲ ਸ਼ਾਂਤੀ ਨਾਲ ਗੁਜ਼ਾਰਤੇ ਹਨ। ਬੰਦਾ ਇਸ ਵਕਤ ਕਾਮ ਰੂਪੀ ਅੱਗ ਵਿਚ ਸੜ ਰਿਹਾ ਹੈ, ਵਿਸ਼ੈ ਵਾਸ਼ਨਾ ਦੀ ਨਦੀ ਵਿਚ ਰੁੜ੍ਹ ਰਿਹਾ ਹੈ, ਇਸ ਨੂੰ ਹਰ ਵਕਤ ਅੱਗ ਲੱਗੀ ਹੋਈ ਹੈ, ਆਪਣੇ ਪਰਾਏ ਦੀ ਪਹਿਚਾਣ ਨਹੀਂ ਕਰਤਾ, ਬੇਸ਼ਰਮਤਾ

ਧਾਰੀ ਹੋਈ ਹੈ। ਪਸ਼ੂ ਜੜ੍ਹ ਬੁੱਧੀ ਦੇ ਹੇਠ ਹਨ, ਉਨ੍ਹਾਂ ਤੋਂ ਸਿਖਿਆ ਲੈ ਕੇ ਸੰਤੋਖ ਤੇ ਸਬਰ ਦਾ ਸਬਕ ਪੜ੍ਹ ਲੈ ਫਿਰ ਤੇਰੀ ਕਲਿਆਣ ਹੋ ਜਾਵੇ।

ਚਾਰ ਪੁਕਾਰਹਿ ਤੂੰ ਮਾਨਹਿ ਖਟ ਭੀ ਏਕਾ ਬਾਤ ਬਖਾਨਹਿ॥
ਦਸ ਅਸ਼ਟੀ ਮਿਲ ਏਕੋ ਕਹਿਆ ਤਾ ਕਾ ਜੋਗੀ ਭੇਦ ਨ ਲਹਿਆ।

ਚਾਰ ਬੇਦ, ਛੇ ਸ਼ਾਸਤਰ, ੨੭ ਸਿਮ੍ਰਤੀਆਂ, ੧੮ ਪੁਰਾਣਾਂ ਨੇ ਤੈਨੂੰ ਏਕ ਪ੍ਰਮੇਸ਼ਰ ਸਮਝਣ ਦੀ, ਸਭ ਵਿਚ ਬ੍ਰਹਮ ਜੋਤੀ ਦੇਖਣ ਦੀ ਸਿਖਿਆ ਦਿਤੀ ਹੈ ਪਰ ਤੂੰ ਫਿਰ ਵੀ ਅਮੋੜ ਹੋ ਕੇ ਵਰਤ ਰਿਹਾ ਹੈਂ।

ਅਬ ਨ ਭਜਸਿ ਭਜਸਿ ਕਬ ਭਾਈ॥ ਆਵੈ ਅੰਤੁ ਨ ਭਜਿਆ ਜਾਈ॥

(ਅੰਗ ੧੧੫੯)

ਇਸ ਲਈ ਤੈਨੂੰ ਦੁਰਲੱਭ ਦੇਹ ਪ੍ਰਾਪਤ ਹੋਈ ਹੈ, ਇਸ ਨੂੰ ਪਾ ਕੇ ਵਿਸ਼ੈ ਵਾਸ਼ਨਾ ਮਗਰ ਲਗ ਕੇ ਬਿਅਰਥ ਨਾ ਗਵਾ। ਹੁਣ ਦੇ ਖੁੰਝੇ ਹੋਏ ਨੂੰ ਫੇਰ ਪਤਾ ਨਹੀਂ ਕਦੋਂ ਸਮਾਂ ਮਿਲੇਗਾ। ਜਿਵੇਂ ਨਹੁਖ ਰਾਜੇ ਨੇ ਬੜੇ ਜੱਗ ਕੀਤੇ ਸਵਰਗ ਵਿਚ ਚਲਾ ਗਿਆ। ਸਵਰਗ ਦੀ ਸਮਗ੍ਰੀ ਦਾ ਮਾਲਕ ਬਨਣ ਤੋਂ ਪਹਿਲਾਂ ਇੰਦਰ ਡਰਦਾ ਭੱਜ ਗਿਆ। ਇਸ ਨੇ ਉਸਦੀ ਇਸਤਰੀ ਸੱਚੀ ਨੂੰ ਕਾਬੂ ਕਰਨਾ ਚਾਹਿਆ। ਸੱਚੀ ਨੇ ਸੱਤ ਧਰਮ ਦੀ ਰੱਖਿਆ ਲਈ ਗੁਰੂ ਬ੍ਰਿਹਸਪਤੀ ਪਾਸ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਮੈਂ ਆਪ ਦੇ ਆਵਣ ਲਈ ਤਿਆਰ ਹਾਂ। ਰਿਵਾਜ ਦੇ ਅਨੁਸਾਰ ਆਪ ਚਾਰ ਬ੍ਰਹਮਾ ਜੀ ਦੇ ਲੜਕਿਆਂ ਦੇ ਮੋਢਿਆਂ ਤੇ ਪਾਲਕੀ ਚੁਕਵਾ ਕੇ ਆਵੋ। ਕਾਮ ਅੰਧੇ ਨੇ ਇਵੇਂ ਕੀਤਾ। ਇਨ੍ਹਾਂ ਰਿਸ਼ੀਆਂ ਨੇ ਕਦੇ ਪਾਲਕੀ ਨਹੀਂ ਸੀ ਚੁੱਕੀ ਹੋਏ ਲਗਦੇ ਸਨ। ਤਾੜਨਾ ਕੀਤੀ ਸ੍ਰਪ ਸਰਪ ਭਾਵ ਛੇਤੀ ਕਰੋ, ਛੇਤੀ ਕਰੋ। ਇਨ੍ਹਾਂ ਸਮਝਿਆ ਸਾਨੂੰ ਸਰਪ ਸਰਪ ਕਿਹਾ ਹੈ। ਉਨ੍ਹਾਂ ਸਰਾਪ ਦਿਤਾ ਤੂੰ ਸਰਪ ਹੋ। ਕਹਿੰਦੇ ਇਤਨੀ ਪੁੰਨੀ ਨਹੁਖ ਰਾਜਾ ਕਾਮ ਵਸ ਹੋਇਆ ਰਿਸ਼ੀਆਂ ਦੇ ਸਰਾਪ ਤੋਂ ਸਰਪ ਬਣ ਕੇ ਤਾਂਬੇ ਦੀ ਧਰਤੀ ਵਿਚ ਸੜਦਾ ਹੋਇਆ ਦੁੱਖ ਭੋਗ ਰਿਹਾ ਹੈ। ਜਿਤਨੇ ਪੁੰਨ ਦਾਨ ਜੱਗ ਜਪ ਕੀਤੇ ਸਨ ਇਸ ਕਾਮ ਨੇ ਨਸ਼ਟ ਕਰਵਾ ਦਿਤੇ। ਸਾਧੂਆਂ ਦੀ ਬੇਅਦਬੀ ਸੱਚੀ ਤੇ ਸੱਤ ਭੰਗ ਕਰਨ ਦੀ ਦਲੀਲ ਸਵਰਗਾਂ ਤੋਂ ਗਿਰਣਾ, ਨਰਕਾਂ ਦਾ ਦੁੱਖ ਭੋਗਣਾ, ਸਦਾ ਲਈ ਨਿੰਦਾ ਹੋਣੀ, ਇਸ ਚੰਡਾਲ ਕਾਮ ਦਾ ਕਾਰਾ ਹੈ। ਇਸ ਲਈ ਇਸ ਤੋਂ ਸਾਵਧਾਨ ਰਹਿਣਾ, ਆਪਣੇ ਨੂੰ ਸਵੱਛ ਕਰਨਾ ਹਰ ਵਿਅਕਤੀ ਲਈ ਲੋੜੀਂਦਾ ਹੈ। ਇਕ ਵੇਰੀ ਦਾਗ਼ ਲਗ ਜਾਵੇ, ਬਾਅਦ ਵਿਚ ਭਾਵੇਂ ਉੱਤਮ ਪੁਰਸ਼ ਵੀ ਬਣ ਜਾਵੇ ਤੋਹਮਤ ਨਹੀਂ ਮਿਟਦੀ। ਜਿਵੇਂ ਫੋੜਾ ਮਲ੍ਹਮ ਪੱਟੀ ਤੋਂ ਹੱਟ ਜਾਵੇ ਹੈ ਪਰ ਦਾਗ਼ ਨਹੀਂ ਮਿਟਦਾ। ਇਸ ਲਈ ਮੇਰੇ ਭਰਾਵੋ, ਮੇਰੀਆਂ ਭੈਣੋ, ਇਸ ਮਹਾਨ ਸ਼ਤਰੂ ਤੋਂ ਬਚਣ ਲਈ, ਕੁਸੰਗਤ ਦਾ ਤਿਆਗ ਕਰਕੇ, ਕਲਿਜੁਗ ਦੇ ਭਿਆਨਕ ਸਮੇਂ ਵਿਚ ਗੁਰੂ ਔਰ ਗੁਰਬਾਣੀ ਦੀ ਓਟ ਲੈ ਕੇ, ਆਪਣਾ ਜੀਵਨ ਭਵਿਸ਼ ਉਜਲਾ ਬਣਾਵੋ। ਜੀਵ ਪੰਜਾਂ ਦੂਤਾਂ ਦੇ ਵਸ ਹੋਇਆ ਹੋਇਆ ਨੀਚ ਕਰਮ ਕਰਦਾ ਹੈ। ਸਤਿਗੁਰੂ ਜੀ ਦੀ

ਬਾਣੀ ਦੁਆਰਾ-

ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ॥
ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ॥
ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ॥
ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ॥੨॥

(ਪੰਨਾ ੯੩)

ਕੁਮਾਰ ਅਵਸਥਾ ਮੇਂ ਸ਼ਰੀਰ ਕਮਜ਼ੋਰ ਦੇਖ ਕਰ ਸੁੰਧਰ ਆਦਿ ਰਸ ਖਾਨੇ ਕੇ ਬਹਾਨੇ ਪਵਿੱਤਰ ਘ੍ਰਿਤਾਦਿ ਔਰ ਅਪਵਿੱਤ੍ਰ ਮਾਂਸ ਆਦਿ ਪਦਾਰਥ ਖਾਏ ਤੋ ਕਾਮ ਕ੍ਰੋਧ ਆਦਿ ਪੰਜੋਂ ਕਾ ਸਮੁਦਾਇ ਪੈਦਾ ਹੋ ਜਾਤਾ ਹੈ। ਉਨਕੇ ਪ੍ਰਭਾਵ ਸੇ ਸਭ ਜਪ ਤਪ ਸੰਜਮ ਛੋਡ ਦੀਏ ਔਰ ਕਾਲਖ ਲੱਗ ਗਈ। ਪ੍ਰਮੇਸ਼ਰ ਕਾ ਨਾਮ ਨਾ ਅਰਾਧਿਆ ਔਰ ਕਾਮ ਕਾ ਬੇਗ ਜ਼ਿਆਦਾ ਹੋ ਗਿਆ। ਮਤਿ ਕੋ ਪਾਪ ਕਰਮਾਂ ਦੀ ਮੈਲ ਲੱਗ ਗਈ ਤੋ ਮਾਤਾ ਪਿਤਾ ਨੇ ਇਸਤਰੀ ਲਿਆ ਕੇ ਗਲ ਨਾਲ ਬਾਂਧ ਦੀ ਔਰ ਇਸਤ੍ਰੀ ਕੇ ਕਾਮ ਕਲੋਲੋਂ ਮੇਂ ਹੀ ਗੋਤੇ ਖਾਤਾ ਰਹਾ, ਨਿਕਲ ਨਹੀਂ ਸਕਿਆ, ਪ੍ਰਮੇਸ਼ਰ ਕਾ ਭਜਨ ਨਹੀਂ ਕੀਆ। ਇਸ ਵਾਸਤੇ ਦੂਸਰੀ ਅਵਸਥਾ ਕੁਮਾਰ ਅਵਸਥਾ ਭੀ ਭਜਨ ਵਾਸਤੇ ਨਹੀਂ, ਭਜਨ ਵਾਸਤੇ ਪਹਿਲੀ ਬਾਲ ਅਵਸਥਾ ਹੀ ਹੈ।

ਸ਼ੰਕਾ: ਅਗਰ ਕੁਮਾਰ ਅਵਸਥਾ ਭਜਨ ਵਾਸਤੇ ਨਹੀਂ ਯੁਵਾ ਅਵਸਥਾ ਮੇਂ ਭਜਨ ਕਰ ਲੇਂਗੇ।

(ਉੱਤਰ) ਤਰੁਣ ਨਾਮ ਜਵਾਨੀ ਕਾ ਹੈ, ਜਵਾਨੀ ਮੇਂ ਭੀ ਭਜਨ ਨਹੀਂ ਹੋਗਾ, ਕਿਉਂਕਿ ਜਵਾਨੀ ਮੇਂ ਕਾਮ ਕੇ ਪ੍ਰਭਾਵ ਸੇ ਪਰਾਇਸਤ੍ਰੀ ਆਦਿਕੋਂ ਕੋ ਦੇਖੇਗਾ ਔਰ ਇੰਦ੍ਰੀਓਂ ਸੇ ਭੋਗ ਭੋਗਨੇ ਕੀ ਇੱਛਾ ਕਰੇਗਾ। ਭੋਗੋਂ ਮੇਂ ਹੀ ਪਿਆਰ ਹੋਗਾ ਪ੍ਰਮੇਸ਼ਰ ਮੇਂ ਨਹੀਂ।

ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ॥
ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ॥
ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ॥
ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ॥੩॥

(ਸ੍ਰੀ ਰਾਗ ਭਗਤ ਬੇਣੀ ਜੀ, ਪੰਨਾ ੯੩)

-O-

ਚੌਪਈ ਤਰੁਣ ਅਵਸਥਾ ਮੇਂ ਬਹੁ ਲੋਭ॥ ਧਨ ਕੋ ਹੋਵੈ ਚਿਤ ਮੇਂ ਖੋਭ॥
ਅਬਿਲਾ ਰੂਪ ਵਿਖੇ ਮਨ ਲਾਗੇ॥ ਕੁਲ ਕੀ ਲੱਜਾ ਸਗਲ ਤਿਆਗੇ॥
ਤਰੁਣ ਅਵਸਥਾ ਮੇਂ ਬਹੁ ਕ੍ਰੋਧ॥ ਯਾਤੇ ਹੋਵੇ ਧਰਮ ਕੋ ਰੋਧ॥

ਆਪ ਜਲੇ ਔਰ ਕੋ ਮਾਰੇ॥ ਬ੍ਰਾਹਮਣ ਹੂੰ ਕੋ ਪ੍ਰਾਣ ਨਿਕਾਰੇ॥
ਕ੍ਰੋਧ ਭਰਿਓ ਬਹੁ ਪਾਪ ਕਮਾਵੈ॥ ਈਹਾ ਦੁਖ ਆਗੇ ਪੁਨਿ ਪਾਵੇ॥

ਕਈ ਜਵਾਨ ਬੜੇ ਰੂਪ ਵਾਲੇ ਅਪਣੀ ਜਵਾਨੀ ਕੋ ਐਸਾ ਨਸ਼ਟ ਕਰਤੇ ਹੈਂ ਜੈਸੇ ਪਤੰਗੇ ਦੀਵੇ ਪਰ ਆਪਣੇ ਆਪ ਕੋ। ਸਹਸਕ੍ਰਿਤੀ ਦਾ ਸਲੋਕ ਹੈ

ਸ਼ਲੋਕ ਯੋਸ਼ਿਤ ਹਿਰਣਯ ਆਭਰਣ ਅੰਬਰਾਦੀ: ਦ੍ਰਬੇਯਸ਼ੁ ਮਾਯਾ ਰਚਿਤੇਸ਼ੁ ਮੂਢਾ:॥
ਪ੍ਰਲੋਭਿਤ ਆਤਮਾ ਹੀ ਉਪਭੋਗ ਬੁਧੀ: ਪਤੰਗ ਵਤ ਨਸ਼ਯਤਿ ਨਸ਼੍ਰ ਦ੍ਰਿਸ਼ਟੀ॥ ੧॥
ਮਤੇਭ ਕੁੰਭ ਦਲਨੇ ਭੁਵਿ ਸੰਤਿ ਸ਼ੂਰਾ ਕੇਚਿਤ ਪ੍ਰਚੰਡ ਮ੍ਰਿਗਰਾਜ ਬਧੇਸੁ ਦਖਯ:॥ ੨॥
ਕਿੰਤੂ ਬ੍ਰਵੀਮਿ ਬਲੀਨਾਂ ਪੁਰਤ: ਪ੍ਰਸਹਯ॥ ਕੰਦਰਪ ਦਰਪ ਦਲਨੇ ਵਿਰਲੋ ਮਨੁਸ਼ਯ॥ ੩॥

ਅਰਥ :-ਇਸਤ੍ਰੀ ਸੁਵਰਣ ਭੂਸ਼ਣ ਕਪੜੇ ਆਦਿ ਮਾਯਾ ਰਚਤ ਦ੍ਰਬਯੋਂ ਮੇਂ ਮੂਢ ਪੁਰਸ਼ ਲੋਭ ਯੁਕਤ ਆਤਮਾ ਵਾਲੇ ਉਪਭੋਗੋਂ ਕੀ ਬੁੱਧੀ ਕਰਕੇ ਇਸ ਤਰ੍ਹਾਂ ਨਸ਼ਟ ਹੋਤੇ ਹੈਂ ਜੈਸੇ ਪਤੰਗੇ ਦੀਵੇ ਪਰ ਆਪਣੇ ਆਪ ਕੋ ਨਸ਼ਟ ਕਰ ਦੇਤੇ ਹੈਂ, ਜਿਨ੍ਹੋਂ ਕੀ ਗਿਆਨ ਕੀ ਦ੍ਰਿਸ਼ਟੀ ਨਸ਼ਟ ਹੋ ਗਈ ਹੈ॥੧॥ ਮਦ ਸੇ ਉਨਮਤ ਹਾਥੀ ਕੋ ਸਿਰ ਕੋ ਦਲਿਨ ਕਰਨੇ ਮੇਂ ਤੋ ਇਸ ਸੰਸਾਰ ਮੇਂ ਬਹੁਤ ਸੂਰਬੀਰ ਹੈਂ ਔਰ ਕਈ ਪੁਰਸ਼ ਪ੍ਰਚੰਡ ਸ਼ੇਰੋਂ ਕੋ ਮਾਰਨੇ ਮੇਂ ਚਤੁਰ ਹੈਂ॥੨॥ ਕਿੰਤੂ ਬਲੀ ਪੁਰਸ਼ੋਂ ਕੇ ਸਾਮਨੇ ਹਠ ਪੂਰਵਕ ਕਹਿਤਾ ਹੂੰ ਕਿ ਕਾਮ ਕ੍ਰੋਧ ਜੋ ਰਿਪੁ ਹੈ ਉਨ ਕੇ ਦਲਨ ਕਰਨੇ ਮੇਂ ਕੋਈ ਵਿਰਲਾ ਹੀ ਪੁਰਸ਼ ਹੈ॥੩॥ ਇਸ ਲਈ ਕਾਮ ਸ਼ਤਰੂ ਸਭ ਸੇ ਸਿਰਮੌਰ ਹੈ। ਦੇਵੀ ਦੇਵਤੇ ਮਨੁੱਖ ਦੈਂਤ ਪਸ਼ੂ ਪੰਛੀ ਸਭ ਪਰ ਇਸਦਾ ਹੁਕਮ ਚਲ ਰਿਹਾ ਹੈ। ਜਿਸ ਵਾਹਿਗੁਰੂ ਨੇ ਇਹ ਬਿਆਧੀ ਜੀਵ ਨੂੰ ਲਾਈ ਹੈ, ਉਸੇ ਵਾਹਿਗੁਰੂ ਅੱਗੇ ਅਰਦਾਸ ਕਰਕੇ ਹੀ ਇਸ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ।

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ॥

(ਸੁਖਮਨੀ ਸਾਹਿਬ)

ਨਹੀਂ ਤਾਂ ਜੀਵ ਘਰ ਔਰਤ ਹੁੰਦਿਆਂ ਵੀ ਪਰਾਈਆਂ ਵੱਲ ਬੁਰਾ ਤੱਕਦੇ ਹੈ। ਜਿਵੇਂ ਪਸ਼ੂ ਆਪਣੀ ਖੁਰਲੀ ਦੇ ਪੱਠੇ ਤਿਆਗ ਕੇ ਦੂਸਰੇ ਕੀ ਖੁਰਲੀ ਕੇ ਖਾਵੇ ਹੈ, ਇਸ ਲਈ ਕਾਮੀ ਪਸ਼ੂ ਵਤ ਹੈ।

੮.੧.੨. ਕਾਮ ਰੋਗ ਤੋਂ ਉਤਪੰਨ ਹੋਈ ਮਸਾਨਿਆਂ ਦੀ ਕਮਜ਼ੋਰੀ ਦੀ ਔਸ਼ਧੀ :

ਬਹੂਮੂਤਰ ਮੂਤ੍ਰਾਘਾਤ ਪਿਸ਼ਾਬ ਕੀ ਜਲਨ ਆਦਿ।

ਤਾਲਮਖਾਣਾ, ਤਵਾਸ਼ੀਰ, ਮੋਚਰਸ, ਮੂਸ਼ਲੀ ਸਫੇਦ, ਭਖੜਾ, ਸਕਾਕਲ ਮਿਸਰੀ, ਸਾਲਬ ਮਿਸਰੀ, ਕੌਂਚ ਬੀਜ, ਸਫੈਦ ਸੰਦਲ, ਗੂੰਦ ਕਿੱਕਰ, ਗੂੰਦ ਕਤੀਰਾ, ਤੋਦਰੀ ਸਫੈਦ, ਤੋਦਰੀ ਸੁਰਖ, ਸਮੁੰਦਰ ਸੋਖ, ਬ੍ਰਹਮਨ ਲਾਲ, ਬ੍ਰਹਮਨ ਚਿੱਟਾ, ਬੀਜ ਇੰਮਲੀ, ਸਤਾਬਰ, ਮਗਜ਼ ਖੀਰਾ, ਮਗਜ਼ ਤਰਬੂਜ਼, ਸਭੇ ਇਕ-ਇਕ ਤੋਲਾ ਕਾਬਲੀ ਮਿਸਰੀ ਅੱਠ ਤੋਲੇ ਪੀਹ ਕੇ ਕਪੜਛਾਣ ਕਰਕੇ ੬ ਮਾਸ਼ੇ ਸਵੇਰੇ ੬ ਮਾਸ਼ੇ ਸ਼ਾਮ ਨੂੰ ਸੋਤੇ ਵਕਤ ਦੂਧ ਸਾਥ ਵਰਤੋ।

੮.੧.੨.੧. ਸੁਪਨ ਪ੍ਰਮੇਹ :-

ਮੂਸਲੀ ਸਫੇਦ ੩ ਮਾਸ਼ੇ, ਬਹੁਫਲੀ ੬ ਮਾਸ਼ੇ ਰਾਤ ਨੂੰ ਪਾਣੀ ਵਿਚ ਭਿਉਂ ਦਿਉ, ਸਵੇਰੇ ਡੰਡੇ ਕੂੰਡੇ ਘੋਟ ਕੇ ਰਸ ਨੂੰ ਕਪੜੇ ਵਿਚੋਂ ਪੁਣ ਕੇ ਮਿਸਰੀ ਮਿਲਾ ਕੇ ਪੰਦਰਾਂ ਦਿਨਾਂ ਤੱਕ ਪੀਉ। ਹੋਰ ਇੰਨਾ ਇੰਨਾ ਪੀਉ, ਕਮਰ ਦਰਦ, ਧਾਂਤ ਦਾ ਜਾਨਾ, ਸੁਪਨਦੋਸ਼ ਠੀਕ ਹੋ ਜਾਵੇਗਾ।

੮.੧.੨.੨. ਮਧੂਮੇਹ (ਸ਼ੂਗਰ) :-

ਜਾਮਨ ਦੀ ਗਿਟਕ ਢਾਈ ਤੋਲੇ, ਗੁੜਮਾਰ ਬੂਟੀ ਢਾਈ ਤੋਲੇ, ਹਲਦੀ ੪ ਤੋਲੇ, ਬਹੇੜਾ ੭ ਮਾਸ਼ੇ, ਸਭ ਚੀਜ਼ਾਂ ਮਿਲਾ ਕੇ ਪੀਸ ਲਵੋ, ਤਾਜ਼ੇ ਪਾਣੀ ਨਾਲ ੨ ਮਾਸ਼ੇ ਹਰ ਰੋਜ਼ ਨਿਰਨੇ ਪੇਟ ੨੦ ਦਿਨ ਤੀਕ ਖਾਉ, ਖੱਟੇ ਮਿੱਠੇ ਦਾ ਪ੍ਰਹੇਜ਼, ਰੋਟੀ ਬੇਸਨ ਦੀ ਖਾਣੀ।

੮.੧.੨.੩. ਚੂਲੇ ਦਰਦ ਆਦਿ ਲਈ ਨੁਕਸਾ ਇਸਤ੍ਰੀਆਂ ਲਈ :-

ਹਿਸਟੇਰੀਆ, ਗਸ਼ੀ ਕਮਜ਼ੋਰੀ, ਗਰਭ ਦਾ ਗਿਰਨਾ, ਰਿਤੂ ਸਮੇਂ ਸਿਰ ਨਾ ਆਉਣਾ।

ਕਸਤੂਰੀ ਡੇਢ ਮਾਸ਼ਾ, ਸੁਚੇ ਮੋਤੀ ਡੇਢ ਮਾਸ਼ਾ, ਕਹਰਵਾ ਇਕ ਤੋਲਾ, ਸੁੱਚਾ ਸਿਪ ਭਸਮ, ਹਕੀਕ ਭਸਮ, ਮੂੰਗਾ ਭਸਮ ਇਕ ਇਕ ਤੋਲਾ, ਕੇਸਰ ਤਿੰਨ ਮਾਸ਼ੇ, ਸੋਨੇ ਦੇ ਵਰਕ ੧੬, ਚਾਂਦੀ ਦੇ ਵਰਕ ੩੨, ਖਮੀਰਾ ਬਨਫਸ਼ਾ ਇਕ ਛਟਾਂਕ, ਮੁਰੱਬਾ ਸੇਬ ਇਕ ਪਾਉ, ਮੁਰੱਬਾ ਔਲਾ ਅੱਧ ਪਾਉ, ਦਸ ਹਰੜਾਂ ਮੁਰੱਬਾ, ਦੋ ਸੇਰ ਬਦਾਮਾਂ ਦਾ ਬਦਾਮ ਰੋਗਨ ਸਾਹਮਣੇ ਕਢਾ ਕੇ ਸਭ ਚੀਜ਼ਾਂ ਮਿਲਾਉ, ਸੁੱਚੇ ਮੋਤੀ ਤੋਲਾ ਭਰ ਗੁਲਾਬ ਦੇ ਅਰਕ ਵਿਚ ਪਾ ਕੇ ਖਰਲ ਕਰਕੇ ਫਿਰ ਮਿਲਾਵੋ ਨਹੀਂ ਤਾਂ ਉਡਣਗੇ। ਨਿਰਨੇ ਕਾਲਜੇ ਖੁਰਾਕ ਤਿੰਨ ਮਾਸ਼ੇ ਦੁੱਧ ਜਾਂ ਮਲਾਈ ਨਾਲ, ਗਰਮੀ ਸੁਭਾ ਵਾਲੀ ਇਸਤਰੀ ਨੂੰ ਫਾਲਸੇ ਦੇ ਸ਼ਰਬਤ ਨਾਲ ਇਕ ਹਫਤਾ ਖਾਣਾ, ਫਿਰ ਇਕ ਹਫਤਾ ਬੰਦ ਕਰਨੀ, ਤੇਲ, ਖਟਾਈ ਨਹੀਂ ਵਰਤਣਾ, ਖਾਸ ਤੋਰ ਤੇ ਪ੍ਰਹੇਜ਼ ਕਰਨਾ।

੮.੧.੨.੪. ਹਮਲ ਰਖਯਕ :

ਕਸਤੂਰੀ ੨ ਰੱਤੀ, ਕਚੂਰ ੨ ਤੋਲੇ, ਤਵਾਸ਼ੀਰ ੩ ਮਾਸੇ, ਮਹਿੰਦੀ ਦੇ ਪੱਤੇ, ਮੁੰਡੀ ੧-੧ ਤੋਲਾ, ਮੋਤੀ ਸੁੱਚੇ ੩ ਮਾਸ਼ੇ, ਮੋਤੀਆਂ ਨੂੰ ਰੂਹ ਕਿਉੜਾ ਜਾਂ ਗੁਲਾਬ ਅਰਕ ਵਿਚ ਖਰਲ ਕਰ ਲੈਣਾ ਅਤੇ ਬਾਕੀ ਚੀਜ਼ਾਂ ਮਿਲਾ ਕੇ ਰਗੜਾਈ ਕਰਨੀ, ਗੂੰਦ ਦੇ ਪਾਣੀ ਵਿਚ ਚਨੇ ਬਰਾਬਰ ਗੋਲੀਆਂ ਬਣਾ ਲਉ। ਗਰਭਵਤੀ ਨੂੰ ਇਕ ਗੋਲੀ ਸਵੇਰੇ ਇਕ ਗੋਲੀ ਸ਼ਾਮ ਨੂੰ ਪਾਣੀ ਨਾਲ ਖਾਣੀ ਚਾਹੀਦੀ ਹੈ। ਗਰਭ ਨਹੀਂ ਡਿਗੇਗਾ।

੮.੧.੨.੫. ਪ੍ਰਦਰ ਲਈ :-

ਇਕ ਤੋਲਾ ਸਵਰਨ ਬੰਗ, ਇਕ ਤੋਲਾ ਤੋਖਾਖੀਰ, ਇਕ ਤੋਲਾ ਕਮਰਕਸ, ਦੋ ਛਟਾਂਕ ਗੇਰੂ ਰਗੜ ਕੇ ਮਿਲਾ ਲਉ। ੬ ਮਾਸ਼ੇ ਦੀ ਪੁੜੀ ਸਵੇਰੇ ਤਾਜ਼ੇ ਦੁੱਧ ਨਾਲ ਮਲਾਈ ਵਿਚ ਲਪੇਟ ਕੇ ਵਰਤਣੀ, ਤਿੰਨ ਦਿਨ ਲਗਾਤਾਰ ਰੋਟੀ ਬੈਸਣੀ ਘਿਉ ਨਾਲ ਖਾਣੀ, ਲੂਣ, ਮਿੱਠਾ, ਚਾਹ ਆਦਿਕ ਦਾ ਦਵਾਈ ਸਮੇਂ ਪ੍ਰਹੇਜ਼।

ਪਹਿਲੀ ਉਮਰ ਵਿਚ ਕੁਸੰਗਤ ਦੇ ਪ੍ਰਭਾਵ ਤੋਂ ਲੜਕੇ ਲੜਕੀਆਂ ਨੂੰ ਐਸੇ ਨਿਕੰਮੇ ਰੋਗ ਲੱਗ ਜਾਂਦੇ ਹਨ। ੧੩ ਸਾਲ ਦੀ ਉਮਰ ਤੋਂ ੩੦ ਸਾਲ ਤੀਕ ਕਾਮ ਦਾ ਪੂਰਾ ਜ਼ੋਰ ਹੋਤਾ ਹੈ। ਨੀਚ ਦੇ ਵੱਸ ਹੋਇਆ ਹੋਇਆ ਭੈੜੀਆਂ ਆਦਤਾਂ ਤੋਂ ਨਿਕੰਮੇ ਰੋਗ ਖਰੀਦ ਕੇ ਜ਼ਿੰਦਗੀ ਤਬਾਹ ਕਰ ਲੈਂਦਾ ਹੈ। ਖਾਣ ਪੀਣ ਪਹਿਨਣ ਨੂੰ ਸਾਦੇ ਢੰਗ ਦਾ ਬਨਾਉਣਾ ਚਾਹੀਦਾ ਹੈ। ਮਨ ਵਿਚ ਕਦੇ ਭੀ ਗੰਦੇ ਭਾਵ ਪੈਦਾ ਨਹੀਂ ਹੋਣ ਦੇਣੇ, ਕੁਸੰਗਤ ਤੋਂ ਹਮੇਸ਼ਾ ਦੂਰ ਰਹਿਣਾ, ਪਵਿੱਤਰਤਾ ਭਾਵਨਾ ਪੈਦਾ ਕਰਨੀਆਂ, ਸਦਾ ਗਰੰਥ ਪੜ੍ਹਨੇ, ਪਵਿੱਤ੍ਰ ਆਤਮਾ ਦੀ ਸੰਗਤ ਕਰਨੀ, ਬਰਾਬਰ ਦਿਆਂ ਦੀ ਸੰਗਤ ਤੋਂ ਵੀ ਪ੍ਰਹੇਜ਼ ਕਰਨਾ। ਪਹਿਲੇ ਮਨ ਦਾ ਪ੍ਰਣਾਮ ਹੋਤਾ ਹੈ ਫਿਰ ਤਨ ਦਾ। ਜੇ ਮਨ ਪਵਿੱਤ੍ਰ ਹੋਵੇਗਾ ਤਾਂ ਤਨ ਕਰਕੇ ਕਦੇ ਵੀ ਬੁਰਾਈ ਨਹੀਂ ਕਰੇਗਾ। ਆਪਣੇ ਆਪ ਨੂੰ ਕਦੇ ਵੀ ਵਿਹਲੇ ਨਹੀਂ ਬੈਠਣ ਦੇਣਾ, ਕਿਸੇ ਨਾ ਕਿਸੇ ਕਾਰਜ ਵਿਚ ਹਮੇਸ਼ਾ ਮਨ ਨੂੰ ਲਾਈ ਰਖਣਾ, ਵਿਹਲਾ ਮਨ ਹੀ ਪਾਪਾਂ ਮਈ ਸੰਕਲਪਾਂ ਨੂੰ ਉਤਪੰਨ ਕਰਦਾ ਹੈ। ਦੋਨੋਂ ਸਮੇਂ ਸੈਰ ਜਾਂ ਵਰਜ਼ਸ਼ ਜ਼ਰੂਰ ਕਰਨੀ, ਹਫਤੇ ਵਿਚ ਦੋ ਵਾਰੀ ਕੇਸੀ ਇਸ਼ਨਾਨ ਜ਼ਰੂਰ ਕਰੇ। ਮਾਤਾ ਪਿਤਾ ਭੈਣ ਭਰਾ ਬਜ਼ੁਰਗ ਮਹਾਂਪੁਰਸ਼ਾਂ ਵਿਦਵਾਨਾਂ ਦਾ ਅਦਬ ਕਰਕੇ ਸਦਾ ਅਸੀਸ ਪ੍ਰਾਪਤ ਕਰੇ। ਦੋਨੋਂ ਵੇਲੇ ਦਾ ਨਿਤਨੇਮ ਨਾ ਖੁੰਝਾਵੇ। ਪਾਪ ਮਈ ਪਾਪਾਂ ਨੂੰ ਮਾਤਾ ਪਿਤਾ ਤੋਂ ਛੁਪਾਏ ਨਾ, ਸਗੋਂ ਪ੍ਰਗਟ ਕਰਕੇ, ਇਨ੍ਹਾਂ ਤੋਂ ਬਚਣ ਦੀ ਅਸੀਸ ਪ੍ਰਾਪਤ ਕਰੇ। ਇਧਰ ਉਧਰ ਚੋਰੀ ਛਪੋਰੀ ਨਿਕੰਮੇ ਹਕੀਮ ਡਾਕਟਰਾਂ ਦੀਆਂ ਦਵਾਈਆਂ ਤੋਂ ਬਚੇ। ਦਵਾਈ ਨਾਲੋਂ ਪ੍ਰਹੇਜ਼ ਨਾਲ ਰੋਗਾਂ ਤੋਂ ਛੁਟਕਾਰਾ ਪ੍ਰਾਪਤ ਕਰੇ। ਮਾਤਾ ਪਿਤਾ ਵੀ ਜੇ ਜੀਵ ਦੇ ਅਸਲੀ ਮਿੱਤਰ ਹਨ ਤਾਂ ਧਰਮ ਔਰ ਅਚਰਨ ਦੀ ਸਿਖਿਆ 'ਤੇ ਆਪ ਚਲਦੇ ਹੋਏ, ਬੱਚਿਆਂ ਨੂੰ ਧਰਮ ਮਾਰਗ ਦੀ ਸਿਖਿਆ ਦੇ ਕੇ ਦ੍ਰਿੜ੍ਹ ਕਰੇਂ। ਬੱਚੇ ਦੀਆਂ ਆਦਤਾਂ 'ਤੇ

ਕਾਬੂ ਰਖੇਂ ਤਾਂ ਜੋ ਕੁਸੰਗੀਆਂ ਦੀ ਕੁਸੰਗਤ ਵਿਚ ਜਾ ਕੇ ਆਪਣੇ ਵਰਤਮਾਨ ਤੇ ਭਵਿੱਖ ਨੂੰ ਨਾ ਵਿਗਾੜ ਬੈਠੇ। ਜਦੋਂ ਬੱਚੀਆਂ ਬੱਚਿਆਂ ਨੂੰ ਇਸ ਯੋਗ ਸਮਝਣ ਕਿ ਉਹ ਕਾਮ ਚੇਸ਼ਟਾ ਦੇ ਭਾਵ ਨੂੰ ਸਮਝਣ ਲਗ ਪਏ ਹਨ ਤਾਂ ਆਪ ਵਿਕਾਰਾਂ ਦਾ ਤਿਆਗ ਕਰ ਦੇਵੇ। ਉਨ੍ਹਾਂ ਸਾਹਮਣੇ ਇਸਤ੍ਰੀ, ਉਨ੍ਹਾਂ ਦੀ (ਮਾਤਾ) ਨਾਲ ਆਮ ਬਾਤ ਚੀਤ, ਬੈਠਣਾ ਉਠਣਾ ਨਾ ਕਰੇ, ਤਾਂ ਜੋ ਉਨ੍ਹਾਂ 'ਤੇ ਕਿਸੇ ਪ੍ਰਕਾਰ ਦਾ ਵੀ ਗ਼ਲਤ ਪ੍ਰਭਾਵ ਨਾ ਪਵੇ। ਔਰ ਵਰ ਲਾਇਕ ਹੋਣ ਤੇ ਉਨ੍ਹਾਂ ਦੀ ਸ਼ਾਦੀ ਕਰ ਦੇਵੇ। ਕਈ ਵਾਰੀ ਸਮੇਂ ਅਨੁਸਾਰ ਬੱਚਿਆਂ ਬੱਚੀਆਂ ਨੂੰ ਨਾ ਵਿਆਹੁਣ ਨਾਲ ਭੈੜੇ ਨਤੀਜੇ ਬੇਇਜ਼ਤੀ ਦਾ ਕਾਰਨ ਬਣ ਜਾਤੇ ਹੈਂ। ਇਸ ਲਈ ਸਮੇਂ ਅਨੁਸਾਰ ਹੀ ਆਪਣੀ ਇੱਜ਼ਤ ਦੀ ਸੰਭਾਲ ਲਈ ਇਨ੍ਹਾਂ ਦੇ ਜੀਵਨ ਨੂੰ ਨੱਥ ਦੇਣਾ ਚਾਹੀਦਾ ਹੈ। ਗੁਰਮਤਿ ਮਰਯਾਦਾ ਅਨੁਸਾਰ ਗੁਰਸਿੱਖਾਂ ਨਾਲ ਮੇਲ ਕਰਨਾ ਤੇ ਕਰਾਣਾ ਚਾਹੀਦਾ ਹੈ, ਇਸ ਨਾਲ ਸਤਿਗੁਰੂ ਜੀ ਵੀ ਪ੍ਰਸੰਨ ਹੁੰਦੇ ਹਨ ਅਤੇ ਆਪਣੀ ਜ਼ਿੰਦਗੀ ਵੀ ਮੇਲ ਮਿਲਾਪ ਦੀ ਬੀਤ ਜਾਂਦੀ ਹੈ। ਓਮ ਤਤ ਸਤ-ਸਤਿਨਾਮ ਵਾਹਿਗੁਰੂ ਨੂੰ ਜਾਣੇ ਬਿਨਾਂ ਮਲਨ ਵਾਸਨਾ ਦਾ ਨਾਸ਼ ਨਹੀਂ ਹੋ ਸਕਦਾ। ਸ਼ਿੰਗਾਰ ਦਾ ਸਾਮਾਨ, ਵਾਸ਼ਨਾ ਵਾਲੇ ਤੇਲ, ਸਾਬਣ, ਨੱਕਾਂ ਕੰਨਾਂ ਦਾ ਵਿੰਨ੍ਹਣਾ, ਵੰਗਾਂ, ਚੂੜੀਆਂ, ਝਾਂਜਰਾਂ ਆਦਿ ਗੁਰਮਤਿ ਵਿਚ ਨਹੀਂ ਹਨ, ਇਹ ਸਭ ਵਸਤੂਆਂ ਕਾਮ ਨੂੰ ਸ਼ਹਿ ਦੇਣ ਵਾਲੀਆਂ ਹਨ।

੮.੧.੩. ਕਾਮ ਵਾਸ਼ਨਾ ਤੋਂ ਛੁਟਕਾਰਾ ਪਾਉਣ ਲਈ ਮੰਤ੍ਰ :

ਥਲੇ ਲਿਖੇ ਮੰਤ੍ਰਾਂ ਦਾ ਜੁਗਤੀਆਂ ਅਨੁਰੂਪ ਜਾਪ ਕਰੋ। ਸਹਸਕ੍ਰਿਤੀ ਦਾ ਸਲੋਕ :

(੧) ਮੰਤਰ :-*ਓਮ ਘੋਰ ਘੋਰ ਘੋਰ ਸਿਵ ਘੋਰ ਕਾਮ ਦਗੰਧ ਸ਼ਿਵ ਸ਼ਕਤੀ ਆਇ ਨਮਹ॥*
ਮੰਤ੍ਰ ਦਾ ਰੋਜ਼ਾਨਾ ੧੦੮ ਵੇਰ ਜਾਪ ਕਰਨਾ।

(੨) ਓਮ ਪਾਰਾ, ਜੀਉ ਹਮਾਰਾ, ਬਾਰਾ ਬਰਸ ਕੀ ਕੰਨਿਆ, ਘੋੜੇ ਪਰ ਚੜ੍ਹੀ ਜਾਇ, ਪਾਰਾ ਉਲਟ ਘਰ ਮਹਿ ਸਮਾਇ॥ ਅਬ ਦੇ ਖੋਜਤੀ ਹਨੂਮੰਤ ਤੇਰੇ ਮੰਤਰ ਕੀ ਸ਼ਕਤਿ ਗੁਰ ਕੀ ਸ਼ਕਤਿ ਹਮਾਰੀ ਭਗਤ ਫੁਰਹੋ ਮੰਤ੍ਰ ਈਸਵਰੋ ਵਾਚ।

ਰਾਤ ਵਕਤ ਸੌਣ ਵੇਲੇ ਤੀਨ ਵੇਰ ਪੜ੍ਹੇ, ਸੁਪਨੇ ਮੇਂ ਮਲੀਨ ਭਾਵ ਪੈਦਾ ਨਾ ਹੋਵੇ।

(੩) ਗੁਰਮਤਿ ਪ੍ਰੇਮੀਆਂ ਲਈ :

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ॥

(ਪੰਨਾ ੨੬੯)

(੪) *ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥*
ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥

ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥ ੩੮॥

(ਜਪੁਜੀ ਸਾਹਿਬ)

ਸਵੇਰੇ ਇਸ਼ਨਾਨ ਤੋਂ ਬਾਅਦ ਆਸਣ ਪਰ ਬੈਠ ਕਰ ਪਾਣੀ ਪਰ ੧੦੮ ਵੇਰ ਪੜ੍ਹੇ, ਸੋਮਵਾਰ ਸ਼ੁਰੂ ਕਰਨਾ, ੪੦ ਰੋਜ਼ ਕਰੇ ਬਾਅਦ ਮੇਂ ਪਾਣੀ ਪੀ ਲਵੇ। ਮਹਾਂਪੁਰਸ਼ਾਂ ਦੀ ਅਜ਼ਮਾਈ ਜੁਗਤੀ ਹੈ।

ਸਹਸਕ੍ਰਿਤੀ ਦਾ ਸਲੋਕ ਹੈ :- ਕਾਮ ਤੁਗਣਾ ਨ ਤਯੰ ਲੱਜਾ।

ਅਰਥ ਕਾਮੀ ਪੁਰਸ਼ ਕੋ ਲੱਜਾ ਨਹੀਂ ਹੋਤੀ। ਕਾਮ ਕਾ ਨਿਵਾਸ ਨੇਤਰੋਂ ਮੇਂ ਹੈ। ਜਿਸਨੇ ਕਾਮ ਕੋ ਵਿਜਯ ਕਰਨਾ ਹੈ ਉਹ ਪਹਿਲੇ ਇਸਤਰੀ ਕੀ ਤਰਫ ਨੇਤਰ ਨਾ ਜਾਣ ਦੇਵੇ, ਇਸਤ੍ਰੀ ਕੇ ਕਿਸੇ ਅੰਗ ਨੂੰ ਨਾ ਦੇਖੇ, ਫਿਰ ਮਨ ਕੋ ਇਸਤ੍ਰੀ ਕੀ ਤਰਫ ਨਾ ਜਾਣ ਦੇਵੇ ਭਾਵ ਮਨ ਸੇ ਇਸਤ੍ਰੀ ਕਾ ਸੰਕਲਪ ਨਾ ਕਰੇ।

ਸੰਕਲਪਾਤੁ ਜਾਦਤੇ ਕਾਮ: ਬਧੁਨਾ ਧੈਰਯ ਨਾਹਠ:॥

ਅਰਥ :-ਪੁਰਸ਼ ਕੇ ਧੀਰਜ ਕੋ ਨਾਸ਼ ਕਰਨੇ ਵਾਲਾ ਕਾਮ ਇਸਤ੍ਰੀਓਂ ਕੇ ਸੰਕਲਪ ਸੇ ਪੈਦਾ ਹੋਤਾ ਹੈ।

ਦੋਹਾ : ਪ੍ਰਥਮੇ ਚੰਚਲ ਮਨ ਹੈ ਦੂਜੇ ਚੰਚਲ ਨੈਨ॥
ਤੀਜੀ ਚੰਚਲ ਨਾਰ ਮਿਲ ਕੈਸੇ ਨਾ ਉਪਜੇ ਮੈਨ॥

ਬਸ ਕਾਮ ਕੋ ਵਿਜਯ ਕਰਨੇ ਕਾ ਉਪਾਇ ਇੰਦ੍ਰੀਉਂ ਕੀ ਰੁਕਾਵਟ ਹੈ। ਇਸ ਉਪਾਏ ਦੁਆਰਾ ਕਾਮ ਕੋ ਵਿਜਯ ਕਰ ਲੱਜਾ ਰੂਪੀ ਇਸਤ੍ਰੀ ਦੀ ਰਖਿਆ ਕਰ।

੮.੧.੪. ਆਠ ਪ੍ਰਕਾਰ ਕਾ ਕਾਮ :

੧. ਸ੍ਰਵਣ, ੨. ਸਿਮਰਣ, ੩. ਕੀਰਤਨ, ੪. ਕੇਲ, ੫. ਇਕਾਂਤ ਬਾਤ, ੬. ਦ੍ਰਿੜ੍ਹ ਸੰਕਲਪ, ੭. ਯਤਨ ਕਰਨਾ, ੮. ਸਪਰਸ਼ ਜਾਂ ਪ੍ਰਾਪਤੀ। ਅੱਠ ਪ੍ਰਕਾਰ ਦਾ ਦੁਸ਼ਟ ਕਾਮ ਹੈ, ਇਸ ਪਰ ਸਤਿਗੁਰਾਂ ਦੀ ਕਿਰਪਾ ਤੋਂ ਹੀ ਬਿਜੈ ਪਾਈ ਜਾ ਸਕਦੀ ਹੈ।

੮.੨. ਕ੍ਰੋਧ ਕਾ ਪ੍ਰਤੀਪਾਦਨ :-

ਸਤਿਗੁਰੂ ਜੀ ਮਹਾਰਾਜ ਕ੍ਰੋਧ ਪ੍ਰਤੀ ਕਥਨ ਕਰਦੇ ਹਨ:

ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥
ਬਿਖਯੰਤ ਜੀਵੰ ਵਸੵੰ ਕਰੋਤਿ ਨਿਰਤੵੰ ਕਰੋਤਿ ਜਥਾ ਮਰਕਟਹ॥
ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ॥
ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖੵਾ ਕਰੋਤਿ॥੪੭॥

(ਅੰਗ ੧੩੫੮)

ਕਦੰਚ-ਕਦੀ, ਕਰੁਣਾ-ਦਇਆ, ਮਰਕਟਹ-ਬਾਂਦਰ।

ਅਰਥ :-ਹੇ ਕਲਿਜੁਗ ਦੇ ਮੂਲ ਕਰੋਧ (ਜਿਸਦੇ ਹਿਰਦੇ ਵਿਚ) ਕਦੇ ਦਇਆ ਨਹੀਂ ਉਪਜੀ, ਵਿਸ਼ਈ ਜੀਵਾਂ ਨੂੰ ਤੂੰ ਵੱਸ ਕਰਦਾ ਹੈਂ, ਜੋ ਤੇਰੇ ਵਸ ਹੋਏ ਹਨ, ਇਸ ਲੋਕ ਵਿਚ ਬਾਂਦਰ ਦੀ ਤਰ੍ਹਾਂ ਨੱਚਦੇ ਹਨ ਅਤੇ ਅੱਗੇ ਅਨੇਕ ਪ੍ਰਕਾਰ ਦੀ ਤਾੜਨਾ ਨਾਲ ਤਾੜਦੇ ਹਨ, ਜਮਦੂਤ, ਤੇਰੀ ਸੰਗਤ ਕਰਕੇ ਪੁਰਖ ਨੀਚ ਹੋ ਜਾਂਦਾ ਹੈ। ਹੇ ਦਿਆਲੂ ਪ੍ਰਭੂ ਦੀਨਾ ਦੇ ਦੁਖ ਦੂਰ ਕਰਨ ਵਾਲੇ ! ਸਭ ਜੀਵਾਂ ਦੀ ਰੱਖਿਆ ਕਰੋ।

ਭਾਵ :-ਗੁਰੂ ਜੀ ਕ੍ਰੋਧ ਨੂੰ ਸਨਮੁਖ ਕਰਕੇ ਉਸਦੇ ਔਗੁਣ ਦੱਸਦੇ ਹਨ— ਕਲਜੁਗ ਦਾ ਮੂਲ ਕ੍ਰੋਧ ਹੈ। ਕ੍ਰੋਧ ਤਮੋਗੁਣ ਦੇ ਪ੍ਰਭਾਵ ਤੇ ਹੁੰਦਾ ਹੈ। ਤਮੋਗੁਣ ਕਲਜੁਗ ਦਾ ਵਿਸ਼ੇਸ਼ ਲੱਛਣ ਹੈ। ਕ੍ਰੋਧ ਦੇ ਅਵੇਸ਼ ਤੇ ਕਦੇ ਦਇਆ ਨਹੀਂ ਉਪਜਦੀ। ਕਰੋਧੀ ਨੂੰ ਜੇ ਦਇਆ ਆ ਜਾਵੇ ਤਾਂ ਕ੍ਰੋਧ ਕਾਹਦਾ? ਕ੍ਰੋਧੀ ਦੇ ਹਿਰਦੇ ਵਿਚ ਦਇਆ ਨਹੀਂ ਹੁੰਦੀ, ਕ੍ਰੋਧ ਸਮੇਂ ਮਨ ਛੇਤੀ ਮੁੜ ਨਹੀਂ ਸਕਦਾ, ਦਇਆ ਦੂਰ ਰਹਿੰਦੀ ਹੈ। ਜੋ ਪੁਰਖ ਵਿਸ਼ੇ ਅਧੀਨ ਹੁੰਦੇ ਹਨ ਉਹ ਕ੍ਰੋਧਾਤਰ ਅਵਸ਼ਮੇਵ ਹੁੰਦੇ ਹਨ, ਉਹ ਬਾਂਦਰ ਦਾ ਨਾਚ ਭੈੜਾ ਤੇ ਕੋਝਾ ਲਗਦਾ ਹੈ ਤਿਕੁਰ ਉਨ੍ਹਾਂ ਦੀ ਕਿਰਿਆ ਸਭ ਨੂੰ ਬੁਰੀ ਲਗਦੀ ਹੈ। ਬਾਂਦਰ ਖੁਸ਼ੀ ਨਾਲ ਨਹੀਂ ਨੱਚਦਾ, ਕਲੰਦਰ ਦਾ ਨਚਾਇਆ ਨੱਚਦਾ ਹੈ, ਤਿਵੇਂ ਕਰੋਧ ਕਲੰਦਰ ਦੇ ਵਸ ਵਿਸ਼ਈ ਮਨ ਨੱਚਦਾ ਹੈ। ਕ੍ਰੋਧੀ ਪੁਰਸ਼ ਦਿਲ ਦੁਖਾਉਣੇ ਦਾ ਮਹਾਨ ਪਾਪ ਕਰਦਾ ਹੈ। ਇਸ ਲਈ ਜਮ ਦੀ ਤਾੜਨਾ ਸਹਾਰਨੀ ਪੈਂਦੀ ਹੈ। ਕ੍ਰੋਧੀ ਪੁਰਸ਼ ਨੀਚ ਹੋ ਜਾਂਦਾ ਹੈ, ਕਰੋਧ ਵੇਲੇ ਜੋਸ਼ ਮਗਰੋਂ ਚਿੜ-ਚਿੜਾਹਟ, ਛਿਥਿਆਪਨ ਤੇ ਆਲਸ ਉਸਨੂੰ ਲੋਕਾਂ ਦੀ ਔਰ ਉਸਦੀ ਆਪਣੀ ਨਜ਼ਰ ਵਿਚ ਨੀਚ ਬਣਾ ਦੇਂਦਾ ਹੈ। ਅੰਤ ਵਿਚ ਗੁਰੂ ਜੀ ਇਸ ਦਾ ਇਲਾਜ ਦੱਸਦੇ ਹਨ, ਅਕਾਲ ਪੁਰਖ ਹੀ ਇਸ ਤੋਂ ਰੱਖਿਆ ਕਰ ਸਕਦਾ ਹੈ, ਤਾਂ ਤੇ ਉਸ ਅੱਗੇ ਪ੍ਰਾਰਥਨਾ ਕਰੋ ਕਿ ਉਹ ਸਾਨੂੰ ਬਚਾ ਲਵੇ।

੮.੨.੧. ਕ੍ਰੋਧ ਕੀ ਹੈ ?

ਕ੍ਰੋਧ ਸੂਖਛਮ ਸਰੀਰ ਮੇਂ ਰਹਿਤਾ ਹੈ। ਸਥੂਲ ਮੇਂ ਇਸ ਪ੍ਰਕਾਰ ਆ ਜਾਤਾ ਹੈ ਜਿਵੇਂ ਪ੍ਰਾਣੀ ਮੇਂ ਕ੍ਰੋਧ ਪੈਦਾ ਹੋਣੇ ਪਰ ਖੂਨ ਮੇਂ ਕਈ ਪ੍ਰਕਾਰ ਕੇ ਕੀਟਾਣੂ ਪੈਦਾ ਹੋ ਜਾਤੇ ਹੈਂ। ਕ੍ਰੋਧਾਤਰ ਮਾਤਾ ਦਾ ਦੁੱਧ ਪੀਣੇ ਪਰ ਕਈ ਵੇਰ ਬੱਚਿਆਂ ਦੀ ਮੌਤ ਹੋ ਜਾਤੀ ਹੈ। ਇਸਦਾ ਪ੍ਰਭਾਵ ਇੰਦ੍ਰੀਆਂ ਪਰ ਵੀ ਪੈਂਦਾ ਹੈ ਅਤੇ ਮਾਨਵ ਦਾ ਸਰਬਨਾਸ਼ ਕਰ ਦੇਤਾ ਹੈ। ਬੁਧ ਮਾਰੀ ਜਾਤੀ ਹੈ, ਵੀਚਾਰਧਾਰਾ ਵੀ ਖਤਮ ਹੋ ਜਾਤੀ ਹੈ। ਕ੍ਰੋਧ ਤੋ ਅਸਥਾਈ ਪਾਗਲਪਨ ਹੈ ਅਤੇ ਗਰਜਤੀ ਹੋਈ ਵਾਯੂ ਦੀ ਨਿਆਈ ਮਨ ਰੂਪੀ ਦੀਵੇ ਕੋ ਬੁਝਾ ਦੇਤਾ ਹੈ। ਹਨੇਰੀ ਆਨੇ ਤੋਂ ਪਹਿਲੇ ਸ਼ਾਂਤੀ ਆ ਜਾਤੀ ਹੈ। ਕ੍ਰੋਧ ਰੂਪੀ ਆਂਧੀ ਪਹਿਲੇ ਆਤੀ ਹੈ, ਸ਼ਾਂਤੀ ਬਾਅਦ ਵਿਚ ਆਤੀ ਹੈ, ਫਿਰ ਪਸ਼ਚਾਤਾਪ ਕਰਤਾ ਹੈ। ਕਿਸੇ ਪਰ ਭੀ ਕ੍ਰੋਧ ਨਹੀਂ ਕਰਨਾ ਚਾਹੀਦਾ। ਇਹ

ਆਪਣੇ ਆਪ ਨੂੰ ਵੀ ਸਾੜਦਾ ਹੈ ਅਤੇ ਦੂਸਰੇ ਨੂੰ ਭੀ ਜਲਾਤਾ ਹੈ। ਜੋ ਬਲਦੀ ਤੀਲੀ ਦੂਸਰੇ ਨੂੰ ਜਲਾਨਾ ਚਾਹਤੀ ਹੈ ਉਹ ਪਹਿਲੇ ਆਪ ਸੜ ਕੇ ਸਵਾਹ ਹੋ ਜਾਵੇਗੀ। ਜਿਸ ਨੂੰ ਸਾੜਨਾ ਚਾਹੁੰਦੀ ਸੀ ਅੱਗ ਲੱਗੇ ਜਾਂ ਨਾ ਲੱਗੇ।

ਦਸੋਂ ਦਿਸ਼ਾ ਸੇ ਕ੍ਰੋਧ ਕੀ ਉਠੀ ਪ੍ਰਬਲ ਆਗ॥
ਸੀਤਲ ਸੰਗਤ ਸਾਧ ਕੀ ਤਹਾਂ ਉਭਰੇ ਭਾਗ॥
ਕ੍ਰੋਧੀ ਸਾਧੂ ਬਹੁਤ ਹੈ ਸੀਲਵੰਤ ਕੋਈ ਏਕ॥
ਤੀਨ ਲੋਕ ਕੀ ਸੰਪਦਾ ਰਹੀ ਹੈ ਮੱਥਾ ਟੇਕ॥

ਕ੍ਰੋਧ ਨੂੰ ਖਿਮਾਂ, ਧੀਰਜ, ਦਯਾ, ਸ਼ਾਂਤੀ, ਪ੍ਰੇਮ, ਲੱਜਾ ਗਿਆਨ ਸੇ ਦਬਾਣਾ ਚਾਹੀਦਾ ਹੈ। ਅਗਰ ਕੋਈ ਮਾਨ ਅਪਮਾਨ ਵੀ ਕਰ ਦੇਵੇ ਇਕ ਰਸ ਰਹੇ, ਕ੍ਰੋਧ ਕੋ ਸਥਾਨ ਦੇਵੇ, ਖਿਮਾਂ ਹੀ ਕਰ ਦੇਵੇ, ਇਹ ਸਭ ਸੇ ਉੱਤਮ ਪ੍ਰਤੀਕਾਰ (ਬਦਲਾ) ਹੈ। ਸਭ ਨਾਲ ਪ੍ਰੇਮ ਰਖੋ, ਕਿਸੇ ਦਾ ਬੁਰਾ ਨਾ ਕਰੋ। ਜਿਸ ਪਾਸ ਖਿਮਾ ਰੂਪੀ ਤਲਵਾਰ ਹੈ ਦੁਸ਼ਟ ਕਾ ਬਲ ਨਹੀਂ ਚਲਤਾ। ਜਿਵੇਂ ਭੂਮੀ ਪਰ ਕੱਖਾਂ ਕੀ ਆਗ ਜਲਨ ਤੋਂ ਬਾਦ ਸੂੰ ਸ਼ਾਂਤ ਹੋ ਜਾਤੀ ਹੈ ਆਪਣੀ ਜ਼ਬਾਨ ਪਰ ਮੋਨ ਰੱਖਣ ਨਾਲ ਕ੍ਰੋਧ ਟਲ ਜਾਤਾ ਹੈ।

ਮੋਨ ਸਭ ਦੁਖ ਹਰੇ, ਬੋਲੇ ਨਹੀਂ ਗੁੱਸਾ ਮਰੇ॥

'ਇਕ ਚੁੱਪ ਸੌ ਸੁਖ', ਨਿੰਦਿਆ ਨੂੰ ਅੰਮ੍ਰਿਤ ਸਮਝ ਕੇ ਸਹਿਣ ਕਰ ਲਵੋ, ਕ੍ਰੋਧ ਆਨੇ ਪਰ ਨਾਮ ਕਾ ਜਾਪ ਕਰੋ, ਆਪਣੇ ਮਨ ਕੋ ਪ੍ਰੇਮ ਦੀ ਭਾਵਨਾ ਨਾਲ ਪੂਰਨ ਕਰੋ, ਸ਼ਾਤਵਿਕ ਅਹਾਰ ਖਾਵੋ, ਅਗਰ ਕ੍ਰੋਧ ਪਰ ਜਿੱਤ ਪ੍ਰਾਪਤ ਨਹੀਂ ਹੋਈ ਤਾਂ ਪ੍ਰਭੂ ਚਰਨਾਂ ਵਿਚ ਅਰਦਾਸ ਕਰੋ। ਸੁਖਮਨੀ ਸਾਹਿਬ ਦਾ ਪਾਠ ਅੰਮ੍ਰਿਤ ਵੇਲੇ ਕਰਨਾ ਪੰਜਾਂ ਦੂਤਾਂ ਵਲੋਂ ਹੀ ਮਨ ਨੂੰ ਸ਼ਾਂਤ ਰਖਦਾ ਹੈ। ਸ਼ਰਾਬ, ਮਾਸ, ਲਾਲ ਮਿਰਚ ਆਦੀ ਤੁਰਸ਼ ਵਸਤੂਆਂ ਦਾ ਪ੍ਰਹੇਜ਼ ਕਰੋ। ਆਪ ਸਭ ਦੇ ਹਿਤ ਦੀ ਬਾਣੀ ਬੋਲੇ, ਬਾਦ ਬਿਬਾਦ ਵਿਚ ਨਾ ਪਵੋ, ਆਪੇ ਹੀ ਕ੍ਰੋਧ ਨੂੰ ਸਥਾਨ ਨਹੀਂ ਮਿਲਦਾ।

੮.੨.੨. ਦ੍ਰਿਸ਼ਟਾਂਤ :-

੧. ਜਿਵੇਂ ਭਗਵਾਨ ਬੁੱਧ ਤੁਰੇ ਜਾ ਰਹੇ ਸਨ, ਕਿਸੇ ਨੀਚ ਵਿਅਕਤੀ ਨੇ ਉਨ੍ਹਾਂ ਨੂੰ ਅਕਾਰਣ ਹੀ ਗਾਲ੍ਹਾਂ ਕੱਢੀਆਂ। ਆਪ ਜੀ ਸੁਨਤੇ ਰਹੇ, ਜਦੋਂ ਬੋਲ ਕੇ ਹਟ ਗਿਆ ਤਾਂ ਆਪ ਬੜੀ ਨਿਮਰਤਾ ਪੂਰਵਕ ਕਹਿਣ ਲੱਗੇ ਕੀ ਭਲਿਆ ਪੁਰਸ਼ਾ ਅਸੀਂ ਇਕ ਪ੍ਰਸ਼ਨ ਪੁਛ ਸਕਦੇ ਹਾਂ? ਕ੍ਰੋਧ ਵਿਚ ਹਾਂ ਕਿਹਾ। ਆਪ ਜੀ ਨੇ ਕਥਨ ਕੀਤਾ ਕਿ ਕੋਈ ਵਿਅਕਤੀ ਕਿਸੇ ਨੂੰ ਕੋਈ ਵਸਤੂ ਦੇਵੇ ਉਹ ਗ੍ਰਹਿਣ ਨਾ ਕਰੇ ਉਹ ਵਸਤੂ ਕਿਸ ਦੀ ਹੋਈ ? ਇਸ ਨੂੰ ਮੰਨਣਾ ਪਿਆ ਕਿ ਦੇਣ ਵਾਲੇ ਦੀ। ਸੋ ਇਸੇ ਪ੍ਰਕਾਰ ਆਪ ਜੀ ਨੇ ਮੈਨੂੰ ਗਾਲ੍ਹਾਂ ਰੂਪੀ ਵਸਤੂ ਦਿੱਤੀ ਹੈ ਮੈਂ ਗ੍ਰਹਿਣ ਨਹੀਂ ਕੀਤੀ, ਇਹ ਕਿਸ ਦੀਆਂ

ਹੋਈਆਂ ? ਕਹਿਣ ਲੱਗਾ ਮੇਰੀਆਂ। ਆਪਣੀ ਗ਼ਲਤੀ ਮਹਿਸੂਸ ਹੋਈ, ਖਿਮਾਂ ਮੰਗੀ, ਭਗਵਾਨ ਨੇ ਖਿਮਾਂ ਕਰ ਦਿੱਤਾ। ਇਹ ਹੈ ਜੁਗਤੀ ਕ੍ਰੋਧ ਸ਼ਾਂਤ ਕਰਨ ਦੀ।

੨. ਜਿਵੇਂ ਗੋਇੰਦਵਾਲ ਮੇਂ ਪਠਾਣਾਂ ਕਾ ਜ਼ੋਰ ਸੀ। ਜਦੋਂ ਸਿੱਖਾਂ ਨੇ ਖੂਹ ਤੋਂ ਲੰਗਰ ਲਈ ਜਲ ਲੈਣ ਜਾਣਾ ਪਠਾਣਾਂ ਨੇ ਗੁਲੇਲੇ ਮਾਰ ਕੇ ਘੜੇ ਭੰਨ ਦੇਣੇ। ਸਤਿਗੁਰੂ ਅਮਰਦਾਸ ਜੀ ਨੂੰ ਸਿੱਖਾਂ ਨੇ ਬੇਨਤੀ ਕੀਤੀ। ਆਪ ਜੀ ਨੇ ਸ਼ਾਂਤ ਰਹਿਣ ਲਈ ਕਿਹਾ, ਮਸ਼ਕਾਂ ਲੈ ਦਿਤੀਆਂ। ਇਨ੍ਹਾਂ ਦੁਸ਼ਟਾਂ ਨੇ ਤੀਰਾਂ ਨਾਲ ਮਸ਼ਕਾਂ ਵਿੰਨ੍ਹ ਦਿੱਤੀਆਂ। ਫਿਰ ਅਰਜ਼ ਕੀਤੀ। ਆਪ ਨੇ ਪਿੱਤਲ ਦੀਆਂ ਗਾਗਰਾਂ ਲੈ ਦਿੱਤੀਆਂ। ਇਨ੍ਹਾਂ ਨੇ ਗੋਲੀਆਂ ਦੇ ਨਿਸ਼ਾਨੇ ਬਨਾਣੇ। ਅਖੀਰ ਸਿੱਖਾਂ ਨੇ ਫਿਰ ਬੇਨਤੀ ਕੀਤੀ। ਮਹਾਰਾਜ ਜੀ ਨੇ ਸ਼ਾਂਤ ਰਹਿਣ ਲਈ ਕਿਹਾ। ਕੁਦਰਤੀ ਇਕ ਦਿਨ ਸ਼ਸਤਰਧਾਰੀ ਜਮਾਤ ਆ ਗਈ। ਮਨ ਸੰਬੰਧ ਵਿਦਿਆਰਥੀਆਂ ਦੀ ਮੰਡਲੀ ਸੀ, ਉਨ੍ਹਾਂ ਲੰਗਰ ਤਿਆਰ ਕਰਨਾ ਸੀ ਜਲ ਲੈਣ ਗਏ। ਇਨ੍ਹਾਂ ਭੂਤਰੇ ਹੋਏ ਪਠਾਣਾਂ ਨੇ ਪਹਿਲੇ ਵਾਂਗ ਕੀਤਾ, ਗੁਲੇਲਾ ਮਹੰਤ ਸਾਹਿਬ ਦੀ ਅੱਖ ਤੇ ਵੱਜਾ, ਵਿਦਿਆਰਥੀਆਂ ਨੇ ਗੁੱਸੇ ਵਿਚ ਆ ਕੇ ਕਈ ਮਾਰੇ ਵੱਢੇ ਟੁੱਕੇ।

ਇਸੇ ਤਰ੍ਹਾਂ ਇਥੋਂ ਬਾਦਸ਼ਾਹੀ ਖਜ਼ਾਨਾ ਖੱਚਰਾਂ ਤੇ ਲੱਦਿਆ ਜਾ ਰਿਹਾ ਸੀ। ਹਨੇਰੀ ਆਉਣ ਤੋਂ ਇਨ੍ਹਾਂ ਪਠਾਣਾਂ ਦਾ ਦਾਅ ਬਚਾ ਕੇ ਖਜ਼ਾਨੇ ਵਾਲੀਆਂ ਕਈ ਖੱਚਰਾਂ ਲੁਕੋ ਲਈਆਂ, ਆਖਰ ਭਾਲਣ ਤੋਂ ਇਨ੍ਹਾਂ ਦੇ ਘਰੋਂ ਮਿਲੀਆਂ। ਸਰਕਾਰ ਨੇ ਬੰਨ੍ਹ ਕੇ ਗੋਲੀਆਂ ਨਾਲ ਉਡਾ ਦਿੱਤੇ, ਫਿਰ ਮੁੜ ਇਨ੍ਹਾਂ ਕਦੇ ਵੀ ਸ਼ਰਾਰਤ ਨਾ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਗੁਰਮੁਖ ਮਨ ਵਿਚ ਬਦਲੇ ਦੀ ਭਾਵਨਾ ਨਾ ਰਖੇ, ਆਪ ਕਿਸੇ ਦਾ ਬੁਰਾ ਨਾ ਚਿਤਵੇ, ਪ੍ਰਮੇਸ਼ਰ ਸੰਤ ਦੋਖੀਆਂ ਨੂੰ ਆਪ ਹੀ ਦੰਡ ਦੇ ਦੇਂਦਾ ਹੈ। ਜੇ ਆਪ ਵੈਰ ਕਰੇ ਈਰਖਾ ਰਖੇ, ਪ੍ਰਮੇਸ਼ਰ ਵਲੋਂ ਮਦਦ ਨਹੀਂ ਮਿਲਦੀ ਕਿ ਇਹ ਦੋਨੋਂ ਇਕੋ ਜਿਹੇ ਹਨ. ਉਲਝੇ ਰਹਿਣ ਦਿਉ। ਇਸ ਲਈ ਸਾਧੂ ਦਾ ਵੱਡਾ ਸ਼ਸਤਰ ਖਿਮਾਂ ਹੈ, ਜੋ ਕ੍ਰੋਧ ਦਾ ਨਾਸ਼ ਕਰਦਾ ਹੈ।

੮.੨.੩. ਸਾਧੂ ਦੀ ਵਿਰਤੀ

ਜਿਵੇਂ ਇਕ ਸੀਤਲ ਦਾਸ ਨਾਮੀ ਸਾਧੂ ਧੂਨੀਆਂ ਤਪਾਇਆ ਕਰੇ। ਇਕ ਗੁਰਮੁਖ ਪੁਛਣ ਲਈ ਚਲਾ ਗਿਆ ਜੀ ਆਪ ਦਾ ਨਾਮ ਕੀ ਹੈ ? ਦੱਸਣ ਤੋਂ ਸੀਤਲ ਦਾਸ ਹੈ, ਦੋ ਤਿੰਨ ਵਾਰੀ ਫੇਰ ਪੁਛਿਆ, ਸੰਤ ਕ੍ਰੋਧ ਨਾਲ ਖਫਾ ਹੋ ਕੇ ਧੂਨੇ ਦੀ ਬਲਦੀ ਲੱਕੜ ਲੈ ਕੇ ਮਗਰ ਭਜਿਆ ਕਿ ਤੈਨੂੰ ਇਕ ਵੇਰੀ ਦਸਿਆ, ਦੋ ਵਾਰੀ ਦਸਿਆ, ਹੱਟਦਾ ਹੀ ਨਹੀਂ। ਇਸ ਨੇ ਕਿਹਾ ਸੰਤ ਜੀ ਪਰਖਣ ਲਈ ਮੈਂ ਕਿਹਾ ਸੀ। ਆਪ ਨਾਮ ਦੇ ਤਾਂ ਸੀਤਲ ਦਾਸ ਹੋ ਪਰ ਉਂਜ ਭਾਂਬੜ ਦਾਸ ਹੋ। ਸਾਧੂ ਨੂੰ ਹਮੇਸ਼ਾ ਸ਼ਾਂਤ ਸੁਭਾਅ ਵਿਚ ਰਹਿਣਾ ਚਾਹੀਦਾ ਹੈ।

੮.੩. ਈਰਖਾ ਦਵੇਸ਼ :

ਇਕ ਲਗਾਤਾਰ ਕ੍ਰੋਧ ਹੀ ਹੈ, ਆਪਣੇ ਤੋਂ ਵੱਡੇ ਧਨਵਾਨ ਮਾਨੀ ਪੁਰਸ਼ ਨੂੰ ਦੇਖ ਕੇ ਦਿਲ ਨੂੰ ਸਾੜਨਾ ਈਰਖਾ ਕਹਿਲਾਤਾ ਹੈ, ਦੂਸਰੇ ਦੀ ਤਰੱਕੀ ਸਫਲਤਾ ਨੂੰ ਦੇਖ ਕੇ ਜਰ ਨਾ ਸਕਣਾ। ਕਿਸੇ ਪੁਰਸ਼ ਦੀ ਸੋਹਣੀ ਨਾਰੀ ਦੇਖ ਕੇ ਜਰ ਨਾ ਸਕਣਾ। ਕਈ ਮਹਾਤਮਾ ਵੀ ਦੂਸਰੇ ਮਹਾਤਮਾ ਦਾ ਜਸ ਵੇਖ ਕੇ ਸੜਦੇ ਹਨ, ਨਿੰਦਾ ਦੋਹਾਂ ਧਿਰਾਂ ਦੀ ਹੀ ਹੋਤੀ ਹੈ। ਕਬੀਰ ਸਾਹਿਬ ਜੀ ਕਥਨ ਕਰਤੇ ਹੈਂ

ਮਾਯਾ ਤਜਨੀ ਸਹਜ ਹੈ, ਸਹਜ ਤ੍ਰਿਯਾ ਕਾ ਨੇਹ॥
ਮਾਨ ਵਡਾਈ ਈਰਖਾ, ਤਜਨੀ ਦੁਰਲਭ ਇਹ॥

੮.੩.੧. ਈਰਖਾ ਦੇ ਰੂਪ ਤੇ ਬਚਣ ਦੇ ਉਪਾਵ :

੧. ਤੰਗ ਦਿਲ ਆਦਮੀ ਕੇ ਮਨ ਮੇਂ ਈਰਖਾ ਰਹਿਤੀ ਹੈ, ਉਦਾਰਤਾ ਕੇ ਅਭਿਆਸ ਤੋਂ ਇਸ ਨੂੰ ਦੂਰ ਕੀਤਾ ਜਾ ਸਕਦਾ ਹੈ।

੨. ਜਦੋਂ ਸਭ ਨੂੰ ਆਪਣੀ ਆਤਮਾ ਕਰਕੇ ਜਾਣ ਲਵੇ, ਫਿਰ ਕਿਸੇ ਨਾਲ ਈਰਖਾ ਕਰਨਾ ਬਣ ਹੀ ਨਹੀਂ ਸਕਦਾ, ਇਹ ਵੇਦਾਂਤ ਸਾਧਨ ਹੈ।

੩. ਭਗਤ ਸਭ ਨੂੰ ਗੋਬਿੰਦ ਕਰਕੇ ਜਾਣਦਾ ਹੈ, ਇਹ ਭਗਤੀ ਜੋਗ ਸਾਧਨਾ ਹੈ।

੪. ਕ੍ਰਮ ਯੋਗੀ ਸਭ ਨੂੰ ਪ੍ਰਮੇਸ਼ਰ ਕਾ ਰੂਪ ਜਾਣ ਕੇ ਸੇਵਾ ਕਰਤਾ ਹੈ, ਸੇਵਾ ਭਾਵ ਸੇ ਈਰਖਾ ਦੂਰ ਹੋ ਜਾਤੀ ਹੈ। ਈਰਖਾ ਵਾਲਾ ਕਿਸੇ ਦੀ ਸੇਵਾ ਨਹੀਂ ਕਰ ਸਕਦਾ। ਇਹ ਵਿਚਾਰ ਸਾਧਨਾ ਹੈ ਕਿ ਸਭ ਨੂੰ ਆਪਣਾ ਮਿੱਤਰ ਭਾਈ ਸਮਝਣਾ ਔਰ ਸਭ ਨੂੰ ਈਸ਼ਵਰ ਦੀ ਔਲਾਦ ਜਾਨਣਾ।

ਇਹ ਉਪਾਅ ਈਰਖਾ ਨੂੰ ਦੂਰ ਕਰਨੇ ਦੇ ਦੱਸੇ ਹਨ। ਸਤਿਗੁਰੂ ਜੀ ਕਿਰਪਾ ਕਰਕੇ ਹਰ ਪੁਰਸ਼ ਨੂੰ ਉਦਾਰ (ਸ੍ਰੇਸ਼ਟ) ਵਿਰਤੀ ਬਖਸ਼ਣ।

੮.੪. ਲੋਭ :

ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ॥
ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ॥
ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤਾ ਪਿਤਾ ਤਵ ਲਜਯਾ॥
ਅਕਰਣੰ ਕਰੋਤਿ ਅਖਾਦ੍ਹਿ ਖਾਦ੍ਹੰ ਅਸਾਜ੍ਹੰ ਸਾਜਿ ਸਮਜਯਾ॥
ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਹਾਪ੍ਹਿ ਨਾਨਕ ਹਰਿ ਨਰਹਰਹ॥

(ਪੰਨਾ ੧੩੫੮)

ਲੰਪਟ-ਲਗ ਰਿਹਾ ਹੈ, ਸਿਰਮੋਰਹ-ਸ਼੍ਰੋਮਣੀ, ਅਕਰਣੰ-ਨਾ ਕਰਨੇ ਯੋਗ।

ਅਰਥ :-ਹੇ ਲੋਭ ! ਤੂੰ ਸ਼੍ਰੋਮਣੀ ਪੁਰਸ਼ਾਂ ਨੂੰ ਭੀ ਲਗ ਰਿਹਾ ਹੈਂ, ਤੇਰੇ ਕਾਰਨ ਉਹ ਲੋਕ ਅਨੇਕਾਂ ਲਹਿਰਾਂ ਦੇ ਕਲੋਲ ਕਰਦੇ ਹਨ, ਤੇਰੇ ਕਰਕੇ ਜੀਵ ਅਨੇਕ ਤਰ੍ਹਾਂ ਦੌੜ ਰਹੇ ਹਨ ਅਨੇਕਾਂ ਭਾਂਤਾਂ ਕਰਕੇ ਭਰਮਾਂ ਤੋਂ ਡੋਲਦੇ ਹਨ। ਤੈਨੂੰ ਨਾ ਮਿੱਤਰ ਦੀ, ਨਾ ਇਸ਼ਟ ਦੀ, ਨਾ ਸਾਕ ਦੀ, ਨਾ ਮਾਤਾ ਪਿਤਾ ਦੀ ਵੀ ਸ਼ਰਮ ਨਹੀਂ ਹੈ। ਨਾ ਕਰਨ ਯੋਗ ਕਾਰਜ ਵੀ ਤੂੰ ਕਰਵਾ ਦਿੰਦਾ ਹੈਂ। ਨਾ ਖਾਣ ਯੋਗ ਪਦਾਰਥ ਖਵਾਉਂਦਾ ਹੈਂ ਅਤੇ ਨਾ ਬਣਨ ਵਾਲੀਆਂ ਵਿਧੀਆ ਬਣਾ ਦਿੰਦਾ ਹੈਂ। ਆਪ ਸਾਡੀ ਰੱਖਿਆ ਕਰੋ। ਹੇ ਸੁਆਮੀ, ਹੇ ਨਰਹਰ ਗੁਰੂ ਨਾਨਕ ਸਾਹਿਬ ਜੀ ਬੇਨਤੀ ਕਰਨ ਦਾ ਢੰਗ ਦੱਸਦੇ ਹਨ। ਲੋਭ ਸਾਰੇ ਪਾਪਾਂ ਦੀ ਜੜ੍ਹ ਹੈ, ਪਾਪ ਦਾ ਬਾਪ ਹੈ। ਲੋਭੀ ਆਦਮੀ ਕਦਮ-ਕਦਮ ਤੇ ਝੂਠ ਬੋਲਦਾ ਹੈ, ਆਪਣੇ ਸੁਆਰਥ ਲਈ ਦੂਸਰਿਆਂ ਦੀ ਹਾਨੀ ਕਰਦਾ ਹੈ। ਕਿਤਨਾ ਵੀ ਧਨ ਪ੍ਰਾਪਤ ਹੋ ਜਾਏ ਲੋਭੀ ਦਾ ਪੇਟ ਨਹੀਂ ਭਰਦਾ। ੯੯੯ ਦਰਿਆਵਾਂ ਨਾਲ ਸਮੁੰਦਰ ਵੀ ਭਰ ਜਾਤੇ ਹੈਂ ਪਰ ਲੋਭੀ ਦੀ ਭੁੱਖ ਮਾਇਆ ਪਦਾਰਥਾਂ ਨਾਲ ਨਹੀਂ ਮਿੱਟ ਸਕਦੀ। ਜਿਵੇਂ ਪਾਣੀ ਤੋਂ ਬੂਰ ਪੈਦਾ ਹੋ ਕੇ ਪਾਣੀ ਨੂੰ ਢੱਕ ਲੈਂਦਾ ਹੈ ਇਸੇ ਤਰ੍ਹਾਂ ਬੰਦੇ ਦੇ ਹਿਰਦੇ ਵਿਚ ਲੋਭ ਪੈਦਾ ਹੋ ਕੇ ਗਿਆਨ ਵਿਚਾਰ ਨੂੰ ਢੱਕ ਲੇਵੇ ਹੈ। ਲੋਭੀ ਆਦਮੀ ਮਾਂ ਬਾਪ ਭੈਣ ਭਰਾ ਮਿੱਤਰ ਸੱਜਣ, ਗੁਰੂ ਉਸਤਾਦ ਦਾ ਵੀ ਸਕਾ ਨਹੀਂ ਹੋਤਾ। ਲੋਭ ਬੜੀ ਬੁਰੀ ਬਲਾ ਹੈ।

ਜਿਵੇਂ :-ਮਾਖੀ ਬੈਠੀ ਸ਼ਹਦ ਪਰ, ਪੰਖ ਲੀਏ ਲਪਟਾਇ॥
ਹਥ ਮਲੇ ਸਿਰ ਧੁਨੇ, ਲਾਲਚ ਬੁਰੀ ਬਲਾਇ॥

ਸੌ ਹਾਥ ਸੇ ਧਨ ਕਮਾਉ ਔਰ ਹਜ਼ਾਰ ਹਾਥ ਸੇ ਦਾਨ ਕਰੋ, ਸੰਤੋਖ ਤੋਂ ਬਿਨਾਂ ਲੋਭ ਦੀ ਭੁੱਖ ਨਹੀਂ ਮਿਟਾਈ ਜਾ ਸਕਦੀ। ਜਿਤਨੀ ਭੀ ਦੌਲਤ ਹੈ ਜਨਮ ਤੋਂ ਬਾਅਦ ਇਥੋਂ ਹੀ ਮਿਲੀ ਹੈ, ਮਰਨ ਤੋਂ ਬਾਅਦ ਇਥੇ ਹੀ ਰਹਿ ਜਾਵੇਗੀ। ਦੁਨਿਆਵੀ ਅਦਾਰਿਆਂ ਵਿਚ ਮਾਇਆ ਜਮ੍ਹਾਂ ਕਰਵਾਣ ਨਾਲੋਂ, ਦਾਨ ਕਰਕੇ, ਸੱਚੇ ਅਦਾਰੇ ਵਿਚ ਜਮ੍ਹਾਂ ਕਰਵਾ ਦਿਉ। ਲੋਭ ਤੋਂ ਛੁਟਕਾਰਾ ਪਾਉਣ ਦਾ ਬੜਾ ਸਾਧਨ ਦਾਨ ਹੈ। ਸੱਚਾ ਧਨ ਜੇ ਕੋਈ ਹੈ ਉਹ ਸੰਤੋਖ ਹੈ।

ਗੋਧਨ, ਗਜਧਨ, ਬਾਜ਼ੀ ਧਨ, ਔਰ ਰਤਨ ਧਨ ਖਾਨ॥
ਜਬ ਆਵੇ ਸੰਤੋਖ ਧਨ, ਸਭ ਧਨ ਧੂਲ ਸਮਾਨ॥

੮.੫. ਮੋਹ :

ਮੋਹ ਤੋਂ ਤੀਨ ਵਸਤੂਆਂ ਪੈਦਾ ਹੋਤੀਆਂ ਹਨ। ਜੈਸੇ ਮੇਰੀ ਇਸਤ੍ਰੀ, ਮੇਰਾ ਪੁੱਤਰ, ਮੇਰੀ ਜਾਇਦਾਦ ਆਦਿ। ਮੈਂ ਮੇਰੀ ਦਾ ਮੂਲ ਮੋਹ ਹੀ ਹੈ। ਮਿਥਿਆ ਪ੍ਰੀਤੀ ਦਾ ਨਾਮ ਮੋਹ ਹੈ। ਸੰਸਾਰ ਦੀ ਕਿਸੇ ਵੀ ਵਸਤੂ ਨਾਲ ਹੱਦੋਂ ਵੱਧ ਪ੍ਰੇਮ ਕਰਨਾ ਮੋਹ ਹੈ। ਮੋਹ ਕਾਰਨ ਹੀ ਸਾਰੇ ਦੁੱਖ ਹਨ, ਮੈਂ ਮੇਰੀ ਦਾ ਭਾਵ ਮਨ ਤੇ ਬੜਾ ਅਸਰ ਕਰਦਾ ਹੈ, ਜਿਵੇਂ ਮੇਰਾ ਪੁੱਤਰ

ਮਰ ਗਿਆ। ਪਹਿਲੇ ਬਚਨ ਸੁਨਣ ਤੋਂ ਦੁਖ ਹੋਵੇਗਾ, ਫਿਰ ਸ਼ੋਕ ਦੇ ਸਮੁੰਦਰ ਵਿਚ ਡੁੱਬ ਜਾਵੇਗਾ, ਇਹ ਵਿਚਾਰ ਮਿਥਿਆ ਹੈ ਕਿ ਮੈਨੂੰ ਇਸਤ੍ਰੀ ਪੁੱਤਰ ਪਰਵਾਰ ਕਿਸੇ ਸੇ ਸੁਖ ਮਿਲੇਗਾ। ਜੇ ਬਿੱਲੀ ਕਿਸੇ ਦਾ ਚੂਚਾ ਖਾ ਜਾਏ ਦੁੱਖ ਨਹੀਂ ਹੋਤਾ, ਆਪਣਾ ਖਾਣ ਤੋਂ ਕਿਉਂ? ਮੋਹ ਹੈ ਮਮਤਾ ਭਾਵ ਹੈ, ਦੁੱਖ ਦਾ ਕਾਰਨ ਮੈਂ ਮੇਰੀ ਮਮਤਾ ਹੀ ਹੈ। ਝੂਠੇ ਪਿਆਰ ਦੀ ਜੜ੍ਹ ਉਖੇੜ ਦੇਵੋ, ਇਹ ਹੀ ਮੋਹ ਦਾ ਕਾਰਨ ਹੈ।

ਵਸਤੂ ਬਿਚਾਰ (ਆਤਮ ਗਿਆਨ) ਤੋਂ ਬਿਨਾਂ ਮੋਹ ਦੂਰ ਨਹੀਂ ਹੋਤਾ। ਸੰਸਾਰ ਦੇ ਪਦਾਰਥਾਂ ਨੂੰ ਨਿਤ ਰਹਿਣ ਵਾਲਾ ਮਾਨਤਾ ਹੈ, ਪਰ ਐਸਾ ਨਹੀਂ, ਸਭ ਖਿਨ ਭੰਗਰ (ਨਾਸ਼ਵਾਨ) ਹਨ। ਇਹ ਮੋਹ ਦਾ ਕਾਰਨ ਹੈ। ਮਿਥਿਆ ਸਰੀਰ ਮੇਂ ਨਿਤ ਬੁੱਧੀ ਅਤੇ ਸਰੀਰ ਨੂੰ ਹੀ ਆਤਮਾ ਕਰਕੇ ਜਾਣ ਰਿਹਾ ਹੈ। ਮੋਹ (ਅਗਿਆਨ) ਹੀ ਮਿਥਿਆ ਪਦਾਰਥਾਂ ਨੂੰ ਸੱਚੇ ਕਰਕੇ ਦਿਖਾ ਰਿਹਾ ਹੈ। ਭ੍ਰਾਤੀ ਕਰਕੇ ਦੇਹ ਨੂੰ ਸੁੱਖਾਂ ਦੀ ਗੇਹ (ਘਰ) ਮੰਨਦਾ ਹੈ। ਸਰੀਰ ਕੋ ਆਤਮ ਦੇਵ ਕਰਕੇ ਪੂਜਦਾ ਹੈ। ਅਵਿਦਿਆ ਦਾ ਬੁੱਧੀ ਪਰ ਪੜਦਾ ਹੈ, ਮੋਹ ਦੀ ਨਦੀ ਵਿਚ ਬੜੇ-ਬੜੇ ਤੈਰਾਕ ਵੀ ਡੁੱਬ ਗਏ ਹਨ, ਜੈਸੇ ਕਿਹਾ ਹੈ :

ਸੁਰ ਨਰ, ਮੁਨਿ ਸਭ ਫਸੇ, ਮ੍ਰਿਗ ਤ੍ਰਿਸ਼ਨਾ ਜਗ ਮੋਹ॥
ਮੋਹ ਰੂਪ ਸੰਸਾਰ ਹੈ, ਗਿਰੇ ਮੋਹ ਨਦ ਹੀ ਜੋਹ॥

ਮੋਹ ਜਾਲ ਵਿਚ ਫਸਿਆ ਹੋਇਆ ਪੁੱਤਰ ਪਰਿਵਾਰ ਦੀ ਪਾਲਣਾ ਵਿਚ ਜੀਵਨ ਬਤੀਤ ਕਰ ਜਾਂਦਾ ਹੈ। ਗਿਆਨ ਰੂਪੀ ਸੂਰਜ ਨੂੰ ਮੋਹ ਰੂਪ ਬੱਦਲ ਚਮਕਨੇ ਨਹੀਂ ਦੇਤਾ। ਸਤਿਗੁਰੂ ਜੀ ਦੀ ਬਖ਼ਸ਼ਿਸ਼ ਤੋਂ ਮੋਹ ਰੂਪੀ ਪਰਦਾ ਟੁਟਦਾ ਹੈ ਅਤੇ ਹੰਗਤਾ ਮਮਤਾ ਨਸ਼ਟ ਹੋਤੀ ਹੈ। ਜਾਤੇ ਵਕਤ ਕੋਈ ਵਸਤੂ ਕਿਸੇ ਨਿਕਟਵਰਤੀ ਨੂੰ ਸਹਾਇਕ ਨਾ ਜਾਣ ਕੇ ਪਛਤਾਉਂਦਾ ਹੈ, ਸਾਰੀ ਜ਼ਿੰਦਗੀ ਨਸ਼ਟ ਹੀ ਕਰ ਦਿਤੀ। ਆਸ਼ਾ ਮੋਹ ਕੀ ਜੜ੍ਹ ਹੈ, ਕਿਸੀ ਵਸਤੂ ਕੀ ਪ੍ਰਾਪਤੀ ਕੀ ਇੱਛਾ ਕਾ ਨਾਮ ਆਸ਼ਾ ਹੈ। ਇਸ ਤੋਂ ਤ੍ਰਿਸ਼ਨਾ ਪੈਦਾ ਹੋਤੀ ਹੈ। ਸੁਖ ਦੀ ਆਸ਼ਾ ਤੋਂ ਹੀ ਆਪਾਂ ਕਿਸੇ ਵਸਤੂ ਨਾਲ ਪਿਆਰ ਕਰਦੇ ਹਾਂ। ਪ੍ਰੇਮ ਕਾ ਆਧਾਰ ਸੁਖ ਕੀ ਆਸ਼ਾ ਹੈ, ਸੁਖ ਕੀ ਆਸ਼ਾ ਹੀ ਮੋਹ ਕਾ ਮੂਲ ਦੁਆਰ ਹੈ। ਮੋਹ ਦੀ ਨਵਿਰਤੀ ਪ੍ਰਭੂ ਕਾ ਸਹਾਰਾ ਲੈਣਾ ਹੈ, ਐਸਾ ਜਾਣ ਲਵੇ ਈਸ਼ਵਰ ਤੋਂ ਬਿਨਾਂ ਤੇਰਾ ਕੋਈ ਵੀ ਸਹਾਇਕ ਨਹੀਂ।

ਹਰਿ ਬਿਨੁ ਕਉਨੁ ਸਹਾਈ ਮਨ ਕਾ॥

(ਅੰਗ ੧੨੫੩)

ਸੰਸਾਰਕ ਸੰਬੰਧ ਝੂਠਾ ਲੈਣ ਦੇਣ ਦਾ ਸੰਬੰਧ ਹੈ। ਇਕ ਦਿਨ ਸਭ ਨਾਲੋਂ ਵਿਛੋੜਾ ਹੋ ਜਾਵੇਗਾ, ਫਿਰ ਕਿਹੜੀ ਵਸਤੂ ਹੈ ਜਿਸ ਦਾ ਵਿਛੜਣ ਤੋਂ ਬਾਅਦ ਵੀ ਵਿਛੋੜਾ ਨਹੀਂ ਹੋਤਾ, ਉਹ ਪ੍ਰਮੇਸ਼ਰ ਹੈ, ਉਸਦੀ ਪ੍ਰਾਪਤੀ ਨਾਮ ਦੀ ਕਮਾਈ ਤੋਂ ਹੈ। ਨਾਮ ਪੂਰੇ ਸਤਿਗੁਰਾਂ ਤੋਂ ਹਉਮੈ ਤਿਆਗ ਕੇ ਮਿਲਦਾ ਹੈ। ਸਤਿਗੁਰੂ ਜੀ ਪੂਰਬਲੇ ਕਰਮਾਂ ਦੇ ਸੰਜੋਗ ਤੋਂ, ਸੱਚੀ ਸੰਗਤ ਦੇ ਉਪਦੇਸ਼ ਤੋਂ ਪ੍ਰਾਪਤ ਹੋਤੇ ਹੈਂ। ਜਦੋਂ ਸਤ ਅਤੇ ਅਸਤ ਵਸਤੂ ਦਾ ਨਿਰਣਾ

ਗੁਰਬਾਣੀ ਦੁਆਰਾ ਪ੍ਰਾਪਤ ਕਰ ਲਵੇਗਾ ਫਿਰ ਵਾਹਿਗੁਰੂ ਦੇ ਚਰਨਾਂ ਦਾ ਪ੍ਰੇਮ ਉਮਡੇਗਾ, ਦੁਨਿਆਵੀ ਮੋਹ ਬਿਨਸ ਜਾਵੇਗਾ। ਕਬੀਰ ਸਾਹਿਬ ਫੁਰਮਾਂਦੇ ਹਨ

ਜਬ ਲਗ ਨਾਤਾ ਜਗਤ ਕਾ, ਤਬ ਲਗ ਭਗਤ ਨਾ ਹੋਇ॥
ਨਾਤਾ ਤੋੜੇ ਹਰਿ ਭਜੇ, ਭਗਤ ਕਹਾਵੇ ਸੋਇ॥

ਮੋਹ ਜਾਲ ਕੱਟਣ ਲਈ ਸਾਰੀ ਸ੍ਰਿਸ਼ਟੀ ਨੂੰ ਬ੍ਰਹਮ ਰੂਪ ਕਰਕੇ ਉਪਾਸੇ, ਫਿਰ ਤਿਆਗੀ ਨਿਰਮੋਹ ਮਹਾਤਮਾ ਦੀ ਸੰਗਤ ਕਰੋ, ਉਨ੍ਹਾਂ ਦੇ ਬੈਰਾਗਮਈ ਉਪਦੇਸ਼ ਵੀ ਮੋਹ ਦੀ ਜੜ੍ਹ ਨੂੰ ਕੱਟਦੇ ਹਨ। ਈਸ਼ਵਰ ਅੱਗੇ ਬੇਨਤੀਆਂ ਕਰੋ ਕਿ ਹੇ ਸੁਆਮੀ ਜੀ ਸਾਡੇ ਮਨ ਤੋਂ ਮੋਹ ਮਮਤਾ ਦਾ ਪੜਦਾ ਦੂਰ ਕਰੋ। ਸੰਸਾਰ ਨੂੰ ਸਰਾਂ ਦੇ ਯਾਤਰੂਆਂ ਵਤ ਸਮਝੇ, ਸੰਸਾਰ ਇਕ ਚਲਨੀ ਸਰਾਂ ਹੈ। ਸੰਸਾਰ ਤੋਂ ਭਾਵ ਸੰਸਾਰ ਦੇ ਜੀਵ ਇਕ ਸੰਸਾਰ ਰੂਪੀ ਸਰਾਂ ਦੇ ਯਾਤਰੂ ਹਨ, ਦੂਸਰਾ ਰੇਲ ਦੇ ਡੱਬੇ ਦੇ ਯਾਤਰੂਆਂ ਵਤ ਸਨੇਹੀਆਂ ਨੂੰ ਜਾਣੇ, ਉਮਰ ਰੂਪੀ ਟਿਕਟ ਲੈ ਕੇ ਅਸੀਂ ਸਾਰੇ ਆਏ। ਉਮਰ ਟਿਕਟ ਖ਼ਤਮ ਹੋਣ ਤੋਂ ਸਰੀਰ ਰੂਪੀ ਗੱਡੀ ਦਾ ਤਿਆਗ ਚਾਹੇ ਹੱਸ ਕੇ ਕਰੋ ਚਾਹੇ ਚੀਕ ਕੇ ਕਰੋ ਕਰਨਾ ਅਵੱਸ਼ ਪੈਣਾ ਹੈ। ਮੋਹ ਦਾ ਤਿਆਗ ਕਰਨ ਲਈ ਦੇਹ ਅਧਿਆਸ ਜ਼ਰੂਰੀ ਤਿਆਗਣਾ ਪੈਂਦਾ ਹੈ। ਫਿਰ ਸਨੇ ਸਨੇ ਸਾਰੇ ਸੰਬੰਧੀਆਂ ਕਾ ਨਾਤਾ ਤੋੜ ਦੇਵੇ। ਮੋਹ ਕਰਨਾ ਹੈ ਤਾਂ ਵਾਹਿਗੁਰੂ ਚਰਨਾਂ ਦਾ ਕਰੇ ਜੋ ਸਦਾ ਰਹਿਣ ਵਾਲਾ ਅਤੇ ਅਵਿਨਾਸ਼ੀ ਸੁੱਖ ਦੇਣ ਵਾਲਾ ਹੈ।

੮.੬. ਅਹੰਕਾਰ :

ਮੈਂ ਭਾਵ ਪ੍ਰਮਾਤਮਾ ਤੇ ਜੀਵ ਦੇ ਵਿਚਾਲੇ ਇਕ ਪਰਦਾ ਹੈ। ਅਹੰਕਾਰ ਕਰਨ ਨਾਲ ਜੀਵ ਦਾ ਕੀਤਾ ਕਰਾਇਆ ਸਭ ਨਸ਼ਟ ਹੋ ਜਾਤਾ ਹੈ। ਅਹੰਕਾਰ ਸਾਰੇ ਦੁੱਖਾਂ ਦੀ ਜੜ੍ਹ ਹੈ, ਘਨੇ ਬ੍ਰਿਛ ਕਾ ਚਿਤ ਮੇਂ ਬੀਜ ਹੈ, ਇਸ ਜ਼ਹਿਰੀਲੇ ਬ੍ਰਿਛ ਤੋਂ ਹੀ ਸੰਕਲਪਾਂ ਵਿਕਲਪਾਂ ਰੂਪੀ ਸ਼ਾਖਾਂ ਉਤਪੰਨ ਹੋਤੀਆਂ ਨੇ, ਸੰਕਲਪਾਂ ਤੋਂ ਰਹਿਤ ਹੋਣਾ ਸ਼ਾਖਾਂ ਦਾ ਕੱਟਣਾ ਹੈ। ਵਾਸ਼ਨਾ ਤੋਂ ਰਹਿਤ ਹੋਣਾ ਇਸ ਦੀ ਜੜ੍ਹ ਦਾ ਉਖੇੜਨਾ ਹੈ। ਸਭ ਤੋਂ ਪਹਿਲੇ ਅਹੰਕਾਰ ਪੈਦਾ ਹੋਤਾ ਹੈ, ਫਿਰ ਮਮਤਾ ਤਥਾ ਕਾਮ ਕ੍ਰੋਧ ਰਾਗ ਦ੍ਵੈਸ਼ ਅਵਿਦਿਆ ਅਸਿਮਤਾ ਅਭਿਨਵੇਸ਼ (ਝੂਠਾ ਹਠ) ਉਤਪੰਨ ਹੋ ਜਾਤਾ ਹੈ। ਧਨ, ਬੱਲ, ਵਿਦਿਆ, ਸੁੰਦਰਤਾ ਸਦਗੁਣੋਂ ਕੀ ਪ੍ਰਾਪਤੀ ਅਹੰਕਾਰ ਕੋ ਬਢਾਤੇ ਹੈਂ। ਅਹੰਕਾਰ ਦੋ ਭਾਂਤਿ ਕਾ ਹੈ

੮.੬.੧. ਅਸ਼ੁੱਧ ਅਹੰਕਾਰ :-

ਆਪਣੇ ਆਪ ਨੂੰ ਕਰਤਾ ਭੋਕਤਾ ਮੰਨਣਾ, ਦੇਹ ਅਧਿਆਸ ਕਰਨਾ। ਮੈਂ ਅਮੀਰ ਹੂੰ ਅਤੇ ਉੱਚੀ ਕੁਲ ਦਾ ਹਾਂ, ਐਸੇ ਅਹੰਕਾਰ ਦਾ ਨਿਵਾਸ ਸਥਾਨ ਮਨ ਹੀ ਹੈ। ਇਹ ਬੰਧਨ ਕਾ ਕਾਰਨ ਹੈ, ਸਧਾਰਨ ਬੁੱਧੀ ਕੇ ਲੋਕ ਐਸੇ ਕਿਰਿਆ ਵਾਲੇ ਹੋਤੇ ਹੈਂ।

੮.੬.੨. ਸ਼ੁੱਧ ਅਹੰਕਾਰ :

ਮੈਂ ਸਰੀਰ ਇੰਦ੍ਰੀਯ ਪ੍ਰਾਣ ਮਨ ਨਹੀਂ ਹੂੰ। ਮੈਂ ਆਤਮਾ ਰਾਮ ਹੂੰ, ਇਹ ਸ਼ੁੱਧ ਅਹੰਕਾਰ ਹੈ। ਇਸ ਵਿਚ ਜੀਵ ਆਪਣੇ ਆਪ ਕੋ ਕਰਤਾ ਭੋਕਤਾ ਨਹੀਂ ਮਾਨਤਾ, ਸਭ ਕੋ ਆਤਮਾ ਰੂਪ ਕਰਕੇ ਜਾਣੇ ਹੈ।

ਅਹੰਕਾਰ ਦਾ ਨਾਸ਼ ਆਤਮ ਸਮਰਪਣ ਕਰਕੇ ਹੋਤਾ ਹੈ। ਆਪਣੀ ਹੋਂਦ ਨੂੰ ਪ੍ਰਭੂ ਵਿਚ ਅਭੇਦ ਕਰ ਦੇਣਾ। ਮੈਂ ਭਾਵ ਮੇਟ ਕੇ ਤੂੰ ਭਾਵ ਵਿਚ ਇਸਥਿਤ ਹੋਣਾ, ਆਪਣੇ ਆਪ ਕੋ ਜੀਵ ਜੰਤੂ ਪ੍ਰਮਾਤਮਾ ਕਾ ਸੇਵਕ ਸਮਝਤਾ ਹੈ। ਇਹ ਭਗਤੀ ਮਾਰਗ ਹੈ। ਗਿਆਨ ਮਾਰਗ ਵਾਲਾ ਮੈਂ ਮੇਟ ਕੇ ਅਹੰਕਾਰ ਤਿਆਗ ਕੇ ਸਭ ਆਤਮ ਸਰੂਪ ਵਿਚ ਦ੍ਰਿਸ਼ਟੀ ਟਿਕਾਤਾ ਹੈ। ਮੈਂ ਸਰੀਰ ਨਹੀਂ ਆਤਮਾ ਹੂੰ, ਕ੍ਰਮ ਯੋਗੀ ਆਤਮ ਤਿਆਗ ਦੁਆਰਾ ਇਸ ਤੇ ਕਾਬੂ ਪਾਉਂਦਾ ਹੈ, ਮਨ ਰੂਪੀ ਤਲਾਬ ਵਾਸ਼ਨਾ ਰੂਪ ਜਲ ਸੇ ਭਰਾ ਹੂਆ ਹੈ। ਮਨ ਕੇ ਤਲਾਬ ਕੋ ਸੁਕਾ ਦੇਵੋ ਫਿਰ ਸੰਸਾ ਨਹੀਂ ਰਹੇਗਾ। ਜਿਵੇਂ ਤਲਾਬ ਕੇ ਸੂਕ ਜਾਣੇ ਤੋਂ ਸੂਰਜ ਕਾ ਪ੍ਰਤੀਬਿੰਬ ਨਜ਼ਰ ਨਹੀਂ ਆਤਾ। ਅਧਿਆਤਮਿਕਬਾਦ ਬੜਾ ਕਰੜਾ ਮਾਰਗ ਹੈ, ਸੰਤੋਖ ਕੇ ਸਾਥ ਕਾਮ ਕ੍ਰੋਧ ਰੂਪੀ ਅੰਦਰੂਨੀ ਕੰਡਿਆਂ ਕੋ ਉਖਾੜ ਦੇਵੋ ਜੋ ਹਮੇਸ਼ਾ ਪੀੜਾ ਦੇਤੇ ਹੈਂ। ਖੋਟੇ ਪੁਰਸ਼ਾਂ ਦਾ ਸੰਗ ਬਹਿਰੂਨੀ ਕੰਡਾ ਹੈ। ਵਿਆਹ ਕਰੋ ਪਰ ਬ੍ਰਹਮਚਰਜ ਦਾ ਪਾਲਨ ਕਰੋ, ਵਸਤੂਆਂ ਕਾ ਗ੍ਰਹਿਣ ਕਰੋ, ਗ੍ਰਹਿਣ ਕੀ ਇੱਛਾ ਨਾ ਹੋਵੇ, ਕਰਮ ਕਰਕੇ ਫਲ ਦੀ ਇੱਛਾ ਤਿਆਗੋ, ਇਹ ਬਚਨ ਕੌੜੇ ਲਗਤੇ ਹੈਂ ਪਰ ਤਥ ਰੂਪ ਹਨ। ਸੰਖੀਆ ਖਾਣ ਤੋਂ ਇਕ ਵੇਰ ਮੌਤ ਹੈ, ਕ੍ਰੋਧ ਕਾਮ ਆਦਿ ਸ਼ਤਰੂ ਹਮੇਸ਼ਾ ਜੀਵ ਨੂੰ ਜਨਮ ਮਰਨ ਵਿਚ ਰਖਤੇ ਹਨ ਅਤੇ ਅਵਾਚ ਦੁੱਖ ਸਹਿਣਾ ਪੈਂਦਾ ਹੈ। ਉਪਰਾਮਤਾ ਨੂੰ ਧਾਰਨ ਕਰਨਾ, ਸੇਵਾ ਸਿਮਰਨ, ਤਿਆਗ ਵਿਰਤੀ ਅਪਨਾਉਣੀ, ਆਲਸ ਦਾ ਤਿਆਗ ਕਰਕੇ ਸਾਧਨਾ ਸੰਪੰਨ ਹੋਣਾ, ਅਹੰਕਾਰ ਨਵਿਰਤੀ ਦੇ ਸੂਖਸ਼ਮ ਉਪਾਵ ਬਤਾਏ ਹਨ। ਗੁਰਬਾਣੀ ਅਹੰਕਾਰ ਬਾਬਤ ਕਥਨ ਕਰਦੀ ਹੈ

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ॥
ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ॥
ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ॥
ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ॥
ਬੈਦੵੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ॥ ੪੯॥

(ਪੰਨਾ ੧੩੫੮)

ਅਰਥ :- ਤਜੰਤਿ-ਛੁਡਾਉਂਦਾ ਹੈ, ਬਿਸ੍ਤੀਰਨਹ-ਖਿਲਾਰਦਾ ਹੈ, ਉਦਿਆਨ-ਬਨ, ਬਿਕਟ-ਬਿਖੜਾ।

ਹੇ! ਜਨਮ ਮਰਨ ਦੇ ਮੂਲ (ਕਾਰਨ) ਹੰਕਾਰ ਤੂੰ ਪਾਪ ਆਤਮਾ ਹੈਂ, ਮਿੱਤਰਾਂ ਨੂੰ ਛੁਡਾ

ਦੇਂਦਾ ਹੈਂ। ਸ਼ਤਰੂਆਂ ਨੂੰ ਦ੍ਰਿੜ੍ਹ ਕਰਵਾ ਦਿੰਦਾ ਹੈ। ਤਰ੍ਹਾਂ-ਤਰ੍ਹਾਂ ਦੀ ਮਾਯਾ ਖਿਲਾਰਦਾ ਹੈ, ਜੀਵ ਜੰਮਦਾ ਮਰਦਾ ਥੱਕ ਜਾਂਦਾ ਹੈ ਅਤੇ ਤਰ੍ਹਾਂ ਤਰ੍ਹਾਂ ਦੇ ਦੁਖ ਭੁਗਾਉਂਦਾ ਹੈਂ। ਮਹਾਂ ਭਿਆਨਕ ਬਨ ਸੰਸਾਰ ਵਿਚ ਕਦੀ ਨਾ ਅੱਛੇ ਹੋਣ ਵਾਲੇ ਰੋਗਾਂ ਵਿਚ ਜੀਵਾਂ ਨੂੰ ਗ੍ਰਸਤ ਕਰਦਾ ਹੈਂ। ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਪਾਰਬ੍ਰਹਮ ਪ੍ਰਮੇਸ਼ਰ ਹੀ ਉਨ੍ਹਾਂ ਅਸਾਧ ਦੁੱਖਾਂ ਦੇ ਦੂਰ ਕਰਨ ਵਾਲੇ ਵੈਦਯ ਹਨ। ਸੋ ਹਰਿ ਹਰਿ ਹਰੇ ਦੀ ਅਰਾਧਨਾ ਕਰੋ, ਜੋ ਅਹੰਕਾਰ ਰੂਪੀ ਰੋਗ ਨੂੰ ਦੂਰ ਕਰਨ ਦੀ ਸੱਚੀ ਦਵਾਈ ਹੈ।

★★★

ਅਧਿਆਇ ਨੌਵਾਂ

੯.੧ ਸੰਸਕਾਰ ਵਾਸ਼ਨਾ

ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਨਾ ਨਿਵਾਰਿ॥
ਰਾਖਿ ਲੇਹੁ ਪ੍ਰਭ ਆਪਣੇ ਨਾਨਕ ਸਦ ਬਲਿਹਾਰਿ॥

(ਪੰਨਾ ੫੨੩)

ਗੁਰੂ ਮਹਾਰਾਜ ਕੇ ਚਰਨੋਂ ਮੇ ਪ੍ਰਾਰਥਨਾ ਕਰਕੇ ਸਭ ਵਾਸਨਾ ਕੋ ਦੂਰ ਕਰੇ।

ਤਥਾ :

ਗੁਰ ਪ੍ਰਸਾਦਿ ਬਿਖਿਆ ਪਰਹਰੈ॥ ਮਨ ਕੀ ਬਾਸਨਾ ਮਨ ਤੇ ਟਰੈ॥
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥

(ਪੰਨਾ ੨੭੪)

ਪ੍ਰਸ਼ਨ :-ਵਾਸ਼ਨਾ ਕਿਸ ਨੂੰ ਕਹਿੰਦੇ ਹਨ, ਜਿਸ ਕੇ ਨਾਸ਼ ਕਰਨੇ ਕੀ ਮੁਮੁਖਸ਼ੂ (ਜਗਿਆਸੂ) ਕੋ ਹਰ ਵਕਤ ਜ਼ਰੂਰਤ ਹੈ। ਇਸ ਦਾ ਉੱਤਰ ਸ਼੍ਰੀ ਵਸ਼ਿਸ਼ਟ ਜੀ ਸ਼੍ਰੀ ਰਾਮ ਜੀ ਨੂੰ ਕਹਿੰਦੇ ਹਨ:

ਉੱਤਰ:-ਸਹਸਕ੍ਰਿਤੀ ਸਲੋਕ ਹੈ

ਦ੍ਰਿੜ੍ਹ ਭਾਵਨਯ ਤਿਆਤਾ ਪੂਰਵਾ ਪਰ ਵਿਚਾਰਣੰ॥
ਯਦਾ ਦਾਨੰ ਪਦਾਰਥਸਯ ਵਾਸ਼ਨਾ ਸਾ ਪ੍ਰਕੀਰਤਿਤਾ॥

ਅਰਥ ਆਗੇ ਪੀਛੇ ਕਾ ਵਿਚਾਰ ਨਾ ਕਰਕੇ ਦ੍ਰਿੜ੍ਹ ਭਾਵਨਾ ਸੇ ਜੋ ਪਦਾਰਥ ਕਾ ਗ੍ਰਹਿਣ ਕਰਨਾ ਹੈ ਯਾਨੇ ਪਦਾਰਥ ਵਿਚ ਜੋ ਅਹੰਤਾ ਮਮਤਾ ਕਰਨੀ ਹੈ ਇਸ ਦਾ ਨਾਮ ਵਾਸ਼ਨਾ ਹੈ। ਉਹ ਵਾਸ਼ਨਾ ਕੇ ਬੇਗ ਸੇ ਯਾਨੇ ਅਭਿਆਸ ਸੇ ਆਪਣੇ ਸਰੂਪ ਕੋ ਭੂਲ ਜਾਤਾ ਹੈ। ਜੈਸੇ ਮਦਰਾ ਯਾਨੇ ਸ਼ਰਾਬ ਪੀਆ ਹੂਆ ਪੁਰਸ਼ ਬੇਹੋਸ਼ ਹੋ ਜਾਤਾ ਹੈ, ਜੈਸੀ ਉਸਕੀ ਵਾਸ਼ਨਾ ਪੱਕੀ ਹੋ ਜਾਤੀ ਹੈ ਤੈਸਾ ਹੀ ਉਸ ਕੋ ਜਗਤ ਦਿਖਾਈ ਦੇਤਾ ਹੈ। ਔਰ ਅੰਤਕਾਲ ਮੇਂ ਜੈਸੀ ਭਾਵਨਾ ਕਰਤਾ ਹੈ ਤੈਸਾ ਹੀ ਉਸਕੋ ਜਨਮ ਮਿਲਤਾ ਹੈ ਔਰ ਵਰਤਮਾਨ ਕਾਲ ਮੇਂ ਭੀ ਜੈਸੀ ਵਾਸ਼ਨਾ ਵਾਲਾ ਹੋਤਾ ਹੈ ਐਸੇ ਹੀ ਸੰਕਲਪ ਕਰਤਾ ਹੈ। ਜੈਸਾ ਸੰਕਲਪ ਕਰਤਾ ਹੈ, ਤੈਸੀ ਹੀ ਕਿਰਿਆ ਕਰਤਾ ਹੈ, ਤੈਸਾ ਹੀ ਉਸਕੋ ਫਲ ਮਿਲਤਾ ਹੈ।

੯.੨ ਸੰਸਕਾਰ

ਇਹ ਵੀ ਇਕ ਮਾਨਸਿਕ ਵਿਕਾਰ ਹੈ। ਦੇਖਣ ਸੁਨਣ ਬੋਲਣ ਤੋਂ ਜੋ ਸੰਸਕਾਰ ਪੈਦਾ ਹੁੰਦੇ ਹਨ, ਉਹ ਆਪਣਾ ਨਿਸ਼ਾਨ ਛੋਡ ਜਾਂਦੇ ਹਨ। ਅਥਵਾ ਬੁਰੇ ਭਲੇ ਹੋਣ ਉਨ੍ਹਾਂ ਦਾ ਨਿਸ਼ਾਨ ਚਿਤ ਮੇਂ ਪੈ ਜਾਂਦਾ ਹੈ। ਸਾਰੇ ਸੰਸਕਾਰ ਉਪਚੇਤਨ ਮਨ ਮੇਂ ਇਕੱਤ੍ਰ ਹੋ ਕੇ ਰਹਿੰਦੇ ਹਨ, ਕੁਝ ਪਿਛਲੇ ਜਨਮਾਂ ਦੇ ਸੂਖਮ ਰੂਪੀ ਸੰਸਕਾਰ ਹਨ। ਕੁਝ ਇਸ ਜਨਮ ਦੇ ਸਥੂਲ ਰੂਪ ਸੰਸਕਾਰ ਹਨ, ਪਿਛਲੇ ਸੰਸਕਾਰਾਂ ਤੋਂ ਇਸ ਜਨਮ ਦੇ ਕਰਮਾਂ ਵਿੱਚ ਪ੍ਰਵਿਰਤ ਹੁੰਦਾ ਹੈ। ਇਸ ਜਨਮ ਦੇ ਕਰਮਾਂ ਤੋਂ ਨਵੇਂ ਸੰਸਕਾਰ ਫਿਰ ਪੈਦਾ ਹੁੰਦੇ ਹਨ, ਉਨ੍ਹਾਂ ਦੀ ਸਿੰਮ੍ਰਤੀ ਬਣ ਜਾਂਦੀ ਹੈ। ਸੰਸਕਾਰਾਂ ਦੇ ਅਨੁਸਾਰ ਹੀ ਜਨਮ, ਕਰਮ, ਬੁੱਧੀ, ਬਲ ਪ੍ਰਾਪਤ ਹੁੰਦਾ ਹੈ। ਸਾਡੀ ਕਿਸਮਤ ਦਾ ਆਧਾਰ ਸੰਸਕਾਰ ਹੀ ਹਨ। ਜਿਵੇਂ ਸੁੱਤਾ ਹੋਇਆ ਪੁਰਸ਼ ਜਿਹੜੇ ਕਰਮ ਨੂੰ ਤਿਆਗ ਕੇ ਸੁੱਤਾ ਸੀ ਜਾਗ ਕੇ ਫਿਰ ਉਸੇ ਕਰਮ ਵਿਚ ਪ੍ਰਵਿਰਤ ਹੋ ਜਾਂਦਾ ਹੈ। ਇਸੇ ਤਰ੍ਹਾਂ ਮਰਨ ਸਮੇਂ ਜਿਹੜੇ ਸੰਸਕਾਰ ਵਿਚ ਇਸ ਦੀ ਮੌਤ ਹੋਈ ਹੈ ਉਸੇ ਜੂਨੀ ਵਿਚ ਚਲਾ ਜਾਂਦਾ ਹੈ ਅਤੇ ਸੰਸਕਾਰਾਂ ਦੇ ਅਨੁਸਾਰ ਹੀ ਅਗਲਾ ਕਰਮ ਕਰਦਾ ਹੈ। ਜੈਸੇ ਮੁਰਗੀ ਦੇ ਬੱਚੇ ਉਤਪੰਨ ਹੋਕਰ ਦਾਣੇ ਚੁਗਦੇ ਹਨ, ਬੱਤਖ ਦੇ ਬੱਚੇ ਪਾਣੀ ਵਿਚ ਤੁਰਦੇ ਹਨ, ਇਸੇ ਤਰ੍ਹਾਂ ਸੰਸਾਰ ਸੰਸਕਾਰਾਂ ਅਨੁਸਾਰ ਵਿਚਰ ਰਿਹਾ ਹੈ।

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥

(ਪੰਨਾ ੮੭੬)

੯.੩ ਵਾਸ਼ਨਾ

ਇਕ ਸੂਖਛਮ ਇੱਛਾ ਹੈ, ਜਿਵੇਂ ਪੱਤੇ, ਟਾਹਣੀਆਂ, ਫੂਲ, ਤਨਾਂ, ਜੜ੍ਹਾਂ ਬੀਜ ਵਿਚ ਛੁਪੀਆਂ ਹੋਈਆਂ ਹਨ, ਇਸੇ ਪ੍ਰਕਾਰ ਸਰੀਰ ਰੂਪੀ ਬੀਜ ਵਿਚ ਛੁਪ ਕਰ ਵਾਸ਼ਨਾਵਾਂ ਨਿਵਾਸ ਕਰ ਰਹੀਆਂ ਹਨ। ਵਾਸ਼ਨਾ ਪ੍ਰਗਟ ਹੋਣ ਲਈ ਇੱਛਾ ਦਾ ਰੂਪ ਧਾਰਨ ਕਰਤੀ ਹੈ। ਵਾਸ਼ਨਾ ਦਾ ਅਸਥਾਨ ਚਿਤ ਹੈ, ਵਾਸ਼ਨਾ ਦਾ ਅਰਥ ਹੈ ਵੱਸ ਜਾਏ ਤਥਾ ਬੂ ਕੋ ਵਾਸ ਕਹਿੰਦੇ ਹਨ। ਜਿਵੇਂ ਫੁੱਲ ਵਿਚ ਸੁਗੰਧੀ ਰਹਿ ਰਹੀ ਹੈ ਤਿਵੇਂ ਚਿੱਤ ਵਿਚ ਵਾਸ਼ਨਾ ਰਹਿੰਦੀ ਹੈ। ਜਿਵੇਂ ਇਕ ਜਗ੍ਹਾ ਫੁੱਲ ਜਾਂ ਦੁਰਗੰਧੀ ਵਾਲੀ ਵਸਤੂ ਧਰਨ ਤੋਂ ਸੁਗੰਧੀ ਤੇ ਬਦਬੂ ਛੋਡ ਜਾਂਦੀ ਹੈ ਇਸੇ ਤਰ੍ਹਾਂ ਭਲੇ ਕਰਮ ਸੁਗੰਧੀ ਅਤੇ ਬੁਰੇ ਕਰਮ ਦੁਰਗੰਧੀ ਰੂਪੀ ਵਾਸ਼ਨਾ ਛੋਡ ਜਾਂਦੇ ਹਨ। ਵਾਸ਼ਨਾ ਦੇ ਨਾਸ਼ ਤੋਂ ਹੀ ਚਿਤ ਦਾ ਨਾਸ਼ ਹੋਤਾ ਹੈ। ਵਾਸ਼ਨਾ ਹੀ ਜਨਮ ਮਰਨ ਦਾ ਕਾਰਨ ਹੈ, ਬੁਰੀਆਂ ਵਾਸ਼ਨਾਵਾਂ ਬੰਧਨ ਦਾ ਕਾਰਨ ਹਨ। ਭਲੀਆਂ ਵਾਸ਼ਨਾਵਾਂ ਮੁਕਤੀ ਦਾ ਕਾਰਨ ਹਨ। ਜਿਵੇਂ ਰੇਸ਼ਮ ਦਾ ਕੀੜਾ ਅਪਣੇ ਮੂੰਹ ਤੋਂ ਤਾਰ ਨਿਕਾਲ ਕੇ ਆਪਣੇ ਦੁਆਲੇ ਲਪੇਟ ਕੇ ਆਪਣੀ ਮੌਤ ਦਾ ਕਾਰਨ ਬਣਾ ਲੈਂਦਾ ਹੈ, ਇਸੇ ਪ੍ਰਕਾਰ ਜੀਵ ਮੋਹ ਰੂਪੀ ਸੂਤਰ

ਵਿਚ ਬੱਧਾ ਹੋਇਆ ਕਰਮ ਕਰਦਾ ਹੈ। ਕਰਮ ਤੋਂ ਉਪਜੀ ਵਾਸ਼ਨਾ ਹੀ ਇਸਦੀ ਮੌਤ ਔਰ ਜਨਮ ਦਾ ਕਾਰਨ ਹੈ।

ਵਾਸ਼ਨਾ ਉਤਪੰਨ ਹੋਣ ਦੇ ਚਾਰ ਕਾਰਨ ਹਨ ਜੋ ਸ਼ਾਸਤਰਾਂ ਵਿਚ ਇਸੇ ਪ੍ਰਕਾਰ ਲਿਖੇ ਗਏ ਹਨ:-

੧. ਹੇਤੂ, ੨. ਫਲ, ੩. ਆਸ਼ਰਯ, ੪. ਅਲੰਬਨ।

੧. ਹੇਤੂ :-ਜਨਮ ਮਰਨ ਦਾ ਪਹਿਲਾ ਕਾਰਣ ਜਿਸ ਵਾਸ਼ਨਾ ਤੋਂ ਜੀਵ ਦਾ ਜਨਮ ਹੋਤਾ ਹੈ ਉਹ ਕਰਮ ਹਨ ਭਲਾ ਤੇ ਬੁਰਾ।

੨. ਫਲ :-ਕਰਮ ਦਾ ਫਲ ਹੈ ਜੋਨੀ, ਮਨੁੱਖ, ਪਸ਼ੂ, ਆਦਿ ਸਰੀਰ ਇਹ ਪਹਿਲਾ ਫਲ ਹੈ। ਦੂਸਰਾ ਫਲ ਹੈ ਉਮਰ ਦੀ ਪ੍ਰਾਪਤੀ, ਤੀਸਰਾ ਕਰਮ ਦਾ ਫਲ ਹੈ-ਦੁਖ ਸੁਖ। ਇਹ ਸਭ ਚੀਜ਼ਾਂ ਕਰਮ ਤੋਂ ਪੈਦਾ ਹੋਤੀਆਂ ਹਨ।

੩. ਆਸ਼ਰਯ :-ਵਾਸ਼ਨਾ ਕਿਸ ਦੇ ਆਸਰੇ ਠਹਿਰਤੀ ਹੈ, ਉਹ ਹੈ ਚਿਤ। ਜਿਸ ਨੂੰ ਉਪਚੇਤਨ ਵੀ ਕਿਹਾ ਜਾਂਦਾ ਹੈ, ਜਿਸ ਵਿਚ ਵਾਸ਼ਨਾ ਸਿਮ੍ਰਤੀ ਰੂਪ ਵਿਚ ਬਣੀ ਰਹਿੰਦੀ ਹੈ। ਸਮੇਂ ਅਨੁਸਾਰ ਪ੍ਰਗਟ ਹੁੰਦੀ ਰਹਿੰਦੀ ਹੈ, ਜਿਵੇਂ ਧਰਤੀ ਵਿਚ ਅਨੇਕਾਂ ਪ੍ਰਕਾਰ ਦੇ ਬੀਜ ਹਨ, ਰੁੱਤ ਅਨੁਸਾਰ ਜਨਮਦੇ ਫਲਦੇ ਫੁਲਦੇ ਖਤਮ ਹੋ ਜਾਂਦੇ ਹਨ ਅਤੇ ਬੀਜ ਹੋਰ ਪੈਦਾ ਕਰ ਜਾਂਦੇ ਹਨ, ਧਰਤੀ ਵਿਚ ਫਿਰ ਜਮ੍ਹਾਂ ਹੋ ਜਾਂਦੇ ਹਨ। ਰੁੱਤ ਅਨੁਸਾਰ ਕਾਦਰ ਕੁਦਰਤ ਰਾਹੀਂ ਫਿਰ ਪ੍ਰਗਟ ਕਰਦਾ ਹੈ। ਇਸ ਪ੍ਰਕਾਰ ਸਭ ਜੀਵ ਉਸਦੀ ਮਾਇਆ ਵਿਚ ਫੇਰ ਲੀਨ ਹੋ ਜਾਂਦੇ ਹਨ। ਬੀਜ ਰੂਪੀ ਸੰਸਕਾਰ ਵਾਸ਼ਨਾ ਨਹੀਂ ਮਿਟਦੀਆਂ। ਉਸਦੀ ਇੱਛਾ ਵਿਚ ਜੀਵ ਫੇਰ ਕਰਮਾਂ ਅਨੁਸਾਰ ਜੂਨੀ ਚੱਕਰ ਵਿਚ ਆਉਂਦਾ ਜਾਂਦਾ ਰਹਿੰਦਾ ਹੈ, ਕਿਉਂਕਿ:

ਜੈਸੀ ਆਸ਼ਾ ਤੈਸੀ ਮਨਸਾ ਜੈਸੀ ਮਨਸਾ ਤੈਸੀ ਦਸਾ॥

-o-

ਸਹਸਕ੍ਰਿਤੀ ਦਾ ਸਲੋਕ ਹੈ

ਯੰ ਯੰ ਵਾਪਿ ਸਮਰਨ ਭਾਵੇ ਤਿਅਜਤਿ ਯੰਤੇ ਕਲੇਵਰੰ॥
ਤੰ ਤਮੇਵੈਤਿ ਕੌਂਤੇਯ ਸਦਾ ਤਦ ਭਾਵ ਭਾਵਿਤ:॥

ਅਰਥ :- ਹੇ ਕੁੰਤੀ ਪੁੱਤਰ ਅਰਜਨ! ਅੰਤ ਸਮੇਂ ਜੋ ਮਨੁਸ਼ ਜਿਸ ਜਿਸ ਵਸਤੂ ਕੋ ਯਾਦ ਕਰਦਾ ਹੋਇਆ ਸਰੀਰ ਕੋ ਤਿਆਗਤਾ ਹੈ ਉਸ ਉਸ ਭਾਵ ਕੋ ਪ੍ਰਾਪਤ ਹੁੰਦਾ ਹੈ। ਹਰ ਵਕਤ ਜਿਸ ਕੋ ਯਾਦ ਕਰਤਾ ਹੈ ਮਰਨ ਸਮੇਂ ਵੀ ਉਹ ਹੀ ਵਸਤੂ ਚੇਤੇ ਆਉਂਦੀ ਹੈ। ਗੁਰਬਾਣੀ ਵੀ ਨਿਰਣਾ ਕਰਦੀ ਹੈ

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥੧॥

ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥ ੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥ ੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ ੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥ ੫॥ ੨॥

(ਪੰਨਾ ੫੨੬

ਅਥਵਾ :

ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥
ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥

(ਪੰਨਾ ੯੦੨)

੪. ਆਲੰਬਨ :-ਇਸ ਦਾ ਅਰਥ ਹੈ ਸਹਾਰਾ। ਉਹ ਕਰਮ ਜਿਸ ਤੋਂ ਵਾਸ਼ਨਾ ਅਸਲੀ ਰੂਪ ਧਾਰਨ ਕਰਦੀ ਹੈ। ਇਹ ਹੈ, ਇੰਦ੍ਰੀਆਂ ਕੇ ਵਿਸ਼ੇ ਵਿਕਾਰਾਂ ਨੂੰ ਲਾਠੀ ਬਣਾ ਕੇ ਲੰਗੜੀ ਵਾਸ਼ਨਾ ਅੱਗੇ ਚਲਦੀ ਹੈ। ਕਰਮਾਂ ਦੇ ਬੰਧਨ ਹੋਰ ਵੀ ਪੱਕੇ ਬਣ ਜਾਤੇ ਹੈਂ।

੯.੪ ਵਾਸ਼ਨਾ ਨੂੰ ਨਾਸ਼ ਕਿਵੇਂ ਕਰੇ?

ਕਰਮ ਤੋਂ ਵਾਸ਼ਨਾ ਪੈਦਾ ਹੋਤੀ ਹੈ, ਕਰਮ ਹੀ ਇਸ ਨੂੰ ਬਲਸ਼ਾਲੀ ਬਣਾਉਂਦੇ ਹਨ। ਵਾਸ਼ਨਾ ਦੀ ਸ਼ਾਂਤੀ ਤੋਂ ਮਨ ਸ਼ਾਂਤ ਹੋ ਜਾਤਾ ਹੈ। ਉਪਰ ਲਿਖੇ ਚਾਰੇ ਕਾਰਣਾਂ ਦੇ ਸਮਾਪਤ ਕਰਨ ਨਾਲ ਹੀ ਇਸਦਾ ਨਾਸ਼ ਹੋ ਸਕਦਾ ਹੈ। ਨਿਸ਼ਕਾਮ ਕਰਮ ਕਰੋ, ਹੌਲੀ-ਹੌਲੀ ਵਾਸ਼ਨਾਵਾਂ ਸੂਖਛਮ ਹੁੰਦੀਆਂ ਹੁੰਦੀਆਂ ਖਤਮ ਹੋ ਜਾਣਗੀਆਂ। ਪਾਪ ਤੇ ਪੁੰਨ ਜੀਵ ਨੂੰ ਦੋਨੋਂ ਬੰਧਨ ਰੂਪ ਹਨ, ਇਹ ਭੀ ਭਲੀ ਬੁਰੀ ਵਾਸ਼ਨਾ ਪੈਦਾ ਕਰਕੇ ਸਵਰਗ ਨਰਕ ਹੀ ਵਿਖਾਲਦੇ ਹਨ। ਮਨ ਅਤੇ ਇੰਦ੍ਰੀਆਂ ਨੂੰ ਕਾਬੂ ਕਰਨ ਦੇ ਦੋ ਹੀ ਰਸਤੇ ਹਨ, ਸਮ ਤੇ ਦਮ। ਸਮ ਰਾਹੀਂ ਮਨ ਕਾਬੂ ਕਰੋ, ਦਮ ਰਾਹੀਂ ਇੰਦ੍ਰੀਆਂ ਦੇ ਵਿਕਾਰਾਂ ਦਾ ਦਮਨ ਕਰੋ। ਸੰਕਲਪਾਂ ਦੇ ਨਾਸ਼ ਹੋਣ ਤੋਂ ਮਨ ਦਾ ਭਾਵ ਮਿਟ ਜਾਵੇਗਾ। ਵਾਸ਼ਨਾ ਦੇ ਨਾਸ਼ ਹੋਣ ਤੋਂ ਚਿਤ ਬਿਰਤੀਆਂ (ਵਾਸ਼ਨਾਵਾਂ) ਖਤਮ ਹੋ ਜਾਣਗੀਆਂ ਜਿਵੇਂ ਦੀਵੇ ਵਿਚ ਤੇਲ, ਅੱਗ ਵਿਚ ਬਾਲਣ ਨਾ ਪਾਵੇ, ਕੁਝ ਕਾਲ ਤੋਂ ਬਾਅਦ ਸ਼ਾਂਤ ਹੋ ਜਾਂਦੇ ਹਨ, ਇਸ ਤਰ੍ਹਾਂ ਸਿਮਰਨ ਅਭਿਆਸ ਤੋਂ

ਵਾਸ਼ਨਾ ਤੇ ਕਾਬੂ ਪਾਉਂਦਾ ਜਾਵੇਗਾ, ਨਹੀਂ ਤਾਂ ਵਿਕਾਰਮਈ ਵਾਸ਼ਨਾ ਦਾ ਤਿਆਗ ਕਰਦਾ ਜਾਵੇ। ਹੌਲੀ-ਹੌਲੀ ਬੁੱਧੀ ਜੋ ਵਿਕਾਰਾਂ ਸਹਿਤ ਹੈ ਰਹਿਤ ਹੋ ਕੇ ਆਤਮ ਬਿਸ਼ੈਣੀ ਬੁੱਧ ਨੂੰ ਗ੍ਰਹਿਣ ਕਰਕੇ ਗਿਆਨ ਤੋਂ ਬਾਅਦ ਅਹੰਕਾਰ ਦਾ ਨਾਸ਼ ਕਰਕੇ ਪ੍ਰਭੂ ਦੀ ਅਭੇਦਤਾ ਦਾ ਅਨੰਦ ਪ੍ਰਾਪਤ ਕਰ ਸਕੇਗਾ। ਮਨ ਮੇਂ ਜਦੋਂ ਸੰਕਲਪ ਉਠਤਾ ਹੈ ਮਨ ਚੰਚਲ ਹੋ ਜਾਤਾ ਹੈ ਜਿਸ ਵਸਤੂ ਕਾ ਮਨ ਵਿਚ ਖਿਆਲ ਪੈਦਾ ਹੁੰਦਾ ਹੈ ਉਸਦੀ ਪ੍ਰਾਪਤੀ ਦੀ ਚਾਹਤ ਹੈ, ਸੋ ਇੱਛਾ ਕਹੀ ਜਾਂਦੀ ਹੈ। ਉਸ ਵਕਤ ਤਕ ਮਨ ਚੈਨ ਨਹੀਂ ਕਰਦਾ ਜਦ ਤਕ ਉਹ ਵਸਤੂ ਪ੍ਰਾਪਤ ਨਹੀਂ ਹੋ ਜਾਂਦੀ। ਪ੍ਰਾਪਤ ਹੋਣ ਤੋਂ ਉਪਰੰਤ ਉਸ ਵਸਤੂ ਦਾ ਸਵਾਦ ਚੱਖਣ ਤੋਂ ਬਾਅਦ ਜਿਹੜੀ ਇੱਛਾ ਹੈ ਉਸ ਨੂੰ ਤ੍ਰਿਸ਼ਨਾ ਕਿਹਾ ਜਾਂਦਾ ਹੈ। ਇਹ ਬਹੁਤ ਬਲਸ਼ਾਲੀ ਹੈ, ਇਹ ਹੀ ਬੰਧਨ ਦਾ ਕਾਰਨ ਅਤੇ ਮਨ ਨੂੰ ਅਸ਼ਾਂਤ ਕਰਦੀ ਹੈ।

ਮਨੁੱਖ+ਇੱਛਾ=ਮਨੁੱਖ। ਮਨੁੱਖ-ਇੱਛਾ=ਪ੍ਰਮਾਤਮਾ। ਮਨੁੱਖ ਜਮਾਂ ਇੱਛਾ ਮਨੁੱਖ ਮਨੁਸ਼ ਨਫੀ ਇੱਛਾ ਪ੍ਰਮਾਤਮਾ। ਭੋਗੋਂ ਸੇ ਇੱਛਾ ਵਧਦੀ ਹੈ, ਬੈਰਾਗ ਦੁਆਰਾ ਇਸ ਤੇ ਕਾਬੂ ਪਾਇਆ ਜਾਂਦਾ ਹੈ। ਰਾਜਾ ਯਯਾਤੀ ਨੇ ਆਪਣੇ ਪੁੱਤਰ ਸੇ ਜੋਬਨ ਉਧਾਰ ਲੈ ਲਿਆ, ਪ੍ਰੰਤੂ ਭੋਗੋਂ ਕੀ ਇੱਛਾ ਵੱਧਦੀ ਗਈ। ਅਖੀਰ ਰਾਜਾ ਅਫਸੋਸ ਕਰਦਾ ਹੈ ਮੈਂ ਵਿਕਾਰਾਂ ਵਿਚ ਸਾਰੀ ਉਮਰ ਗਵਾ ਲਈ, ਜੀਵਨ ਯਾਤਰਾ ਸਫਲ ਨਾ ਕੀਤੀ। ਤ੍ਰਿਸ਼ਨਾ ਹੀ ਬੰਧਨ ਦਾ ਕਾਰਨ ਹੈ। ਮਨ ਇਕ ਨਦੀ ਹੈ, ਸੰਸਕਾਰ ਇਸਦਾ ਤਲਾ ਹੈ, ਇਸ ਤਲਾ ਵਿਚ ਵਾਸ਼ਨਾ ਰੂਪੀ ਜਲ ਭਰਿਆ ਹੈ। ਵਾਸ਼ਨਾ ਰੂਪੀ ਜਲ ਵਿਚ ਸੰਕਲਪ ਵਿਕਲਪ ਰੂਪ ਲਹਿਰਾਂ ਹਨ। ਸੰਕਲਪ ਤੋਂ ਇੱਛਾ ਬਣ ਜਾਂਦੀ ਹੈ। ਇੱਛਾ ਹੀ ਤ੍ਰਿਸ਼ਨਾ ਰੂਪ ਵਿਚ ਬਦਲ ਜਾਂਦੀ ਹੈ। ਵਾਸ਼ਨਾ ਰੂਪੀ ਬੀਜ ਸੇ ਤ੍ਰਿਸ਼ਨਾ ਰੂਪੀ ਬ੍ਰਿਛ ਬਣ ਜਾਂਦਾ ਹੈ, ਜਿਸਦਾ ਕੱਟਣਾ ਮਹਾਨ ਕਠਨ ਹੈ। ਸੰਸਕਾਰਾਂ ਅਨੁਸਾਰ ਹੀ ਵਿਚਾਰ ਹੁੰਦੇ ਹਨ, ਇਨ੍ਹਾਂ ਨੂੰ ਖਤਮ ਕਰਨ ਲਈ ਬਿਬੇਕ ਬੈਰਾਗ ਅਤੇ ਤਿਆਗ, ਤਿਆਗ ਤੋਂ ਹੀ ਸੁਖ ਸ਼ਾਂਤੀ ਪ੍ਰਾਪਤ ਹੁੰਦੀ ਹੈ। ਮਨ ਆਪ ਤੋ ਜੜ੍ਹ ਹੈ, ਆਤਮਾ ਦਾ ਸਹਾਰਾ ਲੈ ਕੇ ਗਲਤ ਕਾਰਜ ਮੇਂ ਪ੍ਰਵਿਰਤ ਹੋ ਜਾਂਦਾ ਹੈ। ਜਿਸ ਵਸਤੂ ਨਾਲ ਮਿਲਦਾ ਹੈ, ਉਸ ਦਾ ਰੂਪ ਧਾਰਨ ਕਰ ਲੇਤਾ ਹੈ, ਜਿਸਦਾ ਆਪਣਾ ਕੋਈ ਰੂਪ ਨਹੀਂ। ਇੰਦ੍ਰੀਆਂ ਦੇ ਸੰਯੋਗ ਤੋਂ ਗਿਆਨ ਪ੍ਰਾਪਤ ਕਰਦਾ ਹੈ, ਜਿਵੇਂ ਚੁੰਬਕ ਦੇ ਸੰਯੋਗ ਤੋਂ ਲੋਹੇ ਮੇਂ ਸ਼ਕਤੀ ਆ ਜਾਤੀ ਹੈ, ਇਸੇ ਤਰ੍ਹਾਂ ਇਹ ਆਤਮਾ ਦੇ ਸੰਯੋਗ ਤੋਂ ਸ਼ਕਤੀ ਪ੍ਰਾਪਤ ਕਰਦਾ ਹੈ। ਆਤਮਾ ਸਤਾ ਤੋਂ ਦੂਰ ਰਹਿਣ ਨਾਲ ਗੰਦੀਆਂ ਵਾਸ਼ਨਾਵਾਂ ਨਾਲ ਭਰ ਜਾਂਦੀ ਹੈ। ਮਨ ਹਰ ਵਕਤ ਵਸਤੂਆਂ ਦੀ ਪ੍ਰਾਪਤੀ ਦੀ ਦੌੜ ਵਿਚ ਰਹਿੰਦਾ ਹੈ, ਪ੍ਰਾਪਤ ਹੋਣ ਤੇ ਦੂਸਰੀ ਵਸਤੂ ਦੀ ਇੱਛਾ ਵਿਚ ਲਗ ਜਾਂਦਾ ਹੈ। ਇਸਦਾ ਸੁਭਾਵ ਬਾਹਰਮੁਖੀ ਹੈ। ਮਾਯਾ ਦੀ ਬਿਗਛੇਪ ਸ਼ਕਤੀ ਇਸ ਨੂੰ ਚੰਚਲ ਕਰਕੇ ਬਾਹਰ ਮੁਖ ਕਰ ਦੇਂਦੀ ਹੈ। ਇਸਨੂੰ ਯਤਨ ਪੂਰਬਕ ਆਤਮ ਚਿੰਤਨ ਵਿਚ ਲਗਾ ਕੇ ਅੰਤਰਮੁਖ ਕਰਨਾ ਚਾਹੀਦਾ ਹੈ। ਇੰਦ੍ਰੀਆਂ ਦਾ ਸੂਖਮ ਰੂਪ ਮਨ ਹੈ, ਮਨ ਦਾ ਸੂਖਮ ਰੂਪ ਬੁੱਧੀ ਹੈ, ਬੁੱਧੀ ਦਾ ਸੂਖਮ ਰੂਪ ਆਤਮਾ ਹੈ। ਆਤਮਾ ਸਾਰਿਆਂ ਦਾ ਅਧਿਸ਼ਠਾਨ ਆਸਰਾ ਹੈ, ਆਤਮਾ ਸਭ ਦਾ ਸਾਖੀ ਹੈ। ਅੰਨ ਤੋਂ ਮਨ ਬਣਤਾ ਹੈ, ਇਸ ਲਈ

ਸਤੋਗੁਣੀ ਭੋਜਨ ਦੀ ਅਵੱਸ਼ਕਤਾ ਹੈ। ਮਨ ਲਾਈਲਗ ਹੈ, ਜਿਧਰ ਕਿਸੇ ਨੇ ਪ੍ਰੇਰਿਆ ਉਧਰ ਹੀ ਲੱਗ ਜਾਂਦਾ ਹੈ। ਹੌਲੀ-ਹੌਲੀ ਈਸ਼ਵਰ ਚਿੰਤਨ ਕਰੋ, ਇਸਦਾ ਅਸਰ ਜਿਵੇਂ ਭੈਣੀ ਤੇ ਲੱਜ ਆਪਣਾ ਆਸਰ ਪਾ ਲੈਂਦੀ ਹੈ, ਇਵੇਂ ਹੀ ਇਸਤੇ ਵੀ ਸਿਮਰਨ ਸਤਸੰਗ ਦਾ ਅਸਰ ਪੈ ਜਾਂਦਾ ਹੈ। ਪ੍ਰਮਾਤਮਾ ਵਿਚ ਧਿਆਨ ਲਗਾਉ ਸੰਸਾਰ ਦਾ ਖਿਆਲ ਛੱਡ ਦੇਵੋ। ਜਦੋਂ ਈਸ਼ਵਰ ਚਿੰਤਨ ਕਰੇਂਗਾ ਦੂਸਰੀਆਂ ਵਸਤੂਆਂ ਵੱਲੋਂ ਆਪੇ ਹੀ ਮੁੜ ਆਵੇਗਾ। ਇਹ ਗਿਰਗਿਟ ਦੀ ਨਯਾਈ ਕਈ ਰੰਗ ਬਦਲਦਾ ਹੈ। ਮਨ, ਬੁੱਧੀ, ਅਹੰਕਾਰ, ਸੰਕਲਪ ਦੋ ਪ੍ਰਕਾਰ ਦੇ ਹੁੰਦੇ ਹਨ— ਇਕ ਸ਼ੁੱਧ, ਇਕ ਅਸ਼ੁੱਧ। ਆਪਣੇ ਆਪ ਕੋ ਬ੍ਰਹਮ ਰੂਪ ਜਾਨਣਾ ਸ਼ੁੱਧ ਭਾਵ ਹੈ। ਸਰੀਰ ਨੂੰ ਆਤਮਾ ਸਮਝਣਾ ਮਲਨ ਭਾਵ ਹੈ। ਇਸ ਤੋਂ ਸਰੀਰ ਦਾ ਤੇ ਸੰਸਾਰ ਦਾ ਖਿਆਲ ਬਣਿਆ ਰਹਿੰਦਾ ਹੈ। ਮਨ ਦੀ ਕੁੰਡਲਨੀ ਸ਼ਕਤੀ ਨਾਲ ਖਾਸ ਸੰਬੰਧ ਹੈ। ਕੁੰਡਲਨੀ ਨੂੰ ਭਗਤੀ ਯੋਗ ਜਾਂ ਗਿਆਨ ਯੋਗ ਤੋਂ ਜਗਾਉਣਾ ਪੈਂਦਾ ਹੈ। ਕੁੰਡਲਨੀ ਦਾ ਸੰਬੰਧ ਪ੍ਰਾਣ ਨਾਲ ਹੈ, ਪ੍ਰਾਣ ਦਾ ਸੰਬੰਧ ਮਨ ਨਾਲ ਹੈ। ਇਹ ਸ਼ਕਤੀ ਸ਼ੁੱਧ ਔਰ ਰਹਿਤ ਹੋ ਕੇ ਹੀ ਜਾਗਰਤ ਕੀਤੀ ਜਾਂਦੀ ਹੈ, ਇਸ ਲਈ ਬੁਰੇ ਵਿਚਾਰਾਂ ਨੂੰ ਭਲੇ ਵਿਚਾਰਾਂ ਵਿਚ ਬਦਲਨੇ ਨਾਲ ਹੀ ਇਸ ਨੂੰ ਜਾਗ੍ਰਤ ਕੀਤਾ ਜਾਂਦਾ ਹੈ। ਜਿਵੇਂ ਮਕਾਨ ਦੀਆਂ ਪੌੜੀਆਂ ਤੋਂ ਗੇਂਦ ਡਿਗਦੀ ਨੀਚੇ ਆ ਜਾਂਦੀ ਹੈ, ਇਸ ਪ੍ਰਕਾਰ ਕਰਮ ਤੋਂ ਗਿਰਿਆ ਮਨ ਵੀ ਅਧੋਗਤੀ ਦੀਆਂ ਜੂਨੀਆਂ ਦੇ ਚੱਕਰ ਕੱਟਦਾ ਹੈ। ਇਸ ਨੂੰ ਵੱਸ ਕਰਕੇ ਵੀ ਅਹੰਕਾਰ ਨਹੀਂ ਕਰਨਾ ਚਾਹੀਦਾ। ਇਸ ਦੇ ਬਿਗੜਦਿਆਂ ਦੇਰ ਨਹੀਂ ਲੱਗਦੀ। ਮਨ ਗੰਦੇ ਸ਼ੀਸ਼ੇ ਦੀ ਨਿਆਈਂ ਹੈ, ਜਿਵੇਂ ਗੰਦੇ ਸ਼ੀਸ਼ੇ ਵਿਚ ਆਪਣਾ ਚਿਹਰਾ ਨਹੀਂ ਦਿੱਸਦਾ, ਇਸੇ ਤਰ੍ਹਾਂ ਗੰਦੇ ਮਨ ਵਾਲਾ ਆਤਮਾ ਨਹੀਂ ਦੇਖ ਸਕਦਾ। ਜਿਵੇਂ ਸ਼ੀਸ਼ੇ ਵਿਚ ਕੁੱਤਾ ਆਪਣੀ ਪ੍ਰਛਾਈਂ ਦੇਖ ਕੇ ਭੌਂਕਦਾ ਹੈ ਕਿ ਇਸ ਵਿਚ ਹੋਰ ਕੁੱਤਾ ਹੈ। ਭਰਮ ਕਰਕੇ ਅਗਿਆਨ ਵੱਸ ਆਪਣੇ ਪ੍ਰਛਾਵੇਂ ਨੂੰ ਦੂਸਰਾ ਕੁੱਤਾ ਜਾਣ ਕੇ ਭੌਂਕਦਾ ਹੋਇਆ ਕਸ਼ਟ ਭੋਗ ਰਿਹਾ ਹੈ, ਇਸੇ ਤਰ੍ਹਾਂ ਆਤਮਾ ਦੇ ਪ੍ਰਤੀਬਿੰਬ ਨੂੰ ਦੂਸਰੇ ਲੋਕਾਂ ਵਿਚ ਦੇਖਦਾ ਹੋਇਆ ਕੁੱਤੇ ਦੀ ਨਿਆਈਂ ਉਨ੍ਹਾਂ ਲੋਗਾਂ ਨੂੰ ਆਪਣੇ ਤੋਂ ਭਿੰਨ ਜਾਣ ਕੇ ਘ੍ਰਿਣਾ, ਈਰਖਾ ਸੇ ਲੜਦਾ ਭਿੜਦਾ ਹੋਇਆ ਦੁਖੀ ਹੁੰਦਾ ਹੈ। ਮਨ ਵੱਸ ਵਿਚ ਕਰਨ ਲਈ ਕੋਈ ਕਾਰਜ ਰੂਪੀ ਬਾਂਸ ਗੱਡ ਦਿਉ, ਤਾਂਕਿ ਵੱਸ ਰਹੇ, ਭਜਨ ਸਿਮਰਨ ਸੇਵਾ ਸ਼ਾਸਤਰਾਂ ਦਾ ਪੜ੍ਹਨਾ ਆਦਿ ਕਰਮਾਂ ਵਿਚੋਂ ਵੇਹਲਾ ਨਾ ਹੋਣ ਦੇਵੇ, ਵਿਹਲਾ ਹੀ ਸ਼ਰਾਰਤਾਂ ਕਰਦਾ ਹੈ, ਪਾਰੇ ਵਤ ਚੰਚਲ ਹੈ, ਜਿਵੇਂ ਖਿੰਡਿਆ ਪਾਰਾ ਇਕੱਤ੍ਰ ਕਰਨਾ ਔਖਾ ਹੈ, ਇਸੇ ਤਰ੍ਹਾਂ ਭੋਗੋਂ ਪਦਾਰਥੋਂ ਮੇਂ ਖਿੰਡਿਆ ਮਨ ਵਿਚ ਇਕਾਗਰ ਕਰਨਾ ਕਠਿਨ ਹੈ। ਮਨ ਕੁੱਤੇ ਦੀ ਤਰ੍ਹਾਂ ਅਵਾਰਾ ਹੈ, ਜੂਨੀਆਂ ਰੂਪੀ ਦੁਆਰਾ ਇਹ ਲੱਜਾ ਤਿਆਗ ਕੇ, ਘੁਮ ਰਿਹਾ ਹੈ ਵਿਸ਼ੇ ਵਿਕਾਰਾਂ ਰੂਪੀ ਟੁਕੜੇ ਖਾਂਦਾ ਹੋਇਆ ਜਮਾਂ ਦੀ ਸਾਸਨ ਭੋਗਦਾ ਹੈ। ਕੁੱਤੇ ਦੀ ਨਿਆਈਂ ਜਿਵੇਂ ਹੱਡੀ ਚੱਬਦਾ ਆਪਣਾ ਮੂੰਹ ਲਹੂ ਲੁਹਾਨ ਕਰ ਲੈਂਦਾ ਹੈ, ਇਸੇ ਤਰ੍ਹਾਂ ਮਨ ਭੋਗ ਵਾਸ਼ਨਾ ਵਿਚੋਂ ਸੁਖ ਭਾਲਦਾ-ਭਾਲਦਾ ਦੁਖੀ ਹੋ ਜਾਂਦਾ ਹੈ।

ਨਾ ਹੂਏ ਤਾਲਬੇ ਦੁਨੀਆਂ ਮਰਦਾਨੇ ਖ਼ੁਦਾ॥

ਮਨ ਘੜੀ ਕੀ ਲਟਕਣ ਦੁਆਰਾ ਚਲਾਇਮਾਨ ਹੈ, ਇਸ ਨੂੰ ਚਲਾਇਮਾਨ ਨਾ ਹੋਣੇ ਦਿਉ। ਮਨ ਕੇ ਅਧਿਕ ਤਰੰਗ ਦੇ ਅਨੁਸਾਰ ਭਟਕਦਾ ਹੈ, ਸਮ ਬੁੱਧੀ ਧਾਰਨ ਕਰਕੇ ਆਤਮਾ ਚਿੰਤਨ ਕਰੋ, ਆਪਣੇ ਆਪ ਨਿਸਚਲ ਅਵਸਥਾ ਨੂੰ ਪ੍ਰਾਪਤ ਕਰ ਲਵੇਗਾ। ਜਨਮ ਕੇ ਸੰਸਕਾਰ ਪੁਰਸ਼ਾਰਥ ਅਤੇ ਪ੍ਰਭੂ ਕਿਰਪਾ ਹੀ ਸਹਾਇਕ ਹੈ। ਮਨ ਦੇਖੀ ਸੁਣੀ ਵਸਤੂਆਂ ਕਾ ਬਾਰ ਬਾਰ ਚਿੰਤਨ ਕਰਦਾ ਹੈ। ਇਸ ਨੂੰ ਪ੍ਰਵਿਰਤੀ ਕਥਨ ਕੀਤਾ ਜਾਂਦਾ ਹੈ। ਜਿਸ ਤਰਫ ਇਸ ਕਾ ਲਗਾਉ ਹੋ ਜਾਵੇ ਉਸੇ ਵਸਤੂ ਮੇਂ ਮਨ ਅਟਕ ਜਾਂਦਾ ਹੈ। ਇਸਨੂੰ ਸਥਿਤੀ ਕਿਹਾ ਜਾਂਦਾ ਹੈ, ਇਸ ਲਈ ਬਾਰ-ਬਾਰ ਸਿਮਰਨ ਵਿਚ ਲਾਉਣ ਨਾਲ ਸਿਮਰਨ ਵਿਚ ਸਥਿਤੀ ਹੋ ਜਾਂਦੀ ਹੈ। ਮਨ ਇਕ ਗੱਦੇ ਦੇ ਸਪਰਿੰਗ ਦੀ ਨਿਆਈਂ ਹੈ, ਦਬਾਣ ਨਾਲ ਦੱਬ ਜਾਣਾ ਪਹਿਲੀ ਹਾਲਤ ਮੇਂ ਆ ਜਾਣਾ। ਇਹ ਵੀ ਸਤਸੰਗਤ ਦੇ ਦਬਾਅ ਹੇਠ ਆ ਕੇ ਕਰਮਾਂ ਤੋਂ ਰਹਿਤ ਹੋ ਜਾਂਦਾ ਹੈ। ਸਤਸੰਗਤ ਵੱਲੋਂ ਢਿੱਲ ਕਰਨ ਨਾਲ ਫਿਰ ਪਹਿਲੀ ਹਾਲਤ ਵਿਚ ਆ ਜਾਂਦਾ ਹੈ। ਬਾਂਦਰ ਵਾਂਗ ਚੰਚਲ, ਮੱਛੀ ਵਾਂਗ ਸਰਬ ਭਕਸ਼ੀ ਹੈ, ਵਾਯੂ ਵਾਂਗ ਪ੍ਰਗਤੀਸ਼ੀਲ ਹੈ। ਪੰਛੀ ਨਿਆਈਂ ਥਾਂ ਥਾਂ ਭੌਂਦਾ ਹੈ, ਬੈਰਾਗ ਔਰ ਅਭਿਆਸ ਤੋਂ ਚੰਚੰਲਤਾ ਮਿਟ ਜਾਂਦੀ ਹੈ। ਨਾਮ ਰੂਪ ਵੱਲ ਖਿਚਿਆ ਜਾਂਦਾ ਹੈ। ਇਹ ਮਿਥਿਆ ਹੈ, ਨਾਮ ਰੂਪ ਪਿਛੇ ਆਤਮ ਰੂਪੀ ਸਤਾ ਹੈ, ਇਸ ਨਾਲ ਨਾਤਾ ਜੋੜੋ, ਫਿਰ ਆਪ ਕੋ ਬ੍ਰਹਮ ਗਿਆਨ ਕੀ ਪ੍ਰਾਪਤੀ ਹੋ ਜਾਵੇਗੀ। ਮਨ ਇਕ ਨਾਚ ਹੈ, ਰਾਗ ਦਵੈਸ਼ ਰੂਪੀ ਇਸ ਦੇ ਦੋ ਪੈਰ ਹਨ, ਜਦੋਂ ਇਹ ਦੋਨੋਂ ਪੈਰ ਕੱਟ ਦਿੱਤੇ ਜਾਣ ਨਾਚ ਬੰਦ ਹੋ ਜਾਵੇਗਾ। ਬਿਬੇਕ ਰੂਪੀ ਕੁਹਾੜੇ ਸੇ ਰਾਗ ਦਵੈਸ਼ ਰੂਪੀ ਪੈਰ ਕੱਟ ਜਾਂਦੇ ਹਨ। ਮਨ ਮੱਖੀ ਦੀ ਨਿਆਈਂ ਵਸਤੂਆਂ ਦਾ ਤਿਆਗ ਕਰਕੇ ਦੁਰਗੰਧੀ (ਖੋਟੀਆਂ) ਵਾਸ਼ਨਾ ਮਗਰ ਜਾਂਦਾ ਹੈ। ਮਨ ਪਹਿਲੀ ਹੜਤਾਲ ਦੀ ਨਿਆਈਂ ਹੈ, ਇਸ ਨੂੰ ਸ਼ੁੱਧ ਕਰਨ ਲਈ ਬੜਾ ਸਮਾਂ ਲੱਗਦਾ ਹੈ। ਜਿਵੇਂ ਹੜਤਾਲ ਪਹਿਲੇ ਸੱਤ ਦਿਨ ਗਊ ਮੂਤਰ ਵਿਚ ਭਿਉਂਵੇ, ਫਿਰ ਦਸ ਦਿਨ ਚੂਨੇ ਦੇ ਪਾਣੀ ਵਿਚ, ਫਿਰ ਸੱਤ ਦਿਨ ਦੁੱਧ ਵਿਚ, ਫਿਰ ਅੱਗ ਦੇ ਕੇ ਕੁਸ਼ਤਾ ਤਿਆਰ ਹੁੰਦਾ ਹੈ, ਫਿਰ ਤਪਦਿਕ ਆਦਿ ਬਰੀਕੀ ਤਪਾਂ ਦਾ ਨਾਸ਼ ਕਰਦੀ ਹੈ। ਇਸ ਤਰ੍ਹਾਂ ਮਨ ਨੂੰ ਜੋ ਅਹੰਕਾਰ ਰੂਪੀ ਮੋਹਰਕਾ ਤਾਪ ਚਿੰਬੜਿਆ ਹੋਇਆ ਹੈ, ਇਸ ਨੂੰ ਨਿਵਾਰਨ ਲਈ ਨਾਮ ਰੂਪੀ ਸੱਚੀ ਦਵਾਈ ਦੀ ਲੋੜ ਹੈ, ਕੁਕਰਮਾਂ ਰੂਪੀ ਕੁਪੱਥਾਂ ਨੂੰ ਤਿਆਗ ਕੇ ਆਤਮਾ ਰੂਪੀ ਤੰਦਰੁਸਤੀ ਨੂੰ ਪ੍ਰਾਪਤ ਕਰ ਲਵੇਗਾ।

ਮਾਯਾ ਮਰੀ ਨ ਮਨ ਮਰਾ, ਮਰ ਮਰ ਗਏ ਸਰੀਰ॥
ਆਸ਼ਾ ਤ੍ਰਿਸ਼ਣਾ ਨਾ ਮੁਈ, ਕਹਿ ਗਏ ਭਗਤ ਕਬੀਰ॥

ਮਨ ਦੀਆਂ ਸੰਕਲਪਾਂ ਬਿਕਲਪਾਂ ਰੂਪੀ ਤਰੰਗਾਂ ਨੂੰ ਸਤਿਗੁਰਾਂ ਦੀ ਕ੍ਰਿਪਾ ਤੋਂ ਮੇਟਿਆ ਜਾ ਸਕਦਾ ਹੈ। ਗੁਰੂ ਚਰਨਾਂ ਵਿਚ ਹਰ ਵਕਤ ਅਰਜ਼ੋਈ ਕਰਿਆ ਕਰੋ। ਇਹ ਹੀ ਇਸ ਨੂੰ ਵੱਸ ਕਰਨ ਦਾ ਸੌਖਾ ਸਾਧਨ ਹੈ।

★★★

ਅਧਿਆਇ ਦਸਵਾਂ

੧੦.੧ ਆਤਮਾ ਨੂੰ ਸ਼ੁੱਧ ਕਿਵੇਂ ਕਰੇ?

ਕਿਆ ਕਰੂੰ ਬੈਕੁੰਠ ਲੇ, ਕਲਪ ਬ੍ਰਿਛ ਕੀ ਛਾਂ॥
ਰਹਿਸਨ ਢਾਕ ਸੁਹਾਨੇ, ਜਹਾਂ ਪ੍ਰੀਤਮ ਗਲ ਬਾਂ॥
ਪਹਿਲੇ ਮਨ ਕਾਗਾ ਥਾ, ਕਰਤਾ ਜੀਵਨ ਘਾਤ॥
ਅਬ ਤੋ ਮਨ ਹੰਸਾ ਭਯਾ, ਚੁਨ ਚੁਨ ਮੋਤੀ ਖਾਤ॥

ਜਿਵੇਂ ਭੱਠੀ ਸੇ ਨਿਕਲਾ ਹੂਆ ਲੋਹਾ ਫੌਲਾਦ ਬਣ ਜਾਤਾ ਹੈ, ਜਿਸ ਪਰ ਸਾੜ ਚੜ੍ਹ ਗਈ ਉਹ ਲੋਹੇ ਨੂੰ ਵੱਢ ਸਕਦਾ ਹੈ, ਇਸੇ ਪ੍ਰਕਾਰ ਤਪ ਔਰ ਜੋਗ ਸੇ ਸ਼ੁੱਧ ਹੂਆ ਮਨ ਅਸ਼ੁੱਧ ਮਨ ਕੋ ਕਾਬੂ ਕਰ ਸਕਦਾ ਹੈ। ਸੰਸਾਰ ਸਮੁੰਦਰ ਸੇ ਪਾਰ ਜਾਣੇ ਲਈ ਮਨ ਇਕ ਪੁਲ ਹੈ, ਇਸ ਦਾ ਇਕ ਸਿਰਾ ਸੰਸਾਰ ਨਾਲ ਅਤੇ ਇਕ ਸਿਰਾ ਭਗਵਾਨ ਨਾਲ ਸਬੰਧਤ ਹੈ। ਯਦਿ ਆਪ ਮਨ ਕੋ ਵੱਸ ਕਰ ਲਵੋਗੇ ਤੋ ਭਗਵਾਨ ਤੱਕ ਪਹੁੰਚ ਸਕਦੇ ਹੋ। ਸਰੀਰ ਇਕ ਮੰਦਰ ਹੈ, ਭਗਵਾਨ ਇਸ ਮੇਂ ਨਿਵਾਸ ਕਰਦੇ ਹਨ। ਇਸ ਨੂੰ ਜਲ ਮ੍ਰਿਤਕਾਂ ਦੁਆਰਾ ਸਾਫ ਕਰਨਾ ਹੈ, ਜਿਵੇਂ ਪੂਜਾ ਪਾਠ ਦਾ ਸਥਾਨ ਹੋਵੇ ਤਾਂ ਹੀ ਮਨ ਲਗਦਾ ਹੈ। ਇਸ ਲਈ ਸਰੀਰ ਦੀ ਸ਼ੁੱਧੀ ਵੀ ਅਤੀ ਜ਼ਰੂਰੀ ਹੈ। ਮਨ ਦੀ ਸ਼ੁੱਧੀ ਸਿਮਰਨ ਤੋਂ ਹੁੰਦੀ ਹੈ। ਤਨ ਦੀ ਸ਼ੁੱਧੀ ਉਪਰ ਦੱਸੀ ਹੀ ਹੈ। ਬਾਣੀ ਦੀ ਸੁੱਧੀ ਰਸਨਾ ਤੋਂ ਸ਼ੁੱਧ ਭਾਸ਼ਣ ਕਰਨ ਤੋਂ ਹੁੰਦੀ ਹੈ। ਮਨ ਹੀ ਪਾਪ ਪੁੰਨ ਦਾ ਕਰਤਾ ਸਾਧੂ ਅਸਾਧੂ ਬਨਾਣ ਵਾਲਾ ਹੈ, ਸਮਾਧੀ ਦੁਆਰਾ ਮਨ ਇਕਾਗਰ ਕਰੋ। ਮਨ ਨੂੰ ਵੱਸ ਕਰੇ ਤੋਂ ਬਿਨਾਂ ਰੱਬ ਨੂੰ ਮਿਲਣ ਦਾ ਦੂਸਰਾ ਕੋਈ ਉਪਾਵ ਨਹੀਂ ਹੈ। ਕੁਝ ਸ਼ਾਸਤਰੀ ਸਾਧਨ ਹਨ ਜਿਨ੍ਹਾਂ ਰਾਹੀਂ ਮਨ ਕਾਬੂ ਕੀਤਾ ਜਾ ਸਕਦਾ ਹੈ, ਜਿੰਨ੍ਹਾਂ ਦਾ ਵਰਣਨ ਇਸ ਤਰ੍ਹਾਂ ਹੈ

੧੦.੨ ਬਿਬੇਕ

ਇਸਦਾ ਤਾਤਪਰਜ ਹੈ ਸਤ ਤੇ ਅਸਤ ਵਸਤੂ ਦਾ ਨਿਰਣਾ ਕਰਨਾ। ਸਤ ਵਸਤੂ ਦਾ ਗ੍ਰਹਿਣ ਕਰਨਾ, ਅਸਤ ਵਸਤੂ ਦਾ ਤਿਆਗ ਕਰਨਾ। ਸਤ ਵਸਤੂ ਦੀ ਰੱਖਿਆ ਲਈ ਇਹ ਜ਼ਰੂਰੀ ਨਹੀਂ ਉਸਨੂੰ ਕੋਈ ਮੰਨੇ। ਜਿਵੇਂ ਪ੍ਰਮੇਸ਼ਰ ਸਤ ਸਰੂਪ ਹੈ ਜੇ ਉਸਨੂੰ ਕੋਈ ਮੰਨੇ ਤਾਂ ਉਹ ਅਸਤ ਨਹੀਂ ਹੋਣ ਲੱਗਾ ਸਤ ਹੀ ਰਹੇਗਾ, ਜੇ ਉਸ ਤੇ ਵਿਸ਼ਵਾਸ ਨਹੀਂ ਤਾਂ ਸਾਡੇ

ਲਈ ਹਨੇਰਾ ਹੀ ਹਨੇਰਾ ਹੈ, ਉਸਨੂੰ ਭੁਲਨੇ ਨਾਲ ਸਮਝੋ ਅਸੀਂ ਸਭ ਕੁਝ ਭੁਲ ਗਏ। ਅਸੀਂ ਸੁਖ ਦੀ ਪ੍ਰਾਪਤੀ ਲਈ ਯਤਨ ਕਰਦੇ ਹਾਂ ਸਭੀ ਸੁਖ ਦੀ ਆਤਮਾ ਆਸਰੇ ਹਨ, ਅਨਾਤਮ ਵਸਤੂਆਂ ਵਿਚ ਸੁਖ ਨਹੀਂ ਅਸਤ ਪਦਾਰਥ ਜੜ੍ਹ ਰੂਪ ਅਤੇ ਦੁਖ ਦਾ ਕਾਰਨ ਹਨ। ਸੰਸਾਰ ਤੋਂ ਸੁਖ ਦੀ ਯਾਚਨਾ ਕਰਨੀ ਪਹਿਲੇ ਦਰਜੇ ਦੀ ਮੂਰਖਤਾ ਹੈ। ਬਿਬੇਕ ਹੀ ਮਨ ਦੀ ਸ਼ੁੱਧੀ ਦਾ ਏਕ ਉਪਾਵ ਹੈ, ਬਿਬੇਕ ਹੋਣ ਤੋਂ ਮਨ ਰੂਪੀ ਜ਼ਹਿਰੀ ਸਰਪ ਦੇ ਦਾਂਤ ਨਿਕਲ ਜਾਣਗੇ। ਜਦੋਂ ਮਨੁੱਖ ਨੂੰ ਗਿਆਨ ਹੋ ਜਾਵੇ ਫਿਰ ਸਤ ਅਸਤ ਵਸਤੂਆਂ ਦਾ ਮਰਮ ਜਾਣ ਲੈਂਦਾ ਹੈ। ਸੁਖ ਔਰ ਦੁੱਖ ਦੇ ਕਾਰਨਾਂ ਨੂੰ ਸਮਝ ਲੈਂਦਾ ਹੈ, ਜਿਵੇਂ ਵਿਦਵਾਨ ਨੇ ਕਿਹਾ ਹੈ

ਮਨ ਪੰਖੀ ਤਬ ਲਗ ਉਡੇ ਬਿਸ਼ਯ ਬਾਸ਼ਨਾ ਮਾਹੀਂ॥
ਗਿਆਨ ਬਾਜ਼ ਕੀ ਝਪਟ ਮੇਂ; ਜਬ ਲਗ ਆਯਾ ਨਾਹੀਂ॥

ਤੀਨ ਪ੍ਰਕਾਰ ਕੇ ਰੋਗ ਹੋਤੇ ਹੈਂ :-੧. ਅਸਾਧਯ ਅਰਥਾਤ ਨਾ ਹਟਨੇ ਵਾਲੇ, ੨. ਦੁਸਾਧਯ ਕਠਨਤਾ ਸੇ ਦੂਰ ਹੋਣ ਵਾਲੇ, ੩. ਸੁਸ: ਧਯ ਅਸਾਨੀ ਸੇ ਠੀਕ ਹੋਣ ਵਾਲੇ। ਮਨ ਕਾ ਰੋਗ ਅਸਾਧਯ ਨਹੀਂ ਦੁਸਾਧਯ ਜ਼ਰੂਰ ਹੈ। ਬੈਰਾਗ ਪੂਰਬਕ ਅਭਿਆਸ ਕਰਨਾ ਹੀ ਇਸ ਦਾ ਇਲਾਜ ਹੈ। ਘਬਰਾਣਾ ਨਹੀਂ ਚਾਹੀਦਾ, ਧੀਰਜ ਰਖਣਾ ਚਾਹੀਦਾ ਹੈ, ਆਸ਼ਾ ਰਖਣੀ ਚਾਹੀਦੀ ਹੈ। ਧੀਰਜ ਰੂਪੀ ਬੇੜੇ ਵਿਚ ਬੈਠ ਕਰ ਦੁਖ ਰੂਪੀ ਸਮੁੰਦਰ ਨੂੰ ਪਾਰ ਕੀਤਾ ਜਾ ਸਕਦਾ ਹੈ। ਸੰਸਾਰ ਰੂਪੀ ਦਰੱਖ਼ਤ ਨੂੰ ਸੁਕਾਨੇ ਵਾਸਤੇ ਮਨ ਦਾ ਉਲਟਾਣਾ ਹੀ ਸ੍ਰੇਸ਼ਟ ਹੈ।

੧੦.੩ ਮਨ ਨੂੰ ਸੰਸਾਰ ਵਲੋਂ ਕਿਵੇਂ ਤੋੜੇ ਬੈਰਾਗ ਤੋਂ ?

ਲੋਕ ਪ੍ਰਲੋਕ ਦੇ ਦੇਖੇ ਸੁਣੇ ਸਭ ਪਦਾਰਥਾਂ ਨਾਲੋਂ ਚਿਤ ਦੀ ਵਿਰਤੀ ਤੋੜ ਲੈਣੀ ਬੈਰਾਗ ਭਾਵਨਾ ਹੈ। ਆਸ਼ਾ ਤ੍ਰਿਸ਼ਨਾ ਜੋ ਭੋਗਾਂ ਪਦਾਰਥਾਂ ਦੀ ਹੈ, ਇਸ ਤੋਂ ਰਹਿਤ ਹੋਣਾ ਹੀ ਬੈਰਾਗ ਹੈ। ਕਾਮਨਾ ਤੋਂ ਰਹਿਤ ਮਨ ਦੀ ਵਸੀਕਾਰ ਹਾਲਤ ਹੀ ਬੈਰਾਗ ਹੈ। ਬੈਰਾਗ ਦਾ ਆਖਰੀ ਅਰਥ ਹੈ ਬਿਸ਼ਿਉਂ ਸੇ ਬੈਰ। ਪ੍ਰਮਾਤਮਾ ਨਾਲ ਰਾਗ ਪਿਆਰ ਹੈ। ਬੈਰਾਗ ਪਰਅਪਰ ਦੋ ਪ੍ਰਕਾਰ ਦਾ ਹੈ— ਅਪਰ ਬੈਰਾਗ :-ਸਭ ਪ੍ਰਕਾਰ ਕੇ ਭੋਗੋਂ ਕਾ ਤਿਆਗ ਕਰਕੇ ਉਨ੍ਹਾਂ ਤੋਂ ਮਨ ਨੂੰ ਦੋਸ਼ ਜਾਣ ਕੇ ਰੋਕਣਾ, ਆਪਣੇ ਆਪ ਕੋ ਵਸ ਰੱਖਣਾ, ਭੋਗੋਂ ਸੇ ਅਲੱਗ ਹੋਣਾ ਹੀ ਅਪਰ ਬੈਰਾਗ ਹੈ। ਪਰ ਬੈਰਾਗ ਭੋਗੋਂ ਕੀ ਬਾਸ਼ਨਾਏਂ ਅਤੇ ਸੰਸਕਾਰਾਂ ਦਾ ਨਾਸ਼ ਕਰਨਾ ਜਿਵੇਂ ਦੀਵਾ ਤੇਲ ਤੋਂ ਬਿਨਾਂ ਆਪੇ ਬੁਝ ਜਾਂਦਾ ਹੈ। ਸੰਸਕਾਰਾਂ ਤੋਂ ਬਿਨਾਂ ਮਨ ਵੀ ਖਤਮ ਹੋ ਜਾਂਦਾ ਹੈ। ਰਾਗ ਰਹਿਤ ਅਵਸਥਾ ਦਾ ਨਾਮ ਪਰ ਬੈਰਾਗ ਹੈ ਅਥਵਾ ਆਤਮਾ ਦੇ ਅਨੰਦ ਤੋਂ ਬਿਨਾਂ ਕਿਸੇ ਵਸਤੂ ਤੋਂ ਅਨੰਦ ਮਹਿਸੂਸ ਨਾ ਕਰਨਾ, ਇਸ ਤੋਂ ਹੀ ਆਤਮਾ ਸਾਖਿਆਤ ਹੋਤੀ ਹੈ। ਹਰ ਵੇਲੇ ਆਤਮਾ ਵਿਚ ਲੀਨ ਰਹਿਣਾ ਜਦ ਠੀਕ ਬਿਰਛ ਦੀ ਜੜ੍ਹ ਨਾ ਕੱਟੀ ਜਾਵੇ ਉੱਗਣ ਦਾ ਭੈ ਰਹਿੰਦਾ ਹੈ। ਭੋਗੋਂ ਵਾਸਤੇ ਰੁਚੀ ਪੈਦਾ ਕਰਨ ਵਾਲੇ ਬੀਚਾਰ ਹੀ ਭੋਗੋਂ ਕੀ ਜੜ੍ਹ ਹੈਂ।

ਭੋਗੋਂ ਕੇ ਸੰਸਕਾਰਾਂ ਦਾ ਨਾਸ਼ ਕਰਨਾ ਆਤਮ ਗਿਆਨ ਤੋਂ ਬਿਨਾਂ ਨਹੀਂ ਹੋ ਸਕਦਾ। ਸੂਰਜ ਦੇ ਪ੍ਰਕਾਸ਼ ਤੋਂ ਜਿਵੇਂ ਅੰਧਕਾਰ ਨਹੀਂ ਠਹਿਰਤਾ, ਇਸੇ ਪ੍ਰਕਾਰ ਗਿਆਨ ਤੋਂ ਬਾਅਦ ਸਭ ਸੰਸਕਾਰ ਤੇ ਵਾਸ਼ਨਾ ਨਸ਼ਟ ਹੋ ਜਾਂਦੀਆਂ ਹਨ। ਮੈਲੇ ਮਨ ਵਿਚ ਆਤਮਾ ਦਿਖਾਈ ਦੇਂਦੀ ਹੈ। ਮਨ ਦੀ ਸ਼ੁੱਧੀ ਤੋਂ ਪ੍ਰਤੱਖ ਨਜ਼ਰ ਆਉਂਦੀ ਹੈ। ਸਹਸਕ੍ਰਿਤੀ ਦਾ ਸਲੋਕ ਹੈ

ਵਿਗਾਯ ਗੋਬਿੰਦ ਪਦੇ ਅਨੁਰਕ੍ਰਿੰ ਪੁਸ਼ਣਾਤਿ ਮੂਢੋ ਮਮਤਾ ਭਵੇਯ:॥
ਹਿਤਵਾ ਸਨੂਨੰ ਸੁਰ ਪੁਸ਼ਪ ਮਾਲਾਂ ਵਿਯਾਲੰ ਵਿਖੰ ਉਗ੍ਰਾਂਸ ਹ੍ਰਿਦਯੇ ਦਧਾਤਿ॥੧॥
ਵਿਹਾਯ ਕ੍ਰਿਸ਼ਣੰ ਕਰੁਣਾ ਨਿਧਾਨੰ॥ ਮੂਢੋ ਭਵੇ ਤਯ: ਕੁਰੂ ਤੇ ਸੁਖਾਸ਼ੰ॥
ਸਵਛ ਅੰਬੁ ਪੁਰਵਾਂ ਸਰਿਤੰ ਸਹਿਤ੍ਰਾ ਸਮੀਹਤੇ ਵਾਂਰਿ ਮਰੀਚਿਕਯਾਂ॥

ਟੀਕਾ ਜੋ ਮੂਰਖ ਪੁਰਸ਼ ਭਗਵਾਨ ਕੇ ਚਰਨੋਂ ਕੀ ਪ੍ਰੀਤੀ ਤਿਆਗ ਕਰ ਮਮਤਾ ਸੇ ਸਰੀਰ ਅਤੇ ਸਬੰਧੀਆਂ ਕੋ ਪਾਲਤਾ ਹੈ, ਸੋ ਨਿਸਚੈ ਐਸਾ ਮੂਰਖ ਹੈ ਜਿਵੇਂ ਕੋਈ ਮੂਰਖ ਸਵਰਗ ਕੇ ਫੂਲੋਂ ਕੀ ਮਾਲਾ ਗਲੇ ਸੇ ਉਤਾਰ ਕਰ ਭਿਅੰਕਰ ਮੁਖ ਵਾਲੇ ਸੱਪ ਆਪਣੇ ਗਲੇ ਮੇਂ ਗੇਰਤਾ ਹੋਵੇ। ਜੋ ਕਿਰਪਾ ਦੇ ਸਾਗਰ ਭਗਵਾਨ ਕੋ ਤਿਆਗ ਕਰ ਸੰਸਾਰ ਵਿਚ ਸੁਖ ਦੀ ਇੱਛਾ ਕਰਦਾ ਹੈ, ਸੋ ਐਸਾ ਮੂਰਖ ਹੈ ਜਿਵੇਂ ਪਵਿੱਤ੍ਰ ਨਿਰਮਲ ਜਲ ਦੀ ਨਦੀ ਦਾ ਤਿਆਗ ਕਰਕੇ ਮ੍ਰਿਗ ਤ੍ਰਿਸ਼ਨਾ ਦਾ ਜਲ ਪ੍ਰਾਪਤ ਕਰਨ ਦੀ ਇੱਛਾ ਕਰੇ। ਇਸ ਲਈ ਹੇ ਭਾਈ! ਸੁਖ ਦੀ ਪ੍ਰਾਪਤੀ ਦਾ ਦੂਸਰਾ ਸਾਧਨ ਬੈਰਾਗ ਹੈ। ਅਭਿਆਸ ਔਰ ਬੈਰਾਗ ਬਿਨਾਂ ਸਮਾਧੀ ਨਹੀਂ ਲਗ ਸਕਦੀ। ਸਮਾਧੀ ਤੋਂ ਬਿਨਾਂ ਸੱਚਾ ਗਿਆਨ ਨਹੀਂ ਪ੍ਰਾਪਤ ਹੋ ਸਕਦਾ, ਗਿਆਨ ਬਿਨਾਂ ਆਤਮਾ ਦੇ ਦਰਸ਼ਨ ਨਹੀਂ ਹੋ ਸਕਦੇ। ਮਨ ਦੀ ਪਵਿੱਤ੍ਰਤਾ ਤੋਂ ਬਿਨਾਂ ਮੁਕਤੀ ਨਹੀਂ ਮਿਲ ਸਕਦੀ। ਮੰਦ ਬੈਰਾਗੀਆਂ ਵਾਸਤੇ ਨਵਿਰਤੀ ਦਾ ਮਾਰਗ ਗ੍ਰਹਿਣ ਨਹੀਂ ਕਰਨਾ ਚਾਹੀਦਾ। ਮਾਯਾ ਪਾਰ ਕਰਨ ਲਈ ਬੈਰਾਗ ਮਹਾਮੰਤਰ ਹੈ। ਬਾਬਾ ਸ੍ਰੀ ਚੰਦ੍ਰ ਜੀ ਕਹਿਤੇ ਹੈਂ:-

ਸਹਜ ਬੈਰਾਗੀ ਕਰੇ ਬੈਰਾਗ, ਮਾਯਾ ਮੋਹਨੀ ਸਗਲ ਤਿਆਗ॥

ਬੈਰਾਗ ਮਨ ਕੀ ਮੈਲ ਨਿਵਾਰਨ ਵਾਲਾ ਜੁਲਾਬ ਹੈ ਜੋ ਸਹਿਆਂ ਮਗਰ ਭੱਜਣ ਤੋਂ ਇਕ ਹੀ ਫੜ ਸਕੋਗੇ। ਦੋ ਬੇੜੀਆਂ ਮੇਂ ਚੜ੍ਹਨ ਵਾਲਾ ਡੁੱਬਦਾ ਹੈ।

ਨਾ ਖ਼ੁਦਾ ਹੀ ਮਿਲਾ ਨਾ ਵਿਸਾਲੇ ਸਨਮ,
ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ।

ਬੰਦਾ ਚਾਹੁੰਦਾ ਹੈ ਇਕੋ ਸਮੇਂ ਖ਼ੁਦਾ ਔਰ ਕਮੀਨੀ ਦੁਨੀਆਂ ਦੋਨੋਂ ਕੋ ਪ੍ਰਾਪਤ ਕਰ ਲਵਾਂ, ਇਹ ਅਸੰਭਵ ਹੈ ਅਤੇ ਪਾਗਲਪਨ ਹੈ। ਪਹਿਲੇ ਜਿਵੇਂ ਅਗਨੀ ਪ੍ਰਚੰਡ ਨਹੀਂ ਹੋਤੀ ਬਲਣ ਤੋਂ ਬਾਅਦ ਬੁਝਣ ਦਾ ਡਰ ਨਹੀਂ ਹੁੰਦਾ, ਇਸੇ ਪ੍ਰਕਾਰ ਭਗਤੀ ਕੀ ਅਗਨੀ ਜਲਾਨੇ ਲਈ ਪਰਲੇ ਦਰਜੇ ਕਾ ਬੈਰਾਗ ਚਾਹੀਦਾ ਹੈ। ਮੰਦ ਬੈਰਾਗੀ ਨੂੰ ਸੰਸਾਰ ਸਾਗਰ ਤਰਨਾ ਦੁਸ਼ਵਾਰ ਹੈ। ਬੈਰਾਗ ਦੋ ਪ੍ਰਕਾਰ ਦਾ ਹੈ :

੧. ਕਾਰਣ ਬੈਰਾਗ :

ਕਿਸੇ ਸੰਕਟ ਬਿਆਪਣ ਤੋਂ ਪੈਦਾ ਹੋਤਾ ਹੈ, ਸੰਕਟ ਖਤਮ ਹੋਣ ਤੋਂ ਇਹ ਵੀ ਖਤਮ ਹੋ ਜਾਂਦਾ ਹੈ।

੨. ਬਿਬੇਕ ਪ੍ਰਵਾਹ ਬੈਰਾਗ :

ਸੰਸਾਰ ਔਰ ਪ੍ਰਲੋਕ ਕੇ ਸੁਖੋਂ ਕੋ ਸਾਰਹੀਣ ਜਾਣ ਕੇ ਤਿਆਗ, ਕਾਂ ਦੀ ਬਿਸ਼ਟਾ ਵਤ, ਇਨ੍ਹਾਂ ਮਾਇਕੀ ਸੁਖ ਨੂੰ ਤੁਛ ਜਾਨਣਾ ਗਿਲਾਨੀ ਕਰਕੇ ਇਨ੍ਹਾਂ ਨੂੰ ਤਿਆਗ ਦੇਣਾ, ਪ੍ਰਮਾਤਮਾ ਨਾਲ ਪ੍ਰੇਮ ਜੋੜ ਲੈਣਾ, ਭਗਵਾਨ ਨੂੰ ਹੀ ਸੁਖੋਂ ਕਾ ਕੇਂਦਰ ਮੰਨਣਾ, ਮੌਤ ਨੂੰ ਹਮੇਸ਼ਾ ਯਾਦ ਰੱਖਣ ਨਾਲ ਹੀ ਬੈਰਾਗ ਕਾਇਮ ਰਹਿੰਦਾ ਹੈ। ਪਹਿਲੀ ਪ੍ਰਕਾਰ ਦਾ ਬੈਰਾਗ ਮੌਕੇ ਤੇ ਕੰਮ ਨਹੀਂ ਆਉਂਦਾ, ਦੂਸਰੀ ਪ੍ਰਕਾਰ ਦਾ ਬੈਰਾਗ ਹੀ ਮਨ ਨੂੰ ਅਸਥਿਰ ਰਖਦਾ ਹੈ। ਬੈਰਾਗ ਕੋ ਦ੍ਰਿੜ੍ਹ ਕਰਨ ਵਾਸਤੇ ਵਿਸ਼ੇ ਵਿਕਾਰ ਵਿਚ ਦੋਸ਼ ਦ੍ਰਿਸ਼ਟੀ ਕਰੇ, ਸ੍ਵੈਧਿਆਇ ਕਰਨਾ (ਸਤ ਸ਼ਾਸਤਰਾਂ) ਦਾ ਪੜ੍ਹਨਾ ਸੁਣਨਾ, ਮਹਾਂਪੁਰਸ਼ਾਂ ਦਾ ਸੰਗ ਕਰਨਾ, ਜਿਨ੍ਹਾਂ ਦਾ ਮੋਹ ਸੰਸਾਰ ਔਰ ਪਦਾਰਥਾਂ ਨਾਲੋਂ ਟੁੱਟਾ ਹੋਵੇ, ਕਮਰ ਪਰ ਪੱਥਰ ਬੰਨ੍ਹ ਕੇ ਦਰਿਆ ਪਾਰ ਕਰਨਾ ਔਖਾ ਹੈ। ਇਸੇ ਤਰ੍ਹਾਂ ਸੰਸਾਰ ਦਾ ਪਿਆਰ ਵੀ ਰਸਤੇ ਵਿਚ ਰੁਕਾਵਟ ਹੈ। ਬੈਰਾਗ ਦੀ ਦ੍ਰਿੜ੍ਹਤਾ ਉਸ ਵਕਤ ਜਾਣੀ ਜਾਤੀ ਹੈ ਜਦੋਂ ਸਾਹਮਣੇ ਨੌਜਵਾਨ ਪੁਤਰ ਮਰਿਆ ਪਿਆ ਹੋਵੇ, ਸ਼ੋਕ ਅਵਸਥਾ ਨਾ ਹੋਵੇ। ਹੱਸ ਕੇ ਆਖੇ ਪ੍ਰਮੇਸ਼ਰ ਦੀ ਅਮਾਨਤ ਸੀ ਉਸ ਨੇ ਲੈ ਲਈ ਹੈ। ਚਿੰਤਾ ਕਿਸ ਬਾਤ ਦੀ ਕਰਨੀ ਹੈ। ਮੋਹ ਦਾ ਨਾਸ਼ ਕਰਨ ਤੋਂ ਹੀ ਪੂਰਨ ਬੈਰਾਗ ਪੈਦਾ ਹੋ ਸਕਦਾ ਹੈ ਅਤੇ ਪਰਮ ਸ਼ਾਂਤੀ ਪ੍ਰਾਪਤ ਹੁੰਦੀ ਹੈ। ਮਮਤਾ ਦੀ ਗੰਠ ਨਹੀਂ ਬੰਧਦਾ, ਰਾਗ ਦ੍ਵੈਸ਼ ਤੋਂ ਉਪਰ ਉਠ ਜਾਂਦਾ ਹੈ। ਦੁਨੀਆਂ ਦਾ ਕੋਈ ਵੀ ਪ੍ਰਲੋਭਨ ਬੈਰਾਗੀ ਦੇ ਮਨ ਨੂੰ ਨਹੀਂ ਭਰਮਾ ਸਕਦਾ, ਪਰ ਅੱਜ ਦੇ ਨਾਧਰੀਕ ਬੈਰਾਗੀ ਤਾਂ ਛਕਣ ਛਕਾਉਣ ਵਾਸਤੇ ਪਾਖੰਡ ਕਰਦੇ ਹਨ। ਧੰਨ ਭਾਈ ਮਨੀ ਸਿੰਘ ਜੀ, ਭਾਈ ਮਤੀ ਦਾਸ ਜੀ, ਦੁਨੀਆਂ ਦੇ ਸੁਖਾਂ ਨੂੰ ਠੁਕਰਾ ਕੇ ਕਿਹਾ ਸੀ :

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥

(ਪੰਨਾ ੫੩੪)

ਬੰਦ-ਬੰਦ ਕਟਵਾ ਲੈਣਾ ਕੀਤੇ, ਆਰਿਆਂ ਨਾਲ ਤਨ ਚਿਰਵਾ ਲਏ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਹੀ, ਸਿਦਕ ਨਹੀਂ ਡੁਲਾਇਆ, ਸੱਚੇ ਬੈਰਾਗੀ ਤਿਆਗੀ ਬ੍ਰਹਮ ਬੇਤੇ ਸਨ, ਕਲਗੀਧਰ ਪਾਤਸ਼ਾਹ ਪੂਰਨ ਸਤਿਗੁਰਾਂ ਦੇ ਸਿੱਖ ਸਨ, ਕਿਰਪਾ ਬਖ਼ਸ਼ਿਸ਼ ਸੀ। ਸੁਲਤਾਨਪੁਰ ਵਾਲੇ ਬਾਬਾ ਮਹੇਸ਼ਾ ਜੀ ਦਾ ਪੁੱਤਰ ਸੁਰਗਵਾਸ ਹੋਯਾ ਪਿਆ ਸੀ, ਨਿਯਮ ਅਨੁਸਾਰ ਗੋਇੰਦਵਾਲ ਸਾਹਿਬ ਗੁਰੂ ਅਮਰਦਾਸ ਜੀ ਦਾ ਦਰਸ਼ਨ ਕਰਨ ਵਿਚ ਨਾਗ਼ਾ ਨਾ ਪਾਉਣ ਤੋਂ ਸਤਿਗੁਰਾਂ ਤੋਂ ਅਸ਼ੀਰਵਾਦ ਪ੍ਰਾਪਤ ਕਰਕੇ ੨੨ ਮੰਜੀਆਂ ਵਿਚੋਂ ਇਕ ਮੰਜੀ

ਪ੍ਰਾਪਤ ਕੀਤੀ। ਇਹ ਗੁਰਸਿਖੀ ਦੀਆਂ ਸੱਚੇ ਬੈਰਾਗ ਦੀਆਂ ਮਿਸਾਲਾਂ ਹਨ। ਐਸੀਆਂ ਬੇਅੰਤ ਗਵਾਹੀਆਂ ਹਨ ਇਸ਼ਾਰਾ ਦਿਤਾ ਹੈ। ਜਿਵੇਂ ਸ਼ਹਿਦ ਦੀਆਂ ਮੱਖੀਆਂ ਦੇ ਪਰਾਂ ਨੂੰ ਸ਼ਹਿਦ ਚਿੰਬੜ ਜਾਂਦਾ ਹੈ, ਹੌਲੀ-ਹੌਲੀ ਮੁਖ ਨਾਲ ਚਾਟ ਕਰ ਉਡ ਜਾਂਦੀਆਂ ਹਨ। ਇਹ ਸਰੀਰ ਇਸਤਰੀ ਪੁਤਰ ਰੂਪੀ ਸ਼ਹਿਦ ਮੇਂ ਰਾਗ ਔਰ ਮੋਹ ਕਾਰਨ ਜੀਵ ਚਿਮਟਾ ਹੂਆ ਫੰਸਾ ਹੂਆ ਹੈ। ਮਾਸ ਔਰ ਹੱਡਾਂ ਦੇ ਪਿੰਜਰ ਤੋਂ ਉਡ ਕੇ ਅਧਿਸ਼ਠਾਨ ਬ੍ਰਹਮ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਜਿਵੇਂ ਕੰਡੇਦਾਰ ਝਾੜੀ ਮੇਂ ਫੰਸਿਆ ਹੋਇਆ ਬਸਤਰ ਧੀਰੇ-ਧੀਰੇ ਨਿਕਾਲ ਲਈਦਾ ਹੈ, ਇਸੇ ਪ੍ਰਕਾਰ ਜਨਮ ਜਨਮਾਂਤਰਾਂ ਦੀ ਵਿਰਤੀ ਵਿਕਾਰਾਂ ਰੂਪੀ ਝਾੜੀ ਮੇਂ ਫੰਸੀ ਹੈ, ਇਸਨੂੰ ਵਿਚਾਰ ਬੈਰਾਗ ਸਹਿਤ ਨਿਕਾਲ ਲੈਣਾ ਕਰਕੇ ਇੱਛਾ ਦਾ ਤਿਆਗ ਹੀ ਬੈਰਾਗ ਹੈ। ਬਾਹਰ ਦੀਆਂ ਵਸਤੂਆਂ ਦੇ ਅਨੰਦ ਦੀ ਬਜਾਏ ਅੰਤਰ ਆਤਮਾ ਦਾ ਅਨੰਦ ਪ੍ਰਾਪਤ ਕਰੋ। ਜਿਵੇਂ ਭਾਫ ਇਕ ਜਗ੍ਹਾ ਇਕੱਤਰ ਕਰਨ ਨਾਲ ਕਿਤਨੀਆਂ ਰੇਲ ਗੱਡੀਆਂ ਚਲਦੀਆਂ ਹਨ, ਇਸੇ ਪ੍ਰਕਾਰ ਮਨ ਦੀ ਕਮਜ਼ੋਰੀ ਵਿਖਰੀਆਂ ਹੋਈਆਂ ਵਿਰਤੀਆਂ ਨੂੰ ਇਕੱਤਰ ਕਰਕੇ ਕਾਫੀ ਕਾਜ ਸੁਧਾਰੇ ਜਾ ਸਕਦੇ ਹਨ। ਜਿਵੇਂ ਜਹਾਜ਼ ਤੇ ਬੈਠਣ ਵਾਲਾ ਪੰਛੀ ਘੁੰਮ ਕੇ ਜਹਾਜ਼ ਤੇ ਆ ਜਾਂਦਾ ਹੈ, ਇਵੇਂ ਮਨ ਕਿਤੇ ਵੀ ਘੁੰਮ ਲਵੇ ਇਸ ਦਾ ਅੰਤ ਆਸਰਾ ਤਾਂ ਆਤਮਾ ਹੀ ਹੈ। ਜਿਹੜੀ ਇੱਛਾ ਤੁਹਾਡੀ ਰਾਹ ਵਿਚ ਰੁਕਾਵਟ ਹੈ ਉਸਦਾ ਤਿਆਗ ਕਰ ਦੇਵੋ। ਆਪਣੇ ਆਪ ਸੁਖ ਦਾ ਅਨੁਭਵ ਹੋਵੇਗਾ। ਬੈਰਾਗ ਦਾ ਲੱਛਣ ਹੀ ਵਸਤੂਆਂ ਦੀ ਇੱਛਾ ਦਾ ਤਿਆਗ ਹੈ। ਜਿਵੇਂ ਮਾਤਾ ਕੌੜੀ ਰਸੌਂਤ ਲਾ ਕੇ ਬੱਚੇ ਨੂੰ ਦੁੱਧ ਛੁਡਾ ਦਿੰਦੀ ਹੈ। ਜਿਨ੍ਹਾਂ ਵਿਕਾਰਾਂ ਨੂੰ ਦੁੱਧ ਜਾਣ ਕੇ ਪੀਂਦਾ ਹੈ ਵਿਚਾਰ ਰੂਪੀ ਰਸੌਂਤ ਨਾਲ ਇਨ੍ਹਾਂ ਦਾ ਤਿਆਗ ਕਰ ਇਕਾਂਤ ਬੈਠ ਕੇ ਸੰਸਾਰਕ ਦੁਖਾਂ ਦੀ ਵੀਚਾਰ ਕਰੋ। ਮਨ ਨੂੰ ਦੁਖਾਂ ਦੀ ਰਸੌਂਤ ਲਾਵੋ ਮਨ ਬਿਰਕਤ ਹੋ ਜਾਵੇਗਾ। ਜਿਵੇਂ ਪਥਰੀਲੀ ਧਰਤੀ ਵਿਚ ਬੀਜ ਬੋਣਾ ਨਿਸਫਲ ਹੈ, ਬੈਰਾਗ ਬਿਬੇਕ ਤੋਂ ਬਿਨਾਂ ਸਭ ਸਾਧਨ ਬਿਅਰਥ ਹਨ। ਦੂਸਰਾ ਜਿਵੇਂ ਚੂਹਿਆਂ ਦੀਆਂ ਖੁਡਾਂ ਹੋਣ ਪਾਣੀ ਦੇਣ ਤੋਂ ਖੁਡਾਂ ਵਿਚ ਚਲਾ ਜਾਂਦਾ ਹੈ ਖੇਤੀ ਨੂੰ ਨਹੀਂ ਮਿਲਦਾ, ਤਿਵੇਂ ਹੀ ਸਾਧਕ ਦਾ ਯਤਨ ਵਿਕਾਰਾਂ ਦੀ ਹੋਂਦ ਖਤਮ ਕੀਤੇ ਬਿਨਾਂ ਨਿਸਫਲ ਹੈ। ਚਿਤ ਨਦੀ ਦੀ ਨਿਆਈਂ ਹੈ, ਇਸਦੇ ਦੋ ਪ੍ਰਵਾਹ ਹਨ, ਇਕ ਸੰਸਾਰ ਦੂਜਾ ਪ੍ਰਮਾਤਮਾ। ਚਿਤ ਨੂੰ ਇਕਾਗਰ ਕਰਨ ਨਾਲ ਸ੍ਰੇਯ (ਕਲਿਆਣ) ਮਿਲਦੀ ਹੈ, ਮਨ ਦੀਆਂ ਬਿਰਤੀਆਂ ਖਿੰਡਣ ਨਾਲ ਪ੍ਰੇਯ (ਪਾਪ ਦੀ ਉਤਪਤੀ ਹੋਤੀ ਹੈ। ਇਹ ਗੱਲ ਸਾਡੇ ਅਧੀਨ ਹੈ, ਦੋਨੋਂ ਵਿਚੋਂ ਇਕ ਕਰ ਲਵੋ ਲਾਭ ਕਿਹੜੀ ਗੱਲ ਵਿਚ ਹੈ। ਬੈਰਾਗ ਅਭਿਆਸ ਤੋਂ ਜੀਵ ਗਿਆਨ ਸਾਗਰ ਵਿਚ ਡੁਬਕੀਆਂ ਲਗਾਂਦਾ ਹੈ, ਬਿਸ਼ੈ ਬਾਸ਼ਨਾ ਤੋਂ ਸੰਸਾਰ ਮੋਹ ਵਿਚ ਗੋਤੇ ਖਾਂਦਾ ਹੈ। ਜਿਵੇਂ ਨਦੀ ਨੂੰ ਬੰਨ੍ਹ ਲਾ ਕੇ ਪਾਣੀ ਆਪਣੀ ਇੱਛਾ ਅਨੁਸਾਰ ਲਿਜਾ ਕੇ ਕਾਰਜ ਸੁਧਾਰੇ ਜਾ ਸਕਦੇ ਹਨ, ਇਸੇ ਭਾਂਤ ਮਨ ਦੀ ਵਿਰਤੀ ਰੂਪੀ ਨਦੀ ਨੂੰ ਬੈਰਾਗ ਦਾ ਬੰਨ੍ਹ ਲਾ ਕੇ ਆਤਮ ਰੂਪੀ ਕਾਰਜ ਸਵਾਰਿਆ ਜਾ ਸਕਦਾ ਹੈ। ਬਾਹਰ ਦੀਆਂ ਅਵਾਜ਼ਾਂ ਦੀ ਸ੍ਰੋਤ ਤਿਆਗ ਕੇ ਅੰਦਰ ਦੀ ਅਵਾਜ਼ ਸੁਣ ਲੈ, ਇਹ ਅਨਹਤ ਹੈ। ਸਾਰੇ ਯਾਤਰੀ ਹਨ, ਮਾਰਗ ਦੋ ਹਨ, ਇਕ

ਅਨਰਥਕਾਰੀ, ਇਕ ਕਲਿਆਣਕਾਰੀ। ਵੀਚਾਰ ਕੇ ਅਪਣਾ ਲਵੋ। ਸੰਸਾਰ ਦਾ ਮਾਰਗ ਅਨਰਥਕਾਰੀ ਹੈ, ਧਰਮ ਦਾ ਮਾਰਗ ਕਲਿਆਣਕਾਰੀ ਹੈ। ਮਨ ਦੋ ਪ੍ਰਕਾਰ ਦਾ ਹੈ—ਸ਼ੁਭ, ਅਸ਼ੁਭ। ਜਿਵੇਂ ਟੂਟੀ ਖੁਲ੍ਹੀ ਰਹੀ, ਪਾਣੀ ਨੀਚੇ ਵਗਦਾ ਹੈ, ਬੰਦ ਹੋਣ ਨਾਲ ਪਾਣੀ ਉਪਰ ਪਾਈਪ ਵਿਚ ਚੜ੍ਹ ਜਾਂਦਾ ਹੈ, ਇਸੇ ਤਰ੍ਹਾਂ ਜਿਤਨੀ ਦੇਰ ਸੰਸਾਰ ਰੂਪੀ ਨੀਚੇ ਦੀ ਟੂਟੀ ਬੰਦ ਨਾ ਕੀਤੀ ਤਦ ਤੱਕ ਮਨ ਈਸ਼ਵਰ ਵੱਲ ਉਪਰ ਨਹੀਂ ਜਾ ਸਕਦਾ। ਪਦਾਰਥਾਂ ਨੂੰ ਖਿਨਭੰਗਰ ਜਾਣ ਕੇ ਤਿਆਗ ਦੇਵੋ, ਇਨ੍ਹਾਂ ਵਿਚ ਦੋਸ਼ ਦ੍ਰਿਸ਼ਟੀ ਕਰਕੇ ਵਿਰਤੀ ਕੋ ਹਟਾਣਾ ਹੀ ਬੈਰਾਗ ਰੂਪੀ ਬੰਨ੍ਹ ਮਾਰਨਾ ਹੈ। ਸਥਾਨ ਸਥਾਨ ਦੀ ਪ੍ਰੀਤੀ ਛੋਡ ਕਰ ਭਗਵਾਨ ਸੇ ਪ੍ਰੀਤ ਲਾ ਲੈ, ਇਸਦਾ ਪ੍ਰਤਿਆਹਾਰ ਹੈ। ਜਿਵੇਂ ਚੰਪਾ ਕਾ ਫੂਲ ਹਰੇਕ ਭੌਰੇ ਨੂੰ ਕਹਿਤਾ ਹੈ

ਜਗ੍ਹਾ ਜਗ੍ਹਾ ਕੇ ਮੀਤ ਕੋ ਕੌਨ ਬਿਠਾਏ ਪਾਸ॥
ਸਾਧੂ ਮੁਝ ਮੇਂ ਰੰਗ, ਰੂਪ ਔਰ ਬਾਸ॥

ਸੰਸਾਰ ਸਾਗਰ ਕੇ ਬੀਚ ਚਿਤ ਇਕ ਨਦੀ ਹੈ। ਜਦ ਤੀਕ ਇਸ ਨਦੀ ਦਾ ਮੁਖ ਸੰਸਾਰ ਵਲ ਹੁੰਦਾ ਹੈ ਸੰਸਾਰ ਸਾਗਰ ਕੋ ਭਰਦੀ ਹੈ। ਜਦੋਂ ਚਿਤ ਕੀ ਨਦੀ ਉਲਟ ਕੇ ਮੁਕਤੀ ਦੇ ਧਾਮ ਵਲ ਵਹਿਣੇ ਲਗੇ, ਫੇਰ ਸੰਸਾਰ ਰੂਪੀ ਸਮੁੰਦਰ ਸੁੱਕੇ ਬਿਨਾਂ ਨਹੀਂ ਰਹਿ ਸਕਦਾ। ਚਿਤ ਨਦੀ ਦੋ ਰੂਪਾਂ ਵਿਚ ਵਹਿੰਦੀ ਹੈ। ਸਹਸਕ੍ਰਿਤੀ ਦਾ ਸਲੋਕ ਹੈ

ਚਿਤ ਨਾਮ ਨਦੀ ਉਭਯੋਬਾਹਿਨੀ ਕਲਿਆਣਮਯ ਚ ਪਾਪਾਯ ਚ।

ਮੁਕਤੀ ਔਰ ਪਾਪ ਵਲ ਵਗ ਰਹੀ ਹੈ। ਚਿਤ ਦੇ ਨਿਰੋਧ ਦੇ ਅਭਿਆਸ ਤੇ ਬੈਰਾਗ ਦੋ ਉਪਾਵ ਹਨ। ਇਸਤਰੀ ਕਹਿੰਦੀ ਹੈ ਯਦੀ ਤੇਰੇ ਮਨ ਵਿਚ ਕਾਮ ਵਾਸ਼ਨਾ ਹੈ ਤੈਨੂੰ ਸਰੀਰ ਧਾਰ ਕੇ ਮੇਰੇ ਨਾਲ ਵਿਆਹ ਕਰਨਾ ਪਵੇਗਾ ਅਤੇ ਫਿਰ ਕਾਮ ਬਾਸ਼ਨਾ ਪੂਰੀ ਕਰਨ ਲਈ ਤੈਨੂੰ ਸਾਰੀ ਜ਼ਿੰਦਗੀ ਲਈ ਮੇਰਾ ਅਤੇ ਬੱਚਿਆਂ ਦੇ ਪਾਲਣ ਪੋਸਣ ਦਾ ਭਾਰ ਆਪਣੇ ਸਿਰ ਲੈਣਾ ਪਵੇਗਾ, ਇਸ ਲਈ ਵਾਸ਼ਨਾ ਬੰਧਨ ਰੂਪ ਹੈ। ਵਾਸ਼ਨਾ ਕੇ ਵੇਗ ਨੂੰ ਰੋਕਣ ਲਈ ਬੈਰਾਗ ਹੈ, ਕਲਿਆਣ ਪ੍ਰਾਪਤੀ ਲਈ ਸਤ ਸ਼ਬਦ ਦਾ ਅਭਿਆਸ ਹੈ। ਬੈਰਾਗ ਰੂਪੀ ਬੂਟੀ ਘੋਟ ਕੇ ਪੀਣ ਨਾਲ ਸੰਸਾਰ ਦੀ ਚਮਕ ਦਮਕ ਦਾ ਜਾਦੂ ਉਤਰ ਜਾਂਦਾ ਹੈ। ਜਗਤ ਦਾ ਬੰਧਨ ਤੋੜਨ ਲਈ ਬੈਰਾਗ ਹੀ ਹੈ। ਸਾਰੇ ਦੁਖਾਂ ਦੀ ਸਰਦਾਰ ਨਾਰ ਹੀ ਹੈ। ਨਾਰੀ ਦੇ ਤਨ ਵਲ ਨਾ ਤੱਕ, ਇਹ ਅੰਗ ਅੰਗ ਵਿਚ ਡੰਗ ਚਲਾਂਦੀ ਹੈ। ਸਭ ਨੂੰ ਮਨ ਦੀ ਕੁੰਡੀ ਵਿਚ ਫਸਾ ਲੈਂਦੀ ਹੈ, ਇਸ ਦਾ ਦਰਸ਼ਨ ਹੀ ਮਨ ਨੂੰ ਕਲੇਸ਼ ਦਾ ਕਾਰਨ ਹੈ, ਯਾਦ ਕਰਨ ਨਾਲ ਮਨ ਦਾ ਨਾਸ਼ ਕਰਦੀ ਹੈ, ਨਰਕ ਦੀ ਨਿਸ਼ਾਨੀ ਹੈ। ਜਿਸ ਨੂੰ ਆਪਣਾ ਤੀਰ ਮਾਰ ਦੇਵੇ ਉਹ ਮੁਕਤ ਨਹੀਂ ਹੋ ਸਕਦਾ। ਤੀਵੀਂ ਦੀ ਇੱਛਾ ਵਾਲਾ ਕਦੀ ਸੁਖ ਨਹੀਂ ਲੈ ਸਕਦਾ। ਤੀਵੀਂ ਤੋਂ ਕਾਮ ਕੀ ਅਗਨੀ ਵਿਚ ਘਿਉ ਦੀ ਅਹੂਤੀ ਸਮਾਨ ਹੈ, ਜਿਸਦੇ ਮਨ ਵਿਚ ਵਸ ਜਾਵੇ ਰਸਤੇ ਕੋ ਭ੍ਰਿਸ਼ਟ ਕਰ ਦੇਂਦੀ ਹੈ। ਨਾਰੀ ਗਹਿਰੀ ਗਾਰ ਹੈ, ਇਸ ਦੇ ਪੰਜੇ ਵਿਚ ਆਉਣ ਨਾਲ ਜਤ ਸਤ ਜਾਂਦਾ ਰਹਿੰਦਾ ਹੈ। ਇਸ ਦਾ ਕੋਮਲ ਸਪਰਸ਼ ਸਰਪਣੀ ਦੇ ਤਿੱਖੇ ਡੰਗ ਨਾਲੋਂ

ਵੀ ਜ਼ਹਿਰੀਲਾ ਹੈ। ਜੇ ਜੀਵ ਕਲਿਆਣ ਚਾਹੁੰਦਾ ਹੈ ਇਸਦੀ ਪ੍ਰੀਤੀ ਮਨ ਬਾਣੀ ਸਰੀਰ ਕਰਕੇ ਤਿਆਗ ਦੇ, ਇਹ ਕਾਨ ਅਤੇ ਆਂਖੋਂ ਕੇ ਰਸਤੇ ਦਾਖਲ ਹੁੰਦੀ ਹੈ, ਸਰਬ ਨਾਸ਼ ਕਰ ਦੇਂਦੀ ਹੈ, ਆਂਖੇਂ ਨੀਚੇ ਰਖੋ, ਜ਼ਹਿਰ ਤੇ ਅੰਮ੍ਰਿਤ ਅੱਖਾਂ ਵਿਚ ਹੈ। ਅੱਖਾਂ ਅਨਰਥ ਦਾ ਕਾਰਨ ਹਨ, ਨਾਰੀ ਦਾ ਮੇਲ ਪੱਥਰ ਵਾਂਗ ਜੜ੍ਹ ਬਣਾ ਦੇਤਾ ਹੈ।

ਨਾਰ ਕੀਚ ਸੇ ਨਿਕਲਯੋ, ਅਪਨਾ ਸਭ ਬਲ ਲਾਇ॥
ਸ਼ਕਲਾਂ ਦਿੱਸਣ ਸੋਹਣੀਆਂ, ਵਿਚੋਂ ਕਾਲੇ ਨਾਗ॥
ਡੰਗ ਚਲਾਵਨ ਕੁਹਜੜੇ, ਧਾਰ ਮਿੱਤਰ ਦਾ ਸ੍ਵਾਂਗ॥
ਨਯਨ ਤੀਰ ਛੋਡੇ ਜਿਸ ਪਾਸੇ, ਤਾਹੀਂ ਨਾਰ ਬਿਨ ਕੁਛ ਨਾ ਭਾਸੇ॥
ਹੈ ਹਤਿਆਰੀ ਨਾਰ ਅਪਾਵਨ, ਧਿਕ ਧਿਕ ਤਿਨ ਜੋ ਇਸ ਢਿਗ ਜਾਵਨ॥
ਥੋਥੀ ਰਚਨਾ ਨਾਰ ਹੈ, ਕਦਲੀ ਥੰਮ੍ਹ ਸਮਾਨ॥
ਹਰ ਬਿਬੇਕ ਬੈਰਾਗ ਲੇ, ਤਜੋ ਅਨਰਥਨ ਖਾਨ॥
ਨਾਰ ਦਲਾਲੀ ਕੋਇਲਿਆਂ, ਹਾਸਲ ਹੋਵੇ ਨ ਰੰਚ॥
ਹਥ ਮੂੰਹ ਕਾਲਾ ਮੁਫਤ ਮੇਂ, ਕੀ ਫਲ ਇਸ ਪ੍ਰਪੰਚ॥

ਰਸਨਾ ਖਾ ਕੇ, ਕੰਨ ਸੁਣ ਕੇ, ਮੂੰਹ ਬੋਲ ਕੇ, ਨੱਕ ਸੁੰਘ ਕੇ, ਪੈਰ ਫਿਰ ਕੇ, ਹੱਥ ਪਕੜ ਕੇ, ਸਰੀਰ ਸਪਰਸ਼ ਕਰਕੇ ਤ੍ਰਿਪਤ ਨਹੀਂ ਹੁੰਦਾ, ਵਾਸ਼ਨਾ ਦੁੱਖਾਂ ਦਾ ਮੂਲ ਹੈ। ਇਸ ਲਈ ਵਾਸ਼ਨਾ ਰਹਿਤ ਹੋ ਕੇ ਆਤਮ ਪਦ ਦੀ ਪ੍ਰਾਪਤੀ ਕਰ ਲੈ।

ਬਿਸ਼ੇ ਸਰਪ ਨੇ ਡਸ ਲੀਆ, ਲੂੰ ਲੂੰ ਬਿਸ਼ ਗਈ ਧਾਇ॥
ਬ੍ਰਹਮ ਗਿਆਨ ਔਸ਼ਧੀ ਬਿਨਾਂ, ਔਰ ਉਪਾਯ ਨਾ ਜਾਇ॥
ਏਕੋ ਏਕ ਏਕ ਦਰਸਾਵੇ, ਦੂਜਾ ਦ੍ਰਿਸ਼ਟ ਭੂਲ ਨਾ ਆਵੇ॥
ਬੌਰੀ ਦਸ਼ਾ ਨੀਂਦ ਭੁਲ ਜਾਵੇ, ਹਰ ਦਮ ਖੂਨ ਜਿਗਰ ਦਾ ਖਾਵੇ॥
ਦਿਲ ਸ਼ੀਸ਼ੇ ਵਿਚ ਖਿਚ ਲਈ, ਦਿਲਬਰ ਦੀ ਤਸਵੀਰ॥
ਏਕ ਪ੍ਰੀਤਮ ਸੇ ਰਖ ਪਿਆਰ, ਔਰ ਸਭ ਮਾਲ ਲੁਟਾਵੇ॥
ਤਨ ਮਸਜਿਦ ਮੇਂ ਪੜ੍ਹਤੇ ਹੈਂ, ਦਿਲਬਰ ਕੀ ਨਮਾਜ਼॥
ਐਸਾ ਸੀਸ ਝੁਕਾਯਾ, ਉਠਤੇ ਆਵੇ ਲਾਜ॥

ਬਿਕਾਰਾਂ ਦਾ ਤੁਛ ਸੁਖ ਪਹਾੜਾਂ ਦੇ ਦੁਖ ਨਾਲ ਮਿਲਾ ਹੈ। ਭੋਗ ਇੱਛਾ ਦੀ ਤ੍ਰਿਪਤੀ ਮਨ ਨੂੰ ਅਸ਼ਾਂਤ ਬਣਾ ਦਿੰਦੀ ਹੈ। ਸੰਸਾਰ ਦੇ ਸੁਖ ਮੁਰਦੇ ਦੀ ਲਾਸ਼ ਸਮਾਨ ਹਨ। ਜੋ ਲੋਗ ਇਨ੍ਹਾਂ ਪਿਛੇ ਦੌੜਦੇ ਹਨ ਕੁੱਤੇ ਹਨ। ਵਿਸ਼ੇ ਸੁਖ ਬ੍ਰਹਮ ਗਿਆਨ ਦਾ ਸ਼ਤਰੂ ਜਨਮ ਮਰਨ ਦਾ ਕਾਰਨ ਹੈ। ਸਤਸੰਗ, ਸ਼ੁੱਧ ਗ੍ਰੰਥਾਂ ਦਾ ਪਠਨ ਪਾਠਨ ਬੈਰਾਗ ਬਿਰਤੀ ਦੇ ਵਿਕਾਸ ਦਾ

ਕਾਰਨ ਹੈ। ਬਿਬੇਕ ਦੁਆਰਾ ਸਤ ਅਸਤ ਦਾ ਨਿਰਣਾ ਕਰਕੇ ਅਸਤ ਜੜ੍ਹ ਦੁੱਖ ਰੂਪ ਸੰਸਾਰਕ ਭੋਗ ਵਾਸ਼ਨਾ ਦਾ ਤਿਆਗ ਕਰੇ। ਦੁਨੀਆਂ ਦਾ ਭਰੋਸਾ ਪੱਥਰ ਵਤ ਡੋਬਣ ਦਾ ਕਾਰਨ ਹੈ। ਮਨ ਦਾ ਸ਼ੀਸ਼ਾ ਨਿਰਮਲ ਹੋਣ ਤੋਂ ਪ੍ਰਭੂ ਦੇ ਦਰਸ਼ਨ ਹੁੰਦੇ ਹਨ। ਤੁਹਾਡਾ ਮਨ ਇਕਾਗਰ ਹੋਵੇ, ਕਿਵੇਂ ਮੁੱਠੀ ਭਰ ਪਦਾਰਥੋਂ ਕੋ ਜੋੜਨੇ ਲਈ ਲਗੇ ਹੋ, ਝੂਠੇ ਪਦਾਰਥਾਂ ਦੀ ਪ੍ਰੀਤੀ ਮਾਯਾ ਦਾ ਮੋਹ ਤਿਆਗਦੇ ਨਹੀਂ ਹੋ, ਇਹਨਾਂ ਦਾ ਤਿਆਗ ਭਾਵ ਦਿਲ ਦੀ ਸੰਲਗਨਾਂ ਨੂੰ ਛੋਡ ਦੇਣਾ ਹੀ ਸੱਚਾ ਤਿਆਗ ਹੈ। ਬੈਰਾਗ ਮੁਕਤੀ ਦਾ ਮੂਲ ਹੈ। ਇਸ ਪ੍ਰਸਤਾਵ ਦਾ ਕਾਫੀ ਪ੍ਰਤੀਪਾਦਨ ਕੀਤਾ, ਸਮਝਣ ਦੀ ਕੋਸ਼ਿਸ਼ ਕਰੋ।

★★★

ਅਧਿਆਇ ਯਾਰਵਾਂ

੧੧.੧ ਅਭਿਆਸ ਨਿਰੂਪਣ

ਅਭਿਆਸ ਨਾਮ ਪ੍ਰਯਤਨ ਕਾ ਹੈ। ਇਸ ਦੁਆਰਾ ਮਨ ਟਿਕਾਯਾ ਜਾਂਦਾ ਹੈ। ਕਿਸੇ ਧੇਯ ਵਸਤੂ ਮੇਂ ਬਾਰ-ਬਾਰ ਰੋਕਣੇ ਕਾ ਵਾ ਬਾਰ-ਬਾਰ ਆਤਮ ਚਿੰਤਨ ਕਰਨ ਰੂਪੀ ਜੋ ਉੱਦਮ ਹੈ ਉਸਨੂੰ ਅਭਿਆਸ ਕਿਹਾ ਜਾਂਦਾ ਹੈ। ਲਕਸ਼ ਪ੍ਰਮਾਤਮਾ ਹੈ, ਜੀਵ ਦਾ ਸੁਭਾਵ ਇਧਰ ਉਧਰ ਭਟਕਣ ਦਾ ਹੈ। ਇਸ ਨੂੰ ਸੰਸਾਰਕ ਬਿਰਤੀਆਂ ਵਲੋਂ ਰੋਕ ਕੇ ਜੋ ਸਿਮਰਨ ਕਰਨਾ ਹੈ ਇਹ ਹੈ ਅਭਿਆਸ। ਮਨ ਤੁਛ ਚੀਜ਼ਾਂ ਤੇ ਵੀ ਇਕਾਗਰ ਹੋ ਜਾਂਦਾ ਹੈ, ਪਰ ਇਨ੍ਹਾਂ ਨਾਲ ਸਥਿਰਤਾ ਪ੍ਰਾਪਤ ਨਹੀਂ ਹੁੰਦੀ, ਕਿਉਂਕਿ ਇਹ ਸਾਰੀਆਂ ਚੀਜ਼ਾਂ ਅਨਿਸਥਿਰ ਰਹਿਣ ਵਾਲੀਆਂ ਹਨ। ਸਥਿਰ ਵਸਤੂ ਦਾ ਅਭਿਆਸ ਹੀ ਮਨ ਨੂੰ ਸਥਿਰ ਬਣਾਉਂਦਾ ਹੈ। ਛੋਟੀਆਂ ਵਸਤੂਆਂ ਵਲੋਂ ਬਿਰਤੀ ਹਟਾ ਕਰ ਬਿਰਾਟ ਸਰੂਪੀ ਪ੍ਰਮਾਤਮਾ ਦੇ ਚਿੰਤਨ ਦਾ ਅਭਿਆਸ (ਯਤਨ) ਕਰੇ। ਸਾਧਨਾ ਨੂੰ ਵੀ ਅਭਿਆਸ ਕਿਹਾ ਜਾਂਦਾ ਹੈ ਅਤੇ ਸਾਧਨਾ ਤੋਂ ਹੀ ਮਨ ਇਕਾਗਰ ਕੀਤਾ ਜਾ ਸਕਦਾ ਹੈ। ਮਨ ਇਕਾਗਰਤਾ ਦੀ ਪਰਮ ਔਸ਼ਧੀ ਅਭਿਆਸ ਹੀ ਹੈ ਜੋ ਅਹੰਕਾਰ ਆਦਿ ਰੋਗ ਨਿਵਾਰਨ ਵਿਚ ਸਹਾਇਕ ਹੋ ਸਕਦੀ ਹੈ। ਕਿਸੇ ਵੀ ਕਾਰਜ ਨੂੰ ਕਾਫੀ ਦੇਰ ਤੀਕ ਕੀਤਾ ਜਾਵੇ ਤਾਂ ਉਸ ਪ੍ਰੀਖਸ਼ਮ ਨੂੰ ਅਭਿਆਸ ਕਹੀਦਾ ਹੈ। ਏਕ ਆਤਮਾ ਦਾ ਚਿੰਤਨ ਕਰਨ ਵੇਲੇ ਜੋ ਯਤਨ ਹੈ ਉਹ ਕੀ ਹੈ, ਅਭਿਆਸ ਹੈ। ਅਭਿਆਸ ਨਾਮ ਹਿਰਦੇ ਦਾ, ਆਸ ਨਾਮ ਇੱਛਾ ਦਾ। ਜੋ ਮਨ ਵਿਚ ਜੀਵ ਬ੍ਰਹਮ ਦੀ ਏਕਤਾ ਰੂਪ ਪ੍ਰਯਤਨ ਰੂਪੀ ਇੱਛਾ ਹੈ ਜੋ ਸਦਾ ਆਦਿ ਤੋਂ ਅੰਤ ਤੀਕ ਬਣੀ ਰਹੇ, ਉਸਨੂੰ ਵਿਦਵਾਨਾਂ ਨੇ ਅਭਿਆਸ ਕਿਹਾ ਹੈ।

੧੧.੨ ਅਭਿਆਸ ਲਈ ਉਪਯੋਗੀ ਬਾਤੇਂ

੧. ਅਭਿਆਸ ਕਰਨ ਲਈ ਲੰਬੇ ਸਮੇਂ ਦੀ ਜ਼ਰੂਰਤ ਹੈ ਭਾਵ ਆਤਮ ਚਿੰਤਨ ਲਈ ਵੱਧ ਤੋਂ ਵੱਧ ਸਮਾਂ ਲਾਉਣਾ। ਜਿਵੇਂ ਤੱਕੜੀ ਕੇ ਏਕ ਪਲੜੇ ਵਿਚ ਪੰਜ ਕਿਲੋ ਦਾ ਵਜ਼ਨ ਦੂਸਰੇ ਪਲੜੇ ਵਿਚ ਪਾਇਆ ਹੈ, ਜਿਧਰ ਜ਼ਿਆਦਾ ਵਜ਼ਨ ਹੈ ਉਹ ਹੀ ਪਲੜਾ ਝੁਕੇਗਾ. ਇਸੇ ਤਰ੍ਹਾਂ ਜੇ ਜ਼ਿਆਦਾ ਸਮਾਂ ਅਭਿਆਸ ਵਿਚ ਲਾਵਾਂਗੇ ਤਾਂ ਸਿਮਰਨ ਦਾ ਬੱਲ ਵੱਧ ਜਾਏਗਾ, ਬੁਰਾਈ ਨੂੰ ਦਬਾ ਲਵੇਗਾ। ਜੇ ਬੁਰਾਈਆਂ ਵੱਧ ਤੋਲਾਂਗੇ ਤਾਂ ਭਲਾਈ ਦੱਬੀ ਰਹੇਗੀ। ਬੁਰਾਈ ਘਟਾਉਣਾ ਸਾਧਨ ਹੈ, ਅੱਗੇ ਲਈ ਕੋਈ ਬੁਰਾ ਕਾਮ ਨਾ ਕਰੋ। ਪਹਿਲੇ

ਕੀਤਿਆਂ ਹੋਇਆਂ ਨੂੰ ਭਲਾਈ ਦੁਆਰਾ ਦਬਾ ਲਵੋ।

੨. ਅਭਿਆਸ ਕਰਨ ਦਾ ਇਕ ਸਥਾਨ ਨਿਸ਼ਚਿਤ ਆਸਣ ਔਰ ਇਕ ਮੰਤਰ ਦਾ ਜਾਪ ਅਤੇ ਨਿਸਚਿਤ ਸਮਾਂ ਹੋਣਾ ਜ਼ਰੂਰੀ ਹੈ। ਰੋਜ਼ ਮੰਤਰਾਂ ਦੀ ਤਬਦੀਲੀ, ਜਪ ਦਾ ਢੰਗ ਬਦਲਣਾ, ਜਗ੍ਹਾ ਬਦਲਣੀ, ਕਦੇ ਕਿਸੇ ਸਮੇਂ, ਕਦੇ ਕਿਸੇ ਸਮੇਂ ਕਰਨਾ, ਮਨ ਦੀ ਇਕਾਗਰਤਾ ਲਈ ਰੋਕ ਹਨ। ਸਮੇਂ ਦਾ ਪਾਬੰਦ ਹੋਣਾ ਜ਼ਰੂਰੀ ਹੈ।

੩. ਅਭਿਆਸੀ ਪੁਰਸ਼ ਦੇ ਮਨ ਵਿਚ ਗੁਰੂ ਭਗਤੀ ਨਾਮ ਨਾਲ ਪ੍ਰੀਤੀ, ਦ੍ਰਿੜ੍ਹਤਾ, ਭੁੱਖ, ਪਿਆਸ, ਦੁਖ ਸੁਖ ਵਿਚ ਸਮਾਨ, ਨਿੰਦਾ ਚੁਗਲੀ, ਬਾਦ ਬਿਬਾਦ, ਮਤ ਮਤਾਂਤਰਾਂ ਦੇ ਝਗੜਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਸ਼ਰਧਾ ਵੇਦ ਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਮਹਾਂਪੁਰਸ਼ਾਂ ਦੇ ਬਚਨਾਂ ਤੇ ਹੋਣੀ ਚਾਹੀਦੀ ਹੈ। ਸ਼ਰਧਾਲੂ ਹੀ ਵਿਗਿਆਨ ਪ੍ਰਾਪਤ ਕਰ ਸਕਦਾ ਹੈ, ਸ਼ੰਕਾਬਾਦੀ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ।

੪. ਅਭਿਆਸ ਲਗਨ ਸੇ ਕਰਨਾ ਚਾਹੀਦਾ ਹੈ, ਚਾਹੇ ਸਫਲਤਾ ਮਿਲੇ ਜਾਂ ਨਾ ਮਿਲੇ। ਨਾ ਮਿਲਣ ਪਰ ਉਪਰਾਮਤਾ ਨਹੀਂ ਹੋਣੀ ਚਾਹੀਦੀ, ਸਗੋਂ ਆਪਣਾ ਦੋਸ਼ ਜਾਣ ਕੇ ਪ੍ਰਭੂ ਚਰਨਾਂ ਵਿਚ ਸਫਲਤਾ ਲਈ ਅਰਦਾਸ ਕਰੇ, ਮਹਾਰਾਜ ਜ਼ਰੂਰ ਲਾਜ ਰੱਖਣਗੇ। ਸਫਲਤਾ ਦਾ ਅਭਿਆਸ ਨਹੀਂ ਕਰਨਾ ਚਾਹੀਦਾ।

੫. ਅਭਿਆਸ ਲਈ ਮਨ ਉਚਾਟ ਨਾ ਕਰੇ ਕਿ ਬਥੇਰਾ ਭਜਨ ਕੀਤਾ ਮਿਲਿਆ ਤਾਂ ਕੁਝ ਹੈ ਨਹੀਂ। ਉਪਰਾਮ ਨਾ ਹੋਵੇ, ਲੇਖਿਆਂ ਜੋਖਿਆਂ ਵਿਚ ਨਾ ਪਵੇ। ਜਦ ਤੀਕ ਪ੍ਰਾਪਤੀ ਭਾਵ ਆਤਮਪਦ ਨਹੀਂ ਮਿਲਦਾ, ਸਿਰਤੋੜ ਯਤਨ ਜਾਰੀ ਰਖੇ। ਉਕਤਾਏ ਨਾ, ਖਿਝੇ ਨਾ, ਗੰਭੀਰਤਾ ਨਾਲ ਤੁਰਿਆ ਰਹੇ।

੬. ਅਭਿਆਸੀ ਪੁਰਸ਼ ਬਿਘਨਾਂ ਨੂੰ ਦੇਖ ਕੇ ਘਬਰਾਏ ਨਾ, ਮਜ਼ਬੂਤ ਇਰਾਦਾ ਬਣਾ ਕੇ ਪੂਰੇ ਉਤਸ਼ਾਹ ਨਾਲ ਸਿਮਰਨ ਕਰੇ। ਜੁਗਤੀ ਦੁਆਰਾ ਮਨ ਰੂਪੀ ਸਰਪ ਨੂੰ ਕੀਲ ਕੇ ਵੀਚਾਰ ਦੀ ਪਟਾਰੀ ਵਿਚ ਬੰਦ ਕਰ ਲਵੇ। ਉਤਸ਼ਾਹ ਵਾਲੇ ਬੰਦੇ ਨੂੰ ਸਫਲਤਾ ਅਵੱਸ਼ ਮਿਲੇਗੀ, ਹੌਸਲਾ ਨਾ ਹਾਰੇ। ਦਿਲ ਰਖ ਕੇ ਰੱਬ ਤੇ ਡੋਰੀ ਰਖ ਕੇ ਧਰਮ ਮਾਰਗ ਤੇ ਤੁਰਿਆ ਚਲੇ, ਸਫਲਤਾ ਜ਼ਰੂਰ ਚਰਨ ਚੁੰਮੇਗੀ।

੭. ਅਭਿਆਸੀ ਪੁਰਸ਼ ਲਈ ਆਪਣੀ ਹਾਜਤਾ ਤੇ ਕਾਬੂ ਪਾਉਣਾ ਅਤੀ ਜ਼ਰੂਰੀ ਹੈ। ਖਾਣ ਪੀਣ ਪਹਿਨਣ ਦਾ, ਬੋਲਣ ਚੱਲਣ ਸੌਣ ਜਾਗਣ ਬੈਠਣ ਉੱਠਣ ਦਾ ਪੂਰਾ-ਪੂਰਾ ਸੰਜਮ ਕਰੇ। ਆਪਣਾ ਸਮਾਂ ਨਸ਼ਟ ਨਾ ਕਰੇ, ਸਿਮਰਨ ਵਿਚ ਹਰ ਵਕਤ ਲੀਨ ਰਹੇ, ਮਨ ਦੀ ਵੀਚਾਰਧਾਰਾ ਨੂੰ ਪਵਿੱਤਰ ਰੱਖਣ ਲਈ ਮਹਾਂਪੁਰਸ਼ਾਂ ਦੀ ਸੰਗਤ, ਸ਼ੁਭ ਗ੍ਰੰਥਾਂ ਦਾ ਅਵਲੋਕਨ ਜ਼ਰੂਰ ਕਰੇ। ਨਾਚ ਮੁਜਰੇ, ਰੰਗ ਤਮਾਸ਼ੇ, ਨਾਟਕੀ ਚੇਟਕੀ ਕਿਰਿਆ ਤੋਂ ਦੂਰ ਰਹੇ। ਮੌਨ ਰਖੇ ਭਾਵ ਬਿਨਾਂ ਮਤਲਬ ਤੋਂ ਫ਼ਾਇਦਾ ਬੇ-ਫ਼ਾਇਦਾ ਗੱਲਾਂਬਾਤਾਂ ਨਾ ਕਰੇ। ਸਮਾਂ ਤਾਂ ਏਕ ਹੀ ਹੈ। ਭਾਵ ਸਿਮਰਨ ਵਿਚ ਬਤੀਤ ਕਰੋ, ਜੋ ਲੇਖੇ ਵਿਚ ਹੈ ਭਾਵੇਂ ਭੈੜੀਆਂ ਗੱਲਾਂ

ਵਿਚ ਨਸ਼ਟ ਕਰ ਦੇਵੇ, ਤੁਹਾਨੂੰ ਆਪ ਵੀਚਾਰਨਾ ਪਵੇਗਾ। ਕਾਮ ਉਤਪੰਨ ਹੋਣ ਵਾਲੀਆਂ ਗੱਲਾਂ, ਕਿਤਾਬਾਂ, ਰਸਾਲੇ, ਕਾਮੀਆਂ ਦੀ ਸੰਗਤ, ਇਸਤਰੀਆਂ ਦੀ ਸੰਗਤ ਤੋਂ ਸਦਾ ਦੂਰ ਰਹੋ। ਹਾਰ ਸ਼ਿੰਗਾਰ, ਸ਼ੀਸ਼ਾ ਵੇਖਣਾ, ਇਸਤਰੀ ਦੇ ਬਸਤਰ, ਸ਼ਿੰਗਾਰ ਦਾ ਸਾਮਾਨ, ਤਸਵੀਰਾਂ ਵੇਖਣੀਆਂ ਸਖਤ ਮਨ੍ਹਾਂ ਹਨ। ਮੌਤ ਨੂੰ ਸਦਾ ਯਾਦ ਰੱਖਣਾ, ਤਨ ਮਨ ਧਨ ਕਰਕੇ ਗੁਰੂ ਸੇਵਾ ਕਰਨੀ, ਨਿਰਭਿਮਾਨ ਹੋਣਾ, ਅਸ਼ੀਰਵਾਦ ਪ੍ਰਾਪਤ ਕਰਨੀ, ਬਾਹਰਮੁਖੀ ਕਰਨ ਵਾਲੀਆਂ ਵਸਤੂਆਂ ਦਾ ਮੋਹ ਤਿਆਗਣਾ, ਅੰਤਰਮੁਖ ਬਿਰਤੀ ਕਰਨ ਲਈ ਹਰ ਵਕਤ ਗੁਰੂ ਚਰਨਾਂ ਦਾ ਧਿਆਨ ਕਰਨਾ, ਅਭਿਆਸ ਤੋਂ ਬਿਨਾਂ ਮਨ ਵੱਸ ਨਹੀਂ ਹੋ ਸਕਦਾ। ਅਭਿਆਸ ਤੋਂ ਹੀ ਪਹਿਲਵਾਨੀ ਪ੍ਰਾਪਤ ਹੁੰਦੀ ਹੈ। ਅਭਿਆਸ ਤੋਂ ਹੀ ਸ਼ਾਸਤਰ, ਸ਼ਸਤਰ ਵਿਚ ਪ੍ਰਬੀਨਤਾ ਪ੍ਰਾਪਤ ਹੁੰਦੀ ਹੈ। ਅਭਿਆਸ ਤੋਂ ਹੀ ਘੋੜੇ ਹਾਥੀਆਂ ਦੀ ਸਵਾਰੀ, ਗਤਕੇ, ਨੇਜ਼ੇਬਾਜ਼ੀ, ਤੀਰ ਅੰਦਾਜ਼ੀ, ਗੋਲਾਬਾਰੀ, ਅਚੂਕ ਨਿਸ਼ਾਨੇ ਦੀ ਪ੍ਰਾਪਤੀ ਹੁੰਦੀ ਹੈ। ਨਦੀ ਵਿਚ ਤਰਨਾ, ਪਾਣੀ ਵਿਚ ਲੰਬਾ ਸਾਹ ਲੈਣਾ, ਯੋਗਾਭਯਾਸ, ਰਿਧੀਆਂ ਸਿਧੀਆਂ, ਆਤਮ ਗਿਆਨ, ਬ੍ਰਹਮ ਵਿਦਿਆ, ਦੁਨਿਆਵੀ ਵਿਦਿਆ, ਬ੍ਰਹਮ ਨਾਲ ਅਭੇਦਤਾ, ਸਭੀ ਬਾਤਾਂ ਅਭਿਆਸ ਤੋਂ ਸਿੱਧ ਹੁੰਦੀਆਂ ਹਨ। ਇਕ ਅਭਿਆਸ ਸੰਸਾਰਕ ਸੁੱਖਾਂ ਨੂੰ ਉਤਪੰਨ ਕਰਦਾ ਹੈ ਜੋ ਸਦਾ ਨਹੀਂ ਰਹਿੰਦੇ। ਮਾਯਾ ਲਈ ਜੀਵ ਦਿਨ ਰਾਤ ਅਭਿਆਸ ਕਰਦੇ ਹਨ, ਪ੍ਰਾਪਤੀ ਹੋ ਜਾਂਦੀ ਹੈ, ਸਫਲਤਾ ਹੋ ਜਾਂਦੀ ਹੈ। ਪਰ ਇਹ ਸੁੱਖ ਦੁਨੀਆਂ ਤੀਕ ਜਾਂ ਪ੍ਰਲੋਕ ਤੀਕ ਹਨ। ਪਰ ਪਰਮ ਸੁਖ ਅਤੇ ਪਰਮ ਸ਼ਾਂਤੀ ਦੀ ਪ੍ਰਾਪਤੀ ਨਾਮ ਬਾਣੀ ਦੇ ਅਭਿਆਸ ਤੋਂ ਹੁੰਦੀ ਹੈ। ਅਭਿਆਸੀ ਪੁਰਸ਼ ਲਈ ਸਤਸੰਗਤ ਸ਼ਾਸਤਰਾਂ ਦਾ ਪੜ੍ਹਨਾ ਸੁਣਨਾ ਪ੍ਰਾਣਾਯਾਮ, ਇਕਾਂਤਬਾਸ, ਬਦਪ੍ਰਹੇਜ਼ੀਆਂ ਤੋਂ ਰਹਿਤ ਹੋਣਾ ਅਤੀ ਜ਼ਰੂਰੀ ਹੈ। ਸ਼ੁਭ ਗੁਣ ਵੀ ਜ਼ਰੂਰੀ ਹਨ ਅਤੇ ਮੰਦ ਕਰਮਾਂ ਦਾ ਤਿਆਗ ਵੀ ਜ਼ਰੂਰੀ ਹੈ, ਜੋ ਅਭਿਆਸ ਦੀ ਸਫਲਤਾ ਵਿਚ ਰੁਕਾਵਟ ਹੈ।

੧੧.੩ ਅਭਿਆਸ ਦੀ ਸਫਲਤਾ ਲਈ ਚਾਰ ਸ਼ਾਸਤਰੀ ਗੱਲਾਂ :

੧. ਇਹ ਉਹ ਅਭਿਆਸੀ ਹਨ, ਆਯੁਰਵੇਦ ਦੇ ਚਾਰ ਨੁਕਤੇ ਚੇਤੇ ਕਰਕੇ ਵੈਦ ਬਣ ਗਏ, ਦਵਾਈ ਬਨਾਉਣੀ ਉੱਕਾ ਨਹੀਂ ਜਾਣਦੇ। ਕਿਤਾਬੀ ਕੀੜੇ ਕਿਤਾਬਾਂ ਪੜ੍ਹ ਸੁਣ ਕੇ ਅਭਿਆਸ ਕਰਨ ਦੀਆਂ ਦਲੀਲਾਂ ਯੁਕਤੀਆਂ ਦੱਸੀ ਜਾਣੀਆਂ। ਆਪ ਕਦੇ ਮਾਰਗ ਤੇ ਨਹੀਂ ਤੁਰਨਾ, ਸਿਰਫ ਗੱਲਾਂਬਾਤਾਂ ਨਾਲ ਲੋਕਾਂ ਨੂੰ ਖੁਸ਼ ਕਰਕੇ ਅਭਿਆਸੀ ਬਣ ਜਾਣਾ, ਇਹ ਬੰਚਕ ਲੋਕ ਹਨ। ਇਨ੍ਹਾਂ ਤੋਂ ਸਦਾ ਸਾਵਧਾਨ ਰਹੋ।

੨. ਪਾਖੰਡਵਾਦੀ ਭਗਵੇਂ ਕਾਲੇ ਪੀਲੇ ਬਸਤ੍ਰ ਧਾਰ ਕੇ ਅੱਖਾਂ ਮੁੰਦ ਲੈਣੀਆਂ, ਬਗਲੇ ਵਾਲੀਆਂ ਸਮਾਧੀਆਂ ਲਾਉਣੀਆਂ, ਵਿਚੋਂ ਇੱਛਾ ਪਦਾਰਥਾਂ ਦੇ ਖਾਣੇ ਦੀ, ਚੰਗੇ ਪਦਾਰਥ ਪਹਿਨਣ ਦੀ, ਹਾਰ-ਸ਼ਿੰਗਾਰ ਦੀ, ਲੋਕਾਂ ਵਿਚ ਜੱਸ ਕਰਵਾਣ ਦੀ, ਪੂਜਾ ਦੀ ਲਾਲਸਾ

ਬਣੀ ਰਹਿਣੀ ਜਾਂ ਅੱਖਾਂ ਵਿਚ ਤੇਲ ਪਾ ਲੈਣਾ ਹਰ ਵੇਲੇ ਪਾਣੀ ਵਗਦਾ ਰਹੇ, ਲੋਕ ਕਹਿਣ ਬੜਾ ਬੈਰਾਗੀ ਹੈ। ਜਿਵੇਂ ਦਵਾਈ ਨਾ ਖਾਵੇ ਨਾ ਪੀਵੇ, ਕੁਰਲੀ ਕਰੇ, ਤਾਂ ਰੋਗ ਕਿਵੇਂ ਨਵਿਰਤ ਹੋਵਣ। ਇਹ ਮਕਰਧਾਰੀ ਲੋਕ ਨੇ, ਪਖੰਡਵਾਦੀ ਲੋਟੂ ਹਨ, ਇਹਨਾਂ ਦੇ ਜਾਲ ਤੂੰ ਵੀ ਬਚੋ। ਛਲ ਖੇਲਣ ਲਈ ਮਦਾਰੀ ਪਟੇਬਾਜ਼ ਹਨ। ਲੋਕ ਦਿਖਾਵੇ ਲਈ ਕਰਮ ਕਰਦੇ ਹਨ, ਅੰਦਰੋਂ ਕਪਟੀ ਹਨ।

੩. ਤੀਸਰੇ ਉੱਦਮ ਤਾਂ ਪੁਰਖ ਕਰਦੇ ਹਨ, ਪਰ ਮਨ ਬਿਸ਼ਿਆਂ ਵਿਚ ਲੀਨ ਰਹਿੰਦਾ ਹੈ। ਅਭਿਆਸ ਦੀ ਕਮੀ ਹੈ, ਕਦੇ-ਕਦੇ ਮਨ ਇਕਾਗਰ ਵੀ ਹੋ ਜਾਂਦਾ ਹੈ। ਜਿਵੇਂ ਦਵਾਈ ਪੀ ਲਵੇ, ਪਰਹੇਜ਼ ਨਾ ਰਖੇ, ਦਵਾਈ ਪੂਰਾ ਅਸਰ ਨਹੀਂ ਕਰਦੀ। ਅਭਿਆਸ ਰੋਕਣ ਵਾਲੀਆਂ ਬਦਪ੍ਰਹੇਜ਼ੀਆਂ ਵਿਚੋਂ ਕੋਈ ਵੀ ਹੋ ਜਾਣੀ ਜੋ ਬਿਰਤੀ ਦੀ ਅਖੰਡਤਾ ਨੂੰ ਨਸ਼ਟ ਕਰਦੀ ਹੈ, ਤਿਆਗ ਦੇਵੇ, ਦੇਰੀ ਨਾ ਕਰੇ। ਅਭਿਆਸ ਨੂੰ ਹੋਰ ਵਧਾਉ, ਹੋਰ ਵਧਾਉ, ਇਸੇ ਨਾਲ ਜਿੱਤ ਹੈ। ਜਦ ਤੀਕ ਪ੍ਰਪੱਕਤਾ ਨਾ ਹੋਵੇ ਹੌਸਲਾ ਨਾ ਹਾਰੋ।

੪. ਚੌਥੀ ਅਵਸਥਾ ਉਨ੍ਹਾਂ ਅਭਿਆਸੀਆਂ ਦੀ ਹੈ ਜੋ ਸੱਚੇ ਪ੍ਰੇਮੀ ਹਨ, ਜਿਨ੍ਹਾਂ ਦਾ ਮਨ ਹਰ ਵਕਤ ਅਭਿਆਸ ਵਿਚ ਲੀਨ ਰਹਿੰਦਾ ਹੈ। ਬਿਸ਼ੇ ਵਾਸ਼ਨਾ ਤੋਂ ਸਦਾ ਪ੍ਰਹੇਜ਼ ਰਖਦੇ ਹਨ, ਕਦੇ ਗੰਦੇ ਸੰਸਕਾਰਾਂ ਨੂੰ ਉਤਪੰਨ ਹੀ ਨਹੀਂ ਹੋਣ ਦੇਂਦੇ, ਕੁਸੰਗਤ ਹੀ ਗੰਦੇ ਸੰਸਕਾਰਾਂ ਕੀ ਜੜ੍ਹ ਹੈ, ਇਸ ਨੂੰ ਕਦੇ ਗ੍ਰਹਿਣ ਹੀ ਨਹੀਂ ਕਰਦੇ, ਐਸੇ ਅਭਿਆਸੀਆਂ ਨੂੰ ਬਿਰਤੀ ਦੀ ਇਕਾਗਰਤਾ ਦਾ ਪੂਰਾ-ਪੂਰਾ ਅਨੰਦ ਪ੍ਰਾਪਤ ਹੁੰਦਾ ਹੈ, ਤਾਂ ਤੇ ਅਭਿਆਸੀ-ਜਨਾਂ ਨੂੰ ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਅਵੱਸ਼ਕ ਹੈ।

ਲਾਭ :-ਅਭਿਆਸ ਤੋਂ ਮਨ ਇਕਾਗਰ ਹੋ ਜਾਂਦਾ ਹੈ, ਪਰ ਬੈਰਾਗ ਤੋਂ ਬਿਨਾਂ ਐਸੀ ਇਕਾਗਰਤਾ ਪੂਰਨ ਟਿਕਾਅ ਵਾਲੀ ਨਹੀਂ ਹੁੰਦੀ। ਮਨ ਦਾ ਸੁਭਾਵ ਬਾਹਰਮੁਖੀ ਹੈ, ਅਭਿਆਸ ਦੁਆਰਾ ਬਾਹਰਲੇ ਸੰਸਕਾਰਾਂ ਨੂੰ ਦੇਖੇ ਸੁਣੇ ਅਣਡਿੱਠ ਕਰ ਦੇਵੇ। ਸਮਾਧੀ ਦੀ ਅਚੱਲਤਾ ਕਾਇਮ ਰਖੇ। ਕਈ ਵੇਰੀ ਅਭਿਆਸੀ ਜਤਨ ਤੋਂ ਸਮਾਧੀ ਪੈਦਾ ਕਰਦਾ ਹੈ ਪਰ ਪੂਰਾ ਅਨੰਦਦਾਤੀ ਨਹੀਂ। ਪੂਰਨ ਅਨੰਦ ਅਵਸਥਾ ਬਨਾਉਣ ਲਈ ਅਭਿਆਸ ਦਾ ਸਾਥੀ ਬੈਰਾਗ ਅਤੀ ਜ਼ਰੂਰੀ ਹੈ। ਬੈਰਾਗੀ ਆਦਮੀ ਦੇਖਦਾ ਸੁਣਦਾ ਵੀ ਇਨ੍ਹਾਂ ਵੱਲ ਦ੍ਰਿਸ਼ਟੀ ਨਹੀਂ ਕਰਦਾ, ਉਹ ਮਾਇਕ ਪਦਾਰਥਾਂ ਨੂੰ (ਅਸਾਰ) ਸਾਰਹੀਣ ਜਾਣਦਾ ਹੈ। ਮਨ ਨੂੰ ਹਰ ਵੇਲੇ ਜਪ ਵਿਚ ਲਾਉ, ਪ੍ਰਭੂ ਤੋਂ ਬਿਨਾਂ ਸਭ ਕੂੜ ਪਸਾਰੇ ਜਾਣੋ, ਸਿਰਫ ਸਤ ਵਸਤੂ ਇਕ ਨਾਮ ਹੀ ਹੈ। ਜਦੋਂ ਐਸੀ ਅਵਸਥਾ ਬਣ ਜਾਵੇਗੀ ਫਿਰ ਆਪ ਅੰਦਰ ਨਵੀਆਂ-ਨਵੀਆਂ ਵਿਚਾਰਧਾਰਾਂ ਪੈਦਾ ਹੋਣਗੀਆਂ। ਇਹ ਨਦੀਆਂ ਵਤ ਹਨ, ਅਖੀਰ ਇਹ ਗਿਆਨ ਸਾਗਰ ਵਿਚ ਮਨ ਨੂੰ ਲੀਨ ਕਰ ਦੇਣਗੀਆਂ। ਮੁਕਤੀ ਅਤੇ ਅਭੇਦਤਾ ਪ੍ਰਾਪਤ ਹੋ ਜਾਵੇਗੀ। ਹੁਣ ਗੱਲ ਇਹ ਹੈ ਕਿ ਬੜੀ ਮਿਹਨਤ ਨਾਲ ਕਾਰਜ ਬਣਿਆ ਹੈ, ਸਾਵਧਾਨੀ ਦੀ ਅੰਤ ਤੀਕ ਲੋੜ ਹੈ ਕਿ ਬਣਿਆ ਬਣਾਇਆ ਕਾਰਜ ਵਿਗੜ ਨਾ ਜਾਵੇ। ਮੁਰਸ਼ਦ ਦਾ ਅਤੇ ਸਾਧਸੰਗਤ

ਦਾ ਸਹਾਰਾ ਲੈ ਕੇ ਭਵਸਾਗਰ ਨੂੰ ਪਾਰ ਕਰ ਲੈ, ਪਾਰ ਲੰਘਣ ਤੋਂ ਉਪਰੰਤ ਅਹੰਕਾਰ ਨਾ ਕਰੀਂ ਅਤੇ ਆਪਣੇ ਆਪ ਨੂੰ ਗੁਰੂ ਅਤੇ ਸੰਗਤ ਦਾ ਰਿਣੀ ਮੰਨੀ, ਜਿਨ੍ਹਾਂ ਦੀ ਬਖਸ਼ਿਸ਼ ਤੋਂ ਤੇਰਾ ਮਨੁਖ ਜਨਮ ਰੂਪੀ ਬੇੜਾ ਪਾਰ ਹੋਇਆ ਹੈ। ਐਸਾ ਸੱਚਾ ਸਪੂਤ ਬਣ ਕੇ ਆਪਣੀ ਅਤੇ ਆਪਣੇ ਸਹਿਪਾਠੀਆਂ ਦੀ ਕਲਿਆਣ ਕਰ ਲੈ, ਇਸ ਵਸਤੂ ਦੀ ਪ੍ਰਾਪਤੀ ਅਭਿਆਸ ਬੈਰਾਗ ਅਦਵੈਤ ਨੂੰ ਜਾਨਣਾ ਹੀ ਇਸਦਾ ਫਲ ਹੈ। ਐਸੇ ਅਭਿਆਸੀਆਂ ਲਈ ਗੁਰੂ ਜੀ ਨੇ ਫੁਰਮਾਇਆ ਹੈ :

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ॥ ੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤ॥ ੧॥ ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀਂ ਮੋਰਿਓ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥ ੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥ ੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ॥ ੪॥ ੫॥

(ਮਾਰੂ ਮਹਲਾ ੫, ਪੰਨਾ ੧੦੦੦)

ਅਭਿਆਸੀ ਪੁਰਸ਼ਾਂ ਨੂੰ ਐਸੇ ਛੇ ਲੱਛਣਾਂ ਵਾਲੇ ਪੁਰਸ਼ਾਂ ਨਾਲ ਮਿੱਤ੍ਰਤਾ ਕਰਨੀ ਚਾਹੀਦੀ ਹੈ ਜਿਸ ਤੋਂ ਅਭਿਆਸੀ ਦੀ ਬ੍ਰਿਤੀ ਮਜ਼ਬੂਤ ਅਤੇ ਦ੍ਰਿੜ੍ਹ ਬਣ ਸਕੇ।

੧੧.੪ ਮਿੱਤ੍ਰ ਲੱਛਣ :

ਸਹਸਕ੍ਰਿਤੀ ਵਿਚ ਸਲੋਕ ਹੈ

ਪਾਪਾਨ ਨਿਵਾਰਯਤਿ ਯੋਜਯਤਿ ਹਿਤਾਯ
ਗੁਹਯੇ ਚਗੋਹਯਤਿ ਗੁਵਾਨ੍ ਪ੍ਰਕਟੀ ਕਰੋਤਿ॥
ਆਪਤ ਗਤਾਂ ਨ ਜਗਤਿ ਦਦਾਤਿ ਕਾਲੇ
ਸਨੀਮਿਤ੍ਰ ਲਖਯਣੰ ਲਖਯਣੰ ਪ੍ਰਵਦੰਤਿ ਸੰਤਾ:॥

ਅਰਥ :–੧. ਪਾਪ ਨੂੰ ਨਿਵਾਰਨ ਕਰੇ ਭਾਵ ਪਾਪ ਕਰਮ ਤੋਂ ਰੋਕੇ। ੨. ਹਿਤ (ਪ੍ਰੇਮ) ਵਿਚ ਜੋੜੇ, ਪ੍ਰਭੂ ਭਗਤੀ ਵਿਚ ਲਾਵੇ। ੩. ਗੁਪਤ ਬਾਤ (ਮਿੱਤ੍ਰ ਦੇ ਦੋਸ਼ਾਂ) ਨੂੰ ਛੁਪਾਵੇ ਭਾਵ

ਲੋਕਾਂ ਵਿਚ ਮਿੱਤ੍ਰ ਦਾ ਅਪਜਸ ਨਾ ਕਰੇ। ੪. ਗੁਣ ਪ੍ਰਗਟ ਕਰੇ। ੫. ਬਿਪਤਾ ਸਮੇਂ ਮਿੱਤ੍ਰ ਦਾ ਸਾਥ ਨਾ ਛੱਡੇ, ਓੜਕ ਨਿਭਾ ਦੇਵੇ। ੬. ਦੁਰਭਿਖ (ਕਾਲ) ਅੰਨ ਸੰਕਟ ਸਮੇਂ ਮਿੱਤ੍ਰ ਨੂੰ ਅੰਨ ਧਨ ਬਸਤ੍ਰ ਦੀ ਹਰ ਲੋੜ ਨੂੰ ਪੂਰਾ ਕਰੇ। ਐਸਾ ਗੁਣ ਵਾਲਾ ਮਿੱਤ੍ਰ ਮਿਲ ਜਾਵੇ ਫਿਰ ਅਭਿਆਸੀ ਪੁਰਸ਼ ਆਪਣਾ ਮਾਰਗ ਸੁਖੇਨ ਹੀ ਤਹਿ ਕਰ ਲੈਂਦਾ ਹੈ।

-o-

੧੧.੫ ਅਭਿਆਸੀ ਦਾ ਬੈਰਾਗ ਕੈਸਾ ਹੋਵੇ ?

ਸਹਸਕ੍ਰਿਤੀ ਵਿਚ ਸਲੋਕ ਹੈ

ਨ ਕਾਂਖਸ਼ੇ ਵਿਜਯੰ ਰਾਮ ਨਚਦਾਰ ਸੁਖਾਦਿਕੰ॥
ਭਕ੍ਰਿੰ ਏਵ ਸਦਾ ਕਾਂਖਯੇ ਤ੍ਵਯਿ ਬੰਧਵਿ ਮੋਚਨੀ॥

ਅਰਥ –ਨਾ ਮੇਰੇ ਕੋ ਰਾਜ ਦੀ ਲੋੜ ਹੈ ਨਾ ਮੈਨੂੰ ਇਸਤ੍ਰੀ ਆਦਿਕ ਸੁੱਖ ਕੀ ਇੱਛਾ ਹੈ ਸਿਰਫ ਮੈਨੂੰ ਆਪ ਦੇ ਪਵਿੱਤ੍ਰ ਚਰਨਾਂ ਦੀ ਭਗਤੀ ਦੀ ਲੋੜ ਹੈ। ਅਜਿਹਾ ਪੁਰਸ਼ ਹੀ ਅਭਿਆਸ ਸਿੱਧ ਕਰ ਸਕਦਾ ਹੈ, ਜਿਸਦੇ ਮਨ ਵਿਚ ਪ੍ਰਭੂ ਚਰਨਾਂ ਦਾ ਪਰਮ ਬੈਰਾਗ ਹੈ।

੧੧.੬ ਅਭਿਆਸੀ ਦੀ ਨੇਸ਼ਠਾ

ਸਹਸਕ੍ਰਿਤੀ ਵਿਚ ਸਲੋਕ ਹੈ

ਸਰਵ ਧਰਮਾਨੁ ਪਰਿਤਯਜਥ ਮਾਮ੍ਰ ਏਕ ਸ਼ਰਣੰ ਬ੍ਰਜ॥
ਅਹੰਤ੍ਵਾਂ ਸਰਵ ਪਾਪ ਤਯੋ ਮੋਖਸਿ ਸ਼ਿਯ ਸਿਮਾਸ਼ੁਚ:।

ਅਰਥ :–ਸਭ ਧਰਮੋਂ ਕੋ ਛੋੜ ਕਰ ਸਤ ਚਿਤ ਅਨੰਦ ਘਨ ਵਾਸਦੇਵ ਕੀ ਹੀ ਸ਼ਰਨ ਕੋ ਪ੍ਰਾਪਤ ਹੋ, ਮੈਂ ਤੇਰੇ ਕੋ ਸਰਵ ਪਾਪੋਂ ਸੇ ਮੁਕਤ ਕਰੂੰਗਾ ਤੂੰ ਸ਼ੋਕ ਮਤ ਕਰ। ਪ੍ਰਭੂ ਦੀ ਸ਼ਰਨ ਲੈਣੀ ਬਹੁਤ ਵੱਡਾ ਅਭਿਆਸ ਹੈ। ਸ਼ਰਨ ਤੋਂ ਬਿਨਾਂ ਕੋਈ ਵੀ ਅਭਿਆਸ ਸਫਲ ਨਹੀਂ ਹੈ।

੧੧.੭ ਸਰਣਾਗਤੀ ਛੇ ਪ੍ਰਕਾਰ ਦੀ ਹੈ

ਸਹਸਕ੍ਰਿਤੀ ਵਿਚ ਸਲੋਕ ਹੈ

ਅਨਕੂਲਸਯ ਸੰਕਲਪ: ਪ੍ਰਤਿਕੂਲਸਯ ਵਰਜਨੰ॥
ਰਖਿਸ਼ਯਤਿ ਇਤਿ ਵਿਸ਼੍ਵਾਸੋ ਗੋਪਿਤ੍ਰੂਤ੍ਵੇ ਵਰਣੰ। ਤਥਾ:
ਆਤਮ ਨਿਖਸ਼ੇਪ ਕਾਰਪਨਯੰ ਖਟ ਵਿਧਾ ਸਰਣਾਗਤਿ:।

ਅਰਥ :-੧. ਸੇਵਕ ਨੂੰ ਸੁਆਮੀ ਦੇ ਅਨੁਕੂਲ ਸੰਕਲਪ ਕਰਨਾ।

੨. ਦੂਸਰਾ ਪ੍ਰਤਿਕੂਲ ਅਕਾਰਣੋ ਕਾ ਤਿਆਗ ਕਰਨਾ।

੩. ਇਹ ਵਿਸ਼ਵਾਸ ਹੋਣਾ ਸੁਆਮੀ ਮੇਰੀ ਰੱਖਿਆ ਜ਼ਰੂਰ ਕਰਨਗੇ।

੪. ਉਸਦੀ ਰੱਖਿਆ ਹੋਣ ਤੋਂ ਵੀ ਰੱਖਿਆ ਕਰੋ, ਰੱਖਿਆ, ਰੱਖਿਆ ਕਰੋ, ਬੇਨਤੀ ਕਰਦੇ ਰਹਿਣਾ।

੫. ਗੁਰੂ ਜੀ ਨੂੰ ਤਨ ਮਨ ਧਨ ਭਾਵ ਸਰਬੰਸ ਅਰਪਣ ਕਰ ਦੇਣਾ, ਆਪਣੀ ਅਹੰਤਾ ਮਮਤਾ ਛੱਡ ਦੇਣੀ।

੬. ਆਪਣੀ ਕਾਯਰਤਾ ਕਹਿਣੀ ਭਾਵ ਕਮਜ਼ੋਰੀ ਨੂੰ ਕਦੇ ਵੀ ਗੁਰੂ ਅੱਗੇ ਨਹੀਂ ਛੁਪਾਉਣਾ। ਮੈਂ ਪਾਪੀ ਹੂੰ, ਆਪ ਦੀ ਸੇਵਾ ਚੰਗੇ ਢੰਗ ਨਾਲ ਨਹੀਂ ਕਰ ਸਕਦਾ। ਸੁਮੱਤ ਬਖਸ਼ੋ, ਇਸ ਤਰ੍ਹਾਂ ਨਿਰਮਾਣਤਾ ਦਿਖਾਣੀ। ਫਿਰ ਮਹਾਰਾਜ ਜ਼ਰੂਰ ਲਾਜ ਰੱਖਦੇ ਹਨ।

ਫਿਰ ਸਤਿਗੁਰੂ ਜੀ :

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥
ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ ਸਦਾ ਕੇਲ ਕਰੰਦਾ॥੪॥੧॥੪॥

(ਬਿਹਗੜਾ ਮਹਲਾ ੫, ਪੰਨਾ ੫੪੪)

ਤਾਂ ਤੇ ਅਭਿਆਸੀ ਨੂੰ ਇਸ ਪ੍ਰਕਾਰ ਭਗਵਾਨ ਦੀ ਓਟ ਧਾਰਨ ਤੋਂ ਨਿਯਤਨ ਹੀ ਸਫਲਤਾ ਪ੍ਰਾਪਤ ਹੁੰਦੀ ਹੈ। ਪ੍ਰਭੂ ਸਾਂਈਂ ਹੈ ਕਸਾਈ ਨਹੀਂ, ਪਿਆਰਿਆਂ ਦੀ ਲਾਜ ਨਿਭਾਉਦਾ ਹੈ, ਮਿਹਨਤ ਕਰਨਾ ਸਾਡਾ ਫਰਜ਼ ਹੈ ਸੋ ਕਰਦੇ ਜਾਉ।

੧੧.੮ ਗੁਰਸਿੱਖ ਅਭਿਆਸੀ ਲਈ ਗੁਰੂ ਹੁਕਮ ਕੀ ਹੈ ?

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥

(ਪੰਨਾ ੩੦੫)

ਅਥਵਾ :-ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ॥

(ਸ੍ਰੀ ਸਿਰੀਰਾਗੁ ਮਹਲਾ ੧, ਪੰਨਾ ੭੬)

ਉਪਰਲੇ ਸ਼ਬਦ ਵਿਚ ਸਿੱਖ ਦਾ ਉੱਦਮ ਅਭਿਆਸ ਸਾਰੀ ਕਿਰਿਆ ਹੀ ਗੁਰੂ ਜੀ ਨੇ ਸਮਝਾ ਦਿੱਤੀ ਹੈ। ਸੰਜਮ ਨਾਲ ਅਭਿਆਸ ਕਰਨ ਵਾਲਾ ਜਮ ਦੀ ਚੋਟ ਨਹੀਂ ਖਾਵੇਗਾ।

੧੧.੯ ਨਾਮ ਅਭਿਆਸ ਤੋਂ ਵਿਹੂਣਿਆਂ ਲਈ

ਦੁਲਭ ਦੇਹ ਪਾਈ ਵਡਭਾਗੀ॥ ਨਾਮੁ ਨ ਜਪਹਿ ਤੇ ਆਤਮ ਘਾਤੀ॥ ੧॥
ਮਰਿ ਨ ਜਾਹੀ ਜਿਨਾ ਬਿਸਰਤ ਰਾਮ॥ ਨਾਮ ਬਿਹੂਨ ਜੀਵਨ ਕਉਨ ਕਾਮ॥੧॥ਰਹਾਉ॥
ਖਾਤ ਪੀਤ ਖੇਲਤ ਹਸਤ ਬਿਸਥਾਰ॥ ਕਵਨ ਅਰਥ ਮਿਰਤਕ ਸੀਗਾਰ॥ ੨॥
ਜੋ ਨ ਸੁਨਹਿ ਜਸੁ ਪਰਮਾਨੰਦਾ॥ ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ॥ ੨॥

(ਪੰਨਾ ੧੮੮)

ਤਥਾ :-ਕਤਿਕਿ ਕਰਮ ਕਮਾਵਣੇ ਦੋਸੁ ਨਾ ਕਾਹੂ ਜੋਗੁ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥

(ਬਾਹਰ ਮਾਹਾ ਮਾਂਝ ਮਹਲਾ ੫, ਪੰਨਾ ੧੩੫)

ਤਥਾ :-ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ॥
ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ॥੧॥

(ਰਾਗ ਰਾਮਕਲੀ ਮਹਲਾ ੯, ਪੰਨਾ ੯੦੧)

ਨਾਮ ਅਭਿਆਸ ਦੀਆਂ ਚਾਰ ਰੁਕਾਵਟਾਂ ਹਨ, ਜੋ ਜਗਿਆਸੂ ਨੂੰ ਸਿਰੇ ਨਹੀਂ ਚੜ੍ਹਨ ਦੇਂਦੀਆਂ।

੧. ਆਲਸ, ੨. ਫੁਰਨੇ, ੩. ਨੀਂਦ ਤੇ ਲਯਤਾ, ੪. ਰਿਧੀਆਂ ਸਿਧੀਆਂ। ਇਨ੍ਹਾਂ ਤੋਂ ਰਹਿਤ ਹੋਣ ਲਈ ਅਭਿਆਸੀ ਪਾਸ ਪ੍ਰਭੂ ਚਰਨਾਂ ਵਿਚ ਅਰਦਾਸ ਹੈ ਜਿਸ ਤੋਂ ਇਨ੍ਹਾਂ ਬਿਘਨਾਂ ਦੀ ਨਵਿਰਤੀ ਹੋ ਜਾਂਦੀ ਹੈ ਅਤੇ ਅਭਿਆਸ ਦਾ ਰਸਤਾ ਸਾਫ ਹੋ ਜਾਂਦਾ ਹੈ। ਇਸੇ ਵਿਸ਼ੇ ਤੇ ਸ਼ਾਸਤਰਾਂ ਗੁਰਬਾਣੀ ਵਿਚੋਂ ਬੇਅੰਤ ਪ੍ਰਮਾਣ ਦੇ ਕੇ ਅਭਿਆਸੀ ਜਨਾਂ ਲਈ ਸੇਧਾਂ ਦਿੱਤੀਆਂ ਹਨ। ਕੋਈ ਵੀ ਵਿਸ਼ਾ ਮੁਕੰਮਲ ਤਾਂ ਲਿਖਿਆ ਦਸਿਆ ਨਹੀਂ ਜਾ ਸਕਦਾ, ਕਿਉਂਕਿ ਗੱਲਾਂ ਨਾਲ ਇਨ੍ਹਾਂ ਦੀ ਸਿੱਧੀ ਨਹੀਂ, ਸਹਾਇਕ ਜ਼ਰੂਰ ਹਨ। ਆਪ ਜੀ ਨੂੰ ਉੱਦਮ ਕਰਨਾ ਚਾਹੀਦਾ ਹੈ-

ਸਲੋਕ : ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ॥

(ਆਸਾ ਮਹਲਾ ੪, ਪੰਨਾ ੪੫੬)

ਉੱਦਮੁ ਕਰਨਾ ਹੈ। ਪ੍ਰਮੇਸ਼ਰ ਦਾ ਹਰਿ ਹਰਿ ਨਾਮ ਜਪਣ ਰੂਪ ਫਿਰ

ਇਸ ਤੇ ਊਪਰਿ ਨਹੀ ਬੀਚਾਰੁ॥
ਜਾ ਕੈ ਮਨਿ ਬਸਿਆ ਨਿਰੰਕਾਰੁ॥

(ਗਉੜੀ ਸੁਖਮਨੀ ਮਹਲਾ ੫, ਪੰਨਾ ੨੯੨)

ਅਭਿਆਸ ਨਿਰੂਪਣ ਇਤਿ।

੧੧.੧੦ ਨਾਮ ਅਭਿਆਸ ਦਾ ਮਹਾਤਮ

ਰਾਮ ਨਾਮ ਕਉ ਨਮਸਕਾਰ॥ ਜਾਸੁ ਜਪਤ ਹੋਵਤ ਉਧਾਰ॥ ੧॥ ਰਹਾਉ॥
ਜਾ ਕੈ ਸਿਮਰਨਿ ਮਿਟਹਿ ਧੰਧ॥ ਜਾ ਕੈ ਸਿਮਰਨਿ ਛੂਟਹਿ ਬੰਧ॥
ਜਾ ਕੈ ਸਿਮਰਨਿ ਮੂਰਖ ਚਤੁਰ॥ ਜਾ ਕੈ ਸਿਮਰਨਿ ਕੁਲਹ ਉਧਰ॥ ੧॥
ਜਾ ਕੈ ਸਿਮਰਨਿ ਭਉ ਦੁਖ ਹਰੈ॥ ਜਾ ਕੈ ਸਿਮਰਨਿ ਅਪਦਾ ਟਰੈ॥
ਜਾ ਕੈ ਸਿਮਰਨਿ ਮੁਚਤ ਪਾਪ॥ ਜਾ ਕੈ ਸਿਮਰਨਿ ਨਹੀ ਸੰਤਾਪ॥ ੨॥
ਜਾ ਕੈ ਸਿਮਰਨਿ ਰਿਦ ਬਿਗਾਸ॥ ਜਾ ਕੈ ਸਿਮਰਨਿ ਕਵਲਾ ਦਾਸਿ॥
ਜਾ ਕੈ ਸਿਮਰਨਿ ਨਿਧਿ ਨਿਧਾਨ॥ ਜਾ ਕੈ ਸਿਮਰਨਿ ਤਰੇ ਨਿਦਾਨ॥ ੩॥
ਪਤਿਤ ਪਾਵਨੁ ਨਾਮੁ ਹਰੀ॥ ਕੋਟਿ ਭਗਤ ਉਧਾਰੁ ਕਰੀ॥
ਹਰਿ ਦਾਸ ਦਾਸਾ ਦੀਨੁ ਸਰਨ॥ ਨਾਨਕ ਮਾਥਾ ਸੰਤ ਚਰਨ॥੪॥੨॥

(ਮਾਲੀ ਗਉੜਾ ਮਹਲਾ ੫, ਪੰਨਾ 986)

੧੧.੧੧ ਨਾਮ ਅਭਿਆਸੀ ਦਾ ਪ੍ਰਭੂ ਨਾਲ ਪ੍ਰੇਮ ਕੈਸਾ ਹੋਵੇ ?

ਸਹਸਕ੍ਰਿਤੀ ਵਿਚ ਸਲੋਕ ਹੈ

ਏਹਿ ਏਹਿ ਕ੍ਰਿਸ਼ਣ ਸਕ੍ਰਿਦੇਵ ਭਵ ਅਤਿਥੀ: ਮੇ॥
ਪਦਾਂਬੁਜੇ ਤਵਨਿਵੇਦਨੰ ਏਤ ਦੇਵ॥
ਹੇ ਪਿਰਾਣੇਸ ਹਿਰਦੇ ਕੋਮਲ ਪਦੰ ਤਲਪੇ ਸ਼ੈਯਾਮਿ ਸੁਚਿਰੰ ਨ ਵਿਸਰਯਾਮਿ॥ ੧॥
ਏਹਿ ਏਹਿ ਕ੍ਰਿਸ਼ਨ ਸਕ੍ਰਿਦੇਵ ਭਵ ਅਤਿਥੀ: ਤ੍ਰੰ॥
ਹੇ ਭਗਤ ਵਤਸਲ ਗ੍ਰਿਹਾਣ ਨਿਮੰਤਣੰ ਮੇ, ਪ੍ਰੇਮ ਅਸ਼ੁ ਪਾਤੇ ਪਰਧਊਤ ਪਦਾਂਬੁਜੇ॥
ਆਤਮਾਨੰ ਏਵ ਅੰਜਲੀਂ ਉਤਸ੍ਰਿਜਯਾਮਿ॥ ੨॥

ਅਰਥ :–ਸ੍ਰੀ ਕ੍ਰਿਸ਼ਨ ਜੀ ਆ ਜਾ ਆ ਜਾ ਏਤ ਮੇਰੇ ਪਾਸ ਅਥਿਤੀ ਬਣ ਕੇ ਆ ਜਾ।

ਆਪ ਕੇ ਚਰਨ ਕਮਲੋਂ ਮੇਂ ਮੇਰੀ ਇਹੀ ਪ੍ਰਾਰਥਨਾ ਹੈ ਤੋ ਏਕ ਬਾਰੀ ਜ਼ਰੂਰ ਦਰਸ਼ਨ ਦਿਉ। ਹੇ ਪ੍ਰਾਣੋਂ ਕੇ ਸੁਆਮੀ ਮੇਰੀ ਭਾਵਨਾ ਹੈ ਕਿ ਮੈਂ ਆਪ ਕੋ ਆਪਣੇ ਕੋਮਲ ਹਿਰਦੇ ਰੂਪੀ ਫੂਲੋਂ ਕੀ ਸ਼ੈਯਾ ਮੇਂ ਚਿਰ ਕਾਲ ਸ਼ਯਨ ਕਰਾਊਂ ਯਾਨੇ ਹਿਰਦੇ ਮੇਂ ਰਖੂੰ, ਆਪ ਕੋ ਕਦਾਚਿਤ ਨਾ ਤਿਆਗੂੰ॥੧॥ ਆ ਜਾਉ ਆ ਜਾਉ ਹੇ ਕ੍ਰਿਸ਼ਨ ਏਕ ਬਾਰੀ ਮੇਰਾ ਅਤਿਥੀ ਬਣ ਜਾਉ, ਨਹੀਂ ਤੋ ਹੇ ਭਗਤ ਦੇ ਪਿਆਰੇ ਮੇਰਾ ਨਿਮੰਤ੍ਰਣ ਗ੍ਰਿਹਣ ਕਰੋ ਔਰ ਹੇ ਭਗਵਾਨ ਪ੍ਰੇਮ ਭਰੇ ਨੇਤਰੋਂ ਕੇ ਜਲ ਸੇ ਆਪ ਕੇ ਚਰਨ ਧੋ ਕਰ ਉਨ ਚਰਨੋਂ ਤੇ ਆਪਣਾ ਤਨ ਮਨ ਰੂਪ ਫੂਲ ਚੜ੍ਹਾਊਂਗਾ। ਐਸੀ ਭਗਤੀ ਸਹਿਤ ਕੀਤਾ ਹੋਇਆ ਨਾਮ ਅਭਿਆਸ ਪ੍ਰੇਮ-ਮਈ ਇੱਛਾ ਵਿਚ ਸਾਰੀਆਂ ਇਛਾਵਾਂ ਨੂੰ ਮੇਟ ਲੈਂਦਾ ਹੈ। ਆਪਣੇ ਆਪ ਜੀਵ ਵਿਚ ਕੀ ਸ਼ਕਤੀ ਹੈ ਇੱਛਾ ਨੂੰ ਮਿਟਾ ਲਵੇ, ਆਪਣਾ ਆਪ ਈਸ਼ਵਰ ਅੱਗੇ ਸਮਰਪਣ ਕਰਨ ਤੋਂ ਇਛਾਓਂ ਕਾ ਸਮੂਲ ਨਸ਼ਟ ਹੋ ਜਾਵੇਗਾ। ਜਿਹੜੇ ਸੰਕਲਪਾਂ ਨੂੰ ਅਭਿਆਸ ਤੋਂ ਵੀ ਮਿਟਾ ਨਾ ਸਕੇ, ਫਿਰ ਪ੍ਰਭੂ ਦੀ ਓਟ ਧਾਰਨ ਕਰੇ, ਪ੍ਰਭੂ ਆਪ ਸਹਾਇਕ ਹੋਵੇਂਗੇ। ਈਸ਼ਵਰ ਦਾ ਸਹਾਰਾ ਅਤੇ ਧਿਆਨ ਡਿਗੇ ਹੋਏ ਮਨ ਨੂੰ ਸਤੰਬ ਵਤ ਹੈ। ਜੀਵ ਨੂੰ ਚਾਹੀਦਾ ਹੈ ਕਿ ਸਭ ਕਾਮਨਾਵਾਂ ਦਾ ਤਿਆਗ ਕਰਕੇ ਔਰ ਮਨ ਕੇ ਦਵਾਰਾ ਸਭ ਇੰਦ੍ਰੀਆਂ ਨੂੰ ਸਾਰੀ ਪ੍ਰਕਾਰ ਤੋਂ ਵੱਸ ਵਿਚ ਕਰਕੇ ਹੌਲੀ-ਹੌਲੀ ਅਭਿਆਸ ਕਰਦਾ ਹੋਇਆ ਉਪਰਾਮਤਾ ਨੂੰ ਪ੍ਰਾਪਤ ਹੋਵੇ ਔਰ ਧੀਰਜ ਸਹਿਤ ਬੁੱਧੀ ਵਾਲਾ ਮਨ ਨੂੰ ਪ੍ਰਮਾਤਮਾ ਮੇਂ ਸਥਿਤ ਕਰਕੇ ਪ੍ਰਮਾਤਮਾ ਕੇ ਅਤ੍ਰਿਕਤ ਕੁਝ ਵੀ ਚਿੰਤਨ ਨਾ ਕਰੇ। ਪ੍ਰਮਾਤਮਾ ਦੇ ਧਿਆਨ ਤੋਂ ਹਿਰਦਾ ਪਵਿੱਤ੍ਰ ਔਰ ਨਿਰਮਲ ਹੋ ਜਾਂਦਾ ਹੈ, ਚਿਤ ਇਕਾਗਰ ਅਤੇ ਅਧੀਨ ਹੋ ਜਾਂਦਾ ਹੈ। ਸਾਰੀਆਂ ਚਿੰਤਾਵਾਂ ਮਿੱਟ ਜਾਂਦੀਆਂ ਹਨ, ਅੰਤਸ਼ਕਰਣ ਸ਼ਾਂਤ ਹੋ ਜਾਂਦਾ ਹੈ।

★★★

ਅਧਿਆਇ ਬਾਰ੍ਹਵਾਂ

੧੨.੧ ਤਿਆਗ ਕੀ ਹੈ ?

ਤਿਆਗ ਕਈ ਪ੍ਰਕਾਰ ਦਾ ਹੈ ਜਿਵੇਂ ਕਿ

੧. ਲੋਭ ਦਾ ਤਿਆਗ :-

ਧਨ ਨੂੰ ਪ੍ਰਾਣਾਂ ਨਾਲੋਂ ਪਿਆਰਾ ਸਮਝਣਾ ਲੋਭ ਹੈ। ਧਨ ਨੂੰ ਇਕੱਤ੍ਰ ਕਰਨ ਲਈ ਪੁਰਸ਼ ਹਰ ਤਰ੍ਹਾਂ ਦਾ ਛਲ ਧੋਖਾ ਕਪਟ ਕਰਦਾ ਹੈ। ਇਸ ਤੋਂ ਬਚਣ ਦਾ ਸਾਧਨ ਸੰਤੋਖ ਹੈ ਅਤੇ ਧਨ ਦਾ ਤਿਆਗ ਦਾਨ ਹੈ। ਤਿਆਗ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਲੋਕ ਪ੍ਰਲੋਕ ਦੇ ਪਦਾਰਥਾਂ ਨੂੰ ਅਸਰ ਰੂਪ ਮਿਥਿਆ ਜਾਣੇ।

੨. ਭੋਗ ਦਾ ਤਿਆਗ :-

ਦੁਨੀਆਂ ਦੇ ਐਸ਼ਵਰਜਾਂ ਦਾ ਤਿਆਗ ਕਰਨਾ ਅਥਵਾ ਪਦਾਰਥਾਂ ਦੇ ਖਾਣ ਪੀਣ ਦਾ ਤਿਆਗ। ਆਪਣੇ ਹੱਕ ਤੇ ਖਲੋਵੇ।

ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ॥

(ਭਾਈ ਗੁਰਦਾਸ ਜੀ, ਵਾਰ ੬, ਪਉੜੀ ੮)

ਤਥਾ- ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥

(ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੧)

ਆਪਣੀ ਇਸਤ੍ਰੀ ਤੋਂ ਸਿਵਾ ਦੂਸਰੀ ਵੱਲ ਗੈਰ ਦ੍ਰਿਸ਼ਟੀ ਨਾ ਕਰੇ। ਕਈ ਪੁਰਸ਼ਾਂ ਦੀ ਆਦਤ ਹੁੰਦੀ ਹੈ ਘਰ ਔਰਤ ਹੁੰਦਿਆਂ ਵੀ ਪਰਾਈਆਂ ਦਾ ਬੁਰਾ ਤੱਕਦੇ ਹਨ। ਜਿਵੇਂ ਪਸ਼ੂ ਖੁਰਲੀ ਵਿਚ ਚਾਰਾ ਹੁੰਦਿਆਂ ਹੋਇਆਂ ਵੀ ਦੂਸਰਿਆਂ ਪਸ਼ੂਆਂ ਦੀਆਂ ਖੁਰਲੀਆਂ ਵਿਚ ਰੱਸਾ ਤੁੜਾ ਕੇ ਮੂੰਹ ਮਾਰਦਾ ਹੈ। ਭੁਲੇਖਾ ਹੁੰਦਾ ਹੈ ਕਿ ਸ਼ਾਇਦ ਮੇਰੀ ਖੁਰਲੀ ਨਾਲੋਂ ਉਸਦੀ ਖੁਰਲੀ ਵਿਚ ਚੰਗੇ ਪੱਠੇ ਹਨ। ਇਸੇ ਪ੍ਰਕਾਰ ਨੀਚ ਲੋਕ ਘਰ ਪਤੀਵਰਤਾ ਇਸਤ੍ਰੀ ਹੁੰਦਿਆਂ ਵੀ ਨੀਚ ਔਰਤਾਂ ਦੇ ਦੁਆਲੇ ਘੁੰਮਦੇ ਹਨ, ਮੂੰਹ ਕਾਲੇ ਕਰਦੇ ਹਨ, ਇਨ੍ਹਾਂ ਬੁਰਾਈਆਂ ਦਾ ਤਿਆਗ ਹੀ ਭੋਗ ਦਾ ਤਿਆਗ ਕਹਿਲਾਉਂਦਾ ਹੈ। ਕਈ ਬਿਗਾਨਾ ਧਨ, ਬਿਗਾਨਾ ਤਨ ਅਤੇ

ਬਿਗਾਨੇ ਪਦਾਰਥਾਂ ਨੂੰ ਹੇਰਾਫੇਰੀ ਨਾਲ ਆਪਣੇ ਬਨਾਉਣ ਲਈ ਮੁਕੱਦਮੇਬਾਜ਼ੀ, ਝੂਠ ਫਰੇਬ ਕਰਦੇ ਹਨ। ਇਹਨਾਂ ਦਾ ਤਿਆਗ ਹੀ ਭੋਗ ਦਾ ਤਿਆਗ ਹੈ।

੩. ਵਿਸ਼ੇ ਦਾ ਤਿਆਗ :-

ਪੰਜ ਤੰਨ ਮਾਤ੍ਰਾਏਂ-ਸ਼ਬਦ, ਸਪਰਸ਼, ਰੂਪ, ਰਸ, ਗੰਧ-ਇਨ੍ਹਾਂ ਦਾ ਪ੍ਰਭਾਵ ਸਾਰੀ ਸ੍ਰਿਸ਼ਟੀ ਤੇ ਹੈ। ਪਸ਼ੂ ਵਿਚ ਇਕ ਇਕ ਹੋਣ ਤੋਂ ਵੀ ਉਨ੍ਹਾਂ ਦੀ ਮੌਤ ਦਾ ਕਾਰਨ ਹੈ। ਬੰਦੇ ਵਿਚ ਪੰਜ ਹੀ ਹਨ। ਹਿਰਨ ਵਿਚ ਘੰਡੇ ਹੇੜੇ ਦੇ ਸ਼ਬਦ ਸੁਨਣ ਦਾ ਦੋਸ਼ ਹੋਣ ਕਰਕੇ ਸ਼ਿਕਾਰੀ ਦੇ ਬਸ ਪੈ ਜਾਂਦਾ ਹੈ। ਹਾਥੀ ਵਿਚ ਸਪਰਸ਼ ਦਾ ਦੋਸ਼ ਕਰਕੇ ਕਾਲਬੂਤ ਦੀ ਹਥਨੀ ਦੇ ਮੋਹ ਵਿਚ ਫਸਿਆ ਹੋਇਆ ਅੰਕਸ਼ (ਕੁੰਡੇ) ਦੀ ਮਾਰ ਮਹਾਵਤ ਤੋਂ ਖਾਂਦਾ ਹੈ। ਪਤੰਗੇ ਵਿਚ ਰੂਪ ਦੇਖਣ ਦਾ ਦੋਸ਼ ਹੈ, ਦੀਵੇ ਦੀ ਲੋਅ ਤੇ ਸੜ ਜਾਂਦਾ ਹੈ। ਮੱਛੀ ਮੂੰਹ ਦਾ ਰਸ ਨਹੀਂ ਤਿਆਗ ਸਕਦੀ। ਇਤਨਾ ਬੜਾ ਸਮੁੰਦਰ ਵੀ ਬਚਾਅ ਨਹੀਂ ਸਕਦਾ, ਕਿਉਂਕਿ ਕੁੰਡੀ ਨਾਲ ਲਗੇ ਤੁਛ ਆਟੇ ਦੇ ਲਾਲਚ ਵਿਚ ਮੂੰਹ ਪੜਾ ਲੈਂਦੀ ਹੈ, ਤੇਲ ਦੇ ਕੜਾਹਿਆਂ ਵਿਚ ਤਲੀ ਜਾਂਦੀ ਹੈ। ਭੌਰੇ ਵਿਚ ਗੰਧ (ਸੁਗੰਧੀ) ਸੁੰਘਣ ਦਾ ਦੋਸ਼ ਹੈ, ਫੁੱਲ ਦੀ ਬਾਸ਼ਨਾ ਲੈਂਦਾ-ਲੈਂਦਾ ਮਰ ਜਾਂਦਾ ਹੈ। ਬੰਦੇ ਵਿਚ ਪੰਜ ਦੋਸ਼-

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥ ੧॥

(ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ, ਪੰਨਾ ੪੮੬)

ਇਨ੍ਹਾਂ ਦੀ ਲਾਲਸਾ ਦਾ ਤਿਆਗ ਕਰਨ ਵਾਲਾ ਹੀ ਸੰਨਿਆਸੀ ਹੈ। ਭੇਖਧਾਰੀ ਦਾ ਨਾਮ ਸੰਨਿਆਸੀ ਨਹੀਂ। ਇਹ ਪੰਜ ਵਿਸ਼ੇ ਹਨ, ਇਨ੍ਹਾਂ ਦਾ ਤਿਆਗ ਕਰਨ ਨਾਲ ਹੀ ਸੱਚੇ ਤਿਆਗੀ ਬਣ ਸਕੀਦਾ ਹੈ। ਅਸੱਤ, ਦੰਭ, ਕਪਟ, ਦ੍ਵੈਸ਼, ਆਲਸ ਤਿਆਗਣੇ ਯੋਗ ਹਨ। ਤਿਆਗ ਬੈਰਾਗ ਦਾ ਪੁੱਤਰ ਕਿਹਾ ਹੈ। ਤਿਆਗ ਬਿਨਾਂ ਮਨ ਇਕ ਨਹੀਂ ਹੋ ਸਕਦਾ। ਬੈਰਾਗ ਬਿਨਾਂ ਪ੍ਰਭੂ ਭਗਤੀ ਇਸਥਿਤ ਨਹੀਂ ਹੋ ਸਕਦੀ। ਬੈਰਾਗ ਤਿਆਗ ਦੀ ਸਿੱਖਿਆ ਲਈ ਤਤਬੇਤੇ ਮਹਾਂਪੁਰਸ਼ਾਂ ਕੀ ਸੰਗਤ ਕਰ ਆਪ ਨੂੰ ਉਪਦੇਸ਼ ਦੇਵੇਗਾ।

ਸਹਸਕ੍ਰਿਤੀ ਵਿਚ ਸਲੋਕ ਹੈ

ਤਦ੍ਵਿੱਧਿ ਪ੍ਰਣਿ ਪਾਤੇਨ ਪਰਿਪ੍ਰਸ਼ੇਨ ਸੇਵਯਾ॥
ਉਪਦੇਸ਼ ਯੰਤਿ ਤੇ ਗਿਆਨ ਗਯਾਨਿਨ: ਤਤ੍ਵ ਦਰਸ਼ਿਨ:॥

(ਗੀਤਾ ਅਧਿਆਇ ੪॥)

ਸਲੋਕ ੩੪ ਅਰਥ :-ਹੇ ਅਰਜਨ! ਇਸ ਲੀਏ ਤਤਵ ਕੋ ਜਾਨਣੇ ਵਾਲੇ ਗਿਆਨੀ ਪੁਰਸ਼ੋਂ ਸੇ ਆਪ ਭਲੀ ਪ੍ਰਕਾਰ ਦੰਡਵਤ ਪ੍ਰਣਾਮ ਤਥਾ ਸੇਵਾ ਔਰ ਨਿਸ਼ਕਪਟ ਭਾਵ ਸੇ ਕੀਏ

ਹੂਏ ਪ੍ਰਸ਼ਨ ਦੁਆਰਾ ਉਸ ਗਿਆਨ ਕੋ ਜਾਨ ਦੇ ਮਾਰਮ ਕੇ ਜਾਨਣੇ ਵਾਲੇ ਗਿਆਨੀ ਜਨ ਤੁਝੇ ਉਸ ਗਿਆਨ ਕਾ ਉਪਦੇਸ਼ ਕਰੇਂਗੇ। ਇਸ ਪ੍ਰਕਾਰ ਮਹਾਤਮਾ ਡੰਡਉਤ ਆਦਿਕੋਂ ਸੇ ਪ੍ਰਸੰਨ ਹੋ ਕਰ ਹੀ ਅਧਿਕਾਰੀ ਕੋ ਗਿਆਨ ਕਾ ਉਪਦੇਸ਼ ਕਰਤੇ ਹੈਂ ਤਥਾ ਮਹਾਤਮਾਓਂ ਕੋ ਡੰਡਉਤ ਕਰਨੇ ਸੇ ਦੀਰਘ ਆਯੂ ਹੋਤੀ ਹੈ। ਨਮਸਕਾਰ ਦਾ ਬਹੁਤ ਵੱਡਾ ਮਹਾਤਮ ਹੈ। ਮਹਾਰਾਜ ਜੀ ਨੇ ਬਾਣੀ ਵਿਚ ਫੁਰਮਾਇਆ ਹੈ

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥ ੭੧॥
ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥ ੭੨॥

(ਸਲੋਕ ਫਰੀਦ ਜੀ, ਪੰਨਾ ੧੩੮੧)

ਅਰਥ :-ਇਸ ਪ੍ਰਕਾਰ ਸਿਰ ਕੋ ਅਪਵਿੱਤ੍ਰ ਸਮਝ ਕਰ ਕਾਟ ਕਰ ਸਾੜਨੇ ਲਗਾ ਥਾ ਕਿਉਂਕਿ ਮੁਸਲਮਾਨ ਸਾੜਨਾ ਸਖਤ ਸਜ਼ਾ ਮੰਨਦੇ ਹਨ। ਸਾੜਨੇ ਦਾ ਖਿਆਲ ਦੇਖ ਕਰ ਗੁਰੂ ਜੀ ਫਰੀਦ ਉਪਰ ਪ੍ਰਸੰਨ ਹੋ ਗਏ, ਗੁਨਾਹ ਮਾਫ ਕਰ ਦੀਆ। ਸੋ ਇਸ ਪ੍ਰਕਾਰ ਨਮਸਕਾਰ ਨਾ ਕਰਨੇ ਤੋਂ ਮਨੁੱਖ ਦੀ ਮਹਾਨ ਹਾਨੀ ਹੁੰਦੀ ਹੈ ਅਤੇ ਨਮਸਕਾਰ ਕਰਨ ਤੋਂ ਪਰਮ ਲਾਭ ਪ੍ਰਾਪਤ ਹੁੰਦਾ ਹੈ।

ਜਿਹ ਸਿਮਰਨਿ ਨਾਹੀ ਨਨਕਾਰੁ॥ ਮੁਕਤਿ ਕਰੈ ਉਤਰੈ ਬਹੁ ਭਾਰੁ॥
ਨਮਸਕਾਰੁ ਕਰਿ ਹਿਰਦੈ ਮਾਹਿ॥ ਫਿਰਿ ਫਿਰਿ ਤੇਰਾ ਆਵਨੁ ਨਾਹਿ॥ ੨॥

(ਰਾਮਕਲੀ ਬਾਣੀ ਭਗਤ ਕਬੀਰ ਜੀਉ, ਪੰਨਾ ੮੭੧)

੪. ਸੱਚਾ ਤਿਆਗ :

ਤਿਆਗ ਔਰ ਗ੍ਰਹਿਣ ਕਰਨ ਦਾ ਸੰਬੰਧ ਮਨ ਨਾਲ ਹੈ। ਪਦਾਰਥਾਂ ਨਾਲ ਮੋਹ ਰਾਗ ਹੈ, ਤਾਂ ਰਾਗੀ ਤਿਆਗ ਹੈ ਤਾਂ ਬੈਰਾਗੀ ਤਿਆਗ ਦਾ ਸਬੰਧ ਗ੍ਰਹਿਸਤ ਜੀਵਨ ਜਾਂ ਸਾਧੂ ਜੀਵਨ ਨਾਲ ਵੀ ਨਹੀਂ, ਮਨੋ ਵਾਸ਼ਨਾ ਦਾ ਬਿਸਾਰਨਾ ਹੀ ਸੱਚਾ ਤਿਆਗ ਹੈ। ਵਾਸ਼ਨਾ ਤਿਆਗਣ ਨਾਲ ਮਨ ਦਾ ਨਾਸ਼ ਹੋ ਜਾਂਦਾ ਹੈ। ਮਾਯਾ ਦਾ ਕਾਰਜ ਅਤੇ ਸਥਾਨ ਭੀ ਮਨ ਹੈ ਭਾਵ ਮਨ ਹੀ ਮਾਯਾ ਹੈ। ਮਾਯਾ ਆਤਮ ਵਿਚਾਰ ਵਾਲੇ ਤਿਆਗੀ ਪੁਰਸ਼ ਤੋਂ ਡਰਦੀ ਭਾਗਦੀ ਹੈ। ਤਿਆਗ ਵਿਚ ਹੀ ਸੱਚਾ ਸੁੱਖ ਪ੍ਰਾਪਤ ਹੋ ਸਕਦਾ ਹੈ। ਵਾਸ਼ਨਾ ਮਨ ਦਾ ਬੀਜ ਅਤੇ ਸਰੂਪ ਹੈ, ਇਸਦੇ ਨਾਸ਼ ਕਰਨ ਤੋਂ ਮਨ ਦਾ ਮਰਨ ਹੁੰਦਾ ਹੈ। ਵਾਸ਼ਨਾ ਦੇ ਨਾਸ਼ ਤੋਂ ਮਨ ਇਸ ਪ੍ਰਕਾਰ ਸ਼ਾਂਤ ਹੋ ਸਕਦਾ ਹੈ, ਜਿਵੇਂ ਬਾਲਣ ਤੋਂ ਬਿਨਾਂ ਅਗਨੀ ਮਨ ਦੀ ਵਾਸ਼ਨਾ ਰੂਪੀ ਜੜ੍ਹ ਕੱਟ ਦਿਉ, ਸੰਕਲਪ ਬਿਕਲਪ ਰੂਪੀ ਤਥਾ ਅਗਿਆਨ ਰੂਪੀ ਬ੍ਰਿਛ ਮੁੜ ਨਾ ਜੰਮ ਸਕੇ। ਇਕ ਕਵੀ ਨੇ ਕਿਹਾ ਹੈ :

ਸੂਰਜ ਕਿਰਨੇਂ ਛੋੜਤਾ, ਜਬ ਭੂਮੀ ਸੇ ਜਲ ਖੀਂਚਤਾ॥
ਜਲ ਕਾ ਬਨ ਹੈ ਮੇਘ, ਬਰਸ਼ਾ ਕਾਲ ਮੇਂ ਸੋ ਵਰਸਤਾ॥
ਬਰਸ਼ਾ ਸੇ ਹੈ ਅੰਨ ਹੋਤਾ, ਅੰਨ ਸਭ ਕੋ ਪਾਲਤਾ॥
ਅਗਰ ਸੂਰਜ ਨਾ ਤਜਤਾ ਕਿਰਣ ਕੋ, ਭਵ ਚੱਕਰ ਕੈਸੇ ਚਾਲਤਾ॥

੫. ਤਿਆਗ ਦਾ ਤਿਆਗ :-

ਭਾਵ ਤਿਆਗ ਦਾ ਹੰਕਾਰ ਵੀ ਛੱਡਣਾ ਚਾਹੀਦਾ ਹੈ। ਮੈਂ ਸਾਧੂ ਹਾਂ, ਗ੍ਰਿਹਸਤੀ ਮੇਰੇ ਮੋਹਰੇ ਤੁਛ ਹਨ, ਮੈਂ ਤਿਆਗੀ ਹਾਂ, ਇਹ ਫਸੇ ਹੋਏ ਹਨ। ਮੈਂ ਦਾ ਤਿਆਗ ਹੀ ਦਰਅਸਲ ਤਿਆਗ ਹੈ। ਕਰਮ ਕਰਕੇ ਉਸਦੇ ਫਲ ਦੀ ਇੱਛਾ ਦਾ ਤਿਆਗ ਕਰ ਦੇਣਾ, ਸਭ ਕੁਝ ਈਸ਼ਵਰ ਅੱਗੇ ਅਰਪਣ ਕਰਨਾ ਹੀ ਸੱਚਾ ਤਿਆਗ ਹੈ। ਦੁੱਖ ਵਿਚ ਤਾਂ ਸਾਰੇ ਤਿਆਗੀ ਹਨ, ਸੁਖ ਵਿਚ ਕਿਸੇ ਵਸਤੂ ਦਾ ਤਿਆਗ ਕਰਨਾ ਕਠਿਨ ਹੈ। ਕਈ ਮਾਯਾ ਤਿਆਗ ਦੇਂਦੇ ਹਨ, ਮਾਨ ਨਹੀਂ ਤਿਆਗ ਸਕਦੇ। ਮਾਨ ਅਹੰਕਾਰ ਦਾ ਤਿਆਗ ਹੀ ਵੱਡਾ ਤਿਆਗ ਹੈ। ਕਈ ਵਾਰੀ ਆਪਣੇ ਤਿਆਗ ਪਿਛੇ, ਅਸੀਂ ਗੁਰੂ ਪੀਰਾਂ ਅਤੇ ਮਹਾਪੁਰਸ਼ਾਂ ਦਾ ਬਚਨ ਤਿਆਗ ਦੇਂਦੇ ਹਾਂ, ਪ੍ਰੰਤੂ ਗੁਰੂ ਦੇ ਬਚਨ ਨੂੰ ਕਮਾਉਣ ਲਈ ਆਪਣੀ ਗੱਲ ਤਿਆਗਣੀ ਪਵੇ ਤਾਂ ਤਿਆਗ ਦੇਣੀ ਚਾਹੀਦੀ ਹੈ, ਨਹੀਂ ਹੈ ਤਾਂ ਅਸ਼ੀਰਬਾਦ ਦੇ ਪਾਤਰ ਨਹੀਂ ਬਣ ਸਕੋਗੇ। ਤਿਆਗ ਦਾ ਵੀ ਤਿਆਗ ਸਿੱਖਣਾ ਪੈਂਦਾ ਹੈ। ਐਵੇਂ ਹਰ ਕਿਸੇ ਦੇ ਮਗਰ ਲਗ ਕੇ ਆਪਣੀ ਪ੍ਰਤਿੱਗਿਆ ਤਿਆਗਣ ਵਾਲਾ ਦੋਸ਼ੀ ਵੀ ਹੈ। ਗੁਰੂ ਸੱਚੀ ਪ੍ਰਤਿੱਗਿਆ ਕਦੇ ਨਹੀਂ ਤਜਵਾਏਂਗੇ, ਸਗੋਂ ਦ੍ਰਿੜ੍ਹਤਾ ਬਖਸ਼ਣਗੇ। ਤਿਆਗਣ ਯੋਗ ਅਤੇ ਗ੍ਰਹਿਣ ਕਰਨ ਯੋਗ ਹਰ ਵਸਤੂ ਦੇ ਮਰਮ ਨੂੰ ਸਮਝਣਾ ਪੈਂਦਾ ਹੈ। ਕੀ ਜਿਹੜੀਆਂ ਵਸਤੂਆ ਦਾ ਮੈਂ ਤਿਆਗ ਕੀਤਾ ਹੈ ਹਉ ਮੈਂ ਦਾ ਕਾਰਨ ਤੇ ਨਹੀਂ ਬਣ ਗਈਆਂ? ਜੇ ਐਸਾ ਹੈ ਫਿਰ ਤਿਆਗ ਨਹੀਂ ਬਲਕਿ ਮੈਂ ਮੇਰੀ ਦਾ ਤਿਆਗ ਤਥਾ ਪਕੜ ਦਾ ਤਿਆਗ ਹੀ ਸੱਚਾ ਤਿਆਗ ਹੈ। ਇਹ ਸਬਕ ਗੁਰੂ ਜੀ ਤੋਂ ਸਿੱਖਿਆ ਜਾਂਦਾ ਹੈ। ਮਨ ਤੋਂ ਹਮੇਸ਼ਾ ਉਲਟ ਚਲਣਾ, ਜਿਹੜੀ ਵੀ ਬੁਰਾਈ ਵਾਲੀ ਵਸਤੂ ਵੱਲ ਮਨ ਜਾਵੇ, ਉਸ ਤੋਂ ਰੋਕ ਕੇ ਉਸ ਵਸਤੂ ਦਾ ਤਿਆਗ ਕਰ ਦੇਣਾ, ਜੋ ਸਾਧਕ ਦੇ ਮਾਰਗ ਵਿਚ ਰੋਕ ਬਣਕੇ, ਗੁਰੂ ਤੋਂ ਬੇਮੁੱਖ ਕਰਾ ਕੇ ਲੋਕ ਪ੍ਰਲੋਕ ਬਿਗਾੜਦੀ ਹੋਵੇ।

ਮਨ ਨੂੰ ਰੋਕਣ ਦੇ ਤੀਨ ਸਾਧਨ ਹਨ—ਸ਼ਾਸਤਰ ਦਾ ਪੜ੍ਹਨਾ, ਸੁਣਨਾ ਤੇ ਵਿਚਾਰਨਾ, ਦੂਜਾ ਪ੍ਰਭੂ ਦਾ ਧਿਆਨ, ਤੀਜਾ ਮਨੁੱਖ ਮਾਤਰ ਦੀ ਸੇਵਾ। ਇਨ੍ਹਾਂ ਤਿੰਨਾਂ ਵਸਤੂਆਂ ਤੋਂ ਮਨ ਵੱਸ ਵਿਚ ਹੁੰਦਾ ਹੈ। ਜਿਵੇਂ ਕਿਸੇ ਨੇ ਭੂਤ ਨਾਲ ਯਾਰੀ ਪਾ ਲਈ ਭਾਵ ਵੱਸ ਕਰ ਲਿਆ, ਵੱਸ ਹੋਣ ਵੇਲੇ ਭੂਤ ਨੇ ਕਿਹਾ ਮੇਰੀ ਸ਼ਰਤ ਹੈ ਮੈਂ ਜਿਥੇ ਰਹਾਂ ਵਿਹਲਾ ਨਾ ਰਹਾਂ, ਜੇ ਆਪ ਨੇ ਮੈਨੂੰ ਕੋਈ ਕਾਰਜ ਨਾ ਦਸਿਆ ਤਾਂ ਮੈਂ ਤੈਨੂੰ ਮਾਰ ਦੇਵਾਂਗਾ। ਇਹ ਜੋ ਵੀ ਕਾਰਜ ਦੱਸੇ ਭੂਤ ਸ਼ੀਘਰ ਹੀ ਕਰਕੇ ਆ ਜਾਵੇ। ਲੱਗਾ ਸਾਹ ਸੁੱਕਣ ਰੋਟੀ ਪਾਣੀ

ਤਿਆਗ ਦਿੱਤਾ। ਉਹ ਪਹਿਲਾ ਕਾਰਜ ਕਰਕੇ ਆਵੇ ਇਹ ਨਵਾਂ ਸੋਚਦਾ ਰਹੇ। ਬੜਾ ਦੁਖੀ ਹੋਇਆ ਕਿਹੜਾ ਕਾਰਜ ਕਰਵਾਊਂ, ਕਾਰਜ ਇਸ ਨੇ ਸਾਰੇ ਕਰ ਦਿੱਤੇ ਹਨ। ਕਿਥੇ ਬਲਾ ਸਹੇੜ ਲਈ। ਇਸਦੀ ਹੋਣਹਾਰ ਲੜਕੀ ਨੇ ਅੰਨ ਪਾਣੀ ਤਿਆਗਣ ਦਾ ਕਾਰਨ ਪੁੱਛਿਆ। ਦੱਸਣ ਤੋਂ ਲੜਕੀ ਹੋਣਹਾਰ ਸੀ, ਪਿਤਾ ਜੀ ਨੂੰ ਕਿਹਾ, ਇਹ ਕਿਹੜਾ ਔਖਾ ਪ੍ਰਸ਼ਨ ਹੈ? ਮੈਂ ਆਪ ਜੀ ਨੂੰ ਜੁਗਤੀ ਦਸਦੀ ਹਾਂ, ਇਕ ਥੰਮ੍ਹ ਗੱਡ ਕੇ ਭੂਤ ਦੇ ਗਲ ਸੰਗਲ ਪਾ ਕੇ, ਉਸ ਥੰਮ੍ਹੇ ਨਾਲ ਬੰਨ੍ਹ ਦੇਵੋ, ਉਸ ਨੂੰ ਕਹੋ ਇਸ 'ਤੇ ਚੜ੍ਹੀ ਚਲ ਤੇ ਉਤਰੀ ਚੱਲ। ਨਾ ਚੜ੍ਹਨਾ ਨਾ ਉਤਰਨਾ ਮੁੱਕੇ ਨਾ ਉਸਦੀ ਜਾਨ ਛੁੱਟੇ, ਨਾ ਹੀ ਤੇਰਾ ਜੀਵਨ ਮੁੱਕੇ ਭਾਵ ਤੈਨੂੰ ਵੇਹਲਾ ਹੋ ਕੇ ਹੀ ਮਾਰੇਗਾ। ਨਾ ਵੇਹਲਾ ਹੋਵੇ ਨਾ ਤੈਨੂੰ ਮਾਰੇ। ਪਿਤਾ ਲੜਕੀ ਦੀ ਗੱਲ ਸੁਣ ਕੇ ਧੀਰਜ ਵਿਚ ਆਇਆ, ਇੰਜ ਹੀ ਕੀਤਾ, ਜਾਨ ਵਿਚ ਜਾਨ ਆਈ।

ਸੋ ਇਸੇ ਪ੍ਰਕਾਰ ਮਨ ਰੂਪੀ ਭੂਤ ਨੂੰ ਕਾਬੂ ਕਰਨ ਲਈ ਪ੍ਰੇਮ ਰੂਪੀ ਸੰਗਲ ਪਾ ਕੇ ਵੀਚਾਰ ਰੂਪੀ ਥੰਮ੍ਹ ਨਾਲ ਬੰਨ੍ਹ ਦੇ। ਬ੍ਰਹਮ ਵਿਦਿਆ ਰੂਪੀ ਪੁਤ੍ਰੀ ਨੇ ਕਿਹਾ ਜਾ, ਮਹਾਂਵਾਕ ਥੰਮ ਨਾਲ ਬੰਨ੍ਹ ਦੇ। ਅਸਤ ਸਤ ਦਾ ਨਿਰਣਾ ਕਰਨ ਰੂਪੀ ਚੜ੍ਹਾਈ ਚੜ੍ਹੀ ਚਲ, ਉਤਰੀ ਚੱਲ। ਨਾ ਗਿਆਨ ਰੂਪੀ ਧੰਧਾ ਮੁੱਕੇ, ਨਾ ਮਨ ਰੂਪੀ ਭੂਤ ਦਾ ਛੁਟਕਾਰਾ ਹੋਵੇ, ਨਾ ਜੀਵ ਦੀ ਮੌਤ ਦਾ ਕਾਰਨ ਬਣੇ। ਮੌਤ ਕੀ ਹੈ, ਪਾਪ ਕਰਮ ਹੀ, ਅਪਜਸ ਹੀ ਮੌਤ ਹੈ। ਜਦੋਂ ਮਨ ਗਿਆਨ ਸਾਗਰ ਵਿਚ ਡੁਬਕੀਆਂ ਲਗਾਣ ਲਗ ਜਾਵੇ ਬੁਰਾਈਆਂ ਕਿਥੋਂ ਉਤਪੰਨ ਹੋਣਗੀਆਂ? ਬੁਰਾਈ ਹੀ ਅਪਜਸ ਮੌਤ ਹੈ। ਤਿਆਗ ਤੋਂ ਬਿਨਾਂ ਬੈਰਾਗ ਅਤੇ ਬੈਰਾਗ ਤੋਂ ਬਿਨਾਂ ਗਿਆਨ। ਗਿਆਨ ਸਾਗਰ ਨੂੰ ਪ੍ਰਾਪਤ ਕਰਨਾ ਔਖਾ ਹੈ, ਤਾਂ ਤੇ ਤਿਆਗੀਆਂ ਹੋਈਆਂ ਵਸਤੂਆਂ ਦੇ ਤਿਆਗ ਦੇ ਅਭਿਮਾਨ ਨੂੰ ਛੱਡਣ ਵਾਲੀ ਹੀ ਆਦਰਸ਼ਕ ਤਿਆਗੀ ਹੈ। ਕਿਸੀ ਵੀ ਵਸਤੂ ਦਾ ਸਰੀਰਕ ਸੰਬੰਧ ਤੋੜ ਲੈਣਾ ਤਿਆਗ ਹੈ। ਮਨ ਨਾਲੋਂ ਸੰਬੰਧ ਤੋੜਨਾ ਬੈਰਾਗ ਹੈ। ਕਿਸੇ ਇਸਤ੍ਰੀ ਨੂੰ ਆਪਣੇ ਤੋਂ ਅਲੱਗ ਕਰਨਾ ਤਿਆਗ ਹੈ, ਪ੍ਰੰਤੂ ਪਾਸ ਬੈਠੀ ਇਸਤ੍ਰੀ ਮਾਤਾ ਸਮਾਨ ਨਜ਼ਰ ਆਏ, ਬੈਰਾਗ ਹੈ। ਤਿਆਗ ਪਹਿਲੀ ਅਵਸਥਾ ਹੈ, ਬੈਰਾਗ ਤਿਆਗ ਦੀ ਪ੍ਰਪੱਕ ਅਵਸਥਾ ਦਾ ਨਾਮ ਹੈ। ਤਿਆਗ ਵਿਚ ਡੋਲਣ ਦਾ ਖ਼ਤਰਾ। ਬੈਰਾਗ ਪੈਦਾ ਹੋਣ ਤੋਂ ਬਾਅਦ ਤਿਆਗ ਨੂੰ ਕੋਈ ਭੈ ਨਹੀਂ ਰਹਿੰਦਾ, ਸਗੋਂ ਦ੍ਰਿੜ੍ਹਤਾ ਪੈਦਾ ਹੋ ਜਾਂਦੀ ਹੈ। ਦੋਨੋਂ ਹੀ ਇਕ ਦੂਸਰੇ ਲਈ ਉਪਯੋਗੀ ਹਨ। ਸਰੀਰ ਦਾ ਤਿਆਗ ਵੀ ਹਰ ਇਕ ਕਰ ਸਕਦਾ ਹੈ ਫਿਰ ਮਾਨਸਿਕ ਤਿਆਗੀ ਦੀ ਕੀ ਬਾਤ ਹੈ? ਐਸਾ ਤਿਆਗੀ ਤਾਂ ਹਮੇਸਾ ਪ੍ਰਭੂ ਦਰਵਾਜ਼ੇ ਦਾ ਸੇਵਾਦਾਰ ਹੈ ਭਾਵ ਪ੍ਰਭੂ ਦਾ ਨਿਕਟਵਰਤੀ ਸੇਵਕ ਹੈ। ਮਹਾਰਾਜ ਜੀ ਦੀ ਖਾਸ ਕ੍ਰਿਪਾ ਹੋਵੇ, ਐਸੀ ਬਖ਼ਸ਼ਿਸ਼ ਪਾਪਤ ਹੁੰਦੀ ਹੈ। ਅੱਜ ਤਾਂ ਸਰੀਰ ਦਾ ਤਿਆਗੀ ਵੀ ਘੱਟ ਮਿਲਦਾ ਹੈ, ਮਨ ਦਾ ਤਿਆਗੀ ਤਾਂ ਭਾਗਾਂ ਨਾਲ ਹੀ ਪ੍ਰਾਪਤ ਹੁੰਦਾ ਹੈ। ਅਗਰ ਪ੍ਰਭੂ ਕਿਰਪਾ ਕਰ ਦੇਣ ਐਸੇ ਪੁਰਸ਼ਾਂ ਦੀ ਖਿਨ ਮਾਤਰ ਦੀ ਸੰਗਤ ਬੰਦੇ ਦੀ ਚੌਰਾਸੀ ਕੱਟ ਦੇਂਦੀ ਹੈ।

੧੨.੨ ਬੈਰਾਗ ਚਾਰ ਪ੍ਰਕਾਰ ਦਾ ਹੈ

੧. ਸ਼ਮਸ਼ਾਨੀ ਬੈਰਾਗ:

ਭਾਵ ਮਰਨ ਸਮੇਂ ਲਾਸ਼ ਦੇਖ ਕੇ ਖਿਨ ਮਾਤ੍ਰ ਲਈ ਸੰਸਾਰ ਝੂਠਾ ਨਜ਼ਰ ਆਉਂਦਾ ਹੈ। ਮੌਤ ਦੇਖ ਕੇ ਆਪਣਾ ਆਪ, ਸੰਬੰਧੀ ਪਦਾਰਥ ਝੂਠੇ ਨਜ਼ਰ ਆਉਂਦੇ ਹਨ। ਬਾਅਦ ਵਿਚ ਫਿਰ ਉਹੋ ਹਾਲਤ ਹੋ ਜਾਂਦੀ ਹੈ। ਸਸਕਾਰ ਕਰਨ ਤੋਂ ਬਾਅਦ ਉਹੋ ਨਿੰਦਾ ਚੁਗਲੀ, ਹੱਸਣਾ ਖੇਡਣਾ ਆਦਿ ਸ਼ੁਰੂ ਹੋ ਜਾਂਦਾ ਹੈ।

੨. ਲਖੋਨਾ ਬੈਰਾਗ :

ਜਿਵੇਂ ਗਰਮੀ ਨਾਲ ਲਾਖ ਪਿਘਲ ਜਾਂਦੀ ਹੈ, ਸਰਦੀ ਨਾਲ ਜੰਮ ਜਾਂਦੀ ਹੈ, ਇਸੇ ਤਰ੍ਹਾਂ ਦੁੱਖ ਆਉਣ ਤੋਂ ਬੈਰਾਗ ਹੋ ਜਾਣਾ, ਰੋਣ ਲਗ ਪੈਣਾ, ਬਿਪਤਾ ਟੱਪਣ ਤੋਂ ਮਗਰੋਂ ਫਿਰ ਇਕ ਦੂਜੇ ਨੂੰ ਮਸ਼ਕਰੀ ਠੱਠਾ ਕਰਨਾ।

੩. ਮੰਦ ਬੈਰਾਗ :-

ਸੰਸਾਰ ਦੀ ਪ੍ਰੀਤੀ ਵੀ ਰੱਖਣੀ, ਭਗਵਾਨ ਦੀ ਪ੍ਰੀਤੀ ਵੀ ਰੱਖਣੀ, ਇਕ ਛਿਨ ਵਿਚ ਬੈਰਾਗੀ ਅਵਸਥਾ ਧਾਰ ਲੈਣੀ, ਦੂਸਰੇ ਛਿਨ ਵਿਚ ਪਦਾਰਥਾਂ ਨਾਲ ਲਿਪਤ ਹੋ ਜਾਣਾ।

੪. ਤੀਬਰ ਜਾਂ ਦ੍ਰਿੜ੍ਹ ਬੈਰਾਗ :-

ਭਰਥਰੀ ਗੋਪੀ ਚੰਦ ਵਾਂਗੂੰ ਰਾਜ ਭਾਗ, ਇਸਤ੍ਰੀਆਂ, ਮਾਯਾ ਦਾ ਤਿਆਗ ਕਰ ਜਾਣਾ, ਮੁੜ ਕੇ ਸੰਕਲਪ ਤਕ ਨਾ ਕਰਨਾ। ਜੋ ਰਸ ਆਤਮਾ ਦੀ ਪ੍ਰਾਪਤੀ ਤੋਂ ਹੈ, ਉਹ ਭੋਗੋਂ ਵਿਚ ਨਹੀਂ ਮਿਲਦਾ। ਜੇ ਮਿਲਦਾ ਹੁੰਦਾ ਤਾਂ ਕੀ ਲੋੜ ਸੀ ਰਾਜਿਆਂ ਨੂੰ ਰਾਜ ਭਾਗ ਤਿਆਗਣ ਦੀ ? ਉਂਜ ਤਾਂ ਗੁਰਮਤ ਵਿਚ ਘਰ ਰਹਿ ਕੇ ਵੀ ਐਸੀ ਅਵਸਥਾ ਪਾਈ ਜਾ ਸਕਦੀ ਹੈ, ਪਰ ਇਤਨਾ ਮੋਹ ਤਿਆਗਣਾ ਵੀ ਸੂਰਮੇ ਦਾ ਹੀ ਕੰਮ ਹੈ। ਮਾਇਆ ਵਿਚ ਰਹਿ ਕੇ ਬੈਰਾਗ ਪ੍ਰਾਪਤ ਕਰ ਲਿਆ ਜਾਵੇ, ਫਿਰ ਤਾਂ ਸਤਿਗੁਰਾਂ ਦੀ ਪੂਰੀ ਬਖ਼ਸ਼ਿਸ਼ ਹੈ। ਐਸਾ ਬੈਰਾਗ ਮੁਮੁਖਸ਼ੂ, ਜੋ ਛੇ ਸਾਧਨਾਂ ਸੰਪੰਨ ਹੈ, ਉਸ ਨੂੰ ਹੀ ਪ੍ਰਾਪਤ ਹੋ ਸਕਦਾ ਹੈ।

ਛੇ ਸਾਧਨ

ਸਮ, ਦਮ, ਸ਼ਰਧਾ ਤੀਸਰੀ, ਸਮਾਧਾਨ, ਉਪਰਾਮ।
ਛਠੀ ਤਤਿਕਸ਼ਾ ਜਾਨੀਏ ਭਿੰਨ ਭਿੰਨ ਜਿਹ ਨਾਮ॥

ਸਮ-ਮਨ ਦਾ ਰੋਕਣਾ, ਦਮ-ਇੰਦ੍ਰੀਆਂ ਕਾ ਕਾਬੂ ਕਰਨਾ, ਸ਼ਰਧਾ-ਵੇਦ ਵਾਕ ਗੁਰੂ ਵਾਕਾਂ ਨੂੰ ਸਤ ਕਰਕੇ ਮੰਨਣਾ, ਸਮਾਧਾਨ-ਸ਼ੰਕੇ ਰਹਿਤ ਹੋਣਾ, ਟਿਕਾਅ ਵਿਚ ਰਹਿਣਾ,

ਉਪਰਾਮ-ਉਪਰਾਮਤਾ, ਸੰਸਾਰ ਵਿਚ ਰਹਿੰਦਿਆਂ ਉਦਾਸ ਰਹਿਣਾ, ਇਸਤ੍ਰੀ ਪੁਤਰ ਆਦਿਕੋਂ ਨੂੰ ਬਿਖਵਤ ਜਾਣ ਕੇ ਤਿਆਗ ਦੇਣਾ, ਤਤਿਕਸ਼ਾ-ਦੁੱਖ ਸੁੱਖ, ਮਾਨ ਅਪਮਾਨ ਭੁਖ ਪਿਆਸ, ਸੀਤ ਉਸ਼ਣ ਸਭ ਕੋ ਸਹਾਰਨਾ। ਇਹ ਛੇ ਮਿਲ ਕੇ ਇਕ ਸਾਧਨ ਬਣਤਾ ਹੈ। ਪਹਿਲਾ ਸਾਧਨ ਹੈ ਵਿਵਿਦਸ਼ਾ-ਜੋ ਗਿਆਨ ਦੀ ਇੱਛਾ ਤੋਂ ਸੰਨਿਆਸ ਲਵੇ। ਦੂਸਰਾ ਸਾਧਨ ਹੈ ਵਿਦਵਤ-ਜੋ ਘਰ ਵਿਚ ਰਹਿੰਦਾ ਹੋਇਆ ਜੀਵਨ ਮੁਕਤੀ ਦੇ ਅਨੰਦ ਦੀ ਇੱਛਾ ਤੋਂ ਸੰਨਿਆਸ ਲਵੇ, ਇਹ ਸੰਨਿਆਸ ਬੈਰਾਗ ਤੋਂ ਪ੍ਰਾਪਤ ਹੁੰਦੇ ਹਨ। ਗੁਰੂ ਪਾਸ ਦੂਸਰਾ ਸਾਧਨ ਬੈਰਾਗ ਧਾਰ ਕੇ ਜਾਵੇ। ਤੀਜਾ ਦਸਿਆ ਜਾ ਚੁਕਿਆ ਹੈ। ਚੌਥਾ ਹੈ ਮੁਮੁਕਸ਼ਤਾ, ਇਸ ਦਾ ਭਾਵ ਹੈ ਵਿਸ਼ੇ ਵਾਸ਼ਨਾ ਦਾ ਤਿਆਗ ਕਰਕੇ ਮੁਕਤੀ ਦੀ ਇੱਛਾ ਵਾਸਤੇ ਗੁਰੂ ਪਾਸ ਮਲ ਵਿਕਸ਼ੇਪ ਆਵਰਨ ਤਿੰਨ ਦੋਸ਼ਾਂ ਤੋਂ ਰਹਿਤ ਹੋ ਕੇ ਆਉਣਾ, ਫਿਰ ਸ੍ਰਵਣ, ਮੰਨਣ, ਨਿਧਿਆਸਣ, ਤਤ ਤ੍ਵੰ ਦਾ ਸੋਧਨ, ਪਹਿਲੇ ਗੁਰੂ ਪਾਸ ਆ ਕੇ ਕਰਦੇ ਹਨ। ਸੋ ਇਸ ਪ੍ਰਸਤਾਵ ਨੂੰ ਜ਼ਿਆਦਾ ਲੰਬਾ ਨਾ ਕਰੀਏ, ਗ੍ਰੰਥ ਦੇ ਵਿਸਥਾਰ ਦਾ ਭੈ ਹੈ, ਦੂਸਰਾ ਬਹੁਤੇ ਲੰਬੇ ਵਿਚਾਰਾਂ ਵਿਚ ਜਗਿਆਸੂ ਦੀ ਬੁੱਧੀ ਉਲਝ ਜਾਂਦੀ ਹੈ, ਉਸਨੂੰ ਤਾਂ ਉਤਨਾ ਹੀ ਵੀਚਾਰ ਚਾਹੀਦਾ ਹੈ ਜਿਸ ਨਾਲ ਉਹ ਥੋੜਾ ਪਠਨ ਪਾਠਨ ਤੋਂ ਅਭਿਆਸ ਲਈ ਸਹਾਇਤਾ ਲੈ ਸਕੇ। ਬਾਸ਼ਨਾ ਇੱਛਾ ਦੇ ਨਾਸ਼ ਦੀ ਇਹੋ ਪ੍ਰਸਿੱਧ ਵਿਧੀ ਹੈ। ਸ਼ਮ ਸੇ ਮਨ ਦੀਆਂ ਬਿਰਤੀਆਂ ਪਰ ਕਾਬੂ ਪਾਉ, ਦਮ ਸੇ ਇੰਦ੍ਰੀਆਂ ਨੂੰ ਪਦਾਰਥ ਦੇ ਗ੍ਰਹਿਣ ਸੇ ਰੋਕੋ, ਮਨ ਰੂਪੀ ਸਰਪ ਹਿਰਦੇ ਰੂਪੀ ਤਲਾ ਮੇਂ ਜਦੋਂ ਸਿਰੀ ਨਿਕਾਲੇ ਸ਼ਮ ਰੂਪੀ ਡਾਂਗ ਨਾਲ ਦਬਾ ਦਿਉ, ਅਹੰਕਾਰ ਰੂਪੀ ਵਿਸ਼ੇ ਜ਼ਹਿਰ ਉਗਲਣ ਰੂਪੀ ਸਿਰੀ ਨੂੰ ਗਿਰਾਣ ਲਈ ਆਕਰਮਣ ਕਰਦੀਆਂ ਹਨ, ਇਨ੍ਹਾਂ ਨੂੰ ਸਮ ਤੋਂ ਰੋਕੋ, ਇੰਦ੍ਰੀਆਂ ਪਦਾਰਥਾਂ ਦੇ ਰਸ ਵਿਚ ਲੀਨ ਹਨ, ਵਾਸ਼ਨਾ ਤੇ ਪਦਾਰਥ ਮਿਲ ਕਰ ਘਿਉ ਅਗਨੀ ਭਾਂਤੀ ਮਨ ਕੋ ਭੜਕਾਤੇ ਹੈਂ, ਦਮ ਤੋਂ ਇੰਦ੍ਰੀਆਂ ਨੂੰ ਦਮਨ ਕਰਨਾ ਹੈ, ਜਿਵੇਂ ਬੂੰਦ-ਬੂੰਦ ਕਰਕੇ ਹੌਲੀ-ਹੌਲੀ ਸਮੁੰਦਰ ਖਾਲੀ ਹੁੰਦਾ ਹੈ। ਇਸੇ ਪ੍ਰਕਾਰ ਧੀਰੇ-ਧੀਰੇ ਮਨ ਨੂੰ ਵਾਸ਼ਨਾ ਤੋਂ ਰਹਿਤ ਕਰੋ, ਜਿਵੇਂ ਪਦਾਰਥ ਖਾਣ ਦੀ ਇੱਛਾ ਨੂੰ ਰੋਕਣਾ ਸਮ ਹੈ, ਪਦਾਰਥ ਖਾਣ ਲਈ ਕਿਸੇ ਅਸਥਾਨ ਤੋਂ ਜਾਣ ਤੋਂ ਰੁਕ ਜਾਣਾ ਦਮ ਹੈ। ਦੋ ਦਵਾਰਪਾਲ ਹਨ, ਜੋ ਮਨ ਅਤੇ ਇੰਦ੍ਰੀਆਂ ਨੂੰ ਕਾਬੂ ਕਰਨ ਵਿਚ ਸਹਾਇਕ ਹਨ। ਜਿਵੇਂ ਕਿਸੇ ਸ਼ਹਿਨਸ਼ਾਹ ਦੇ ਆਉਣ ਤੋਂ ਦੇਸ਼ ਸ਼ਹਿਰ ਮੁਹੱਲੇ ਮਕਾਨ ਸੜਕਾਂ ਸਾਫ ਕੀਤੀਆਂ ਜਾਂਦੀਆਂ ਹਨ, ਇਸੇ ਤਰ੍ਹਾਂ ਰਾਜਿਆਂ ਦਾ ਰਾਜਾ ਪ੍ਰਮਾਤਮਾ ਦੇ ਆਉਣ ਤੋਂ ਪਹਿਲਾਂ ਮਨ ਨੂੰ ਵਾਸ਼ਨਾ ਤੋਂ ਰਹਿਤ ਕਰਨਾ ਹੀ ਪ੍ਰਮੇਸ਼ਰ ਰੂਪੀ ਰਾਜੇ ਦਾ ਸਵਾਗਤ ਕਰਨਾ ਹੈ। ਮਨ ਨੂੰ ਚੰਚਲ ਕਰਨ ਵਾਲੀਆਂ ਸੰਸਾਰ ਸਮੁੰਦਰ ਵਿਚ ਇੱਛਾਵਾਂ ਹੀ ਮਗਰਮੱਛ ਦੀ ਨਿਆਈ ਹਨ। ਜਿਵੇਂ ਮੱਛੀ ਪਾਣੀ ਨੂੰ ਗੰਦਾ ਕਰਦੀ ਹੈ, ਇੱਛਾ ਹੀ ਮਨ ਨੂੰ ਮਲੀਨ ਕਰਦੀ ਹੈ। ਇੱਛਾ ਤੋਂ ਰਹਿਤ ਹੋਣਾ ਹੀ ਪਵਿੱਤ੍ਰਤਾ ਨੂੰ ਧਾਰਨ ਕਰਨਾ ਹੈ। ਮਨ ਨੂੰ ਮੁੰਨਣਾ ਹੈ, ਦਾੜ੍ਹੀ ਕੇਸ ਮੁਨਾਣ ਦਾ ਕੋਈ ਲਾਭ ਨਹੀਂ।

ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥੧੦੧॥

(ਸਲੋਕ ਕਬੀਰ ਜੀ, ਪੰਨਾ ੧੩੬੯)

ਆਪ ਜਦੋਂ ਮਨ ਨੂੰ ਕਾਬੂ ਕਰਨ ਲਗਦੇ ਹੋ, ਅੰਤਰ ਬਾਹਰ ਦੀਆਂ ਵਾਸ਼ਨਾਂ ਦਾ ਘੋਲ ਸ਼ੁਰੂ ਹੋ ਜਾਂਦਾ ਹੈ। ਜੇ ਆਪ ਜੀ ਦੀਆਂ ਭਲੀਆਂ ਵਾਸ਼ਨਾਵਾਂ ਮਜ਼ਬੂਤ ਹੋਣਗੀਆਂ, ਉਹ ਮਲੀਨ ਵਾਸ਼ਨਾ ਨੂੰ ਦਬਾ ਲੈਣਗੀਆਂ। ਵਾਸ਼ਨਾ ਨੂੰ ਮਜ਼ਬੂਤ ਬਨਾਣ ਲਈ, ਮਨ ਦਾ ਕਿਹਾ ਮੰਨਣ ਦਾ ਅਭਿਆਸ ਕਰੋ। ਜਿਸ ਪਾਸੇ ਇਹ ਜਾਣਾ ਚਾਹਤਾ ਹੈ ਇਸ ਨੂੰ ਗੁਰਬਾਣੀ ਦੀ ਵਿਚਾਰ ਤੋਂ ਰੋਕੋ। ਵਾਹਿਗੁਰੂ ਸ਼ਬਦ ਦਾ ਜਾਪ ਕਰੋ। ਜਦੋਂ ਰੋਜ਼ਾਨਾ ਆਪ ਪ੍ਰਭੂ ਦਾ ਖ਼ੌਫ਼ ਧਾਰ ਕੇ ਬੁਰਾਈ ਦੇ ਪੱਖ ਨੂੰ ਸਾਹਮਣੇ ਰਖ ਕੇ ਇਕਾਗ੍ਰਤਾ ਸਹਿਤ ਇਸਥਿਤੀ ਰੂਪੀ ਆਸਣ ਲਾਉਗੇ, ਕਿੱਲੇ ਨਾਲ ਬੰਧਾ ਹੂਆ ਬਲਦ ਘੁੰਮ ਘੁੰਮ ਕੇ ਥਕਤ ਹੋਇਆ ਬੈਠ ਜਾਂਦਾ ਹੈ, ਇਸੇ ਪ੍ਰਕਾਰ ਇੱਛਾ ਵਲੋਂ ਮਨ ਨੂੰ ਰੋਕ ਕੇ ਸਰੀਰ ਦ੍ਰਿੜ੍ਹ ਕਰੀਏ ਭਾਵ ਮਨ ਦੇ ਮਗਰ ਸਰੀਰ ਨੂੰ ਨਾ ਤੋਰੇ ਫਿਰ ਮਨ ਵੀ ਘੁੰਮ ਘੁਮਾ ਕੇ ਥਕਤ ਹੋਇਆ ਬੈਠ ਜਾਂਦਾ ਹੈ, ਪੋਲੇ ਪੈਰੀਂ ਕਾਬੂ ਆਉਣ ਵਾਲਾ ਨਹੀਂ। ਮਹਾਨ ਸਾਧਨ ਅਤੇ ਪ੍ਰੀਕਸ਼ਮ ਦੀ ਲੋੜ ਹੈ। ਮਨ ਜਾਂਦਾ ਹੈ ਤਾਂ ਜਾਣ ਦੇ, ਦ੍ਰਿੜ੍ਹ ਤੂੰ ਰਖ ਸਰੀਰ, ਜਿਵੇਂ ਮਨ ਕਰਕੇ ਚੋਰੀ ਕਰਨੀ ਚਿਤਵੇ, ਚੋਰ ਨਹੀਂ ਹੋ ਸਕਦਾ, ਨਾ ਸਜ਼ਾ ਦਾ ਹੱਕਦਾਰ। ਅਗਰ ਅਗਲੇ ਦੇ ਘਰ ਨੂੰ ਸੰਨ੍ਹ ਲਾਉਣ ਵੇਲੇ ਪਕੜਿਆ ਜਾਵੇ, ਕੁਟ ਵੀ ਖਾਏਗਾ, ਜੇਲ੍ਹ ਆਦਿ ਸਜ਼ਾ ਵੀ ਭੋਗੇਗਾ। ਮਨ ਫੁਰਨੇ ਕਰਦਾ ਹੈ ਇਸ ਦਾ ਸੁਭਾਵ ਹੈ, ਸਰੀਰ ਨੂੰ ਇਸਦੇ ਮਗਰ ਨਹੀਂ ਜਾਣ ਦੇਣਾ। ਇੰਦ੍ਰੀਆਂ ਨੂੰ ਬ੍ਰਹਮ ਦ੍ਰਿਸ਼ਟੀ ਦੀ ਭਾਵਨਾ ਤੋਂ ਰੋਕਣਾ ਹੈ, ਮਨ ਕਰਕੇ ਵੀ ਚੋਰੀ ਯਾਰੀ ਦਾ ਸੰਕਲਪ ਤਾਂ ਮਾੜਾ ਹੈ ਪਰ ਦੋਸ਼ੀ ਸਰੀਰ ਨਾ ਐਬ ਕਰਨ ਤੋਂ ਹੀ ਠਹਿਰਾਇਆ ਜਾਵੇਗਾ। ਅਗਰ ਮਨ ਬਾਣੀ ਸਰੀਰ ਨੂੰ ਇਸਥਿਤ ਕਰ ਲਵੇ ਫਿਰ ਕਹਿਣੇ ਦੀ ਬਾਤ ਜਾਣੋ, ਉਹ ਪੁਰਸ਼ ਧਰਤੀ ਤੇ ਦੇਵਤਾ ਰਹਿ ਰਿਹਾ ਹੈ, ਪੂਜਾ ਜੋਗ ਹੈ, ਪ੍ਰਭੂ ਦੀ ਮਹਾਨ ਬਖਸ਼ਿਸ਼ ਹੈ।

੧੨.੩ ਜਾਪ ਦੀ ਮਹਾਨਤਾ

ਜਿਵੇਂ ਹਲਵਾਈ ਖੰਡ ਦੀ ਚਾਸਨੀ ਤਿਆਰ ਕਰਦਾ ਹੈ, 'ਖੌਲਨੇ ਲਗਦੀ ਹੈ' ਦੁੱਧ ਦਾ ਛਿੱਟਾ ਦੇਂਦਾ ਜਾਂਦਾ, ਹੌਲੀ-ਹੌਲੀ ਮੈਲ ਉਤਾਰਦਾ ਜਾਂਦਾ ਹੈ। ਚਾਸਨੀ ਸਾਫ ਹੋ ਕੇ ਟਿਕ ਜਾਂਦੀ ਹੈ, ਬੁਲਬੁਲੇ ਮਿੱਟ ਜਾਂਦੇ ਹਨ, ਮੈਲ ਕਰਕੇ ਹੀ ਉਠਦੇ ਸਨ। ਇਸੇ ਤਰ੍ਹਾਂ ਮਨ ਵਿਚ ਵੀ ਬੁਰੇ ਸੰਸਕਾਰਾਂ ਦਾ ਤੂਫਾਨ ਉਮਡਦਾ ਰਹਿਤਾ ਹੈ, ਵਾਹਿਗੁਰੂ ਵਾਹਿਗੁਰੂ ਦਾ ਜਾਪ ਰੂਪੀ ਦੁੱਧ ਪਾਉਂਦੇ ਜਾਉ, ਹੌਲੀ-ਹੌਲੀ ਮਨ ਦੀ ਮੈਲ ਕੱਟੀ ਜਾਵੇਗੀ। ਸ਼ੁੱਧ ਹੋ ਕੇ ਭਾਵ ਵਾਸ਼ਨਾ ਤੋਂ ਰਹਿਤ ਹੋ ਕੇ, ਜਦੋਂ ਦੁਬਿਧਾ ਰੂਪੀ ਮੈਲ ਕੱਟੀ ਗਈ ਆਪਣੇ ਆਪ ਸ਼ਾਂਤ ਹੋ ਜਾਵੇਗਾ। ਮਨ ਦੀਆਂ ੧੦੮ ਬਿਰਤੀਆਂ ਮੰਨੀਆਂ ਹਨ, ਇਨ੍ਹਾਂ ਨੂੰ ਜਿੱਤਣ ਨਾਲ ੧੦੮

ਪਦਵੀ ਨਾਲ ਸਨਮਾਨਤ ਕੀਤਾ ਜਾਵੇਗਾ। ਜੋ ਜ਼ਿਆਦਾ ਬਿਰਤੀਆਂ ਨੂੰ ਕਾਬੂ ਕਰ ਲਵੇ ਉਸਨੂੰ ਸ੍ਰੀ ੧੦੦੮ ਸ਼ਬਦ ਨਾਲ ਸਤਿਕਾਰਿਆ ਜਾਂਦਾ ਹੈ।

ਬਿਸ਼ਯੋਂ ਕਾ ਬਿਸ਼ਧਰ ਜਬ ਡਸੇ ਓਮੜ ਜੜੀ ਕੋ ਚਬਾ॥
ਨਾਗ ਦਮਨ ਕੀ ਯਹ ਔਸ਼ਧ ਦੂਰ ਨ ਢੂੰਢਨ ਜਾ॥

-o-

ਆਤੁਰੁ ਨਾਮ ਬਿਨੁ ਸੰਸਾਰ॥
ਤ੍ਰਿਪਤਿ ਨ ਹੋਵਤ ਕੂਕਰੀ ਆਸਾ ਇਤੁ ਲਾਗੋ ਬਿਖਿਆ ਛਾਰ॥

(ਸਾਰਗ ਮਹਲਾ ੫, ਪੰਨਾ ੧੨੨੩)

ਤਥਾ :

ਮਾਈ ਮੇਰੇ ਮਨ ਕੋ ਸੁਖੁ॥
ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ॥ ੧ ॥ ਰਹਾਉ॥
ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ॥
ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ॥੧॥
ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ॥
ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ॥੨॥੧੦॥੨੯॥

(ਟੋਡੀ ਮਹਲਾ ੫, ਪੰਨਾ ੭੧੭)

ਨਿਸ਼ਕਾਮ ਕਰਮ ਸੇ ਮਲ (ਪਾਪਾਂ ਦੀ ਨਵਿਰਤੀ ਹੋਤੀ ਹੈ) ਉਪਾਸਨਾ ਤੋਂ ਮਨ ਦੀ ਚੰਚਲਤਾ ਨਿਵਾਰਨ ਹੁੰਦੀ ਹੈ। ਗਿਆਨ ਤੋਂ ਭਰਮ ਦਾ ਪਰਦਾ ਟੁੱਟਦਾ ਹੈ। ਉਪਾਸਨਾ ਦਾ ਅਰਥ ਹੈ ਉਪ ਦੇ ਅਰਥ ਹਨ ਨੇੜੇ, ਆਸਨਾਂ ਦਾ ਭਾਵ ਹੈ ਬੈਠਣਾ, ਪ੍ਰਮੇਸ਼ਰ ਦੇ ਨੇੜੇ ਹੋਣ ਦਾ ਸਾਧਨ ਉਸਦੇ ਨਾਮ ਦਾ ਜਪ ਹੈ। ਨਾਮ ਅਭਿਆਸ ਤੋਂ ਆਪ ਪਿਆਰੇ ਭਗਵਾਨ ਦੇ ਨਿਕਟਵਰਤੀ ਬਣ ਜਾਉਗੇ। ਸ਼ਤਰੂ ਨੂੰ ਕਾਬੂ ਕਰਨ ਲਈ ਉਸਦੀ ਕਮਜ਼ੋਰੀ ਦਾ ਪੱਖ ਢੂੰਡਣਾ ਚਾਹੀਦਾ ਹੈ। ਮਨ ਦੀ ਕਮਜ਼ੋਰੀ ਲਾਈ ਲਗ ਹੈ, ਜਿਧਰ ਲਾਉ ਉਧਰ ਹੀ ਲੱਗ ਜਾਂਦਾ ਹੈ। ਮਨ ਇਕ ਸਮੇਂ ਦੋ ਵਸਤੂਆਂ ਦਾ ਗਿਆਨ ਨਹੀਂ ਧਾਰ ਸਕਦਾ। ਹਰ ਵੇਲੇ ਚੰਗੀ ਤੋਂ ਚੰਗੀ ਵਸਤੂ ਗ੍ਰਹਿਣ ਕਰਨੀ ਚਾਹੁੰਦਾ ਹੈ। ਸਭ ਵਸਤੂਆਂ ਨਾਸ਼ਵਾਨ ਪ੍ਰਣਾਮੀ ਹਨ. ਨਾਮ ਹੀ ਇਕ ਪਵਿੱਤ੍ਰ ਸਰਬ ਉੱਤਮ ਅਤੇ ਇਕ ਰਸ ਸਦਾ ਰਹਿਣ ਵਾਲੀ ਵਸਤੂ ਹੈ। ਨਾਮ ਵਸਤੂ ਦੇ ਪ੍ਰਚਾਵੇ ਵਿਚ ਮਨ ਨੂੰ ਹਮੇਸ਼ਾ ਲਾ ਦਿਉ, ਬਾਰ-ਬਾਰ ਨਾਮ ਦਾ ਅਭਿਆਸ ਕਰਨ ਨਾਲ ਪਹਿਲੀ ਆਦਤ ਛੱਡ ਕੇ ਸਥਿਰ ਹੋ ਜਾਵੇਗੀ। ਨਾਮ ਜਪਣ ਦੀ ਆਦਤ ਪੈ ਜਾਵੇਗੀ। ਇਸ ਨੂੰ ਬਾਹਰਮੁਖੀ ਵਿਰਤੀਆਂ ਤੋਂ ਰੋਕ ਕੇ ਅੰਤਰਮੁਖ ਕਰਨਾ ਹੈ, ਅੰਤਰਮੁਖਤਾ ਲਈ ਨਾਮ ਹੀ ਸਹਾਇਕ ਹੈ।

ਕਰਤ ਕਰਤ ਅਭਿਆਸ ਕੇ, ਜੜਮਤਿ ਹੋਤ ਸੁਜਾਨ॥
ਰਸਰੀ ਆਵਤ ਜਾਤ ਤੇ ਸਿਲ ਪਰ ਪੜਤ ਨਿਸ਼ਾਨ॥
ਈਸ਼ਵਰ ਨਾਮ ਅਮੁਲ ਹੈ, ਦਾਮਨ ਬਿਨਾ ਬਿਕਾਇ॥
ਤੁਲਸੀ ਅਚਰਜ ਦੇਖੀਏ, ਕੋਈ ਗਾਹਕ ਨ ਆਇ॥

ਨੇਤਰ ਦਰਸ਼ਨ ਤੋਂ, ਕੰਨ ਬਾਣੀ ਸੁਣਨ ਤੋਂ, ਰਸਨਾ ਜਾਪ ਤੋਂ, ਹੱਥ ਸੇਵਾ ਤੋਂ, ਪੈਰ ਧਰਮ ਮਾਰਗ ਤੁਰਨ ਤੋਂ ਪਵਿੱਤਰ ਹੁੰਦੇ ਹਨ। ਮਨ ਦਾ ਅਨਾਦਿ ਕਾਲ ਤੋਂ ਸੁਭਾਵ ਹੈ ਬਾਹਰਮੁਖੀ ਵਸਤੂਆਂ ਨਾਲ ਪ੍ਰੀਤ ਕਰਨੀ। ਇਸ ਨੂੰ ਸਿਮਰਨ ਸਤਸੰਗ ਸੇਵਾ ਤੋਂ ਅੰਤਰ-ਮੁਖ ਕਰਨਾ ਹੈ। ਮਨ ਨੂੰ ਪਵਿੱਤਰ ਅਤੇ ਬੁੱਧੀ ਨੂੰ ਇਸਥਿਤ ਨਾਮ ਦੁਆਰਾ ਹੀ ਕੀਤਾ ਜਾ ਸਕਦਾ ਹੈ। ਮਨ ਦਾ ਅਹੰਕਾਰ ਰੂਪੀ ਬੁਖਾਰ ਉਤਾਰਨ ਲਈ ਨਾਮ ਹੀ ਰਸਾਇਣ ਔਸ਼ਧੀ ਹੈ। ਪਾਪ ਕਰਮਾਂ ਕਰਕੇ ਇਸ ਨੂੰ ਸਿਮਰਨ ਸਤਸੰਗ ਵਿਚ ਰੁਚੀ ਪੈਦਾ ਨਹੀਂ ਹੋਤੀ, ਜਿਵੇਂ ਬੁਖਾਰ ਵਿਚ ਭੁਖ ਮਰ ਜਾਂਦੀ ਹੈ।

ਤੁਲਸੀ ਪਿਛਲੇ ਪਾਪ ਸੋਂ, ਹਰਿ ਚਰਚਾ ਨ ਸੁਹਾਇ॥
ਜੈਸੇ ਜਵਰ ਕੇ ਜ਼ੋਰ ਸੇਂ, ਭੋਜਨ ਕੀ ਰੁਚ ਜਾਇ॥

੧੨.੪ ਸਤਸੰਗ

ਗਿਆਨ ਬਢੇ ਗੁਣਵਾਨ ਕੀ ਸੰਗਤ, ਧਿਆਨ ਬਢੇ ਤਪਸੀ ਸੰਗ ਕੀਨੇ॥
ਮੋਹ ਬਢੇ ਪਰਿਵਾਰ ਕੀ ਸੰਗਤ, ਲੋਭ ਬਢੇ ਧਨ ਮੇਂ ਚਿਤ ਦੀਨੇ॥
ਕ੍ਰੋਧ ਬਢੇ ਨਰ ਮੂਢ ਕੀ ਸੰਗਤ, ਕਾਮ ਬਢੇ ਤ੍ਰਿਯਾ ਸੰਗ ਕੀਨੇ॥
ਬੁਧਿ ਬਿਬੇਕ ਬਿਚਾਰ ਬਢੇ, ਕਬਿ ਦੀਨ ਸੁਸਜਨ ਸੰਗ ਕੀਨੇ॥

੧੨.੫ ਨਾਮ ਮਹਾਤਮ

ਜਾਨਤ ਹੈ ਮਹਿਮਾ ਅਹਿਸ਼ੇਸ਼ ਸੁ ਨਾਮਹਿ ਕੀ ਪ੍ਰਤਾਪ ਬਢਾਹੀ॥
ਕਾਨਨ ਸੈਲਨ ਸੋਂ ਆਵਨੀ ਪ੍ਰਸੂਨਹਿ ਜਿਉ ਜਿਨ ਸੀਸ ਉਠਾਈ॥
ਨਾਮ ਮਹਾਤਮ ਸ਼ੰਕਰ ਜਾਨਤ ਕੰਠ ਹਲਾਹਲ ਲੀਨ ਪੁਰਾਈ॥
ਆਤਮ ਭੂਭਲ ਰੀਤਿ ਪਛਾਨਤ ਜਾ ਬਲ ਸੋਂ ਪ੍ਰਪੰਚ ਉਪਾਈ॥

੧੨.੬ ਸਤ ਸੰਗਤ ਮਹਿਮਾ

ਸੁਨ ਅਸਚਰਜ ਕਰਹਿ ਜਿ ਨ ਕੋਈ॥
ਸਤ ਸੰਗਤ ਮਹਿਮਾ ਨਹਿ ਗੋਈ॥

ਬਾਲਮੀਕ ਨਾਰਦ ਘਟ ਜੋਨੀ॥
ਨਿਜ ਨਿਜ ਮੁਖਨ ਕਹੀ ਨਿਜ ਹੋਨੀ॥
ਜਲ ਚਰ ਥਲ ਚਰ ਨਭ ਚਰ ਨਾਨਾ॥
ਜੇ ਜੜ ਚੇਤਨ ਜੀਵ ਜਹਾਨਾ॥
ਮਤਿ ਕੀਰਤਿ ਗਤਿ ਭੂਤਿ ਭਲਾਈ॥
ਜਬ ਮਹਿ ਯਤਨ ਜਹਾਂ ਜਹ ਪਾਈ॥
ਸੋ ਜਾਨਵ ਸਤਿਸੰਗ ਪ੍ਰਭਾਊ॥
ਲੋਕਹੁ ਵੇਦ ਨ ਆਨ ਉਪਾਊ॥

ਤਥਾ ਗੁਰਬਾਣੀ :-

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥ ੧॥
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥ ੧॥ ਰਹਾਉ॥

(ਪੰਨਾ ੮੦੯)

ਇਥੋਂ ਤਕ ਸਤਸੰਗਤ ਦਾ ਮਹਾਤਮ ਕਹਿ ਕਰ, ਭਗਤੀ ਦਾ ਮਹਾਤਮ ਕਥਨ ਕਰਦੇ ਹਨ:-

ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ॥
ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨ ਦੀਤਾ॥ ੨॥
ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥
ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ॥ ੩॥
ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ॥
ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ॥੪॥੭॥੩੭॥

(ਬਿਲਾਵਲ ਮਹਲਾ ੫, ਪੰਨਾ ੮੦੯)

ਤਥਾ:- ਮੁਦ ਮੰਗਲ ਮਯ ਸੰਤ ਸਮਾਜੂ॥
ਜੋ ਜਗ ਜੰਗਮ ਤੀਰਥ ਰਾਜੂ॥
ਮਜਨ ਫਲ ਪਿਖੀਏ ਤਤਕਾਲਾ॥
ਕਾਕ ਹੋਇ ਪਿਕ ਬਕਹੁ ਮਰਾਲਾ॥

੧੨.੭ ਨਾਮ ਦੇ ਦਸ ਦੋਸ਼ :

ਸਹਸਕ੍ਰਿਤੀ ਮੇਂ ਬਿਆਨ ਕੀਆ ਹੈ

ਸਤਯਨਿੰਦਾ ਅਸਤਿ ਨਾਮ ਵੈਭਵ ਕਥਾ॥
ਸ੍ਰੀਸ਼ ਈਸ਼ਯੋ ਭੇਦ ਧੀ:॥
ਅਸ਼ਰਧਾ ਸ਼ੁਤਿ ਸ਼ਾਸ਼ਤ੍ਰ ਦੈਸ਼ਕ ਗਿਰਾ ਨਾਮ੍ਰਿ ਅਰਥਵਾਦ ਭਰਮ:॥
ਨਾਮਾਸਤਿ ਇਤਿ ਨਿਸ਼ਿਧ ਬ੍ਰਿਤੀ ਵਿਹਿਤ ਤਿਆਗਊ॥ ਚ॥
ਧਰਮਾਂਤਰੇ ਸਾਮਯੰ ਨਾਮ੍ਰਿਸੰਕਰਸਯ ਚਹਰੇ ਨਾਮ ਪਰਾਧਾ: ਦਸ਼॥

ਅਰਥ :-੧. ਨਾਮ ਜਪਤਾ ਹੈ ਨਾਲੇ ਸਤ ਪੁਰਸ਼ੋਂ ਦੀ ਨਿੰਦਿਆ ਕਰਤਾ ਹੈ।

੨. ਨਾਸਤਕਾ ਨੂੰ ਨਾਮ ਦਾ ਮਹਾਤਮ ਸੁਨਾਂਦਾ ਹੈ ਅਥਵਾ ਰੇਡੀਓ, ਅਖ਼ਬਾਰ, ਸਿਨੇਮੇ, ਟੈਲੀਵੀਜ਼ਨ ਦੇਖਤਾ ਹੈ।

੩. ਵਿਸ਼੍ਰ ਸ਼ਿਵ ਮੇਂ ਭੇਦ ਬੁੱਧੀ।

੪. ਵੇਦ ਅਤੇ ਗੁਰੂ ਗਰੰਥ ਸਾਹਿਬ ਜੀ ਤੇ ਅਸ਼ਰਧਾ ਹੋਣੀ।

੫. ਵੇਦ ਵਿਚ ਸ਼ਰਧਾ, ਸ਼ਾਸਤਰਾਂ ਵਿਚ ਅਸ਼ਰਧਾ।

੬. ਵੇਦ ਸ਼ਾਸਤਰ ਮੇਂ ਸ਼ਰਧਾ, ਦੇਹਧਾਰੀ ਗੁਰੂ ਮੇਂ ਅਸ਼ਰਧਾ।

੭. ਨਾਮ ਮਹਾਤਮ ਕੋ ਯਥਾਰਥ ਨਾ ਸਮਝਣਾ। ਰੌਚਕ ਬਚਨ ਸਮਝਨੇ।

੮. ਨਾਮ ਜਪਦਾ ਹੈ, ਨਾਮ ਆਸਰੇ ਖੋਟੇ ਕਰਮ ਕਰਦਾ ਹੈ ਕਿ ਨਾਮ ਜਪ ਕੇ ਪਾਪ ਲਾਹ ਦੂੰਗਾ।

੯. ਨਾਮ ਸਹਾਰੇ ਸ਼ੁਭ ਕਰਮ ਛੋਡ ਦੇਣਾ।

੧੦. ਦੂਸਰੇ ਧਰਮਾਂ ਕੇ ਸਮਾਨ ਨਾਮ ਕੋ ਸਮਝਣਾ।

ਨਾਮ ਸਿਮਰਨ ਵਿਚ ਰੁਕਾਵਟ ਰੂਪੀ ਦਸ ਔਗੁਣਾਂ ਦਾ ਜ਼ਿਕਰ ਕੀਤਾ ਹੈ। ਜੋ ਇਨ੍ਹਾਂ ਦੋਸ਼ਾਂ ਤੋਂ ਰਹਿਤ ਹੈ ਉਹ ਪ੍ਰੇਮੀ ਹੈ, ਉਸ ਦੀਆਂ ਨੌਂ ਨਿਸ਼ਾਨੀਆਂ ਹਨ :

ਆਸ਼ਕਾਰਾ ਨਵ ਨਿਸ਼ਾਨੀ ਐ ਪਿਸਰ, ਆਹ ਸਰਦੋ, ਰੰਗ ਜ਼ਰਦੋ, ਚਸ਼ਮਤਰ।
ਕਮ ਗੁਫਤਨੋ, ਕਮ ਖੁਰਦਨੋ, ਖ਼ੁਆਬਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸ਼ਤਸਰ।

੧. ਠੰਡੇ ਸ੍ਵਾਸ ਪ੍ਰੀਤਮ ਕੇ ਨਾ ਮਿਲਣੇ ਸੇ ਨਿਕਲਣੇ। ੨. ਪਿਆਰੇ ਦੀ ਯਾਦ ਵਿਚ ਰੰਗ ਪੀਲਾ ਹੋ ਜਾਣਾ। ੩. ਪ੍ਰੀਤਮ ਦੇ ਵਿਛੋੜੇ ਵਿਚ ਅੱਖਾਂ ਵਿਚੋਂ ਜਲ ਵਗਦਾ ਰਹਿਣਾ। ੪. ਪਿਆਰੇ ਦੇ ਵਿਯੋਗ ਵਿਚ ਘੱਟ ਬੋਲਣਾ। ੫. ਵਿਯੋਗ ਵਿਚ ਘੱਟ ਖਾਣਾ। ੬. ਵਿਯੋਗ

ਵਿਚ ਨੀਂਦ ਨਾ ਆਉਣੀ। ੭. ਪ੍ਰੀਤਮ ਦੇ ਵਿਯੋਗ ਸੇ ਉਸਨੂੰ ਉਡੀਕਦੇ ਰਹਿਣਾ। ੮. ਵਿਯੋਗ ਵਿਚ ਦਿਲ ਨੂੰ ਬੇਚੈਨੀ ਹੋਣੀ। ੯. ਵਿਯੋਗ ਵਿਚ ਸਿਰ ਤੇ ਹੱਥ ਰੱਖ ਕੇ ਸ਼ੋਕਾਤੁਰ ਹੋ ਬੈਠਣਾ।

ਚਿਤ ਦੀ ਪਵਿੱਤ੍ਰਤਾ ਦਾ ਵੱਡਾ ਸਾਧਨ ਸਤਸੰਗ ਹੀ ਹੈ। ਮਹਾਂਪੁਰਸ਼ਾਂ ਦੀ ਸੰਗਤ ਵਿਚ ਬੈਠਣ ਤੋਂ ਸੰਕਲਪ ਬਿਕਲਪ ਇਸ ਪ੍ਰਕਾਰ ਰੁਕ ਜਾਂਦੇ ਹਨ ਜਿਵੇਂ ਅਗਨੀ ਪਾਸ ਬੈਠਣ ਤੋਂ ਪਾਲਾ ਦੂਰ ਹੋ ਜਾਂਦਾ ਹੈ। ਮਨ ਨੂੰ ਸਤਸੰਗ ਸਰੋਵਰ ਵਿਚ ਧੋਣਾ ਚਾਹੀਦਾ ਹੈ, ਇਥੇ ਗਿਆਨ ਦਾ ਨਿਰਮਲ ਜਲ ਸੋਮੇ ਰੂਪ ਵਿਚ ਵਹਿੰਦਾ ਰਹਿੰਦਾ ਹੈ। ਸਾਬਨ ਜਿਵੇਂ ਕਪੜੇ ਦੀ ਮੈਲ ਕੱਟ ਕੇ ਸਵੱਛ ਬਣਾ ਦੇਂਦਾ ਹੈ, ਇਸੇ ਤਰ੍ਹਾਂ ਮਹਾਂਪੁਰਸ਼ਾਂ ਦੀ ਸੰਗਤ ਮਲੀਨ ਪੁਰਸ਼ਾਂ ਨੂੰ ਉੱਤਮ ਬਣਾ ਦੇਂਦੀ ਹੈ।

ਜਿਉ ਪਾਰਸ ਕੇ ਪਰਸ ਸੇ, ਲੋਹਾ ਕੰਚਨ ਹੋਇ॥
ਤਿਉ ਸੰਤਨ ਕੇ ਸੰਗ ਸੇ, ਜੜ ਸੇ ਚੇਤਨ ਹੋਇ॥
ਦੁਰਮਤ ਭਾਜੇ ਤੁਰਤ ਹੀ, ਚੜੇ ਸੁਮਤਿ ਕਾ ਰੰਗ॥
ਜੋ ਜਨ ਮਨ ਬਚ ਕਰਮ ਸੇ, ਆਏ ਮਿਲੇ ਸਤਸੰਗ॥

-o-

ਸਠ ਸੁਧਰੇ ਸਤ ਸੰਗ ਪਾਈ, ਪਾਰਸ ਪਰਸ ਕੁਪਾਤ ਸੁਹਾਈ॥

੧੨.੮ ਸਵਾਧਯਾਇ

ਇਸ ਦਾ ਮਤਲਬ ਹੈ ਬਾਹਰੀ ਤੇ ਅੰਤਰੀਵ ਸਤਿਸੰਗ ਕਰਨਾ। ਸ੍ਰੇਸ਼ਠ ਗ੍ਰੰਥਾਂ ਦਾ ਪੜ੍ਹਨਾ, ਵੀਚਾਰਨਾ ਅਤੇ ਸ੍ਰਵਣ ਕਰਨਾ।

ਬਾਹਰੀ ਸਤਸੰਗ ਕੀ ਹੈ—ਮਨਨ ਕਰਨਾ, ਸੁਣੀ ਪੜ੍ਹੀ ਹੋਈ ਗੱਲ ਨੂੰ ਵਿਚਾਰ ਕੇ ਮਨਨ ਕਰਨਾ। ਅੰਤਰੀਵ ਸਤਸੰਗ ਕੀ ਹੈ : ਸ਼ਾਸਤਰ ਦਾ ਪੜ੍ਹਨਾ ਗਿਆਨ ਜਗ ਹੈ। ਪਾਠ ਕਰਨ ਤੋਂ ਰਸਨਾ ਦੇ ਪਾਪ ਧੋਤੇ ਜਾਂਦੇ ਹਨ। ਪੜ੍ਹਨ ਦਾ ਮਤਲਬ ਇਹ ਨਹੀਂ, ਪੋਥੀਆਂ ਦੇ ਬਿਸਥਾਰ ਵਿਚ ਪੈਣਾ ਨਹੀਂ, ਸਗੋਂ ਥੋੜਾ ਪੜ੍ਹੋ, ਅਮਲ ਜ਼ਿਆਦਾ ਕਰੋ। ਪੁਸਤਕ ਨੂੰ ਪੜ੍ਹਨ ਲਗਿਆਂ ਛੇਤੀ-ਛੇਤੀ ਮੁਕਾਣ ਦਾ ਖਿਆਲ ਨਾ ਕਰੋ, ਸਗੋਂ ਵਿਚਾਰ ਸਹਿਤ ਪੜ੍ਹੋ ਅਤੇ ਯੋਗ ਚੀਜ਼ਾਂ ਕਾਪੀ ਪਰ ਲਿਖ ਲਵੋ, ਬਾਅਦ ਵਿਚ ਉਨ੍ਹਾਂ ਨੂੰ ਵਿਚਾਰਦਾ ਰਹੋ। ਪਾਠ ਕਰਦੇ ਜਾਉ ਜਿਵੇਂ ਕਿਤੇ ਪਾਣੀ ਨੇੜਿਉਂ ਪ੍ਰਾਪਤ ਹੋ ਜਾਂਦਾ ਹੈ, ਕਿਤੇ ਜ਼ਿਆਦਾ ਧਰਤੀ ਖੋਦਣ ਤੋਂ ਮਿਲਦਾ ਹੈ। ਇਸੇ ਤਰ੍ਹਾਂ ਜਿੰਨਾ ਮਨ ਸਵੱਛ ਹੋਵੇਗਾ ਉਨਾ ਪ੍ਰਭੂ ਘਟ ਯਤਨ ਸੇ ਛੇਤੀ ਮਿਲ ਜਾਵੇਗਾ। ਜਿਤਨਾ ਮਨ ਮਲੀਨ ਹੋਵੇਗਾ, ਪ੍ਰਭੂ ਦੀ ਪ੍ਰਾਪਤੀ ਲਈ ਮਿਹਨਤ ਤੇ ਸਾਧਨ ਭੀ ਜ਼ਿਆਦਾ ਕਰਨਾ ਪਵੇਗਾ। ਸਵਾਧਯਾਇ ਘੰਟਾ ਅੱਧਾ ਘੰਟਾ ਰੋਜ਼ਾਨਾ ਇਕਾਂਤ

ਬੈਠ ਕੇ ਕਰਨਾ ਚਾਹੀਦਾ ਹੈ। ਪੜ੍ਹਨ ਸਮੇਂ ਜੋ ਸੰਸਾ ਪ੍ਰਤੀਤ ਹੋਵੇ ਮਹਾਂਪੁਰਸ਼ਾਂ ਤੋਂ ਪੁਛ ਕਰ ਨਿਵਾਰਨ ਕਰ ਲਵੇ। ਫਿਰ ਪੜ੍ਹਿਆ ਹੋਇਆ ਪੂਰਾ ਲਾਭਪ੍ਰਦ ਸਿਧ ਹੋਤਾ ਹੈ। ਅਗਰ ਪੜ੍ਹ ਕਰ ਆਚਾਰ, ਬਿਚਾਰ, ਬਿਹਾਰ, ਅਹਾਰ, ਸ਼ੁੱਧ ਨਾ ਕਰ ਸਕੇ ਤੋ ਪੜ੍ਹਿਆ ਹੂਆ ਇਕ ਬੋਝ ਹੀ ਹੈ। ਚਾਣਕ ਰਿਸ਼ੀ ਜੀ ਕਹਿਤੇ ਹੈਂ

ਪੜ੍ਹਨਾ ਗੁਨਣਾ ਸਰਬ ਗੁਨ, ਸਾਸਤ੍ਰੀ ਕੀ ਅਵਲੋਇ॥
ਅਰਥ ਧਰਮ ਕਾਮਾ ਮੁਕਤ, ਇਨ ਮੈਂ ਕੁਸਲੀ ਹੋਇ॥

ਅਰਥ :-ਪੜ੍ਹਨਾ ਔਰ ਉਸਦੀ ਵੀਚਾਰ ਕਰਨੀ ਇਹ ਸਾਰੇ ਗੁਣ ਸ਼ਾਸਤਰ ਦੇਖਣ ਤੋਂ ਪ੍ਰਾਪਤ ਹੋ ਜਾਂਦੇ ਹਨ, ਪਰ ਧਰਮ, ਅਰਥ ਪੁੱਤਰ ਤੇ ਮੋਖਸ਼, ਇਨ੍ਹਾਂ ਦੀ ਪ੍ਰਾਪਤੀ ਨਾਲ ਕਲਿਆਣ ਹੈ।

ਸ੍ਰਵਣ ਸੁਨਨ ਅਰ ਧਰਮ ਪੁਨ, ਤੀਜਾ ਬੁਧ ਪ੍ਰਕਾਸ॥
ਸੋਕ ਬਰਾਬਰ ਸਤ੍ਰ. ਨਹਿ, ਇਨ ਕਾ ਕਰੈ ਬਿਨਾਸੁ॥

ਅਰਥ :-ਕੰਨਾਂ ਨਾਲ ਸ਼ਾਸਤਰਾਂ ਦਾ ਸ੍ਰਵਨ ਕਰਨਾ, ਫੇਰ ਧਰਮ ਕਰਨਾ, ਤੀਸਰਾ ਬੁੱਧੀ ਵਿਚ ਨਾਮ ਬਾਣੀ ਦਾ ਪ੍ਰਕਾਸ਼ ਹੋਣਾ, ਤਿੰਨੇ ਗੁਣ ਸ੍ਰੇਸ਼ਟ ਮੰਨੇ ਹਨ। ਸ਼ੋਕ ਦੇ ਬਰਾਬਰ ਕੋਈ ਸ਼ਤਰੂ ਨਹੀਂ, ਜੋ ਇਨ੍ਹਾਂ ਤਿੰਨਾਂ ਗੁਣਾਂ ਦਾ ਨਾਸ ਕਰ ਦਿੰਦਾ ਹੈ।

ਸੰਤੋਖ:-ਆਗਿਆਕਾਰੀ ਪੁੱਤਰ ਹੋਇ ਤ੍ਰਿਯ ਇੱਛਾ ਅਨੁਸਾਰ॥
ਅਪਨੇ ਧਨ ਸੰਤੋਖ ਹੈ ਤੋਹਿ ਸਵਰਗ ਸੰਸਾਰ॥

ਅਰਥ :-ਜਿਸ ਦਾ ਪੁੱਤਰ, ਇਸਤਰੀ ਆਗਿਆਕਾਰੀ ਹਨ, ਆਪਣੇ ਕੋਲ ਹੁੰਦੀ ਵਸਤੂ ਪਰ ਜਿਸ ਨੂੰ ਸੰਤੋਖ ਹੈ, ਉਸ ਆਦਮੀ ਨੂੰ ਇਹ ਸੰਸਾਰ ਹੀ ਸਵਰਗ ਹੈ।

"ਆਚਾਰੀ ਸੰਤੋਖ ਸੋ, ਜੋਇ ਇਕਾਗ੍ਰ ਚਿੱਤ॥
ਇਨਕੇ ਜੈਸਾ ਧਨ ਨਹੀਂ, ਧਨ ਲੋਭੀ ਕੋ ਅਨਿੱਤ॥"

ਅਰਥ :-ਚਾਣਕ ਜੀ ਕਥਨ ਕਰਦੇ ਹਨ, ਸੰਤੋਖੀ ਪੁਰਸ਼ ਜੋ ਆਪਣੇ ਚਿੱਤ ਨੂੰ ਵੱਸ ਕਰ ਲੈਂਦਾ ਹੈ ਇਸਦੇ ਸਮਾਨ ਹੋਰ ਕੋਈ ਧਨ ਨਹੀਂ ਹੈ। ਲੋਭੀ ਆਦਮੀ ਦਾ ਧਨ ਸਦਾ ਰਹਿਣ ਵਾਲਾ ਨਹੀਂ ਹੁੰਦਾ। ਪ੍ਰਮਾਤਮਾ ਦਾ ਨਾਮ ਰੂਪੀ ਧਨ ਅਤੁੱਟ ਅਤੇ ਅਮੁੱਕ ਹੈ। ਇਸ ਦੁਨੀਆਵੀ ਧਨ ਦਾ ਅੰਤ ਨੂੰ ਨਾਸ਼ ਹੋ ਜਾਣਾ ਹੈ ਤਾਂ ਤੇ ਸੰਤੋਖ ਧਾਰ ਕੇ ਨਾਮ ਰੂਪੀ ਧਨ ਇਕੱਤਰ ਕਰਨਾ ਚਾਹੀਦਾ ਹੈ।

"ਪੱਲੇ ਕਛੂ ਨ ਬੰਨਦੇ, ਪੰਛੀ ਤੇ ਦਰਵੇਸ਼।
ਜਿਨਾਂ ਭਰੋਸਾ ਰੱਬ ਦਾ ਤਿਨਾਂ ਰਿਜ਼ਕ ਹਮੇਸ਼॥"

ਤਥਾ :-ਗੋਧਨ, ਗਜਧਨ, ਬਾਜ਼ੀਧਨ ਔਰ ਰਤਨ ਧਨ ਖਾਨ।
ਜਬ ਆਇ ਸੰਤੋਖ ਧਨ, ਸਭ ਧਨ ਧੂਲ ਸਮਾਨ।

-o-

ਆਪ ਲੀਆ ਸੋ ਦੂਧ ਬਰਾਬਰ, ਮਾਂਗ ਲੀਆ ਸੋ ਪਾਣੀ।
ਲੜ ਲੀਆ ਸੋ ਰਤ ਬਰਾਬਰ, ਸੰਤਹੁ ਇਹ ਗਲ ਜਾਣੀ।

ਕਿਉਂਕਿ "ਵੰਡ ਖਾਣਾ ਬੰਦਗੀ, ਦਿਖਾ ਖਾਣਾ ਸ਼ਰਮਿੰਦਗੀ, ਲੁਕੋ ਖਾਣਾ ਗੰਦਗੀ" ਬਰਾਬਰ ਕਿਹਾ ਗਿਆ ਹੈ। ਹੁਣ ਆਪ ਵੀਚਾਰ ਲਵੋ, ਸੰਤੋਖ ਦੇ ਬਰਾਬਰ ਹੋਰ ਧਨ ਤੁਛ ਹੈ।

ਤਥਾ:- ਪਤੀਬਰਤਾ ਮੈਲੀ ਭਲੀ, ਕਾਲੀ ਕੁਚੈਲ ਕਰੂਪ॥
ਪਤੀਬਰਤਾ ਕੇ ਸੀਸ ਪਰ, ਬਾਰੂ ਕੋਟਿ ਸਰੂਪ॥

-o-

ਸੀਰਤ ਕੇ ਹਮ ਗੁਲਾਮ ਹੈਂ, ਸੂਰਤ ਹੂਈ ਤੋ ਕਯਾ?
ਸੁਰਖੋ ਸੁਫੈਦ ਮਿਟੀ ਕੀ, ਮੂਰਤ ਹੂਈ ਤੋ ਕਿਆ?

ਸੰਤੋਖ ਤੋਂ ਸ਼ਾਂਤੀ ਪ੍ਰਾਪਤ ਹੁੰਦੀ ਹੈ, ਮਨ ਦੀਆਂ ਵਾਸ਼ਨਾਵਾਂ ਰੁਕ ਜਾਂਦੀਆਂ ਹਨ, ਸੰਤੋਖ ਮੁਕਤੀ ਦੀ ਨਗਰੀ ਦਾ ਪਹਿਰੇਦਾਰ ਹੈ। ਕਈ ਉਪਰੋਂ ਸੰਤੋਖ ਕਰਦੇ ਹਨ, ਜਿਵੇਂ 'ਹੱਥ ਨ ਪਹੁੰਚੇ ਥੂ ਕੋੜੀ' ਭਾਵ ਵਿਚੋਂ ਅੰਗੂਰਾਂ ਨੂੰ ਮਨ ਲਲਚਾਤਾ ਸੀ ਹਾਥ ਨਾ ਅੱਪੜਨ ਤੋਂ ਖੱਟੇ ਹਨ, ਅੰਦਰੋਂ ਚਿਤ ਚਾਹੁੰਦਾ ਸੀ। ਇਸੇ ਪ੍ਰਕਾਰ ਕਈ ਪੁਰਸ਼ ਉਪਰੋਂ ਤਿਆਗ ਦਿਖਾਂਦੇ ਹਨ ਵਿਚੋਂ ਲਾਲਸਾ ਹੁੰਦੀ ਹੈ। ਸਾਰੀ ਦੁਨੀਆਂ ਦੀ ਮਾਯਾ ਮੈਨੂੰ ਮਿਲ ਜਾਵੇ ਇਹ ਸੰਤੋਖ ਨਹੀਂ ਦੰਭ ਹੈ।

ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ॥
ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ॥

(ਪੰਨਾ ੧੩੬੦)

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ, ਪਰਾਇਆ ਧੰਨ ਚੁਰਾਉਣਾ, ਬਹੁਤ ਵਿਘਨ ਦੇ ਕੰਮ ਕਰਨੇ, ਸਾਰੇ ਜੀਆਂ ਨੂੰ ਬੁਰਾ ਭਲਾ ਕਹਿਣਾ, ਹਰ ਵੇਲੇ ਇਧਰੋਂ ਉਧਰੋਂ ਮਾਇਆ ਦੇ ਪ੍ਰਾਪਤ ਕਰਨ ਦੀ ਇੱਛਾ ਕਰਨੀ, ਅਸ਼ਾਂਤ ਮਨ ਦੇ ਲੱਛਣ ਹਨ। ਬੇਸੰਤੋਖਾ ਪੁਰਸ਼ ਹੀ ਐਸਾ ਕਰਦਾ ਹੈ, ਇਹ ਕਰਮ ਸੂਰਾਂ ਵਾਲੇ ਹਨ ਭਾਵ ਉਹ ਪੁਰਸ਼ ਸੂਰ ਵਿਰਤੀ ਵਾਲਾ ਹੈ।

੧੨.੯ ਭੋਜਨ :

ਸਹਸਖ੍ਰਿਤੀ ਵਿਚ ਬਿਆਨ ਕੀਤਾ ਹੈ:

ਅੰਨਾਤਰੀ ਏਵ ਇਮਾਨੀ ਭੂਤਾਨੀ ਜਾਯੰਤੇ॥

ਅਰਥ :-ਸਭ ਪ੍ਰਾਣੀ ਅੰਨ ਕਰਕੇ ਪੈਦਾ ਹੋਤੇ ਹੈਂ, ਅੰਨ ਕਰਕੇ ਜੀਤੇ ਹਨ, ਮਰ ਕਰ ਅੰਨ ਮੇਂ ਲਯ ਹੋ ਜਾਤੇ ਹੈਂ, ਅੰਨ ਹੀ ਬ੍ਰਹਮ ਹੈ।

ਅੰਨੇ ਬ੍ਰਹਮ ਇਤੀ ਵਯਾ ਜਾਨਾਤ॥

ਅਰਥ :-ਅੰਨ ਹੀ ਬ੍ਰਹਮ ਹੈ ਐਸੀ ਭਾਵਨਾ ਕਰ, ਇਸ ਬਚਨ ਸੇ ਅੰਨ ਹੀ ਬ੍ਰਹਮ ਮਾਲੂਮ ਹੋਤਾ ਹੈ। ਖਾਏ ਹੂਏ ਅੰਨ ਸੇ ਮਾਤਾ ਪਿਤਾ ਕੇ ਸਰੀਰ ਮੇਂ ਰਕਤ ਰੇਤ ਪੈਦਾ ਹੋਤਾ ਹੈ, ਉਸ ਵਕਤ ਰੇਤ ਸੇ ਪ੍ਰਾਣੀਓਂ ਕੇ ਸਰੀਰ ਪੈਦਾ ਹੋਤੇ ਹੈਂ, ਤਾਂਤੇ ਭੀ ਜਗਤ ਕਾ ਕਾਰਨ ਅੰਨ ਹੈ।

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ ੧॥

(ਪੰਨਾ ੧੨੪੫)

ਧਰਮ ਦੀ ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ ਗੁਰਸਿੱਖ ਦਾ ਕਰਮ ਹੈ।

ਮਲਨ ਅੰਨ ਕਰ ਮਲਨ ਕੰਮ, ਸ਼ੁਧ ਅੰਨ ਕਰ ਸ਼ੁਧ॥
ਜਲਵਤ ਚਿਤ ਜਾਸਉ ਭਵੈ, ਭਵਤ ਤਥਾ ਤਿਸ ਬੁਧ॥

ਮਨ ਦਾ ਆਪਣਾ ਕੋਈ ਸਰੂਪ ਨਹੀਂ, ਜੈਸੀ ਵਸਤੂ ਨਾਲ ਮਿਲੇ ਵੈਸਾ ਹੀ ਰੂਪ ਧਾਰਨ ਕਰ ਲੈਂਦਾ ਹੈ। ਸ਼ੁਧ ਅੰਨ ਖਾਣ ਤੋਂ ਸ਼ੁੱਧ ਬਣ ਜਾਂਦਾ ਹੈ, ਮਲੀਨ ਅੰਨ ਤੋਂ ਮਲੀਨਤਾ (ਪਾਪਾਂ) ਵਾਲਾ ਭਾਵ ਧਾਰਨ ਕਰ ਲੈਂਦਾ ਹੈ। ਜਿਵੇਂ ਪਾਣੀ ਦਾ ਆਪਣਾ ਰੰਗ ਨਹੀਂ, ਜੈਸਾ ਰੰਗ ਮਿਲਾ ਦੇਵੋ ਉਸੇ ਰੂਪ ਵਿਚ ਬਦਲ ਜਾਂਦਾ ਹੈ। ਐਸੀ ਹੀ ਦਸ਼ਾ ਮਨ ਦੀ ਹੈ। "ਜੈਸਾ ਅੰਨ ਤੈਸਾ ਮਨ, ਜੈਸਾ ਪਾਣੀ ਤੈਸੀ ਬਾਣੀ" ਹੋ ਜਾਂਦੀ ਹੈ। ਜਿਵੇਂ ਸ਼ਰਾਬ ਪੀ ਕੇ ਕੌੜਾ ਫਿੱਕਾ ਹੀ ਬੋਲ ਬੋਲਦਾ ਹੈ।

ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥

(ਪੰਨਾ ੨੭੪)

ਇਕ ਜ਼ਬਾਨ ਨੂੰ ਜਿੱਤਣ ਨਾਲ, ਸਾਰੀਆਂ ਇੰਦ੍ਰੀਆਂ ਜਿੱਤੀਆਂ ਜਾਂਦੀਆਂ ਹਨ। ਇਹ ਸਾਰੇ ਰਸਾਂ ਦੀ ਜੜ੍ਹ ਹੈ, ਇਸ ਨੂੰ ਕਾਬੂ ਕਰਨ ਵਾਲਾ ਸਾਰੇ ਸਰੀਰ ਤੇ ਮਨ ਨੂੰ ਕਾਬੂ ਕਰ ਲੈਂਦਾ ਹੈ। ਭੋਜਨ ਸਾਤਵਿਕ ਹੀ ਖਾਣਾ ਚਾਹੀਦਾ ਹੈ। ਮਾਸ (ਹਰ ਪ੍ਰਕਾਰ) ਦਾ ਤਿਆਗਣਾ, ਲਾਲ ਮਿਰਚ, ਖਟਾਈ, ਹੋਰ ਅਯੋਗ ਵਸਤੂਆਂ, ਬਜ਼ਾਰੀ ਚੀਜ਼ਾਂ, ਹੋਟਲਾਂ ਦੀਆਂ ਵਸਤੂਆਂ ਖਾਣੀਆਂ ਵੀ ਅਯੋਗ ਹਨ। ਅੰਨ ਬਣਾਣ ਲਗਿਆਂ ਇਸ਼ਨਾਨ ਜ਼ਰੂਰ

ਕਰਨਾ ਚਾਹੀਦਾ ਹੈ। ਬਸਤਰ ਸਾਫ਼ ਸੁਥਰੇ ਰਖਣੇ, ਬਾਣੀ ਦਾ ਨਿਤਨੇਮ ਕਰਦਿਆਂ ਅੰਨ ਤਿਆਰ ਕਰਨਾ ਕਿ ਮੈਂ ਪ੍ਰਮੇਸ਼ਰ ਵਾਸਤੇ ਅੰਨ ਤਿਆਰ ਕਰ ਰਿਹਾ ਹਾਂ। ਅਰਦਾਸ ਕਰਕੇ ਅੰਨ ਵਰਤਾਉਣਾ, ਬਾਅਦ ਵਿਚ ਆਪ ਛਕਣਾ, ਕੁਰਸੀ ਮੇਜ਼ਾਂ ਦਾ ਰਿਵਾਜ ਗ਼ਲਤ ਹੈ। ਭੂਮੀ ਤੇ ਬੈਠ ਕਰ ਚੌਂਕੜਾ ਮਾਰ ਕਰ ਪ੍ਰੇਮ ਨਾਲ ਗੱਲਾਂਬਾਤਾਂ ਤੋਂ ਰਹਿਤ ਹੋ ਕੇ, ਪ੍ਰਭੂ ਦਾ ਸ਼ੁਕਰਾਨਾ ਕਰਕੇ ਭੋਜਨ ਸੇਵਣਾ, ਅੰਤ ਵਿਚ ਪ੍ਰਭੂ ਚਰਨਾਂ ਵਿਚ ਧੰਨਵਾਦ ਵਜੋਂ ਅਰਦਾਸ ਕਰਨੀ, ਦੂਧ, ਘਿਉ, ਮੱਖਣ, ਮੇਵੇ ਫਲ ਆਦਿ ਅਤੇ ਸਬਜ਼ੀਆਂ ਗੇਹੂੰ ਆਦਿ ਸਤੋ ਗੁਣੀ ਅੰਨ ਹੈ। ਪਾਪੜ ਵੜੀਆਂ, ਚਟਣੀਆਂ ਰਜੋ ਗੁਣੀ ਅੰਨ ਹੈ, ਮਾਸ, ਸ਼ਰਾਬ ਤਮੋ ਗੁਣੀ ਹੈ, ਹਰ ਇਕ ਵਸਤੂ ਆਪਣਾ ਪ੍ਰਭਾਵ ਪਾਉਂਦੀ ਹੈ। ਇਸ ਲਈ ਸਿਮਰਨ ਵਾਲੇ ਪੁਰਸ਼ਾਂ ਨੂੰ ਸਤੋਗੁਣੀ ਭੋਜਨ ਹੀ ਯੋਗ ਹੈ।

ਕਿਸੇ ਨੀਚ ਦੇ ਘਰੋਂ ਨਾ ਅੰਨ ਖਾਣਾ, ਜਿਹੜਾ ਖਾਂਦਿਆਂ ਸਾਰ ਬਿਕਾਰ ਕਰਦਾ॥
ਬਿਰਤੀ ਵਿਚ ਨਾ ਲਗਦੀ ਆਤਮਾ ਦੇ, ਜਿਹੜੀ ਘੜੀ ਮਨੁੱਖ ਆਹਾਰ ਕਰਦਾ॥
ਉਸ ਬੀਜ ਥੀਂ ਬੁਰੀ ਸੰਤਾਨ ਹੋਵੇ, ਜੇਕਰ ਇਸਤ੍ਰੀ ਸੰਗ ਨੁਹਾਰ ਕਰਦਾ॥
ਸਦਾ ਸਤੀ ਮਨੁਖ ਦਾ ਅੰਨ ਖਾਈਏ, ਨਾਲੇ ਦੇਖੀਏ ਦਸਾਂ ਨੌਹਾਂ ਦੀ ਕਾਰ ਕਰਦਾ॥
ਕਾਲੀ ਕਹੇ ਕੁਸਤੀ ਦਾ ਅੰਨ ਡੋਬੇ, ਅਤੇ ਸਤੀ ਮਨੁਖ ਦਾ ਪਾਰ ਕਰਦਾ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਮਨਜ਼ੂਰ ਕੀਤੀ। ਮਲਕ ਭਾਗੋ ਦੇ ਪਦਾਰਥ ਤਿਆਗ ਦਿੱਤੇ। ਉਹ ਧਰਮ ਦੀ ਕਿਰਤ ਦਾ ਅੰਨ ਸੀ, ਉਹ ਮਜ਼ਲੂਮਾਂ ਦਾ ਖ਼ੂਨ ਸੀ, ਸਾਨੂੰ ਸਿਖਿਆ ਦਿੱਤੀ ਹੈ :

ਜਾਕੀ ਰਹਿਤ ਨਾ ਜਾਨੀਏ ਗੁਰਮੰਤਰ ਨਾਹੀ ਚੀਤ॥
ਤਾਕਾ ਭੋਜਨ ਖਾਇਕੇ ਬਿਸਰੇ ਹਰ ਸਿਉਂ ਪ੍ਰੀਤ॥

-o-

"ਜਹਾਂ ਕਹਾਂ ਕਾ ਛਕੇ ਪ੍ਰਸਾਦਿ॥ ਸੋ ਸਿਖ ਨਹੀ ਆਦਿ ਜੁਗਾਦਿ॥"

ਇਹ ਦਸਮ ਪਾਤਸ਼ਾਹ ਜੀ ਦੇ ਰਹਿਤਨਾਮੇ ਦੇ ਵਾਕ ਹਨ। ਸਵਾਦ ਕੋ ਜੀਤਣਾ ਯੋਗ ਕੇ ਸ਼ਾਨਦਾਰ ਭਵਨ ਕੀ ਨੀਂਵ ਕਾ ਪੱਥਰ ਹੈ। ਯਦੀ ਮਨੁੱਖ ਅਸਵਾਦ ਕੇ ਬ੍ਰਤ ਕਾ ਪਾਲਨ ਕਰੇ ਤੋ ਯੋਗਾਭਿਆਸ ਸੁਖੈਨ ਹੀ ਹੋ ਸਕਦਾ ਹੈ। ਖਾਧਾ ਹੋਇਆ ਭੋਜਨ ਦਿਲ ਮੇਂ ਬੈਠੇ ਭਗਵਾਨ ਨੂੰ ਮਿਲਦਾ ਹੈ-

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥

(ਪੰਨਾ ੧੪੦)

ਦਯਾ ਬਿਨ ਸਿਧ ਕਸਾਈ॥

ਜਿਵੇਂ ਕੋਈ ਬਘਿਆੜ ਤੋਂ ਬੱਕਰੀ ਛੁਡਵਾ ਲਿਆਇਆ, ਘਰ ਲਿਆ ਕੇ ਛੁਰੀ ਨਾਲ ਹਲਾਲ ਕਰਨ ਲੱਗਾ, ਬੱਕਰੀ ਕੀ ਆਤਮਾ ਕਹਿੰਦੀ ਹੈ ਅੰਤ ਨੂੰ ਤੂੰ ਵੀ ਬਘਿਆੜ ਹੀ ਨਿਕਲਾ, ਉਹ ਮੈਨੂੰ ਨਾਖੁਨਾਂ ਨਾਲ ਚੀਰਦਾ ਸੀ, ਤੂੰ ਛੁਰੀ ਨਾਲ ਮੇਰੀ ਹੱਤਿਆ ਕਰਦਾ ਹੈਂ। ਵੈਸ਼ਨਵ ਭੋਜਨ ਇਕ ਨਿਆਮਤ ਹੈ ਜਾਂ ਬਰਕਤ ਹੈ ਜੋ ਭਾਰਤ ਨੇ ਸਾਰੀ ਦੁਨੀਆਂ ਨੂੰ ਬਖ਼ਸ਼ੀ ਹੈ। ਪਹਿਲੇ ਮੂੰਹ ਨਾਲ ਰਸਾਂ ਕਸਾਂ ਨੂੰ ਖਾਂਦੇ ਹਨ, ਫਿਰ ਬੀਮਾਰ ਹੋ ਕਰ ਡਾਕਟਰਾਂ ਦੀਆਂ ਫੀਸਾਂ ਭਰਦੇ ਹਨ। ਕੀ ਲਾਭ? ਸਾਦਾ ਖਾਉ, ਮਿਹਨਤ ਜ਼ਿਆਦਾ ਕਰੋ, ਤੰਦਰੁਸਤੀ ਦੀ ਅਸੀਮ ਔਸ਼ਧੀ ਹੈ।

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

(ਪੰਨਾ ੧੬)

ਗੁਰੂ ਸਾਹਿਬ ਜੀ ਨੇ ਉਨ੍ਹਾਂ ਖਾਣਿਆਂ ਨੂੰ ਬਿਬਰਜਤ ਕੀਤਾ ਹੈ ਜੋ ਖਾਣ ਤੋਂ ਵਿਕਾਰ ਪੈਦਾ ਕਰਦੇ ਹਨ ਅਤੇ ਤਨ ਔਰ ਮਨ ਨੂੰ ਪੀੜਦੇ ਹਨ। ਮੂੰਹ ਦੇ ਸਵਾਦ ਵਾਲਾ ਕਦੇ ਯੋਗੀ ਨਹੀਂ ਬਣ ਸਕਦਾ। ਵਿਦਿਆਰਥੀ (ਬ੍ਰਹਮਚਾਰੀ) ਭਾਵ ਪਹਿਲੀ ਉਮਰ ਪੰਝੀ ਸਾਲ ਤੀਕ ਖੁਰਾਕ ੩੨ ਗ੍ਰਾਹੀਆਂ ਹੈ, ਗ੍ਰਹਿਸਤੀ ਦੀ ੨੪ ਗ੍ਰਾਹੀਆਂ, ਬਾਨਪ੍ਰਸਤੀ ਦੀ ੧੬ ਗ੍ਰਾਹੀਆਂ ਤੇ ਸੰਨਿਆਸੀ (ਮੁਨੀ) ਦੀ, ਅੱਠ ਗ੍ਰਾਹੀਆਂ ਖੁਰਾਕ ਹੈ। ਸਰੀਰ ਦੀ ਰੱਖਿਆ ਲੋੜ ਮੁਤਾਬਿਕ ਯੋਗ ਪਦਾਰਥ, ਜੋ ਸ਼ਾਸਤਰ ਆਗਿਆ ਸਹਿਤ ਹਨ, ਖਾਉ, ਪੇਟੂ ਨਾ ਬਣੋ। ਜ਼ਿਆਦਾ ਖਾਧਾ ਹੋਇਆ ਪਦਾਰਥ, ਜਾਂ ਬੀਮਾਰੀਆਂ ਦਾ ਰੂਪ ਧਾਰਨ ਕਰਦਾ ਹੈ ਜਾਂ ਵਿਸ਼ੈ ਵਿਕਾਰਾਂ ਨੂੰ ਪੈਦਾ ਕਰਦਾ ਹੈ। ਲੋੜ ਮੁਤਾਬਿਕ "ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥" ਅਨੁਸਾਰ ਜੀਵਨ ਬਤੀਤ ਕਰੋ, ਕਿਉਂਕਿ ਜੋਗੀ ਭੋਗੀ ਨਹੀਂ ਹੋ ਸਕਦਾ ਅਤੇ ਭੋਗੀ ਜੋਗੀ ਨਹੀਂ ਹੋ ਸਕਦਾ। ਸਹਸਕ੍ਰਿਤੀ ਦਾ ਸਲੋਕ ਬਿਆਨ ਕਰਦਾ ਹੈ:

ਸ਼ਲੋਕ :-ਅਸ਼ਟਉ ਗ੍ਰਾਸਉ ਮੁਨੇਰ ਭਖਸ਼ਾ ਖੇੜਸ਼॥
ਅਰਨਯ ਵਾਸੀਨਾਂ ਚਤ੍ਰਵਿੰਸਤੀ ਗ੍ਰਹਸਥਾਨਾਂ ਦ੍ਵਾਤ੍ਰਿੰਸ਼ਤ ਬ੍ਰਹਮਚਾਰੀਣਾ॥

੩੬ ਗ੍ਰਾਹੀਆਂ ਕੀ ਆਗਿਆ ਕਿਸੇ ਆਸ਼੍ਰਮ ਨੂੰ ਨਹੀਂ ਹੈ।

ਆਹਾਰ ਸ਼ੁਧਉ ਸਤ੍ਵ ਸ਼ੁਧਿ:॥ ਸਤ੍ਵ ਸ਼ੁਧਉ ਧੁਰਵਾ ਸਿੰਮ੍ਰਿਤੀ:॥
ਸਿੰਮ੍ਰਿਤੀ: ਲਾਭੇ ਸਰਵ ਗ੍ਰੰਥੀਨਾਂ ਵਿ ਪਰ ਮੋਖਯ:॥

ਅਰਥ :-ਆਹਾਰ ਕੀ ਸ਼ੁੱਧੀ ਸੇ ਅੰਤਸ਼ਕਰਣ ਸ਼ੁੱਧ ਹੋਤਾ ਹੈ, ਅੰਤਸ਼ਕਰਣ ਕੀ ਸ਼ੁੱਧੀ ਸੇ ਪ੍ਰਮਾਤਮਾ ਕੀ ਅਡੋਲ ਯਾਦਗਾਰੀ ਹੋਤੀ ਹੈ ਅਰ ਪ੍ਰਮਾਤਮਾ ਸਿਮ੍ਰਤੀ ਸੇ ਸਭ ਅਧਿਆਸ ਔਰ ਦੁਖੋਂ ਕੀ ਨਵਿਰਤੀ ਹੋ ਜਾਤੀ ਹੈ।

ਭੋਜਨ, ਭਜਨ, ਖਜ਼ਾਨਾ ਨਾਰੀ॥ ਚਾਰੇ ਪਰਦੇ ਦੇ ਅਧਿਕਾਰੀ॥

ਜਿਵੇਂ ਕਿਸੇ ਨੇ ਸ਼ਿਵ ਜੀ ਤੋਂ ਪੁੱਛਿਆ ਮਨ ਕਿਵੇਂ ਵੱਸ ਹੋਵੇ ? ਉਨ੍ਹਾਂ ਮੂੰਹ ਮੋਹਰੇ ਹੱਥ ਕਰ ਦਿੱਤਾ। ਇਸ ਨੇ ਕਿਹਾ ਮੈਂ ਆਪ ਜੀ ਦਾ ਤਾਤਪ੍ਰਜ ਨਹੀਂ ਸਮਝਿਆ। ਉਨ੍ਹਾਂ ਕਿਹਾ ਮੂੰਹ ਨੂੰ ਕਾਬੂ ਕਰ ਲੈ, ਮਨ ਕਾਬੂ ਹੋ ਜਾਵੇਗਾ। ਜ਼ਬਾਨ ਨਾਲ ਨਿੰਦਿਆ, ਚੁਗਲੀ, ਝੂਠ ਅਤੇ ਮਾੜਾ ਖਾਣਾ ਤਿਆਗ ਦੇ, ਮਨ ਆਪਣੇ ਆਪ ਵੱਸ ਹੋ ਜਾਵੇਗਾ। ਥੱਲੇ ਲਿਖੀਆਂ ਗੱਲਾਂ ਇਸ ਦਿਸ਼ਾ ਵਿਚ ਮਨ ਨੂੰ ਲਿਜਾਣ ਵਿਚ ਸਹਯੋਗੀ ਹਨ

੧. ਭੁੱਖ ਰੱਖ ਕੇ ਖਾਣਾ ਖਾਉ।

੨. ਸਮੇਂ ਅਨੁਸਾਰ ਭੋਜਨ ਕਰੋ।

੩. ਬਜ਼ਾਰ ਦੇ ਬਣੇ ਪਦਾਰਥ ਜੇਬ ਵਿਚ ਪੈਸਾ ਹੁੰਦਿਆਂ ਵੀ ਨਾ ਖਾਉ।

੪. ਸਵਾਦਲੇ ਪਦਾਰਥ ਵੱਲ ਮਨ ਜਾਵੇ ਵੀ, ਤਾਂ ਵੀ ਰੋਕੋ। ਸਵਾਦਲੀ ਚੀਜ਼ ਜ਼ਿਆਦਾ ਖਾਧੀ ਜਾਂਦੀ ਹੈ, ਜੋ ਪ੍ਰਾਣਕਲਾ ਨੂੰ ਵਿਗਾੜ ਕੇ ਮਨ ਨੂੰ ਵੀ ਚੰਚਲ ਕਰ ਦੇਂਦੀ ਹੈ। ਪ੍ਰਾਣ ਹੀ ਮਨ ਹੈ, ਵਾਯੂ ਦੇ ਚੰਚਲ ਹੋਣ ਤੋਂ ਮਨ ਵੀ ਚੰਚਲ ਹੋ ਜਾਂਦਾ ਹੈ, ਕਿਉਂਕਿ ਮਨ ਨਾਲੋਂ ਵੱਡੀ ਕੀ ਚੀਜ਼ ਹੈ? ਪਦਾਰਥਾਂ ਦਾ ਲੋਭ ਪ੍ਰਾਣਾਂ ਦੀ ਗਤੀ ਨੂੰ ਵਿਗਾੜਦਾ ਹੈ। ਇਨ੍ਹਾਂ ਦਾ ਵਿਗਾੜ ਹੀ ਮਨ ਨੂੰ ਵਿਕਾਰੀ ਬਣਾਉਂਦਾ ਹੈ।

੫. ਹਰ ਅੱਠਵੇਂ ਦਿਨ ਸਾਧੂ ਬ੍ਰਹਮਚਾਰੀ ਨੂੰ ਵਰਤ ਅਵੱਸ਼ ਰੱਖਣਾ ਚਾਹੀਦਾ ਹੈ।

੬. ਦੋਨੋਂ ਸਮੇਂ ਸੈਰ ਕਰਨੀ, ਇਸ ਨਾਲ ਬਿਆਯਾਮ ਹੋ ਜਾਂਦਾ ਹੈ ਅਤੇ ਭੋਜਨ ਸਹੀ ਤੌਰ ਤੇ ਹਜ਼ਮ ਹੋ ਜਾਂਦਾ ਹੈ। ਸੰਜਮੀ ਜੀਵਨ ਨਾਲ ਜੇਬ ਖਰਚ ਵੀ ਕਮ ਹੋ ਜਾਂਦਾ ਹੈ। ਜੀਵਨ ਸੁਖੀ ਹੋ ਜਾਂਦਾ ਹੈ। ਬ੍ਰਤ ਨਾਲ ਤਨ ਦੀ ਸ਼ੁੱਧੀ ਅਤੇ ਇਸ ਨਾਲ ਮਨ ਵੀ ਪਵਿੱਤ੍ਰ ਹੁੰਦਾ ਹੈ। ਜਦੋਂ ਮਨ ਵਿਚ ਵਿਕਾਰਾਂ ਦਾ ਵੇਗ ਜ਼ੋਰ ਪਾਵੇ ਤਾਂ ਉਪਵਾਸ ਜ਼ਰੂਰ ਕਰੋ। ਅੱਖਾਂ ਦਾ ਵਰਤ ਭੈੜੇ ਰੂਪ ਨਹੀਂ ਤੱਕਣੇ, ਕੰਨਾਂ ਦਾ ਵਰਤ ਗੰਦੇ ਗੀਤ ਨਹੀਂ ਸੁਨਣੇ, ਰਸਨਾ ਦਾ ਵਰਤ ਮੌਨ ਕਰਨਾ (ਅਸੱਤ) ਭਾਸ਼ਣ ਨਹੀਂ ਕਰਨਾ। ਪ੍ਰਭੂ ਜਸ ਕਰਨਾ, ਕੀਰਤਨ ਕਥਾ ਕਰਨੀ, ਬਾਣੀ ਜਾਪ ਭਜਨ ਕਰਨਾ, ਮਨ ਨੂੰ ਭੈੜੇ ਸੰਕਲਪਾਂ ਤੋਂ ਰਹਿਤ ਕਰਨਾ, ਹੱਥਾਂ ਪੈਰਾਂ ਨੂੰ ਚੋਰੀ, ਯਾਰੀ ਤੋਂ ਰੋਕਣਾ, ਬੁੱਧੀ ਦਾ ਵਰਤ—ਭੈੜੇ ਸੰਸਕਾਰਾਂ ਦਾ ਸੰਚੈ ਨਹੀਂ ਬਣਨ ਦੇਣਾ, ਸਰੀਰ ਦਾ ਵਰਤ—ਭੋਜਨ ਨਾ ਖਾਣਾ, ਸਭੀ ਯੋਗ ਹਨ, ਮਨਮੁਖਾਂ ਦੀਆਂ ਕੁਤਰਕਾਂ ਨਹੀਂ ਸੁਣਨੀਆਂ।

੭. ਜਿਵੇਂ ਤੰਦੂਰ ਵਿਚ ਕਿੱਕਰ ਦੀ ਲੱਕੜੀ ਪਾ ਕੇ ਵੀ ਰੋਟੀ ਪਕਾਈ ਜਾ ਸਕਦੀ ਹੈ, ਫਿਰ ਚੰਦਨ ਦੀ ਲਕੜੀ ਬਾਲਣ ਦਾ ਕੀ ਲਾਭ? ਸਧਾਰਨ ਸਸਤੇ ਭੋਜਨ ਨਾਲ ਸਰ ਜਾਵੇ, ਫਿਰ ਮਾਸ ਤਰਕਾਰੀਆਂ ਦੀ ਕੀ ਲੋੜ ਹੈ?

੮. ਤਿਆਰ ਹੋਏ ਭੋਜਨ ਤੇ ਕਿੰਤੂ ਨਾ ਕਰੇ। ਲੂਣ ਘੱਟ ਹੈ, ਮਿਰਚ ਕਮ ਹੈ, ਅੰਮ੍ਰਿਤ

ਸਮਝ ਕੇ ਛਕ ਲਵੇ ਅਤੇ ਜੂਠਾ ਨਾ ਛੱਡੇ, ਨਾ ਜੂਠ ਕਿਸੇ ਨੂੰ ਦੇਵੇ। ਜਿਥੇ ਹਰ ਤਰ੍ਹਾਂ ਦੀ ਮਾਸ ਅਤੇ ਹਰ ਪ੍ਰਕਾਰ ਦੀ ਸ਼ਰਾਬ ਦੀ ਮਨਾਹੀ ਹੈ, ਉਥੇ ਸਾਰੇ ਨਸ਼ਿਆਂ, ਬੀੜੀ ਸਿਗਰਟ, ਪਾਨ ਆਦਿ ਦੀ ਵੀ ਮਨਾਹੀ ਹੈ ਅਤੇ ਬਿਗਾਨਾ ਹੱਕ ਵੀ ਨਹੀਂ ਖਾਣਾ, ਸੂਅਰ, ਗਾਂ ਦੇ ਬਰਾਬਰ ਹੈ। ਸ਼ੁੱਧ ਅੰਨ ਤੋਂ ਅੰਤਸ਼ਕਰਣ ਸ਼ੁੱਧ ਹੁੰਦਾ ਹੈ, ਸ਼ੁੱਧ ਅੰਤਸ਼ਕਰਣ ਤੋਂ ਹੀ ਮਨ ਬੁੱਧੀ ਸ਼ੁੱਧ ਹੁੰਦੇ ਹਨ। ਸ਼ੁੱਧ ਮਨ ਹੀ ਨੇਕ ਭਾਵਨਾ ਪੈਦਾ ਕਰੇਗਾ ਅਤੇ ਬੁੱਧੀ ਵੀ ਮਨ ਦੀਆਂ ਭਾਵਨਾਵਾਂ ਤੋਂ ਬਣਦੀ ਹੈ। ਸ਼ੁੱਧ ਬੁੱਧੀ ਹੀ ਆਤਮਾ ਦੇ ਪ੍ਰਤੀਬਿੰਬ ਨੂੰ ਗ੍ਰਹਿਣ ਕਰ ਸਕਦੀ ਹੈ। ਸਹਸਕ੍ਰਿਤੀ ਵਿਚ ਸਲੋਕ ਹੈ

ਯਤ ਯਤ ਹੀ ਕਰੁਤੇ ਜੰਤੂ ਤਤ ਤਤ ਕਾਮਸਯ ਚੇਸ਼੍ਰਤ॥

ਅਰਥ :-ਯਹ ਜੀਵ ਜੋ ਜੋ ਕਾਮ ਕਰਤਾ ਹੈ ਸੋ ਸੋ ਕਾਮਨਾ ਯਾਨੇ ਸੰਕਲਪ ਪੂਰਬਕ ਕਰਤਾ ਹੈ। ਏਕ ਜਗ੍ਹਾ ਸੇ ਉਠ ਕਰ ਦੂਸਰੀ ਜਗ੍ਹਾ ਬੈਠਣਾ, ਇਹ ਵੀ ਸੰਕਲਪ ਤੋਂ ਹੁੰਦਾ ਹੈ, ਬਿਨਾਂ ਸੰਕਲਪ ਤੋਂ ਕੋਈ ਕਰਮ ਨਹੀਂ ਹੋ ਸਕਦਾ, ਤਾਂਤੇ ਪ੍ਰਾਣੋਂ ਕੀ ਚੇਸ਼ਟਾ ਕਰਾਨੇ ਵਾਲਾ ਸੰਕਲਪ ਰੂਪ ਮਨ ਹੈ, ਤਾਂਤੇ ਸਰੀਰ ਮੇਂ ਪ੍ਰਾਣ ਸਾਰ ਨਹੀਂ ਮਨ ਹੀ ਸਾਰ ਹੈ, ਬਦਾਮੋਂ ਮੇਂ ਬਦਾਮ ਰੋਗਨ ਨਿਆਈ। ਮਨੋ ਬ੍ਰਹਮਇਤਿ ਵਯਾਜਾਨਾਤ :-ਮਨ ਕੋ ਬ੍ਰਹਮ ਰੂਪ ਜਾਣ ਕੇ ਉਪਾਸ਼ਨਾ ਕਰ। ਮਾਤਾ ਪਿਤਾ ਬਾਲਕ ਕੇ ਪੈਦਾ ਕਰਨੇ ਕੀ ਜੁਗਤੀ ਕੋ ਜਾਨਤੇ ਹੂਏ, ਬਾਲਕ ਕੋ ਪੈਦਾ ਕਰ ਸਕਦੇ ਹਨ। ਸੋਏ ਹੂਏ ਜਾਂ ਮੂਰਛਤ ਮਾਤਾ ਪਿਤਾ ਬਾਲਕ ਪੈਦਾ ਨਹੀਂ ਕਰ ਸਕਦੇ, ਤਾਂਤੇ ਮਨ ਸੇ ਸ੍ਰਿਸ਼ਟੀ ਹੋਤੀ ਹੈ, ਮਨ ਹੀ ਆਤਮਾ ਹੈ, ਬ੍ਰਹਮ ਹੈ, ਮਨ ਦੀ ਉਤਪਤੀ ਅੰਨ ਤੋਂ ਹੈ। ਇਹ ਪ੍ਰਸੰਗ ਅੱਗੇ ਹੋਰ ਵੀ ਵਿਚਾਰਨ ਯੋਗ ਹੈ। ਬਿਸਤਾਰ ਦੇ ਭੈ ਸੇ ਨਹੀਂ ਲਿਖਾ।

੧੨.੧੦ ਸੰਸਕਾਰਾਂ ਦੀ ਜੜ੍ਹ ਖ਼ਤਮ ਕਰਨੀ

ਸੰਸਕਾਰਾਂ ਨੂੰ ਖ਼ਤਮ ਕਰਨਾ ਬੜਾ ਕਠਿਨ ਕੰਮ ਹੈ। ਇਹ ਕਈ ਜਨਮਾਂ ਦੇ ਉਪਚੇਤਨ ਮਨ ਵਿਚ ਇਕੱਤਰ ਹੈ, ਇਨ੍ਹਾਂ ਨੂੰ ਖ਼ਤਮ ਕਰਨ ਲਈ ਪੁਰਸ਼ਾਰਥ ਤੇ ਪ੍ਰਾਰਥਨਾ ਹੈ। ਅਹੰਤਾ ਮਮਤਾ ਰੂਪੀ ਮਨ ਰੂਪੀ ਸਾਂਪ ਕੇ ਦਾਂਤ ਹਨ। ਇਨ੍ਹਾਂ ਈਸ਼ਵਰੀ ਨਾਮ ਮੰਤ੍ਰ ਨਾਲ ਕੀਲਿਆ ਜਾ ਸਕਦਾ ਹੈ। ਨਾਮ ਹੀ ਇਸ ਦੀ ਜ਼ਹਿਰ ਉਤਾਰਨ ਲਈ ਬਣੀ ਦਵਾਈ ਹੈ, ਯਤਨ ਕਰਨ ਵਾਲਾ ਇਕ ਦਿਨ ਸਫਲ ਹੋ ਜਾਵੇਗਾ। ਸੰਸਕਾਰ ਪੁਤਲੀ ਦੀ ਤਰ੍ਹਾਂ ਨਾਚ ਨਚਾਉਂਦੇ ਹਨ, ਸੰਸਕਾਰਾਂ ਤੋਂ ਬਿਰਤੀਆਂ ਬਣਦੀਆਂ ਹਨ, ਸ਼ੁੱਧ ਮਨ ਤੋਂ ਅਸ਼ੁੱਧ ਮਨ ਨੂੰ ਜਿੱਤਿਆ ਜਾਂਦਾ ਹੈ। ਸਾਧੂ ਹੋਣ ਤੋਂ ਵੀ ਕਈ ਸੰਸਕਾਰ ਜਾਗ੍ਰਤ ਸੁਪਨ ਵਿਚ ਉਤਪੰਨ ਹੁੰਦੇ ਹਨ। ਜੋ ਵਸਤੂਆਂ ਕਦੀ ਦੇਖੀਆਂ ਸੁਣੀਆਂ ਨਹੀਂ, ਦ੍ਰਿਸ਼ਮਾਨ ਹੁੰਦੀਆਂ ਹਨ। ਇਨ੍ਹਾਂ ਨੂੰ ਖ਼ਤਮ ਕਰਨ ਲਈ ਸਿਮਰਨ, ਤ੍ਰਿਕੁਟੀ ਦੇ ਧਿਆਨ ਦੀ ਪ੍ਰਪੱਕਤਾ ਦੀ ਲੋੜ ਹੈ। ਇਹ ਪਿਛਲੇ ਜਨਮਾਂ ਦੇ ਬੀਜ ਰੂਪ ਸੰਸਕਾਰ ਹਨ, ਸਮੇਂ ਮੁਤਾਬਿਕ ਪ੍ਰਗਟ ਹੁੰਦੇ ਹਨ। ਮਨ

ਮਰਦਾ ਨਹੀਂ, ਇਸਦਾ ਦ੍ਰਿਸ਼ਟੀਕੋਣ ਬਦਲਣਾ ਹੈ, ਭਾਵ ਬੁਰਾਈ ਵਲੋਂ ਹਟਾ ਕੇ ਪ੍ਰਮੇਸ਼ਰ ਵੱਲ ਲਾਉਣਾ ਹੈ।

"ਇਸ ਜਨਮ ਕਾ ਦੈਵ, ਸੋ ਪੁਰਸ਼ਾਰਥ ਪਿਛਲੇ ਜਨਮ ਕਾ॥
ਇਸ ਜਨਮ ਕਾ ਪੁਰਸ਼ਾਰਥ ਹੋਤਾ ਦੈਵ ਅਗਲੇ ਜਨਮ ਕਾ॥
ਇਸ ਜਨਮ ਕੇ ਪੁਰਸ਼ਾਰਥ ਸੇ, ਜੋ ਦੈਵ ਪਿਛਲਾ ਦੇ ਹਰਾ॥
ਕੈਵਲਯ ਪਾਦ ਸੇ ਪਾਵਤਾ, ਨਾ ਦੇਹ ਧਰਤਾ ਦੂਸਰਾ॥

ਪਿਛਲੇ ਅਗਲੇ ਸਾਰੇ ਸੰਸਕਾਰਾਂ ਨਾਲ ਯੁੱਧ ਕਰਕੇ ਖ਼ਤਮ ਕਰਨਾ ਹੈ। ਮਨ ਨੂੰ ਦ੍ਰਿੜ੍ਹ ਕਰੋ ਅਤੇ ਨਵਾਂ ਸੰਸਕਾਰ ਉਤਪੰਨ ਨਾ ਹੋਣ ਦੇਵੋ, ਇਹ ਫਰਜ਼ ਸਾਡੇ ਜ਼ਿੰਮੇ ਹੈ। ਹਿੰਮਤ ਹੌਸਲਾ ਨਹੀਂ ਹਾਰਨਾ, ਸਤਿਗੁਰਾਂ ਦੀ ਓਟ ਧਾਰ ਕੇ ਮਨ ਦੇ ਸੰਸਕਾਰ ਖ਼ਤਮ ਕਰਨੇ ਹਨ। ਅੱਛੇ ਵਿਚਾਰ ਭਰਨ ਨਾਲ, ਗੰਦੇ ਆਪੇ ਹੀ ਨਿਕਲ ਜਾਣਗੇ। ਮਨ ਨੂੰ ਬੁਰੀਆਂ ਆਦਤਾਂ ਤੋਂ ਰੋਕੋ, ਕਦੇ ਵੀ ਕੁਸੰਗਤ ਵਿਚ ਨਾ ਜਾਵੋ, ਹਰ ਵੇਲੇ ਇਸ ਨੂੰ ਕਿਸੇ ਨੇਕ ਕਾਰਜ ਵਿਖੇ ਲਾਈ ਛੱਡੋ। ਵੇਹਲਾ ਮਨ ਹੀ ਉਪੱਦਰ ਦਾ ਕਾਰਨ ਹੈ। ਮਾਨਸਿਕਤਾ ਬ੍ਰਹਮਚਾਰੀ ਛੇਤੀ ਬਿਜੈ ਪ੍ਰਾਪਤ ਕਰ ਲੈਂਦੀ ਹੈ। ਜਵਾਨੀ ਰੂਪੀ ਵਰਸ਼ਾ ਕਾਲ ਵਿਚ ਬੁਧੀ ਰੂਪੀ ਨਦੀਆਂ ਮਲੀਨ ਹੋ ਜਾਂਦੀਆਂ ਹਨ। ਕਾਮ ਰੂਪੀ ਬੱਦਲ ਗਰਜਤਾ ਹੈ, ਤ੍ਰਿਸ਼ਨਾ ਰੂਪੀ ਮੋਰਨੀ ਦੇਖ-ਦੇਖ ਕੇ ਖ਼ੁਸ਼ ਹੋਤੀ ਹੈ। ਜਿਸ ਨੇ ਮਨ ਕੇ ਕਲਪ ਬ੍ਰਿਛ ਮੇਂ ਰਾਗ ਦ੍ਵੈਸ਼ ਰੂਪੀ ਦੋ ਸਰਪੋਂ ਨੂੰ ਬਿਲ ਨਹੀਂ ਬਨਾਣੇ ਦੀ, ਉਸ ਪੁਰਸ਼ ਨੇ ਕਿਹੜੀ ਮੂੰਹ ਮੰਗੀ ਵਸਤੂ ਪ੍ਰਾਪਤ ਨਹੀਂ ਕੀਤੀ। ਪਾਣੀ ਸੇ ਚਿੱਕੜ ਹੋਤਾ ਹੈ, ਪਾਣੀ ਸੇ ਧੋਇਆ ਜਾਤਾ ਹੈ। ਮਨ ਹੀ ਮਲੀਨਤਾ ਔਰ ਪਵਿੱਤ੍ਰਤਾ ਬੰਧ ਮੋਕਸ਼ ਦਾ ਕਾਰਨ ਹੈ। ਸ਼ੁੱਧ ਮਨ ਮੁਕਤੀ ਦਾ ਜੰਦਰਾ ਅਤੇ ਅਸ਼ੁੱਧ ਮਨ ਬੰਧਨ ਦਾ ਕਾਰਨ ਹੈ। ਕਈ ਵਿਦਿਆ ਪੜ੍ਹ ਕੇ ਰਾਗ ਦ੍ਵੈਸ਼ ਕਰਕੇ ਅਭਿਮਾਨ ਕਰਦੇ ਹਨ, ਉਨ੍ਹਾਂ ਨੂੰ ਪੁਸਤਕ ਲਾਦਣੇ ਵਾਲਾ ਗਧਾ ਜਾਣੋ। ਚਾਬੀ ਸੇ ਜੰਦਰਾ ਲਗਦਾ ਹੈ, ਚਾਬੀ ਸੇ ਜੰਦਾ ਖੁਲ੍ਹਦਾ ਹੈ, ਮਨ ਦੇ ਨੇਕ ਬਿਚਾਰ ਅਗਿਆਨ ਦਾ ਜੰਦਰਾ ਖੋਲ੍ਹਣ ਵਾਲੇ ਅਤੇ ਮਨ ਦੇ ਗੰਦੇ ਭਾਵ ਅਗਿਆਨ ਰੂਪੀ ਬੰਦ ਜੰਦਰੇ ਨੂੰ ਲਾਉਣ ਵਾਲੇ ਹਨ। ਸਾਤਕੀ ਬਿਰਤੀ ਵਾਲੇ ਦਾ ਮਨ ਟਿਕਦਾ ਹੈ, ਰਾਜਸੀ ਦਾ ਮਨ ਛੇਤੀ ਉਕਤਾ ਜਾਂਦਾ ਹੈ। ਤਮੋਗੁਣੀ ਮਨ ਵਾਲਾ ਝਗੜਾ ਕਰਦਾ ਹੈ। ਮਨ ਵਿਚ ਗੰਦੀਆਂ ਵਾਸ਼ਨਾਂ ਦੇ ਢੇਰ ਨਾ ਲਾਉ, ਸ਼ੁਭ ਗੁਣਾਂ ਰੂਪੀ ਸੁਗੰਧੀ ਵਾਲੀ ਫੁਲਵਾੜੀ ਉਤਪੰਨ ਕਰੋ, ਜਿਸ ਨਾਲ ਤੁਹਾਡੀ ਅਤੇ ਕੁਲ ਖਾਨਦਾਨ ਦੀ ਕੀਰਤੀ ਵਧੇ। ਲੋਭ ਨੂੰ ਸੰਤੋਖ ਤੋਂ ਖ਼ਤਮ ਕੀਤਾ ਜਾਂਦਾ ਹੈ, ਕ੍ਰੋਧ ਨੂੰ ਖਿਮਾਂ ਤੋਂ। ਗਿਆਨੀ ਬਿਰਤੀਆਂ ਦਾ ਨਾਸ਼ ਉਦਾਸੀਨਤਾ ਤੋਂ ਖ਼ਤਮ ਕਰਦਾ ਹੈ, ਵੇਦਾਂਤੀ ਆਤਮ ਚਿੰਤਨ ਤੋਂ, ਭਗਤ ਸਭ ਨੂੰ ਰਾਮਮਯ ਜਾਨਣ ਤੋਂ, ਯੋਗੀ ਪ੍ਰਾਣਾਯਾਮ ਤੋਂ। ਜਿਵੇਂ ਆਪ ਪਹਾੜ ਖ਼ਤਮ ਨਹੀਂ ਕਰ ਸਕਦੇ, ਪਹਾੜ ਦਾ ਸੰਸਕਾਰ ਮੇਟ ਸਕਦੇ ਹਾਂ। ਮਨ ਖ਼ਤਮ ਨਹੀਂ ਹੁੰਦਾ, ਮਨ ਵਿਚੋਂ ਸੰਸਕਾਰ ਜੋ ਭਜਨ ਵਿਚ ਬਾਧਕ ਹਨ, ਖ਼ਤਮ ਕਰਨੇ ਹਨ। ਮੈਂ ਭਾਵ ਹੀ ਮਨ ਹੈ, ਇਸ

ਨੂੰ ਅਹੰਕਾਰ ਤੋਂ ਰਹਿਤ ਕਰਨ ਲਈ ਈਸ਼ਵਰ ਅੱਗੇ ਆਤਮ ਸਮਰਪਣ ਕਰ ਦੇਵੇ। ਜਿਵੇਂ ਪੰਜਾਂ ਪਿਆਰਿਆਂ ਨੇ ਆਪਣਾ ਆਪ ਅਰਪਣ ਕਰਕੇ, ਨਾਮ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਤਿਗੁਰਾਂ ਦੀ ਅਸ਼ੀਰਵਾਦ ਪ੍ਰਾਪਤ ਕੀਤੀ, ਦ੍ਰਿਸ਼-ਦ੍ਰਿਸ਼ਟਾ ਅਤੇ ਦ੍ਰਿਸ਼ਟੀ ਸਮਾਨ ਭਾਵ ਵਾਲੀ ਕਰ ਲਈ :-

"ਸਭ ਜਗ ਸਿਆ ਰਾਮ ਮੈਂ ਜਾਨੀ।
ਕਰੂ ਪ੍ਰਣਾਮ ਜੋਰਿ ਜੁਗ ਪਾਣੀ।"

ਸੰਕਲਪ ਹੀ ਜਗਤ ਕਾ ਕਾਰਨ ਹੈ, ਮਨ ਕੀ ਉਤਪਤੀ ਹੰਕਾਰ ਸੇ ਹੈ। ਅਹੰਕਾਰ ਤੋਂ ਮੈਂ ਪੈਦਾ ਹੋਤੀ ਹੈ, ਇਹ ਮਨ ਕੇ ਬ੍ਰਿਛ ਕਾ ਬੀਜ ਹੈ। ਮਨ ਔਰ ਮੈਂ ਏਕ ਹੀ ਵਸਤੂ ਕੇ ਦੋ ਨਾਮ ਹਨ। ਮੈਂ ਨੂੰ ਮਾਰਨ ਨਾਲ ਮਨ ਮਰ ਜਾਂਦਾ ਹੈ। ਈਸ਼ਵਰ ਨੂੰ ਕਰਤਾ ਜਾਣੇ, ਆਪਣਾ ਆਪ ਈਸ਼ਵਰ ਨੂੰ ਅਰਪਨ ਕਰ ਦੇਵੋ, ਮੈਂ ਖ਼ਤਮ ਹੋ ਜਾਵੇਗੀ। ਸਾਧਕ ਕੋ ਚਾਹੀਦਾ ਹੈ ਸਾਰੀ ਸ੍ਰਿਸ਼ਟੀ ਨੂੰ ਬ੍ਰਹਮ ਰੂਪ ਜਾਣ ਕੇ ਈਸ਼ਵਰ ਦੀ ਪੂਜਾ ਕਰੇ, ਹੌਲੀ-ਹੌਲੀ ਅਹੰਕਾਰ ਦੀ ਭਾਵਨਾ ਮਿੱਟ ਜਾਵੇਗੀ।

ਸਤ੍ਵੇ ਸੁਖੇ ਸੰਜਯਤੀ, ਰਜਃ ਕਰਮਣੀ ਭਾਰਤ
ਗਯਾਨੰ ਮਾਬ੍ਰਿਤਯ ਤੂ ਤਮਃ ਪ੍ਰਮਾਦੇ ਸੰਜਯਤੀ ਉਤ॥

ਅਰਜਨ ਪ੍ਰਤੀ ਭਗਵਾਨ ਕ੍ਰਿਸ਼ਨ ਜੀ ਕਹਿਤੇ ਹੈਂ, ਸਤੋਗੁਣ ਪੁਰਸ਼ ਕੋ ਸੁਖ ਮੇਂ ਜੋੜਤਾ ਹੈ ਅਤੇ ਰਜੋ ਗੁਣ ਕਰਮ ਮੇਂ ਜੋੜਤਾ ਹੈ। ਤਮੋਗੁਣ ਗਿਆਨ ਕੋ ਢਕ, ਪੁਰਸ਼ ਕੋ ਭਰਮ ਮੇਂ ਲਗਾ ਦੇਤਾ ਹੈ। ਸਤੋਗੁਣ ਵਾਲਾ ਪੁਰਸ਼ ਮਰ ਕੇ ਉੱਤਮ ਔਰ ਨਿਰਮਲ ਲੋਗੋਂ ਮੇਂ ਜਾ ਕਰ ਮਹਾਨ ਸੁੱਖ ਭੋਗਦਾ ਹੈ। ਪਹਿਲੇ ਜੀਉਂਦੇ ਜੀਅ ਵੀ ਸੁਖ ਦਾ ਹੀ ਜੀਵਨ ਗੁਜ਼ਾਰਦਾ ਸੀ। ਰਜੋਗੁਣ ਵਾਲਾ ਯਹਾਂ ਵੀ ਦੁੱਖ ਕੀ ਪ੍ਰਵਿਰਤੀ ਮੇਂ ਲਗਾ ਰਹਤਾ ਹੈ ਅਤੇ ਰਜੋ ਗੁਣ ਮੇਂ ਮਰ ਕਰ ਪੁਰਸ਼ਾਰਥ ਕਰਨੇ ਵਾਲੇ ਲੋਗੋਂ ਮੇਂ ਪੈਦਾ ਹੋਤਾ ਹੈ, ਜਾਨੇ ਜਨਮ ਦੇਤਾ ਲੇਤਾ ਹੈ ਔਰ ਤਮੋਗੁਣ ਯਹਾਂ ਭੀ ਦੁਖੋਂ ਮੇਂ ਜੀਤਾ ਹੈ ਔਰ ਤਮੋਗੁਣ ਕੇ ਚਿਤ ਮੇਂ ਚਲਣੇ ਕਰਕੇ ਮਰਾ ਹੂਆ ਪੁਰਸ਼ ਕੀਟ, ਪਤੰਗ, ਪਸ਼ੂ, ਪੰਖੀ ਆਦਿ ਜੋਨੀਆਂ ਕੋ ਪ੍ਰਾਪਤ ਹੋਤਾ ਹੈ, ਤੀਨੋਂ ਗੁਣ ਪੁਰਸ਼ ਕੋ ਜਨਮ ਦੇਣੇ ਵਾਲੇ ਹਨ।

ਗੁਰਬਾਣੀ ਮੇਂ ਵੀ ਕਥਨ ਕੀਤਾ ਹੈ :

ਤ੍ਰਿਹੁ ਗੁਣ ਮਹਿ ਵਰਤੈ ਸੰਸਾਰਾ॥ ਨਰਕ ਸੁਰਗ ਫਿਰਿ ਫਿਰਿ ਅਉਤਾਰਾ॥੩॥
ਕਹੁ ਨਾਨਕ ਜੋ ਲਾਇਆ ਨਾਮ॥ ਸਫਲ ਜਨਮੁ ਤਾ ਕਾ ਪਰਵਾਨ॥੪॥

(ਪੰਨਾ ੩੮੯)

ਨਿਬਧੰਤੀ ਮਹਾ ਬਾਹੋ ਦੇਹਿ ਦੇਹੀਨੰ ਅਬਯੰ॥

ਗੀਤਾ ਕਹਿਤੀ ਹੈ. ਹੇ ਅਰਜਨ (ਬੜੀ ਭੁਜਾ ਵਾਲੇ) ਸਤੋ ਰਜੋ ਤਮੋ ਤੀਨੋਂ ਗੁਣ ਮਾਯਾ ਤੋਂ ਉਤਪੰਨ ਹੋ ਕੇ ਅਬਿਨਾਸ਼ੀ ਜੀਵ ਆਤਮਾ ਕੋ ਦੇਹਿ ਮੇਂ ਬਾਂਧ ਲੇਤੇ ਹੈਂ। ਤੀਨੋਂ ਗੁਣੋਂ ਕੇ ਭੇਦ ਸੇ ਸ਼ਰਧਾ ਵੀ ਤੀਨ ਪ੍ਰਕਾਰ ਕੀ ਹੈ।

ਤ੍ਰਿਵਧਾ ਭਵਤੀ ਸ਼ਰਧਾ ਦੇਹੀ ਨਾਂ ਸ ਸੁਭਾਵਜਾ॥
ਸਾਤ੍ਰਿਕੀ ਰਾਜਸੀ ਚਈਵ ਤਾਮਸੀ ਚਹਿਤੀ ਤਾਂ ਸ਼੍ਰਿਣੂ॥

ਅਰਥ :-ਹੇ ਅਰਜਨ, ਮਨੁੱਖੋਂ ਕੋ ਸ਼ਾਸਤਰ ਔਰ ਸੰਸਕਾਰੋਂ ਸੇ ਬਿਨਾਂ, ਕੇਵਲ ਸੁਭਾਵ ਸੇ ਮਨੁੱਖ ਕੋ ਜਾਨਾ ਜਾਤਾ ਹੈ। ਸ਼ਰਧਾ ਤੀਨ ਪ੍ਰਕਾਰ ਕੀ ਹੈ। ਕਿਸੀ ਕੋ ਸਾਤਕੀ, ਕਿਸੀ ਕੋ ਰਾਜਸੀ, ਕਿਸੀ ਕੋ ਤਾਮਸੀ ਹੋਤੀ ਹੈ। ਜੈਸੀ ਸ਼ਰਧਾ ਭਾਵਨਾ ਹੋਵੇ ਵੈਸਾ ਹੀ ਦੇਵ ਪੂਜਨ ਕਰਤਾ ਹੈ।

ਯਜੰਤੇ ਸਾਤ੍ਰਿਕਾ ਦੇਵਾਨ ਯਖਯ ਰਖਬਾਂਸੀ ਰਾਜਸਾ:॥
ਪ੍ਰਤਾਨ ਭੂਤਗਣਾਂ ਸਚਾਨਯੋ ਯਜੰਤੇ ਤਾਮਸਾ ਜਨਾ:॥

ਅਰਥ :-ਜਦੋਂ ਮਨੁਸ਼ ਦੇ ਹਿਰਦੇ ਵਿਚ ਸਤੋ ਗੁਣ ਆਉਂਦਾ ਹੈ ਤਬ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਉੱਤਮ ਦੇਵਤਾਉਂ ਕੇ ਪੂਜਨ ਮੇਂ ਲਗਤਾ ਹੈ। ਜਦੋਂ ਰਜੋ ਗੁਣ ਹੋਵੇ ਯਖਯ ਰਾਖਸ਼ੋ ਕੇ ਪੂਜਨ ਮੇਂ ਲਗਤਾ ਹੈ ਅਤੇ ਤਾਮਸੀ ਲੋਗ ਭੂਤ ਪ੍ਰੇਤੋਂ ਕੋ ਪੂਜਤੇ ਹਨ, ਇਹ ਤਮੋ ਗੁਣ ਦਾ ਪ੍ਰਭਾਵ ਹੈ। ਇਸ ਦੁਨੀਆਂ ਮੇਂ ਜੋ ਕਾਰਜ ਹੋ ਰਹਾ ਹੈ ਤੀਨੋਂ ਗੁਣੋਂ ਸੇ ਹੋਤਾ ਹੈ। ਗੁਣ ਕੇ ਭੇਦ ਸੇ ਤੀਨ ਪ੍ਰਕਾਰ ਕਾ ਤਪ ਹੈ, ਯੱਗ, ਦਾਨ ਵੀ ਤੀਨ ਤੀਨ ਪ੍ਰਕਾਰ ਕੇ ਹਨ। ਗੀਤਾ ਕੇ ਸਤਾਰ੍ਹਵੇਂ ਅਧਿਆਏ ਮੇਂ ਸਾਰੇ ਲਿਖੇ ਹੈਂ, ਜ਼ਿਆਦਾ ਇੱਛਾ ਹੋਵੇ ਉੂਹਾਂ ਸੇ ਦੇਖ ਲੈਨੇ।

ਸ਼ਲੋਕ:-ਇੰਦ੍ਰਯਸਯ ਇੰਦ੍ਰਯਸਯਾਰਥੇ ਰਾਗ ਦ੍ਵੈਸਊ ਵਿਵਸਿਥਤਊ,
ਤਯੋਰਨ ਵਸਮਾਗਛੇਤ ਤਊ ਹੀ ਅਸਯ ਪਰ ਪੰਥਿਨਊ॥
ਯਤਤੋ ਹੀ ਆਪਿ ਕੌਂਤੇਯ ਪੁਰਸ਼ਸਯ ਵਿਪਸ੍ਰਿਤ
ਇੰਦ੍ਰਯਾਣਿ ਪ੍ਰਮਾਥੀਨਿ ਹਰੰਤਿ ਪ੍ਰਸਭਮਨ:॥

ਅਰਥ :-ਗੀਤਾ ਕਹਤੀ ਹੈ, ਇੰਦ੍ਰਯ ਔਰ ਇੰਦ੍ਰਯ ਕੇ ਵਿਸ਼ਯ ਮੇਂ ਰਾਗ ਦਵੈਸ਼ ਇਸਥਿਤ ਹੈ, ਮਨੁਸ਼ ਉਨਕੇ ਵਸ ਨਾ ਹੋਵੇ, ਕਿਉਂਕਿ ਰਾਗ ਦਵੈਸ਼ ਕਲਿਆਣਕਾਰੀ ਮਾਰਗ ਮੇਂ ਵਿਘਨ ਕਰਨੇ ਵਾਲੇ ਮਹਾਂ ਸ਼ਤਰੂ ਹੈ। ਹੇ ਅਰਜਨ! ਯਤਨ ਕਰਤੇ ਹੂਏ ਗਿਆਨੀ ਪੁਰਸ਼ ਕੇ ਭੀ ਮਨ ਕੋ ਮਧਾਣੀ ਦੀ ਤਰ੍ਹਾਂ ਮਥਨ ਸੁਭਾਵ ਵਾਲੀ ਇੰਦ੍ਰੀਆਂ ਜ਼ਬਰਦਸਤੀ ਵਿਸ਼ਯ ਮਾਰਗ ਮੇਂ ਲੇ ਜਾਤੀ ਹੈਂ, ਇਸ ਲੀਏ ਹੇ ਇੰਦ੍ਰ! ਇਨ ਵਿਸ਼ਯੋਂ ਕਾ ਸੁਭਾਵ ਹੀ ਐਸਾ ਹੈ ਜੋ ਇੰਦ੍ਰੀਓਂ ਦਵਾਰਾ ਮਨ ਕੋ ਖੈਂਚ ਲੇਤੇ ਹੈਂ, ਪ੍ਰੰਤੂ ਅਗਿਆਨੀ ਲੋਕ ਮੈਂ ਕਰਤਾ ਹੂੰ, ਐਸੇ

ਅਭਿਮਾਨ ਕਰ ਲੇਤੇ ਹੈਂ। ਗਿਆਨੀ ਲੋਗ ਜਾਣਤੇ ਹੈਂ ਕਿ ਇੰਦ੍ਰੀਓਂ ਅਰ ਵਿਸ਼ਯੋਂ ਕਾ ਆਪਸ ਮੇਂ ਵਿਵਹਾਰ ਹੈ, ਪਰ ਯਹ ਜਾਣ ਕਰ ਲਿਪਾਇਮਾਨ ਨਹੀਂ ਹੋਤੇ।

ਗੁਰਬਾਣੀ ਵਿਚ ਭੀ ਇਸ ਵਿਚਾਰ ਨੂੰ ਇਸ ਤਰ੍ਹਾਂ ਦਰਸਾਇਆ ਹੈ

ਮਨ ਕਾ ਸੁਭਾਉ ਮਨਹਿ ਬਿਆਪੀ॥ ਮਨਹਿ ਮਾਰਿ ਕਵਨ ਸਿਧਿ ਥਾਪੀ॥ ੧॥
ਕਵਨੁ ਸੁ ਮੁਨਿ ਜੋ ਮਨੁ ਮਾਰੈ॥ ਮਨ ਕਉ ਮਾਰਿ ਕਹਹੁ ਕਿਸੁ ਤਾਰੈ॥ ੧॥ ਰਹਾਉ॥
ਮਨ ਅੰਤਰਿ ਬੋਲੈ ਸਭੁ ਕੋਈ॥ ਮਨ ਮਾਰੇ ਬਿਨੁ ਭਗਤਿ ਨ ਹੋਈ॥ ੨॥
ਕਹੁ ਕਬੀਰ ਜੋ ਜਾਨੈ ਭੇਉ॥ ਮਨੁ ਮਧੁਸੂਦਨ ਤ੍ਰਿਭਵਣ ਦੇਉ॥ ੩॥ ੨੮॥

(ਪੰਨਾ ੩੨੮-੨੯)

ਸਹਸਕ੍ਰਿਤੀ ਦਾ ਸਲੋਕ ਹੈ :

ਸ਼ਲੋਕ :-ਉਪਦੇਸ਼ੋ ਨ ਦਾਬਤਯੋ ਯਾਦ੍ਰਿਸ਼ੇ ਤਾਦ੍ਰਿਸ਼ੇ ਜਨੇ ਪਸ਼ਯਵਾਨਰ ਮੂਰਖੇਣ ਸੁਗ੍ਰਹ ਨਿਗ੍ਰਹੀ ਕ੍ਰਿਤਹ॥੧॥ ਹਸਤਪਾਦ ਸਮੁਪੇਤੋ ਦ੍ਰਿਸ਼ਯਸੇ ਪੁਰਸਾਕ੍ਰਿਤੀ ਸ਼ੀਤੇਨ ਭਿਦਯਸੇ ਮੂੜ ਕਥੰ ਨ ਕਰੁਸੇ ਗ੍ਰਹੰ॥੨॥ ਸੂਚੀ ਮੁਖੀ ਦੁਰਾਚਾਰਾ: ਰੰਡਾ ਪੰਡਿਤ ਵਾਦਿਨੀ ਨਾਸੰਕਤੇ ਪ੍ਰਜਲਪੰਤਿ ਕਿੰ ਏਨਾਂ ਨ ਹਨਤਮਿ ਅਹੰ॥੩॥ ਪੰਚਤੰਤ੍ਰ॥

ਅਰਥ :-ਜੈਸੇ ਤੈਸੇ ਪੁਰਸ਼ ਕੋ ਉਪਦੇਸ਼ ਨਾ ਦੇਣਾ ਚਾਹੀਏ। ਦੇਖੋ ਏਕ ਮੂਰਖ ਬਾਂਦਰ ਨੇ ਉੱਤਮ ਘਰ ਰਹਿਣੇ ਵਾਲੀ ਚਿੜੀ ਕੋ ਨਸ਼ਟ ਭ੍ਰਸ਼ਟ ਕਰ ਦੀਆ॥੧॥ ਚਿੜੀ ਕਹਿਤੀ ਹੈ ਹੇ ਬਾਂਦਰ, ਹਾਥ ਪੈਰ ਸੇ ਜੁਕਤ ਹੂਆ ਤੂੰ ਪੁਰਸ਼ ਅਕਾਰ ਦੀਖਤਾ ਹੈ ਔਰ ਹੇ ਮੂਰਖ, ਐਸੇ ਹੋਤੇ ਭੀ ਠੰਡ ਸੇ ਦੁਖ ਪਾਤਾ ਹੂਆ ਤੂੰ ਆਪਣੇ ਰਹਿਣੇ ਕੇ ਲੀਏ ਘਰ ਕਿਉਂ ਨਹੀਂ ਬਣਾਤਾ। ਬਾਂਦਰ ਕਹਿਤਾ ਹੈ ਹੇ ਤਿੱਖੇ ਮੂੰਹ ਵਾਲੀ ਦੁਰਾਚਾਰ ਰੰਡੀਏ, ਬਿਰਥਾ ਬਕਬਾਦ ਨਾ ਕਰ, ਆਪਣੇ ਆਪ ਨੂੰ ਪੰਡਿਤ ਬਨਣ ਵਾਲੀ, ਇਤਨਾ ਬੋਲਤੀ ਤੂੰ ਡਰਤੀ ਨਹੀਂ, ਸੋ ਮੈਂ ਇਨ ਕੋ ਨਸ਼ਟ ਕਿਉਂ ਨਾ ਕਰੂੰ। ਬਾਂਦਰ ਨੇ ਇਤਨਾ ਕਹਿ ਕਰ ਚਿੜੀਆਂ ਕਾ ਘਰ ਆਦਿ ਨਸ਼ਟ ਕਰ ਦੀਆ। ਮਨ ਵੀ ਬਾਂਦਰ ਕੀ ਨਿਆਈਂ ਹੈ, ਅਗਰ ਕੋਈ ਸਿਖਿਆ ਦੇਵੇ ਤਾਂ ਉਲਟਾ ਉਸਦਾ ਵਿਰੋਧ ਕਰਨ ਲਗ ਪੈਂਦਾ ਹੈ।

ਗੁਰੂ ਪ੍ਰਮਾਣ :

ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ॥
ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ॥
ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ॥
ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ॥
ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ॥

ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ॥
ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ॥
ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ॥ ੧॥

(ਪੰਨਾ ੧੪੩)

ਮਨ ਦੀ ਮੂਰਖ ਅਵਸਥਾ :-

ਦੋਹਰਾ :- ਅਤਯਾਚਾਰੀ, ਅਨਾਚਾਰੀ, ਅਤ ਨਿੰਦਾ ਅਤ ਊਪ॥
ਮੂਰਖ ਕੇ ਲਕਸ਼ਣ ਯਹੀ ਅਤਿ ਹਾਸੀ ਅਤਿ ਚੂਪ॥

-o-

ਸਹਸਕ੍ਰਿਤੀ ਦਾ ਸਲੋਕ ਹੈ :

ਸ਼ਲੋਕ :-ਮੂਰਖਸਯ ਪਚ ਚਿਨ੍ਹਾਨਿ ਗਰਵੋ ਦੁਰਬਚਨ ਮੁਖੇ॥
ਹਠੀ ਦਈਵ ਵਿਸ਼ਾਦੀ ਚ ਸਦੋਕਡੰ ਨਈਵ ਮਨਯਤੇ॥ ੧॥
ਅਮਿਤ ਕੁਰਵਤੇ ਮਿਤ੍ਰ ਮਿਤ੍ਰ ਦ੍ਵੇਸ਼੍ਰ ਹਿਨੀਸ੍ਰ ਚ॥
ਕਰਮ ਆਰੰਭ: ਤਤੋ ਦੁਸਟੰ ਤਮਾਹੂ: ਮੂਢੰ ਚੇਤਸ॥ ੨॥
ਅਨਾਹੂਤ: ਪ੍ਰਵਿਸਤੀ ਹੀ ਅਪ੍ਰਿਸ਼ਟੋ ਬਹੁ ਭਾਸ਼ਤੇ॥
ਅਵਿਸ੍ਰਸਿ੍ਰ ਮੂਢਚੇਤਾਨ ਧਰਮ:॥ ੯॥

ਅਰਥ :-ਮੂਰਖ ਕੀ ਪਾਂਚ ਨਿਸ਼ਾਨੀ ਹੈਂ, ਅਹੰਕਾਰ ਮੁਖ ਸੇ ਕਟੂ ਵਚਨ ਹਠ, ਵਿਸ਼ਾਦ (ਝੂਰਨਾ), ਸ੍ਰੇਸ਼ਟ ਪੁਰਸ਼ੋਂ ਕਾ ਉਪਦੇਸ਼ ਨਾ ਮਾਨਣਾ॥ ੧॥ ਮਿਤਰੋਂ ਸਾਥ ਦ੍ਵੈਸ਼ ਤਥਾ ਹਾਂਸੀ ਕਰਨੀ, ਦੁਸ਼ਟ ਕਰਮੋਂ ਕਾ ਆਰੰਭ ਕਰਨਾ, ਐਸੇ ਪੁਰਸ਼ ਕੋ ਮੂਰਖ ਕਹਿਤੇ ਹੈਂ॥ ੧॥ ਬਿਨਾਂ ਬੁਲਾਏ ਕਿਸੀ ਕੇ ਘਰ ਜਾਣਾ, ਬਿਨਾਂ ਪੂਛੇ ਬਹੁਤ ਬੋਲਣਾ ਔਰ ਅਵਿਸ਼ਵਾਸੀ ਪਰ ਵਿਸ਼ਵਾਸ ਕਰਨੇ ਵਾਲੇ ਕੋ ਮੂਰਖ ਕਹਿਤੇ ਹੈਂ।

ਗੁਰਬਾਣੀ :-

ਮੂਰਖੁ ਭੋਗੇ ਭੋਗੁ ਦੁਖ ਸਬਾਇਆ॥
ਸੁਖਹੁ ਉਠੇ ਰੋਗ ਪਾਪ ਕਮਾਇਆ॥
ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ॥
ਮੂਰਖ ਗਣਤ ਗਣਾਇ ਝਗੜਾ ਪਾਇਆ॥ (ਪੰਨਾ ੧੩੯)
ਪਰਹਰਿ ਪਾਪੁ ਪਛਾਣੈ ਆਪੁ॥
ਨਾ ਤਿਸੁ ਸੋਗੁ ਵਿਜੋਗੁ ਸੰਤਾਪੁ॥

(ਪੰਨਾ ੯੩੫)

ਜੋ ਮਨ ਨੂੰ ਕਾਬੂ ਕਰਕੇ ਆਪਣੇ ਆਪ ਦੀ ਪਛਾਣ ਕਰ ਲੈਂਦਾ ਹੈ ਉਸ ਪੁਰਸ਼ ਨੂੰ ਕਿਸੇ ਪ੍ਰਕਾਰ ਦਾ ਹਰਖ ਸੋਗ ਨਹੀਂ ਹੁੰਦਾ। ਮਾਨ ਅਪਮਾਨ ਤੋਂ ਉਪਰ ਉਠ ਜਾਂਦਾ ਹੈ, ਫਿਰ ਉਹ ਆਤਮਾ ਸੇ ਲੀਨ ਹੋਵੇ ਹੈ, ਇਹ ਮਨ ਵਸ ਦਾ ਲੱਛਣ ਹੈ।

ਤੂੰ ਤੂੰ ਦੀ ਧੁਨ ਲਗੇ, ਮੈਂ ਮੈਂ ਮੈਨੂੰ ਭੁੱਲੇ॥
ਸਿਰ ਦਿਤਿਆਂ ਜੇ ਸਾਜਨ ਮਿਲੇ, ਸਸਤਾ ਹੈ ਇਸ ਮੁੱਲੇ॥

ਆਤਮਾ ਦੀ ਪੂਜਾ ਕਰਨ ਦਾ ਇਹ ਸਾਧਨ ਹੈ। ਚਲਤੇ-ਫਿਰਤੇ, ਖਾਂਦੇ-ਪੀਂਦੇ ਮਨ ਵਿਚ ਇਹ ਧਿਆਨ ਰਹੇ। ਮੈਂ ਗਿਆਨ ਦਾ ਸਮੁੰਦ੍ਰ ਹੂੰ। ਜਿਤਨਾ ਸੰਸਾਰ ਦਾ ਤਮਾਸ਼ਾ ਹੈ ਇਹ ਮੇਰੇ ਵਿਚ ਸੁਪਨੇ ਦੀ ਨਿਆਈਂ ਝੂਠਾ ਹੈ। ਸਭ ਪ੍ਰਾਣੀ ਮਾਤਰ ਨੂੰ ਅਪਣੀ ਮਾਲਾ ਦੇ ਮਣਕੇ ਬਣਾ ਲਉ, ਦਵੈਤ ਭਾਵ ਦਾ ਨਾਸ਼ ਕਰਕੇ ਇਕ ਅਦ੍ਵੈਤ ਸਰੂਪ ਦਾ ਚਿੰਤਨ ਕਰੋ, ਬਸ ਢਿੱਲ ਕਾਹਦੀ ਹੈ?

੧੨.੧੧ ਕਰਤਵ ਦੀ ਪਾਲਣਾ

ਮਨ ਦਾ ਸੁਭਾਵ ਆਲਸੀ ਹੈ, ਸੁਖਿਆਰਾ ਹੈ, ਇਸ ਨੂੰ ਅਰਾਮ-ਪਸੰਦ ਨਾ ਬਣਨ ਦੇਵੋ, ਬਲਕਿ ਉੱਦਮ ਤੇ ਪੁਰਸ਼ਾਰਥ ਵਾਲਾ ਜੀਵਨ ਬਣਾਵੋ। ਕਿਸੇ ਵੀ ਨੇਕ ਕਾਰਜ ਨੂੰ ਕਰਨ ਲਗਿਆਂ ਦੇਰੀ ਨਾ ਕਰੋ, ਪਾਪ ਕਰਮ ਨੂੰ ਜਿਵੇਂ ਕਿਵੇਂ ਸਮਾਂ ਲੰਘਾ ਕੇ ਟਾਲ ਦੇਵੋ, ਇਸ ਦਾ ਫਲ ਦੁੱਖ ਵੀ ਟਲ ਜਾਵੇਗਾ। ਮਨ ਹਰ ਵੇਲੇ ਨੀਂਦ੍ਰ ਪ੍ਰਸਤ ਹੈ, ਆਲਸ ਦਾ ਤਿਆਗ ਕਰਕੇ ਇਸ਼ਨਾਨ ਕਰਨਾ, ਸਿਮਰਨ ਕਰਨਾ, ਗੁਰਦਵਾਰੇ ਮੰਦਰ ਜਾਣਾ, ਲੋਕ ਭਲਾਈ ਦੇ ਕਾਰਜ ਕਰਨੇ ਚਾਹੀਦੇ ਹਨ ਬਿਨਾਂ ਢਿੱਲ ਤੋਂ।

ਮਨ ਲੋਭੀ ਮਨ ਲਾਲਚੀ, ਮਨ ਚੰਚਲ ਮਨ ਚੋਰ॥
ਮਨ ਕੇ ਮਤੇ ਨਾ ਮਾਨੀਏ, ਬਿਲਖ ਮਨ ਰੋਹਿ ਔਰ॥
ਮਨ ਕੇ ਮਤੇ ਨਾ ਚਾਲੀਏ, ਮਨ ਕੀ ਉਲਟੀ ਰੀਤ॥
ਆਤਮਾ ਕੀ ਅਵਾਜ਼ੇਂ ਚਾਲੀਏ, ਜੋ ਹੈ ਤੇਰਾ ਸੱਚਾ ਮੀਤ॥

ਰਿਸ਼ੀ ਚਾਣਕ ਜੀ ਕਹਤੇ ਹੈਂ

ਬਹੁ ਬਿਕਾਰ ਹੈ ਲਾਡ ਮੈ, ਤਾੜਨ ਮੈ ਅਬਿਕਾਰ॥
ਤਾਤੇ ਸੁਤ ਅਰੁ ਸਿਖ ਕੋ, ਤਾੜਨ ਬਹੁਤ ਗੁਨਕਾਰ॥

ਅਰਥ :-ਪੁੱਤਰ ਅਤੇ ਵਿਦਿਆਰਥੀ ਨੂੰ ਤਾੜਨਾ ਬਹੁਤ ਗੁਣਕਾਰ ਹੈ। ਲਾਡ ਕਰਨ ਤੋਂ ਬਹੁਤ ਵਿਕਾਰ ਪੈਦਾ ਹੋਤੇ ਹੈਂ, ਔਰ ਵੋਹ ਵਿਗੜ ਜਾਤੇ ਹੈਂ। ਮਨ ਦੀ ਦਸ਼ਾ ਵੀ ਬੱਚੇ ਦੀ ਭਾਂਤੀ ਹੈ, ਮਨ ਭੀ ਲਾਡ ਨਾਲ ਬਿਗੜ ਜਾਂਦਾ ਹੈ। ਇਸ ਨੂੰ ਵੀ ਬਿਬੇਕ ਦੇ ਡੰਡੇ ਨਾਲ ਸੀਧਾ ਰਖੋ। ਆਤਮਾ ਦਾ ਅਸਲੀ ਸ਼ਤਰੂ ਮਨ ਹੈ, ਸਰੀਰ ਦਾ ਰਾਜਾ ਬਣਕੇ ਬੈਠ ਗਿਆ ਹੈ। ਰਾਜਾ ਤੋਂ ਆਤਮਾ ਸੀ, ਮਨ ਆਪ ਹੀ ਚੋਧਰੀ ਬਣ ਗਿਆ ਹੈ। ਜਿਸ ਦੇਹ ਦਾ ਰਾਜਾ

ਕਮਜ਼ੋਰ ਹੋਵੇ ਉਥੇ ਦੀ ਪਬਲਿਕ ਅੰਤਰੀਵ ਤੇ ਬਾਹਰੋਂ ਦੁਸ਼ਮਣਾਂ ਦੇ ਬਚਾਅ ਤੋਂ ਸੁਖ ਨਹੀਂ ਭੋਗ ਸਕਦੀ। ਇਹ ਹੀ ਹਾਲਤ ਮਨ ਦੀ ਹੈ, ਮਨੋਰਾਜ ਵਿਚ ਕਦੇ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸੁਖ ਦੀ ਪ੍ਰਾਪਤੀ ਲਈ ਆਤਮ ਰਾਜ ਕਾਇਮ ਕਰਨਾ ਪਵੇਗਾ। ਲਾਡਲਾ ਬੱਚਾ ਮਾਤਾ ਪਿਤਾ ਨੂੰ ਕਲੰਕ ਦਾ ਕਾਰਨ ਹੈ, ਇਸੇ ਤਰ੍ਹਾਂ ਮਨ ਹੈ। ਚੰਚਲ ਤੇ ਬਾਗ਼ੀ ਮਨ ਆਤਮਾ ਦੇ ਅਧੋਪਤਨ ਦਾ ਕਾਰਨ ਹੈ। ਸ਼ੇਖ਼ ਸਾਅਦੀ ਜੀ ਕਹਤੇ ਹੈਂ ਕਿਸੇ ਆਦਮੀ 'ਤੇ ਉਪਕਾਰ ਕਰੋ ਉਹ ਅਹਿਸਾਨ ਮਾਨਤਾ ਹੈ, ਪਰ ਮਨ ਦੀ ਉਲਟੀ ਰੀਤ ਹੈ, ਜਿਉਂ-ਜਿਉਂ ਕਹਿਣਾ ਮੰਨੋ ਤਿਉਂ-ਤਿਉਂ ਹੋਰ ਸਵਾਲ ਪਾਉਂਦਾ ਜਾਂਦਾ ਹੈ। ਜਿਤਨਾ ਪ੍ਰਸੰਨ ਕਰਨ ਦਾ ਯਤਨ ਕਰੋ, ਸਿਰੇ ਚੜ੍ਹਦਾ ਜਾਂਦਾ ਹੈ, ਪ੍ਰੰਤੂ ਜਦੋਂ ਇਸ ਦਾ ਕਹਿਣਾ ਨਾ ਮੰਨੋ ਭਲੇਮਾਣਸ ਸੇਵਕ ਦੀ ਨਿਆਈਂ ਅਤੇ ਸਿਖਿਅਤ ਘੋੜੇ ਦੀ ਨਿਆਈਂ ਕੰਮ ਦੇਂਦਾ ਹੈ। ਅਗਰ ਆਪ ਅਧਿਆਤਮਕ ਖੇਤਰ ਵਿਚ ਉੱਨਤੀ ਚਾਹਤੇ ਹੋ ਤਾਂ ਮਨ ਨੂੰ ਵੱਸ ਕਰ ਲਵੋ। ਇਸ ਨੂੰ ਲਗਾਮ ਦਿੱਤੇ ਬਿਨਾਂ ਆਤਮਾ ਪੱਖ ਨੂੰ ਸਿੱਧ ਕਰਨਾ ਅਸੰਭਵ ਹੈ।

੧੨.੧੨ ਨਿਸ਼ਕਾਮ ਕਰਮ

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥੨॥

(ਪੰਨਾ ੨੮੬)

ਪ੍ਰਮੇਸ਼ਰ ਦੇ ਨਮਿਤ ਕਰਮ ਕਰਨੇ ਨਾਲ ਪਵਿੱਤ੍ਰਤਾ ਪੈਦਾ ਹੁੰਦੀ ਹੈ। ਇਸ ਕਰਮ ਨੂੰ ਨਿਸ਼ਕਾਮ ਕਰਮ ਕਿਹਾ ਜਾਂਦਾ ਹੈ। ਨਿਸ਼ਕਾਮ ਕਰਮ ਬੰਧਨ ਦਾ ਕਾਰਨ ਨਹੀਂ, ਕਾਰਜ ਨਾ ਕਰਨ ਤੋਂ ਨਿਹਕਰਮਤਾ ਨਹੀਂ ਹੁੰਦੀ ਸਗੋਂ ਕਰਮ ਕਰਨ ਤੋਂ ਪ੍ਰਾਪਤ ਹੁੰਦੀ ਹੈ। ਕਰਮ ਕਰਕੇ ਕਿਸੇ ਵੀ ਕਰਮ ਦੀ ਅਹੰਤਾ ਮਮਤਾ ਅਤੇ ਫਲ ਦੀ ਇੱਛਾ ਮਨ ਵਿਚ ਨਾ ਰੱਖਣੀ ਨਿਸ਼ਕਾਮ ਕਰਮ ਕਹਿਲਾਉਂਦੀ ਹੈ। ਇਸ ਵਿਚ ਕਰਤਾਪਨ ਦਾ ਅਭਾਵ ਹੁੰਦਾ ਹੈ। ਜੋ ਵੀ ਕਰਮ ਕੀਤਾ ਜਾਂਦਾ ਹੈ ਭਗਵਤ ਨਮਿਤ ਕੀਤਾ ਜਾਂਦਾ ਹੈ। ਜਦੋਂ ਕਿਸੇ ਨੂੰ ਨਮਿੱਤ ਬਣਾ ਕੇ ਕੋਈ ਕਾਰਜ ਕਰਾਂਗੇ, ਬੁਰਾ ਨਹੀਂ ਹੋ ਸਕਦਾ। ਕਦੇ ਆਪੂੰ ਤੋਂ ਵੱਡੇ ਨੂੰ ਮਾੜੀ ਵਸਤੂ ਅਰਪਣ ਨਹੀਂ ਕੀਤੀ ਜਾਂਦੀ, ਪਵਿੱਤ੍ਰ ਵਸਤੂ ਹੀ ਭੇਂਟ ਕੀਤੀ ਜਾਂਦੀ ਹੈ। ਸਾਰੇ ਕਰਮਾਂ ਵਿਚੋਂ ਨਿਸ਼ਕਾਮ ਵਰਗੀ ਕੋਈ ਉੱਤਮ ਵਸਤੂ ਨਹੀਂ। ਇਕ ਤਾਂ ਨਿਸ਼ਕਾਮ ਕਰਮ ਤੋਂ ਅਹੰਕਾਰ ਨਹੀਂ ਹੁੰਦਾ, ਦੂਜਾ ਗ਼ਲਤ ਲਗਾਉ ਵੀ ਨਹੀਂ ਬਣਦਾ, ਨਾਲੇ ਧੇਯ ਰੂਪੀ ਪ੍ਰਮਾਤਮਾ ਵਿਚ ਧਿਆਨ ਲੱਗਾ ਰਹਿੰਦਾ ਹੈ ਕਿ ਮੈਂ ਜੋ ਕਰਮ ਕਰਦਾ ਹਾਂ ਪ੍ਰਭੂ ਨੂੰ ਅਰਪਣ ਵਾਸਤੇ ਕਰਦਾ ਹਾਂ।

੧੨.੧੩ ਆਤਮ ਨਿਰੀਕਸ਼ਣ

ਮਨ ਦਾ ਸੁਭਾਵ ਹੈ ਦੂਸਰੇ ਪੁਰਸ਼ਾਂ ਦੇ ਔਗੁਣ ਦੇਖਣੇ। ਆਪਣੇ ਆਪ ਕੋ ਔਗੁਣਹਾਰ ਹੁੰਦਿਆਂ ਵੀ ਪਵਿੱਤ੍ਰ ਮਾਨਣਾ, ਆਪਣੇ ਗੁਣਾਂ ਦਾ ਅਭਿਮਾਨ ਹੋਣਾ, ਇਹ ਬਹੁਤ ਵੱਡਾ ਦੋਸ਼ ਹੈ। ਦੂਸਰੇ ਕੀ ਆਂਖ ਕਾ ਤਿਨਕਾ ਨਜ਼ਰ ਆਉਣਾ, ਆਪਣੀ ਆਂਖ ਕਾ ਸ਼ਤੀਰ ਵੀ ਨਾ ਦਿੱਸਣਾ। ਹਰ ਵਿਅਕਤੀ ਨੂੰ ਚਾਹੀਦਾ ਹੈ ਰਾਤ ਨੂੰ ਸੋਤੇ ਵਕਤ ਅਪਣੇ ਪਾਪ ਪੁੰਨਾਂ, ਬੁਰਿਆਂ ਭਲਿਆਂ ਕਰਮਾਂ ਦੀ ਵੀਚਾਰ ਕਰਕੇ ਹੌਲੀ-ਹੌਲੀ ਭਲੇ ਕਰਮਾਂ ਨੂੰ ਵਧਾ ਕੇ ਬੁਰਿਆਂ ਕਰਮਾਂ ਦੀ ਰਾਸ ਨੂੰ ਘਟਾਂਦਾ ਜਾਵੇ, ਇਕ ਦਿਨ ਪਵਿੱਤ੍ਰ ਬਣ ਜਾਵੇਗਾ। ਫਿਰ ਪਵਿੱਤ੍ਰ ਆਦਮੀ ਵਾਸਤੇ ਕੋਈ ਬੁਰਾ ਰਹਿੰਦਾ ਹੀ ਨਹੀਂ। *'ਜਥਾ ਦ੍ਰਿਸ਼ਟੀ ਤਥਾ ਸ੍ਰਿਸ਼ਟੀ'*, ਜੈਸੇ ਆਪਣੀ ਨਿਗਾਹ ਅਤੇ ਵੀਚਾਰ ਹੋਵੇ ਉਸੇ ਪ੍ਰਕਾਰ ਦੀ ਸ੍ਰਿਸ਼ਟੀ ਨਜ਼ਰ ਆਵੇਗੀ। ਜਿਵੇਂ ਦਰਯੋਧਨ ਅਤੇ ਯੁਧਿਸ਼ਟਰ ਜੀ ਨੂੰ ਕ੍ਰਿਸ਼ਨ ਜੀ ਨੇ ਬੁਲਾ ਕੇ ਕਿਹਾ, ਐ ਦਰਯੋਧਨ ! ਤੂੰ ਭਲਾ ਬੰਦਾ ਭਾਲ ਕੇ ਲਿਆ। ਯੁਧਿਸ਼ਟਰ ਨੂੰ ਕਿਹਾ ਤੂੰ ਬੁਰਾ ਵਿਅਕਤੀ ਭਾਲ ਕੇ ਸੂਰਜ ਛਿਪਣ ਤੋਂ ਪਹਿਲਾਂ ਲੈ ਆ। ਦੋਨੋਂ ਚਲੇ ਗਏ, ਸ਼ਾਮ ਨੂੰ ਮੁੜੇ ਖ਼ਾਲੀ ਆਏ। ਪੁੱਛਣ ਤੋਂ ਦਰਯੋਧਨ ਨੇ ਕਿਹਾ ਮੈਨੂੰ ਕੋਈ ਭਲਾ ਬੰਦਾ ਨਹੀਂ ਲੱਭਿਆ, ਮੈਂ ਹੀ ਸਾਰਿਆਂ ਨਾਲੋਂ ਭਲਾ ਹਾਂ ਤਾਂ ਹੀ ਦੇਸ਼ ਦਾ ਰਾਜਾ ਹਾਂ। ਯੁਧਿਸ਼ਟਰ ਨੇ ਕਹਾ ਮੈਨੂੰ ਕੋਈ ਬੁਰਾ ਵਿਅਕਤੀ ਨਹੀਂ ਮਿਲਿਆ ਮੈਂ ਹੀ ਸਾਰਿਆਂ ਨਾਲੋਂ ਬੁਰਾ ਹਾਂ। ਆਪ ਮੇਰੇ ਤੇ ਕ੍ਰਿਪਾ ਕਰੋ। ਇਹ ਹੈ ਦ੍ਰਿਸ਼ਟੀ ਔਰ ਭਾਵਨਾ, ਜੈਸੀ ਹੋਵੇਗੀ ਵੈਸਾ ਮਨ ਹੋਵੇਗਾ।

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥੭॥

(ਪੰਨਾ ੧੩੬੪)

ਆਪਣੇ ਆਪ ਦੀ ਵੀਚਾਰ ਕਰੋ ਮੈਂ ਕੀ ਹਾਂ, ਪਰ ਸਾਡਾ ਕੰਮ ਆਪਣਾ ਇਕ ਗੁਣ ਵੀ ਬੜੇ ਫਖ਼ਰ ਨਾਲ ਹਰ ਵੇਲੇ ਬਿਆਨਣਾ, ਦੂਸਰੇ ਦਾ ਇਕ ਔਗੁਣ ਲੱਭ ਪਵੇ ਉਸ ਨੂੰ ਹਰ ਵੇਲੇ ਚਿਤਾਰਨਾ, ਉਸਦੇ ਨਿੜਿੰਨਵੇ ਗੁਣਾਂ ਤੇ ਪਾਣੀ ਫੇਰ ਦੇਣਾ, ਆਪਣੇ ਨਿੜਿੰਨਵੇ ਔਗੁਣਾਂ ਦਾ ਖ਼ਿਆਲ ਨਹੀਂ ਕਰਨਾ। ਜੋਕ ਵਾਲੀ ਵਿਰਤੀ ਨਹੀਂ ਬਨਾਣੀ, ਸ਼ਹਿਦ ਦੀ ਮੱਖੀ ਵਾਂਗ ਗੁਣ ਗ੍ਰਾਹੀ ਬਨਣਾ। ਜਿਥੇ ਵੀ ਗੁਣ ਮਿਲੇ ਉਸਦੇ ਔਗਣਾਂ ਨੂੰ ਨਾ ਚਿਤਾਰਦਾ ਹੋਇਆ ਗੁਣ ਗ੍ਰਹਿਣ ਕਰ ਲੈਣਾ। ਹਰ ਇਕ ਨੇ ਆਪਣੇ ਕੀਤੇ ਕਰਮਾਂ ਦਾ ਫਲ ਭੋਗਣਾ ਹੈ, ਫਿਰ ਨਿੰਦਾ ਕਾਹਦੇ ਲਈ ਕਰਨੀ? ਅਗਰ ਆਪ ਉਸ ਦੇ ਹਿਤੈਸ਼ੀ ਹੋ, ਪ੍ਰੇਮ ਨਾਲ ਸਮਝਾ ਕੇ ਉਸਨੂੰ ਸ੍ਰੇਸ਼ਟ ਪੱਖ ਤੇ ਲੈ ਆਵੋ। ਅਗਰ ਇਤਨੀ ਹਿੰਮਤ ਨਹੀਂ ਤਾਂ ਆਪ ਗੁਣ ਗ੍ਰਾਹੀ ਬਣੋ। ਕਿਸੇ ਦੀ ਨਿੰਦਾ ਕਰਕੇ ਆਪਣੇ ਵਿਚ ਮਲੀਨਤਾ ਪੈਦਾ ਨਾ ਕਰੋ। ਇਹ ਸਿਆਣੇ ਸੁਘੜ ਪੁਰਸ਼ਾਂ ਕਾ ਲੱਛਣ ਹੈ, ਸੋ ਪੈਦਾ ਕਰਨਾ ਚਾਹੀਦਾ ਹੈ।

ਉੱਤਮ ਬੁਧ ਵਹੀ ਪਰਵਾਨ ਹੈ, ਕਰੇ ਜੋ ਪਰਉਪਕਾਰ॥
ਨਸ਼ਟ ਬੁਧ ਹੈ ਤਿਨੋਂ ਕੀ, ਜਪਹਿ ਨ ਹਰਿ ਉਰਧਾਰ॥
ਨਿਰਮਲ ਬੁਧ ਹੈ ਤਿਨੋਂ ਕੀ, ਜੋ ਜਪਤੇ ਹਰਿ ਨਾਮ॥
ਸੋਭਾ ਪਾਵਹਿ ਜਗਤ ਮੇਂ, ਅਰ ਦਰਗਹ ਪਰਵਾਨ॥
ਨੀਚ:- "ਪਰ ਜਸ ਕੀ ਪਾਵਕ ਵਿਖੈ, ਭਸਮ ਹੋਤ ਹੈਂ ਨੀਚ॥
ਤਾਂਤੇ ਨਿੰਦਿਆ ਕਰਤ ਹੈ, ਪਰ ਅਪਜਸ ਕੀ ਕੀਚ॥"

ਅਰਥ ਸੌਖੇ ਹੀ ਹਨ, ਚਾਣਕ ਰਿਸ਼ੀ ਦੇ ਉਪਦੇਸ਼ਾਂ ਅਨੁਸਾਰ ਜੀਵਨ ਬਦਲ ਲਵੇ, ਆਪ ਨੂੰ ਸੰਸਾਰ 'ਤੇ ਰਹਿੰਦਿਆਂ ਕੋਈ ਸੰਕਟ ਨਹੀਂ ਬਿਆਪੇਗਾ, ਇਹ ਸਾਰ ਵਸਤੂਆਂ ਦਾ ਉਪਦੇਸ਼ ਹੈ।

ਕੀਰਤਨ :- ਗੁਰਬਾਣੀ ਕਹਿੰਦੀ ਹੈ

ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥

(ਪੰਨਾ ੨੫੬)

ਤੇਦੇਵ ਸਿਧ ਪਰੀਗੀਤ ਪਵਿਤ੍ਰ ਗਾਥਾ ਯੇ ਸਾਧਵ:॥
ਸਮਦ੍ਰਿਸ਼ਟੋ ਭਗਵਤ ਪ੍ਰਪੰਨਾ, ਤਾਨ ਨ ਉਪਸੀਦਤ ਹਰੇ:॥
ਗਦਯਾ ਅਭੀ ਗੁਪ੍ਰਾਨ ਨ ਏਸ਼ਾ ਵਯੰ ਨਚ ਵਯ: ਪਰ ਭਵਾਮ ਦੰਡੇ॥

ਅਰਥ :-ਭਗਵਤ ਵਿਚ ਲਿਖਾ ਹੈ ਯਮਰਾਜ ਕਹਿਤੇ ਹੈਂ, ਹੇ ਦੂਤੋ ! ਇਸ ਸਮੇਂ ਤੁਮ ਸਭ ਹਮਾਰੀ ਆਗਿਆ ਔਰ ਬਚਨ ਸੁਣ ਕਰ ਯਾਦ ਰਖੋ ਕਿ ਜੋ ਸਾਧੂ ਨਾਰਾਇਣ ਕੇ ਸ਼ਰਣ ਹੈ ਸਰਵਤ੍ਰ ਸਮਦਰਸ਼ੀ ਹੈ, ਦੇਵਤਾ ਔਰ ਸਿਧ ਲੋਕ ਜਿਨ ਕੀ ਪਵਿੱਤ੍ਰ ਕਥਾਉਂ ਕੋ ਰਾਤ ਦਿਨ ਕਥਨ ਕੀਆ ਕਰਤੇ ਹੈਂ ਐਸੇ ਸਾਧੂਆਂ ਕੇ ਨਿਕਟ ਤੁਮ ਲੋਗ ਕਭੀ ਨਾ ਜਾਣਾ, ਕਿਉਂਕਿ ਉਨਕੇ ਨਿਕਟ ਭਗਵਾਨ ਕੀ ਗਦਾ ਸਦਾ ਸਰਵ ਪ੍ਰਕਾਰ ਕੀ ਰੱਖਿਆ ਕੀਆ ਕਰਤੀ ਹੈ। ਇਸ ਲੀਏ ਉਨ ਕੋ ਦੰਡ ਦੇਣੇ ਕੇ ਲੀਏ ਹਮਾਰੀ ਤੋ ਕਿਆ ਸਮਰਥਾ ਹੈ, ਕਾਲ ਭਗਵਾਨ ਭੀ ਉਨ ਕਾ ਕੁਝ ਨਹੀਂ ਕਰ ਸਕਦਾ। ਤਬ ਦੂਤ ਕਹਿਣੇ ਲਗੇ, ਦੰਡ ਕੇ ਲਾਇਕ ਕੌਣ ਹੈ ? ਤਬ ਯਮਰਾਜ ਕਹਿਣੇ ਲਗੇ

ਜਿਹ੍ਵਾ ਨ ਵਕ੍ਰਿ ਭਗਵਦ ਗੁਨ ਨਾਮਧੇਯੰ,
ਚੇਤਸ ਨ ਸਿਮਰਤਿ ਤਤ ਚਰਣਾਰਵਿੰਦੰ॥
ਕ੍ਰਿਸ਼ਣਾਯ ਨੋ ਨਮਿਤ ਯਤਸਿਰ ਏਕਦਾਪਿ
ਤਾ ਆਨਯ ਪੁੰ ਅਸਤ ਅਕ੍ਰਿਤ ਕ੍ਰਿਤਯਾਨ॥ ੨੩॥

ਅਰਥ :-ਹੇ ਜਮਦੂਤੋ! ਤੁਮ ਉਨਕੋ ਲੈ ਆਉ ਜਿਨ ਕੀ ਜ਼ਬਾਨ ਭਗਵਾਨ ਕੇ ਨਾਮ ਤਥਾ ਗੁਣੋਂ ਕੋ ਨਹੀਂ ਉਚਾਰਨ ਕਰਤੀ ਔਰ ਚਿਤ ਭਗਵਾਨ ਕੇ ਚਰਨੋਂ ਕਾ ਸਿਮਰਨ ਨਹੀਂ ਕਰਤਾ ਔਰ ਜਿਸ ਕਾ ਸਿਰ ਏਕ ਵਾਰੀ ਭੀ ਭਗਵਾਨ ਕੇ ਆਗੇ ਨਿਵਤਾ ਨਹੀਂ, ਤੁਮ ਲੇ ਆਣਾ ਤਥਾ ਐਸੇ ਪੁਰਸ਼ੋਂ ਕੇ ਸਭ ਅੰਗ ਨਿਸਫਲ ਹੈਂ। ਇਹ ਵਾਰਤਾ ਰਾਮਾਇਣ ਔਰ ਭਗਵਤ ਮੇਂ ਲਿਖੀ ਹੈ। ਸ਼ਰਧਾ ਔਰ ਭਗਤੀ ਕੇ ਸਾਥ ਈਸ਼ਵਰ ਦਾ ਜਸ ਕਰਨਾ ਕੀਰਤਨ ਹੈ, ਇਸ ਦਾ ਫਲ ਮਨ ਦੀ ਸ਼ੁੱਧੀ, ਚਿਤ ਦੀ ਇਕਾਗ੍ਰਤਾ, ਸਮਾਧੀ ਦਾ ਅਨੰਦ ਹੈ, ਬੁਰੇ ਪਾਪ ਕਰਮਾਂ ਅਤੇ ਭੈੜੀਆਂ ਵਾਸ਼ਨਾਂ ਦਾ ਨਾਸ਼ ਕਰਦਾ ਹੈ। ਪ੍ਰੇਮ ਭਗਤੀ ਨਾਲ ਮਨ ਪੂਰਨ ਹੋ ਜਾਂਦਾ ਹੈ। ਇਕਾਂਤ ਬੈਠ ਕਰ ਜਾਂ ਸਾਧਸੰਗਤ ਮਹਿੰ ਕੀਰਤਨ ਕਰਨ ਦਾ ਬਹੁਤ ਮਹਾਤਮ ਹੈ। ਰੱਬ ਵੀ ਕੀਰਤਨ ਗਾਨ ਕਰਨ ਵਾਲਿਆਂ ਪਾਸ ਆਪਣਾ ਨਿਵਾਸ ਕਰਤਾ ਹੈ। ਕਿਉਂਕਿ :-

ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥
ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥

(ਪੰਨਾ ੮੯੩)

ਕੀਰਤਨ ਇਕੱਲਾ ਵੀ ਕਰ ਸਕਦਾ ਹੈ, ਜਥਾ ਨਾਲ ਤਥਾ ਸੰਗਤ ਨਾਲ ਮਿਲਕੇ ਵੀ ਕੀਤਾ ਜਾਂਦਾ ਹੈ।

੧੨.੧੪ ਇੱਛਾ ਰਹਿਤ ਮਨ

ਮਨ ਰੂਪੀ ਬਨ ਮੇਂ ਸੰਕਲਪ ਰੂਪੀ ਬ੍ਰਿਛ ਹੈ, ਨਿਸ਼ਕਾਮਤਾ ਰੂਪੀ ਕੁਹਾੜੇ ਸਾਥ ਦੁਖੋਂ ਕੇ ਕਾਂਟੇਦਾਰ ਬ੍ਰਿਛ ਕੋ ਕਾਟ ਡਾਲੋ, ਹਿਰਦੇ ਦੇ ਸੰਕਲਪ ਤਿਆਗਣ ਲਗ ਪਵੇ, ਇਸ ਦੀ ਜੜ੍ਹ ਕੱਟੀ ਜਾਵੇਗੀ। ਚਿਤ ਹੀ ਸੰਸਾਰ ਦਾ ਕਾਰਨ ਹੈ, ਸਰਬ ਅਰਥ ਕਾ ਤਿਆਗ ਹੀ ਚਿਤ ਦਾ ਤਿਆਗ ਹੈ। ਦਿਲ ਵਿਚ ਅਹੰਭਾਵ ਹੋਣਾ ਹੀ ਚਿਤ ਹੈ, ਅਹੰਕਾਰ ਹੀ ਇਸ ਕਾ ਬੀਜ ਹੈ। ਆਦਮੀ ਜਮ੍ਹਾਂ ਅਹੰਕਾਰ ਬਰਾਬਰ ਹੈ ਆਦਮੀ।

ਆਦਮੀ ਨਫੀ ਅਹੰਕਾਰ ਬਰਾਬਰ ਹੈ ਪ੍ਰਮਾਤਮਾ।

ਨਿਸ਼ਕਾਮਤਾ ਰੂਪੀ ਬੇੜੀ ਵਿਚ ਸਵਾਰ ਹੋ ਕੇ ਹੀ ਆਪ ਸੰਸਾਰ ਸਾਗਰ ਨੂੰ ਪਾਰ ਕਰ ਸਕਦੇ ਹੋ। ਵਸਤੂਆਂ ਦਾ ਤਿਆਗ ਸਰਬ ਤਿਆਗ ਨਹੀਂ, ਮਨ ਸੇ ਵਸਤੂਆਂ ਦਾ ਅਸਲੀ ਤਿਆਗ ਹੀ ਤਿਆਗ ਹੈ। ਗੰਠ ਵਾਲਾ ਧਾਗਾ ਸੂਈ ਦੇ ਨੱਕੇ ਵਿਚੋਂ ਦੀ ਨਹੀਂ ਲੰਘ ਸਕਦਾ, ਇਸੇ ਤਰ੍ਹਾਂ ਕਨਕ ਕਾਮਨੀ ਕੀ ਇੱਛਾ ਵਾਲਾ ਭਗਵਾਨ ਕੋ ਨਹੀਂ ਮਿਲ ਸਕਦਾ। ਇੱਛਾ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ, ਇਨ੍ਹਾਂ ਦੀ ਪੂਰਤੀ ਤਿਆਗ ਹੀ ਹੈ। ਆਤਮਾ ਨੂੰ ਬਿਆਪਕ ਸਰੂਪ ਜਾਣ ਕੇ ਸਿਮਰਨ ਕਰੋ, ਕਦੇ ਬਦ ਇੱਛਾ ਨਹੀਂ ਹੋ ਸਕਦੀ। ਗ੍ਰਹਿਣ ਨਾਲੋਂ ਹਮੇਸ਼ਾ ਤਿਆਗ ਭਾਵਨਾ ਕਰੋ, ਇਹ ਆਤਮਾ ਨੇੜੇ ਹੋਣ ਦਾ ਤਥ ਹੈ।

੧੨.੧੫ ਪ੍ਰਤੀਪਕਸ਼ ਕੀ ਭਾਵਨਾ

ਰਾਗ ਦਵੈਸ਼ ਮਨ ਕੋ ਮਲੀਨ ਕਰਦੇ ਹਨ, ਮਲੀਨ ਮਨ ਕਦੇ ਸਥਿਰ ਨਹੀਂ ਰਹਿ ਸਕਦਾ। ਸੁਖੀਆਂ ਲਈ ਮਿੱਤਰ ਭਾਵਨਾ, ਦੁਖੀਆਂ ਲਈ ਦਯਾ ਭਾਵਨਾ, ਪੁੰਨੀਆਂ ਲਈ ਪ੍ਰਸੰਨ ਭਾਵਨਾ, ਪਾਪੀਆਂ ਲਈ ਖਿਮਾਂ ਭਾਵਨਾ, ਐਸੀਆਂ ਭਾਵਨਾਵਾਂ ਕਰਨ ਤੋਂ ਚਿਤ ਕਾਮ, ਕ੍ਰੋਧ, ਈਰਖਾ, ਰਾਗ ਦ੍ਵੈਸ਼ ਰੂਪੀ ਮੈਲ ਕੇ ਨਾਸ਼ ਹੋਣ ਤੇ ਸ਼ੁੱਧ ਹੋ ਜਾਂਦਾ ਹੈ। ਕਿਸੇ ਕਾਰਜ ਦੇ ਬਿਗੜਨੇ ਤੋਂ ਕ੍ਰੋਧ ਨਾ ਕਰੋ, ਖਿਮਾ ਧਾਰੋ। ਜਿਹੜਾ ਵਿਗੜ ਹੀ ਗਿਆ, ਹੁਣ ਕ੍ਰੋਧ ਕਰਨ ਦਾ ਕੀ ਲਾਭ? ਬੰਦਾ ਗ਼ਲਤੀ ਦਾ ਪੁਤਲਾ ਹੈ, ਚਾਰ ਆਨੇ ਦੀ ਪਿਆਲੀ ਟੁੱਟ ਜਾਣ ਤੋਂ ਕੌੜਾ ਸ਼ਬਦ ਕਹਿ ਕੇ ਅਗਲੇ ਦਾ ਦਿਲ ਤੋੜ ਦੇਣਾ, ਕਿਥੋਂ ਦੀ ਦਨਾਈ ਹੈ? ਦੂਜਾ ਕੁੱਤਾ ਇਕ ਰੋਟੀ ਲੈ ਜਾਵੇ, ਡਾਂਗ ਮਾਰ ਕੇ ਉਸਦੀ ਕਮਰ ਤੋੜ ਦੇਣੀ, ਕਿਹੜੀ ਭਲਮਾਣਸੀ ਹੈ। ਕੌੜਾ ਸ਼ਬਦ ਬੋਲਕੇ ਥੋੜੇ ਪਿਛੇ ਲੱਖਾਂ ਦਾ ਦਿਲ ਤੋੜ ਦੇਂਦਾ ਹੈ, ਪਿਆਲੀ ਦੀ ਜਗ੍ਹਾ ਪਿਆਲੀ ਮਿਲ ਸਕਦੀ ਹੈ, ਪਰ ਦਿਲ ਦਾ ਪਿਆਰ ਮਿਲਣਾ ਕਠਿਨ ਹੈ। ਸਤ ਚਿਤ ਅਨੰਦ ਸਰੂਪ ਨਾਲ ਅਭੇਦ ਪ੍ਰਾਪਤ ਕਰਨ ਲਈ ਆਪ ਨੂੰ ਵੀ ਅਨੰਦ ਸਰੂਪ ਬਨਣਾ ਪਵੇਗਾ, ਨਾਕਿ ਕ੍ਰੋਧੀ ਵਾਲਾ ਸੁਭਾਵ ਸਮਾਨ ਵਸਤੂ ਦਾ ਮੇਲ ਸਮਾਨ ਵਸਤੂ ਨਾਲ ਹੁੰਦਾ ਹੈ। ਈਸ਼ਵਰ ਸ਼ੁੱਧ ਸਰੂਪ ਹੈ, ਆਪ ਜੀ ਨੂੰ ਵੀ ਮੇਲ ਲਈ ਸ਼ੁੱਧ ਸਰੂਪ ਬਨਣਾ ਪਵੇਗਾ।

੧੨.੧੬ ਸਾਧਨਾ ਕਾ ਅਭਿਆਸ

ਪਹਿਲੀ ਬਾਤ ਹੈ ਸਾਧਨਾ ਕੋ ਸਾਧਕ ਬੋਝ ਸਮਝ ਕੇ ਨਾ ਕਰੇ, ਫਰਜ਼ ਸਮਝੇ। ਦੂਸਰਾ ਸਾਧਨ ਦਾ ਅਹੰਕਾਰ ਨਾ ਕਰੇ, ਬੱਕਰੀ ਔਰ ਬੇਸਵਾ ਵਾਲੀ ਵਿਰਤੀ ਨਾ ਧਾਰੇ। ਕਦੇ ਕਿਸੇ ਗੁਰੂ ਮਗਰ ਲਗ ਗਿਆ, ਕਦੇ ਕਿਸੇ ਮਗਰ। ਏਕ ਸੱਚੇ ਸਤਿਗੁਰ ਦਾ ਲੜ ਫੜ ਕੇ ਗੁਰੂ ਦੇ ਬਚਨਾਂ ਅਨੁਸਾਰ ਸਾਧਨ ਨੂੰ ਜੋਕ ਵਾਂਗੂੰ ਚਿਮਟ ਜਾਵੇ। ਪ੍ਰਾਪਤੀ ਤੋਂ ਬਿਨਾਂ ਸਾਧਨ ਦਾ ਤਿਆਗ ਨਾ ਕਰੇ, ਬਲਕਿ ਪ੍ਰਾਪਤੀ ਤੋਂ ਬਾਅਦ ਵੀ ਮਰਯਾਦਾ ਪੂਰਬਕ ਰਹਿੰਦਾ ਹੋਇਆ ਆਪਣੀ ਨਿਤ ਕਿਰਿਆ ਦਾ ਤਿਆਗ ਨਾ ਕਰੇ, ਨਹੀਂ ਤਾਂ ਜਗਿਆਸੂ ਜਨ ਵੀ ਨਕਲ ਕਰਕੇ ਕਿਰਿਆ ਤਿਆਗਣ ਤੋਂ ਨਰਕਗਾਮੀ ਹੋ ਜਾਂਦੇ ਹਨ। ਮੁੱਢ ਤੋਂ ਅਖ਼ੀਰ ਤੱਕ ਸਤਿਗੁਰਾਂ ਦੀ ਦੱਸੀ ਮਰਯਾਦਾ ਵਿਚ ਆਪਣਾ ਜੀਵਨ ਨਿਭਾ ਦੇਵੇ, ਨਿਰਾ ਗਿਆਨ ਦੀਆਂ ਡੀਂਗਾਂ ਮਾਰ ਕੇ ਨਿਤ ਸਾਧਨ ਅਤੇ ਮਰਯਾਦਾ ਦਾ ਤਿਆਗੀ ਨਾ ਹੋਵੇ। ਅਸਲੀ ਪੁੱਤਰ ਉਹ ਹੀ ਹੈ ਜੋ ਓੜਕ ਤੀਕ ਬਾਪੂ ਦੇ ਬਚਨਾਂ ਦੀ ਪਾਲਣਾ ਕਰਦਾ ਹੈ, ਐਸਾ ਗੁਰੂ ਹੁਕਮ ਹੈ। ਕਿਸੇ ਲੋਭ ਵਿਚ, ਡਰ ਦਬਾ ਵਿਚ ਆ ਕੇ ਆਪਣੇ ਸਾਧਨ ਕਰਮ ਨੂੰ ਨਾ ਤਿਆਗੇ, ਬੇਸ਼ਕ ਦੁੱਖ ਬਰਦਾਸ਼ਤ ਕਰ ਲਵੇ। ਸੀਸ ਜਾਂ ਸਰੀਰ ਗੁਰੂ ਕੀ ਅਮਾਨਤ ਹੈ *'ਸਿਰੁ ਦੀਜੈ ਕਾਣਿ ਨ ਕੀਜੈ'* ਮਹਾਵਾਕ 'ਤੇ ਫੁੱਲ ਚੜ੍ਹਾਵੇ॥

੧੨.੧੭ ਭਗਵਾਨ ਦੇ ਹੁਕਮ ਵਿਚ ਅਨੰਦਿਤ ਰਹੇ :

ਭਗਵਾਨ ਨੂੰ ਆਪਣਾ ਸਰਬੰਸ ਅਰਪ ਦੇਣਾ। ਅਗਰ ਸੁਖ ਹੋਵੇ ਉਸਦੀ ਬਖ਼ਸ਼ਿਸ਼ ਜਾਣ ਕੇ ਧੰਨਵਾਦ ਕਰਨਾ, ਦੁੱਖ ਆ ਜਾਵੇ ਕਰਮਾਂ ਦਾ ਫਲ ਜਾਣ ਕੇ ਖਿਮਾਂ ਲਈ ਬੇਨਤੀ ਕਰਨੀ ਕਿ ਹੇ ਪ੍ਰਭੂ ! ਮੈਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੀਂ। ਦੁੱਖ ਇਸ ਦੇ ਜੀਵਨ ਸੁਧਾਰ ਲਈ ਪ੍ਰਭੂ ਭੇਜਦਾ ਹੈ, ਇਨ੍ਹਾਂ ਨਾਲ ਪ੍ਰਭੂ ਯਾਦ ਆਉਂਦੇ ਹਨ, ਸਿਮਰਨ ਕਰਦਾ ਹੈ, ਪਾਪਾਂ ਦੀ ਮੈਲ ਧੋਤੀ ਜਾਂਦੀ ਹੈ। ਉਸਦੀ ਕੀਤੀ ਤੇ ਨੁਕਤਾਚੀਨੀ ਤਰਕ ਬਿਤਰਕ ਨਹੀਂ ਕਰਨੀ।

ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥

(ਪੰਨਾ ੩੯੪)

ਰਾਜ਼ੀ ਹੈਂ ਹਮ ਉਸੀ ਮੇਂ ਜਿਸ ਮੇਂ ਤੇਰੀ ਰਜ਼ਾ ਹੋ॥
ਯਹਾਂ ਯੂ ਭੀ ਵਾਹ ਵਾਹ ਔਰ ਯੂੰ ਭੀ ਵਾਹ ਵਾਹ ਹੋ॥

-o-

ਓਹਦੀ ਰਜ਼ਾ ਦੇ ਰੰਗ ਵਿਚ ਮਨ ਨੂੰ ਰੰਗੀਂ ਕੁੜੇ॥
ਬੁਲ੍ਹਾਂ ਤੇ ਸ਼ਿਕਵਾ ਨਾ ਆਉਣ ਦੇ, ਬੁਲ੍ਹਾਂ ਨੂੰ ਘੁੱਟ ਕੇ ਸੀਂ ਕੁੜੇ॥

ਵੈਰ ਔਰ ਈਰਖਾ ਦਾ ਤਿਆਗ :-

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ ੭੮॥

(ਪੰਨਾ ੧੩੮੧-੮੨)

ਕਿਉਂਕਿ :

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥

(ਪੰਨਾ ੯੩੨)

ਅਰਥ :-ਬਾਬਾ ਫਰੀਦ ਜੀ ਫਰਮਾਂਦੇ ਹਨ-ਬੁਰੇ ਦਾ ਵੀ ਭਲਾ ਕਰੋ, ਮਨ ਵਿਚ ਗ਼ੁੱਸਾ ਨਾ ਕਰੋ। ਈਰਖਾ ਵਧਿਆ ਹੋਇਆ ਕ੍ਰੋਧ ਹੀ ਹੈ। ਦੇਹੀ (ਮਨ) ਨੂੰ ਐਸਾ ਰੋਗ ਨਾ ਚੰਬੜੇ, ਤਾਂ ਜੋ ਤੈਨੂੰ ਸਭ ਕੁਝ ਪ੍ਰਾਪਤ ਹੋ ਜਾਵੇ।

ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ॥
ਤਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇ॥ ੪੧॥

(ਸਲੋਕ ਸਹਸਹਿਕ੍ਰਿਤੀ, ਪੰਨਾ ੧੩੫੭)

ਜਿਵੇਂ ਕੋਈ ਬੱਕਰੀ ਕੰਦਮੂਲ ਖਾਂਦੀ ਹੋਵੇ, ਨਿਵਾਸ ਸ਼ੇਰ ਕੋਲ ਹੋਵੇ, ਉਸਨੂੰ ਖਾਧੀ

ਖ਼ੁਰਾਕ ਦਾ ਕੋਈ ਲਾਭ ਨਹੀਂ ਹੁੰਦਾ। ਐਸੀ ਗਤੀ ਹੀ ਸੰਸਾਰ ਦੀ ਹੈ, ਅਨੇਕ ਜਤਨਾਂ ਕਰਕੇ ਜੀਵ ਖ਼ੁਸ਼ੀ ਪ੍ਰਾਪਤ ਕਰਦਾ ਹੈ, ਪ੍ਰੰਤੂ ਅਹੰਕਾਰ ਰੂਪੀ ਸ਼ੇਰ ਦੇ ਹੋਣ ਕਰਕੇ ਸਾਧਨਾ ਰੂਪੀ ਖ਼ੁਰਾਕ ਪੂਰਾ ਫਲ ਨਹੀਂ ਦੇਂਦੀ ਭਾਵ ਕੋਈ ਨਾ ਕੋਈ ਦੁੱਖ ਬਿਆਪਦਾ ਰਹਿੰਦਾ ਹੈ, ਜਿਤਨੀ ਦੇਰ ਜਦ ਤੀਕ ਕਿਸੇ ਦਾ ਬਣ ਕੇ ਨਹੀਂ ਰਹਿੰਦਾ। ਇਸ ਲਈ ਗੁਰੂ ਦੇ ਬਣ ਜਾਣਾ ਚਾਹੀਦਾ ਹੈ। ਜੋ ਨਿਰਵੈਰ ਤੇ ਨਿਰਭਉ ਸਰੂਪ ਹਨ, ਜਿਨ੍ਹਾਂ ਦੀ ਸੇਵਾ ਤੋਂ ਸਾਰੇ ਡਰ ਦੂਰ ਹੋ ਜਾਣ।

ਸ਼ਤਰੂ ਕੋ ਭੀ ਨਫਰਤ ਸੇ ਨ ਦੇਖੋ, ਸ਼ਾਇਦ ਵਹ ਮੁਹੱਬਤ ਕਰ ਬੈਠੇ। ਜੇ ਤੂੰ ਪ੍ਰੀਤਮ ਕਾ ਦਰਸ਼ਨ ਪੌਣਾ, ਕਿਸੇ ਨਾਲ ਵੈਰ ਨਾ ਕਰੀਂ। ਰਾਗ ਦ੍ਵੈਸ਼ ਤਿਆਗ, ਦੂਸਰੇ ਦੇ ਦੁੱਖ ਨੂੰ ਦੁੱਖ ਅਤੇ ਸੁਖ ਨੂੰ ਸੁਖ ਜਾਣ। ਅਗਿਆਨਤਾ ਕਰਕੇ ਈਰਖਾ ਹੈ। ਜੋ ਦੂਸਰੇ ਦਾ ਬੈਭਵ ਦੇਖ ਕੇ ਸੜਨਾ, ਗਿਆਨ ਤੋਂ ਬਾਅਦ ਇਨ੍ਹਾਂ ਸਾਰੇ ਵਿਕਾਰਾਂ ਤੋਂ ਰਹਿਤ ਹੋ ਜਾਂਦਾ ਹੈ। ਗਿਆਨ ਦੀ ਪ੍ਰਾਪਤੀ ਗੁਰੂ ਦੀ ਸ਼ਰਨ ਔਰ ਆਗਿਆ ਪਾਲਨ ਤੋਂ ਹੈ, ਤਾਂਤੇ ਸ਼ਾਂਤੀ ਔਰ ਗਿਆਨ ਲਈ ਗੁਰੂ ਭਗਤੀ ਅਤੀ ਜ਼ਰੂਰੀ ਹੈ।

ਕ੍ਰੋਧ ਕਰਨਾ ਕਾਇਰਤਾ ਹੈ, ਬੀਰਰਸੀ ਸੂਰਮਿਆਂ ਦਾ ਧਨ ਹੈ, ਜੋ ਗਊ ਗਰੀਬ ਦੀ ਰੱਖਿਆ ਵਿਚ ਸਹਾਇਕ ਹੈ। ਸੂਰਮਾ ਕ੍ਰੋਧ ਨੂੰ ਬੀਰਰਸੀ ਵਿਚ ਬਦਲ ਦੇਂਦਾ ਹੈ ਜੋ ਕਲਿਆਣ ਦਾ ਮਹਾਨ ਸਾਧਨ ਹੈ।

੧੨.੧੮ ਕੀਤੇ ਇਕਰਾਰ ਨੂੰ ਪੂਰਾ ਕਰਨਾ

ਸਾਧਸੰਗਤ ਵਿਚ ਜੋ ਵੀ ਬਚਨ ਕੀਤਾ ਜਾਵੇ ਉਸਨੂੰ ਪੂਰਾ ਨਿਭਾਣਾ ਚਾਹੀਦਾ ਹੈ। ਭਾਵੇਂ ਕਿਤਨਾ ਵੀ ਸੰਕਟ ਬਿਆਪੇ ਉਸਦੀ ਪੂਰਤੀ ਕਰਨੀ ਚਾਹੀਦੀ ਹੈ। ਲੋਭ ਵਸ ਹੋ ਕੇ ਬਚਨ ਤੋਂ ਫਿਰਨਾ ਮਨੁੱਖਤਾ ਨਹੀਂ, ਕਿਉਂਕਿ ਕੋਈ ਬਾਤ ਅਸੰਭਵ ਨਹੀਂ ਸਭ ਸੰਭਵ ਹੈ। ਗੁਰੂ ਨਾਰਾਇਣ ਦੀ ਓਟ ਲੈ ਕੇ ਕਾਰਜ ਕਰੋ, ਪ੍ਰਭੂ ਸਫਲਤਾ ਦੇਵੇਂਗੇ।

ਰਘੁਕੁਲ ਰੀਤ ਸਦਾ ਚਲ ਆਈ। ਪ੍ਰਾਣ ਜਾਏ ਪਰ ਵਚਨ ਨਾ ਜਾਈ।

੧੨.੧੯ ਤਪ ਅਤੇ ਮੌਨ

ਤਪ ਦਾ ਭਾਵ ਹੈ ਦੁੱਖ ਸੁੱਖ ਬਰਦਾਸ਼ਤ ਕਰਕੇ ਸਾਧਨਾ ਕਰਨਾ। ਅਸਲੀ ਤਪ ਇਹ ਨਹੀਂ ਫਾਕੇ ਰੱਖਣੇ, ਹਾਂ ਸੰਜਮ ਰਖਣਾ ਜ਼ਰੂਰੀ ਹੈ, ਮਨ ਨੂੰ ਗਿਆਨ ਚਾਬੁਕ ਤੋਂ ਕਾਬੂ ਕਰ ਸਕਦੇ ਹਨ। ਬਹੁਤੇ ਫਾਕਿਆਂ ਨਾਲ ਸਰੀਰ ਦੁਰਬਲ ਹੋ ਜਾਂਦਾ ਹੈ, ਸਾਧਨ ਵਿਚ ਪੂਰਾ ਸਾਥ ਨਹੀਂ ਦੇਂਦੇ। ਜਿਵੇਂ ਘੋੜਾ ਕਮਜ਼ੋਰ ਹੋ ਜਾਵੇ, ਮੌਕੇ ਤੇ ਕੰਮ ਨਹੀਂ ਦੇ ਸਕੇਗਾ। ਮਨ ਨੂੰ ਵਸਤੂ ਦੇ ਬਿਚਾਰ ਰਾਹੀਂ ਕਾਬੂ ਕਰਨਾ ਹੈ। ਉਂਜ ਕਦੇ-ਕਦੇ ਸਰੀਰ ਸ਼ੁੱਧੀ ਲਈ ਮਨ ਦੀ ਪਵਿੱਤ੍ਰਤਾ ਲਈ ਉਪਵਾਸ ਕਰਨਾ ਮਾੜਾ ਨਹੀਂ ਹੈ। ਸੰਗਤ ਲਈ ਲੰਗਰ ਵਿਚ ਜਲ ਢੋਣਾ, ਜਲ

ਧਾਰਾ ਕਰਨੀ ਹੈ, ਲੋਹ ਹੇਠ ਬਾਲਣ ਝੋਕਣਾ ਧੂਣੀਆਂ ਤਪਾਉਣੀਆਂ ਹਨ, ਨਾਲ ਸਿਮਰਨ ਕਰਨਾ ਮਨ ਦੀ ਇਕਾਗ੍ਰਤਾ ਲਈ ਹੈ। ਸੇਵਾ ਸਿਮਰਨ ਜੀਵ-ਆਤਮਾ ਦੀ ਉਡਾਣ ਦੇ ਦੋ ਪਰ ਹਨ। ਮੋਨ ਰੱਖਣ ਨਾਲ ਜ਼ਬਾਨ ਵਾਧੂ ਘਾਟੂ ਗੱਲਾਂ ਤੋਂ ਰੁਕ ਜਾਂਦੀ ਹੈ, ਬਾਦ ਬਿਬਾਦ ਮਿੱਟ ਜਾਂਦਾ ਹੈ, ਅੱਧਾ ਮਨ ਜ਼ਬਾਨ ਨੂੰ ਗੱਲਾਂ ਤੋ ਰੋਕਣ ਨਾਲ ਕਾਬੂ ਹੋ ਜਾਂਦਾ ਹੈ। ਅਗਰ ਮੋਨ ਧਾਰ ਕੇ ਸਿਮਰਨ ਕੀਤਾ ਜਾਵੇ ਤਾਂ ਫਿਰ ਕਿਆ ਕਹਿਣਾ। ਨਿਰਾ ਮੋਨ ਸਿਮਰਨ ਤੋਂ ਬਿਨਾਂ ਪਾਖੰਡ ਹੈ ਜੋ ਅੰਦਰ ਭੋਗੋਂ ਪਦਾਰਥੋਂ ਕੀ ਕਲਪਨਾ ਹੈ। ਕਲਪਨਾ ਤੋਂ ਰਹਿਤ ਹੋਣਾ ਮਹਾਮੋਨ ਹੈ, ਮੋਨੀ ਪੁਰਸ਼ ਬਹੁਤ ਸਮਾਂ ਇਕਾਂਤ ਗੁਜ਼ਾਰ ਸਕਦਾ ਹੈ। ਦੂਸਰਾ ਹਰ ਵਕਤ ਦੂਸਰੇ ਪੁਰਸ਼ ਨਾਲ ਗੱਲਬਾਤ, ਅਖ਼ਬਾਰ, ਸਿਨੇਮੇ ਆਦਿਕਾਂ ਨਾਲ ਦਿਲ-ਪਰਚਾਵਾ ਕਰਦਾ ਹੈ, ਪਰ ਮੋਨ ਧਾਰਨ ਵਾਲਾ ਅਭਿਆਸੀ ਸਿਮਰਨ ਕਰਕੇ ਪ੍ਰਭੂ ਨੇੜੇ ਪਹੁੰਚਦਾ ਹੈ। ਹਰ ਜਸ ਲਈ ਮਹਾਰਾਜ ਜੀ ਨੇ ਸਾਰੇ ਰੋਮਾਂ ਦੀਆਂ ਜ਼ਬਾਨਾਂ ਮੰਗੀਆਂ ਹਨ। ਨਿੰਦਿਆ ਚੁਗਲੀ ਲਈ ਇਕ ਜ਼ਬਾਨ ਵੀ ਪਾਪ ਦਾ ਕਾਰਨ ਹੈ। ਇਨ੍ਹਾਂ ਤੋਂ ਬਚਾਅ ਦਾ ਸਾਧਨ ਮਨ ਨੂੰ ਬੁਰੇ ਭਲੇ ਫੁਰਨੇ ਤੋਂ ਰਹਿਤ ਕਰਨਾ। ਮਨ ਹੀ ਫੁਰਨਾ ਨਾ ਕਰੇ, ਫਿਰ ਜ਼ਬਾਨ ਮਿਥਿਆ ਭਾਸ਼ਣ ਕਿਆ ਕਰੇਗੀ, ਨਹੀਂ ਕਰ ਸਕੇਗੀ। ਨਿਰਾ ਜ਼ਬਾਨ ਦੇ ਮੋਨ ਦਾ ਕੋਈ ਖਾਸ ਮੁੱਲ ਨਹੀਂ, ਮਨ ਦੇ ਮੋਨ ਨਾਲ ਬੇਕੀਮਤੀ ਹੈ।

੧੨.੨੦ ਬੁਰੇ ਅਤੇ ਅਨਾਵਸ਼ਕ ਸੰਕਲਪ

ਬੁਰਾ ਸੰਕਲਪ ਉਹ ਹੈ ਜਿਸ ਸੇ ਦੂਸਰੇ ਕੀ ਹਾਨੀ ਹੋਵੇ। ਜਿਸ ਦਾ ਵਰਤਮਾਨ ਕਾਲ ਮੇਂ ਕੋਈ ਸੰਬੰਧ ਨਾ ਹੋਵੇ ਜਾਂ ਜਿਸ ਸੰਕਲਪ ਕੋ ਪੂਰਾ ਕਰਨੇ ਕਾ ਆਪ ਮੇਂ ਸਾਹਸ ਜਾਂ ਯੋਗਤਾ ਨਾ ਹੋਵੇ, ਵਰਤਮਾਨ ਕਾਲ ਵਿਚ ਪੂਰਨ ਕਰਨਾ ਅਵੱਸ਼ਕ ਜਾਂ ਸੰਭਵ ਨਾ ਹੋਵੇ, ਐਸੇ ਸੰਕਲਪਾਂ ਦਾ ਨਾਮ ਅਨਾਵਸ਼ਕ ਸੰਕਲਪ ਹੈ। ਮਨ ਵਿਚ ਬੇਲੋੜੀਆਂ ਬਾਤਾਂ ਦਾ ਚਿਤਵਨਾ, ਹਵਾਈ ਕਿਲ੍ਹੇ ਬਨਾਣਾ। ਅਵੱਸ਼ਕ ਸੰਕਲਪ ਉਹ ਹੋਤੇ ਹੈਂ ਜਿਨ੍ਹਾਂ ਦੀ ਪੂਰਤੀ ਵਿਚ ਹੋ ਜਾਵੇ। ਜਿਵੇਂ ਭੋਜਨ ਆਦਿ। ਬਿਰਥਾ ਸੰਕਲਪਾਂ ਤੋਂ ਬਚਣਾ ਚਾਹੀਦਾ ਹੈ, ਬਿਰਥਾ ਸੰਕਲਪ ਐਵੇਂ ਮਨ ਤੇ ਬੋਝ ਰੂਪ ਹੀ ਹਨ। ਇਸ ਲਈ ਬੁਰੇ ਅਤੇ ਅਨਾਵਸ਼ਕ ਸੰਕਲਪਾਂ ਦਾ ਤਿਆਗ ਵੀ ਚਿਤ ਸ਼ੁੱਧੀ ਕਾ ਏਕ ਉਪਾਇ ਹੈ। ਖਿਆਲੀ ਪਲਾਵ ਬਨਾਣਾ ਛੋਡ ਦਿਉ, ਇਹ ਬਿਅਰਥ ਦੀ ਕਲਪਨਾ ਹੈ। ਬਿਅਰਥ ਵਸਤੂ ਦਾ ਚਿੰਤਨ ਈਸ਼ਵਰ ਚਿੰਤਨ ਦਾ ਬੜਾ ਸਤ੍ਰੂ ਹੈ।

੧੨.੨੧ ਭਾਵ ਜਾਂ ਸੰਕਲਪ ਕੀ ਸ਼ੁੱਧੀ

ਇਹ ਜਾਨਣਾ ਜ਼ਰੂਰੀ ਹੈ ਕਿ ਕਰਮ ਕਿਥੋਂ ਉਤਪੰਨ ਹੋਇਆ ਹੈ। ਕਰਮ ਸੰਕਲਪ ਤੋਂ ਬਣਦਾ ਹੈ, ਸ਼ੁੱਧ ਸੰਕਲਪ ਤੋਂ ਸ਼ੁੱਧ ਕਰਮ ਬਣੇਗਾ, ਮਲੀਨ ਸੰਕਲਪ ਮਲੀਨਤਾ ਵਾਲੇ ਕਰਮ ਕਰਵਾਏਗਾ। ਕਰਮ ਦੀ ਸ਼ੁੱਧੀ ਵਾਸਤੇ ਕਰਤਾ ਕੋ ਪਹਿਲੇ ਅਹੰਭਾਵ ਮੇਟਣਾ ਪਵੇਗਾ,

ਕਾਰਨ ਦੀ ਸ਼ੁੱਧੀ ਤੋਂ ਬਿਨਾਂ ਕਾਰਜ ਸ਼ੁੱਧ ਨਹੀਂ ਹੋਤਾ। ਸਾਧਕ ਨੂੰ ਆਪਣੇ ਆਪ ਕੋ ਭਗਵਾਨ ਕਾ ਸੇਵਕ ਜਾਣ ਕੇ ਉਸ ਦੀ ਪ੍ਰਸੰਨਤਾ ਵਾਲਾ ਕਰਮ ਕਰਨਾ ਚਾਹੀਦਾ ਹੈ। ਜਦੋਂ ਐਸਾ ਭਾਵ ਹੋਵੇਗਾ ਬਿਪਰੀਤ ਕਰਮ ਨਹੀਂ ਹੋ ਸਕੇਗਾ। ਵਾਹਿਗੁਰੂ ਨੂੰ ਸਦਾ ਹਾਜ਼ਰ-ਨਾਜ਼ਰ, ਅੰਗ-ਸੰਗ ਸਮਝ ਕੇ ਕਾਰਜ ਕਰਨਾ ਅਤੇ ਸੁਮੱਤ ਲਈ ਅਰਦਾਸ ਕਰਨੀ। ਵਿਚਾਰ ਵਾਲਾ ਪੁਰਸ਼ ਪਹਿਲੇ ਅਹੰਭਾਵ ਮਿਟਾ ਦੇਤਾ ਹੈ, ਮਮਤਾ ਸ੍ਵੈਮ ਖ਼ਤਮ ਹੋ ਜਾਵੇਗੀ। ਅਹੰਭਾਵ ਮਿਟਾਨੇ ਸੇ ਗਿਆਨ ਅਤੇ ਮਮਤਾ ਮੇਟਣ ਤੋਂ ਭਗਵਤ ਪ੍ਰੀਤੀ ਉਤਪੰਨ ਹੋ ਜਾਤੀ ਹੈ। ਪ੍ਰੇਮੀ ਪੁਰਸ਼ ਅਹੰਤਾ ਮਮਤਾ ਨੂੰ ਗਾਲ ਕਰ ਪਿਆਰੇ ਦੀ ਪ੍ਰੀਤ ਬਣ ਜਾਂਦਾ ਹੈ।

੧੨.੨੨ ਬਿਬੇਕ ਔਰ ਮਨ ਦੀ ਏਕਤਾ

ਬਿਬੇਕ ਤੋਂ ਸਾਧਕ ਦੋਸ਼ਾਂ ਦਾ ਤਿਆਗ ਕਰਕੇ ਸ੍ਰੇਸ਼ਟ ਗੁਣਾਂ ਨੂੰ ਧਾਰਨ ਕਰਦਾ ਹੈ। ਜਿਤਨੀ ਦੇਰ ਇਹ ਬੁਰਾਈਆਂ ਦੇ ਰਸ ਵਿਚ ਤਦਾਕਾਰ ਹੈ ਇਸ ਨੂੰ ਭਲੇ ਗੁਣਾਂ ਦਾ ਰਸ ਨਹੀਂ ਆ ਸਕਦਾ। ਬਿਬੇਕ ਦੁਆਰਾ ਸਤ ਅਸਤ ਦਾ ਨਿਰਣਾ ਕਰਕੇ ਉਹ ਗੁਣ ਜੋ ਸਤ ਮਾਰਗ ਅਤੇ ਸਤ ਦੀ ਪ੍ਰਾਪਤੀ ਲਈ ਸਹਾਇਕ ਹਨ, ਧਾਰਨ ਕਰੇ ਅਤੇ ਅਸਤ ਕਰਮ ਜੋ ਪ੍ਰਭੂ ਭਗਤੀ ਤੋਂ ਵੇਮੁਖ ਕਰਨ ਵਾਲੇ ਦੋਸ਼ ਰੂਪ ਹਨ, ਤਿਆਗ ਕਰ ਦੇਵੇ, ਦੇਰੀ ਨਾ ਕਰੇ। ਮਨੁੱਖ ਵਿਚ ਬੜੀ ਭੁਲ ਹੈ, ਬਿਬੇਕ ਦੀ ਕਦਰ ਨਹੀਂ ਕਰਦਾ ਔਰ ਉਲਟਾ ਬਿਪਰੀਤ ਕਾਰਜ ਕਰਦਾ ਹੈ। ਅਗਰ ਐਸੀ ਭੁੱਲ ਨੂੰ ਛੋੜ ਦੇਵੇ, ਭਗਵਾਨ ਦੀ ਪ੍ਰਾਪਤੀ ਵਿਚ ਦੇਰੀ ਨਾ ਲਗੇ। ਬਿਬੇਕ ਦੇ ਆਦਰ ਦਾ ਬਦਲਾਵ ਇਹ ਹੈ, ਬੈਰਾਗ ਦੀ ਉਤਪਤੀ, ਬੈਰਾਗ ਤੋਂ ਯੋਗ, ਯੋਗ ਤੋਂ ਬੋਧ, ਬੋਧ ਦੀ ਪੂਰਨਤਾ ਵਿਚ ਪ੍ਰੇਮੀ ਛੁਪਿਆ ਹੋਇਆ ਹੈ। ਇਸ ਲਈ ਚਿਤ ਸ਼ੁੱਧੀ ਦੇ ਲਈ ਜਾਤੀ ਏਕਤਾ ਪੈਦਾ ਕਰੇ ਕਿ ਮੈਂ ਈਸ਼ਵਰ ਦੀ ਜਾਤ ਆਤਮਾ ਹੂੰ, ਸਰੀਰ ਨਹੀਂ ਹੂੰ। ਜਿਹੜੀ ਵਸਤੂ ਨਾਲ ਮੈਂ ਸ਼ਬਦ ਮਿਲਾ ਦਿਤਾ ਵੋਹ ਹੀ ਸਤ ਪ੍ਰੀਤ ਹੋਤਾ ਹੈ। ਇਸ ਲਈ ਬਿਬੇਕ ਔਰ ਮਨ ਦੀ ਏਕਤਾ, ਚਿਤ ਦੀ ਸ਼ੁੱਧੀ ਦਾ ਏਕਤਾ ਉਪਾਏ ਹੈ, ਜੇਕਰ ਕਰ ਲਿਆ ਜਾਵੇ ਤਾਂ। ਰਾਗ ਕਾ ਅਰਥ ਹੈ ਆਸ਼ਕਤੀ, ਦ੍ਵੈਸ਼ ਭਾਵ ਹੈ ਵੈਰ, ਇਹ ਦੋਨੋਂ ਸਾਧਕ ਦੇ ਮਨ ਵਿਚ ਰੁਕਾਵਟ ਰੂਪ ਹਨ ਅਤੇ ਦੁੱਖ ਸੁੱਖ ਦਾ ਕਾਰਨ ਹਨ ਅਤੇ ਚਿਤ ਸ਼ੁੱਧੀ ਨਹੀਂ ਹੋਣੇ ਦੇਤੇ। ਜਿਸ ਨਾਲ ਪ੍ਰੀਤ ਹੋਵੇ ਉਸਦੀ ਸ਼ਕਲ ਵੀ ਨੇਤਰਾਂ ਮੋਹਰੇ ਘੁੰਮਦੀ ਰਹਿੰਦੀ ਹੈ। ਜੋ ਧਿਆਨ ਵਿਚ ਰੋਕ ਹੈ ਸਾਡੇ ਭਲੇ ਬੁਰੇ ਹੀ ਦੁਖ ਸੁਖ ਦਾ ਕਾਰਨ ਹਨ। ਹੋਰ ਕੋਈ ਸਾਨੂੰ ਦੁੱਖ ਸੁੱਖ ਨਹੀਂ ਦੇਂਦਾ, ਜੋ ਇਕ ਦੂਸਰੇ ਨੂੰ ਕਹਿਣਾ ਕਿ ਫਲਾਨੇ ਤੋਂ ਮੈਨੂੰ ਦੁਖ ਸੁਖ ਮਿਲਿਆ ਇਹ ਇਕ ਭੁੱਲ ਹੈ। ਪ੍ਰੇਮ ਵਿਚ ਸਵਾਰਥ ਨਹੀਂ ਰਹਿੰਦਾ, ਜਿਥੇ ਸਵਾਰਥ ਹੈ ਉਥੇ ਮੋਹ ਹੈ, ਇਹ ਮਲਨ ਭਾਵ ਹੈ। ਅਸੀਂ ਭਗਵਾਨ ਦੀ ਕਿਰਪਾ ਜੋ ਮਾਨਸ ਦੇਹਾਂ ਨੂੰ ਪਦਾਰਥਾਂ ਤੇ ਬਸਤਰਾਂ ਨੂੰ ਦੇਂਦਾ ਹੈ, ਧੰਨਵਾਦ ਨਹੀਂ ਕਰਦੇ। ਰਾਗ ਦ੍ਵੈਸ਼ ਦੇ ਅੰਤ ਬਿਨਾਂ ਜੀਵ ਨਿਸ਼ਕਾਮ ਨਹੀਂ ਹੋ ਸਕਦਾ। ਚਿਤ ਸ਼ੁੱਧੀ ਲਈ ਜ਼ਰੂਰੀ ਹੈ ਕਿਸੇ ਦਾ ਰਿਣੀ ਨਾ ਰਹੇ। ਸ਼ੁੱਧ

ਪ੍ਰੇਮ ਹੀ ਉਸਨੂੰ ਕਿਹਾ ਜਾਂਦਾ ਹੈ ਜਿਥੇ ਲੈਣ ਦੇਣ ਦਾ ਸੰਬੰਧ ਨਾ ਹੋਵੇ, ਨਿਸ਼ਸਪ੍ਰੀਗ ਇੱਛਾ ਰਹਿਤ ਤਿਆਗੀ ਬਿਰਕਤ ਹੋ ਜਾਵੇ।

੧੨.੨੩ ਅਭਿਮਾਨ ਦੋਸ਼ਾਂ ਦਾ ਕਾਰਨ

ਇਹ ਵੀ ਚਿਤ ਦੀ ਅਸ਼ੁੱਧੀ ਦਾ ਕਾਰਨ ਹੈ, ਆਪੂੰ ਨਾਲੋਂ ਘੱਟ ਗੁਣਾਂ ਵਾਲੇ ਵਿਅਕਤੀ ਨਾਲ ਨਫਰਤ ਕਰਨੀ। ਇਹ ਮੇਰੇ ਸਾਹਮਣੇ ਕੀ ਹੈ ਅਤੇ ਆਪੂੰ ਨਾਲੋਂ ਜ਼ਿਆਦਾ ਗੁਣਾਂ ਵਾਲੇ ਨਾਲ ਵੈਰ ਕਰਨਾ, ਇਹ ਵੀ ਇਕ ਮਹਾਨ ਦੋਸ਼ ਹੈ। ਆਪਣੇ ਦੋਸ਼ਾਂ ਨੂੰ ਦੇਖਣਾ ਨਾ, ਹਰ ਵੇਲੇ ਦੂਸਰੇ ਉਪਰ ਨੁਕਤਾਚੀਨੀ ਕਰੀ ਜਾਣੀ, ਐਸਾ ਜੀਵ ਇਕ ਦਿਨ ਦੋਸ਼ਾਂ ਨਾਲ ਗ੍ਰਸਤ ਹੋ ਜਾਂਦਾ ਹੈ। ਪ੍ਰਮੇਸ਼ਰ ਤੋਂ ਡਰਨਾ ਚਾਹੀਦਾ ਹੈ। ਜਿਹੜੇ ਐਬ ਇਕ ਦੂਸਰੇ ਵਿਚ ਦੇਖ ਕੇ ਉਸਦਾ ਮਜ਼ਾਕ ਉਡਾਤਾ ਹੈ, ਕਿਸੇ ਦਿਨ ਉਹੀ ਦੋਸ਼ ਇਸਦਾ ਮਜ਼ਾਕ ਉਡਾਤੇ ਹੈਂ।

੧੨.੨੪ ਸੁਖ ਭੋਗ ਕੀ ਇਛਾਓਂ ਕਾ ਤਿਆਗ

ਪੁੱਤਰ ਇੱਛਾ, ਧਨ ਦੀ ਇੱਛਾ, ਲੋਕ ਪ੍ਰਿਯ ਇੱਛਾ : ਇਹ ਤਿੰਨੇ ਗਿਆਨ ਮਾਰਗ ਵਿਚ ਬਾਧਾ ਰੂਪ ਹਨ। ਜਦ ਤੀਕ ਮਨ ਦੀਆਂ ਬਿਰਤੀਆਂ ਜਾਂ ਲਹਿਰਾਂ ਜੋ ਇੱਛਾ ਰੂਪ ਹਨ, ਬੰਦ ਨਹੀਂ ਹੁੰਦੀਆਂ, ਆਤਮਾ ਦਾ ਗਿਆਨ ਸੁਪਨਾ ਹੋ ਕੇ ਰਹਿ ਜਾਂਦਾ ਹੈ। ਜਿਵੇਂ ਅੱਗ ਨੂੰ ਧੂੰਆਂ ਢੱਕ ਲੈਂਦਾ ਹੈ, ਸ਼ੀਸ਼ੇ ਨੂੰ ਮੈਲ, ਇਸੇ ਤਰ੍ਹਾਂ ਇੱਛਾ ਗਿਆਨ ਪਰ ਆਵਰਣ (ਪਰਦਾ) ਰੂਪ ਹਨ। ਮਨੁੱਖ ਅਗਿਆਨ ਕੀ ਘੁੰਮਣਘੇਰੀ ਮੇਂ ਚੱਕਰ ਕੱਟਦਾ ਰਹਿੰਦਾ ਹੈ। ਖਾਣ ਪੀਣ, ਪਹਿਨਣ, ਜੀਨੇ ਦੀ ਇੱਛਾ ਨੇ ਮਨੁੱਖ ਕੋ ਈਸ਼ਵਰ ਸੇ ਦੂਰ ਕਰ ਰਖਿਆ ਹੈ। ਜੀਨੇ ਦੀ ਨਿਰਾਸਾ ਹੀ ਬੈਰਾਗ ਪੈਦਾ ਕਰਤੀ ਹੈ। ਅਹੰਭਾਵ ਕਾ ਕਾਰਨ ਭੋਗ ਪਦਾਰਥੋਂ ਕੀ ਇੱਛਾ ਕਰਦਾ ਹੈ। ਬਿਚਾਰ-ਪ੍ਰੇਮ ਹੀ ਇਨ੍ਹਾਂ ਦੇ ਤਿਆਗ ਦਾ ਸਾਧਨ ਹੈ। ਤਿਆਗ ਔਰ ਪ੍ਰੇਮ ਦਾ ਗੂੜ੍ਹਾ ਸੰਬੰਧ ਹੈ। ਭੋਗਾਂ ਦਾ ਸੰਬੰਧ ਸਰੀਰ ਨਾਲ ਹੈ, ਇਸੇ ਤਰ੍ਹਾਂ ਹੀ ਸੁਖਾਂ ਦੁਖਾਂ ਦਾ ਸੰਬੰਧ ਵੀ ਮਨ ਨਾਲ ਹੈ। ਆਤਮਾ ਅਸੰਗ ਹੈ, ਸਰੀਰ ਭਾਵ ਹੋਣ ਤੋਂ ਭੋਗ ਮਈ ਵਾਸ਼ਨਾ ਜਾਗ੍ਰਤ ਹੁੰਦੀਆਂ ਹਨ, ਜੋ ਪ੍ਰੇਮ ਵਿਚ ਘਾਟ ਉਤਪੰਨ ਕਰਦੀਆਂ ਹਨ। ਜਦੋਂ ਬਿਰਤੀਆ ਆਤਮ ਕਾਰ ਹੋ ਜਾਵੇ ਤਾਂ ਇਹ ਜੀਵ ਤ੍ਰਿਧਾਅਹੰਕਾਰ ਤੋਂ ਉੱਪਰ ਉਠ ਜਾਂਦਾ ਹੈ। ਆਤਮਾ ਤੋਂ ਭਿੰਨ ਇਸਦਾ ਕਿਸੇ ਵਸਤੂ ਨਾਲ ਪ੍ਰੇਮ ਨਹੀਂ ਰਹਿੰਦਾ। ਆਤਮ ਵਿਚਾਰ ਮੇਂ ਸਰੀਰ ਕਾ ਸੰਬੰਧ ਟੂਟ ਜਾਤਾ ਹੈ। ਪ੍ਰੇਮ ਸੇ ਸਭ ਕੁਝ ਈਸ਼ਵਰ ਨੂੰ ਸਮਰਪਨ ਕਰ ਦੇਤਾ ਹੈ। ਜਦੋਂ ਜਗਤ ਦਾ ਸੰਬੰਧ ਤੋੜ ਦੇਵੇ ਤਾਂ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਭਗਵਾਨ ਸੇ ਸੰਬੰਧ ਜੋੜਨੇ ਨਾਲ ਭਗਤੀ ਦੀ ਪ੍ਰਾਪਤੀ ਅਵੱਸ਼ ਹੈ। ਜਿਸ ਵੇਲੇ ਸਾਧਕ ਵੀਚਾਰ ਕਰੇ ਕਿ ਸੰਸਾਰ ਦੇ ਸੰਬੰਧ ਤੋਂ ਮੈਨੂੰ ਕੀ ਮਿਲਿਆ, ਦੁੱਖ ਹੀ ਦੁੱਖ, ਦੁੱਖ ਤੋਂ ਸਿਵਾਏ ਕੁਝ ਨਹੀਂ ਮਿਲਿਆ। ਸੰਸਾਰ ਨਾਲ ਸੰਬੰਧ ਜੋੜਨ ਨਾਲ ਪ੍ਰਭੂ ਭੁੱਲ ਜਾਂਦਾ ਹੈ, ਚਿਤ ਅਸ਼ੁੱਧ ਹੋ ਜਾਂਦਾ ਹੈ। ਸਾਧਕ ਦੁਨੀਆਂ ਦੀ ਕਿਸੇ ਵਸਤੂ ਪਰ ਆਪਣਾ ਅਧਿਕਾਰ ਨਾ ਮਾਨੇ, ਸਭ ਅਧਿਕਾਰੋਂ ਕਾ ਤਿਆਗ ਕਰਨ ਵਾਲਾ ਸਭ

ਨੂੰ ਪਿਆਰਾ ਲਗਦਾ ਹੈ। ਦੁਨੀਆਂ ਤੇ ਅਧਿਕਾਰੀ ਬਣਨ ਵਾਲਾ ਲੋਭੀ ਕਿਸੀ ਨੂੰ ਪਿਆਰਾ ਨਹੀਂ ਲਗਦਾ, ਤਾਂਤੇ ਇੱਛਾ ਰਹਿਤ ਹੋਣਾ ਪ੍ਰਭੂ ਪ੍ਰਾਪਤੀ ਦੇ ਦੁਆਰ ਦੀ ਸੀੜ੍ਹੀ ਹੈ।

੧੨.੨੫ ਆਪਣੀ ਗ਼ਲਤੀ ਕੋ ਮੰਨਣਾ

ਅਪਣੀ ਗ਼ਲਤੀ ਨੂੰ ਸੰਗਤ ਵਿਚ ਮੰਨਣਾ ਅਤੇ ਦੂਸਰੇ ਦੀ ਗ਼ਲਤੀ ਨੂੰ ਖਿਮਾਂ ਕਰ ਦੇਣਾ ਇਕ ਬਹੁਤ ਵੱਡਾ ਗੁਣ ਹੈ। ਜੋ ਪਾਪ ਕਰਤਾ ਹੈ ਵੋਹ ਸ਼ੈਤਾਨ ਹੈ, ਪਰ ਜੋ ਆਪਣੇ ਪਾਪ ਨੂੰ ਸਵੀਕਾਰ ਲਏ ਉਹ ਸਾਧੂ ਹੈ।

"He who commits a sin is a devil, but he who confesses it is a saint."

ਅਥਵਾ : *"Forgive others but yourself never."*

ਦੂਸਰੇ ਨੂੰ ਖਿਮਾਂ ਕਰ ਦੇਵੋ ਆਪਣੇ ਆਪ ਕੋ ਕਦੇ ਮਾਫ ਨਾ ਕਰੋ। ਜਿਵੇਂ ਇਸਤ੍ਰੀ ਨੂੰ ਦੇਖ ਕੇ ਕਿਸੀ ਪ੍ਰਕਾਰ ਦਾ ਬੁਰਾ ਭਾਵ ਉਤਪੰਨ ਹੋਵੇ, ਸਮਝੋ ਕਾਮ ਦਾ ਦੋਸ਼ ਹੈ। ਅਗਰ ਨਾ ਉਤਪੰਨ ਹੋਵੇ ਸਮਝ ਲਵੇ ਕਾਮ ਦਾ ਅਭਾਵ ਹੈ। ਇਸੇ ਤਰ੍ਹਾਂ ਪਦਾਰਥਾਂ ਨੂੰ ਦੇਖ ਕੇ ਇੱਛਾ ਪੈਦਾ ਹੋਵੇ, ਦੋਸ਼ ਨਾ ਪੈਦਾ ਹੋਵੇ, ਨਿਰਦੋਸ਼ ਨਿਹਸਪ੍ਰੀਹਾ ਹੈ। ਮਹਾਤਮਾ ਦੇਖ ਕੇ ਭਜਨ ਦਾ ਉਤਸ਼ਾਹ ਪੈਦਾ ਹੋਵੇ ਤਾਂ ਸਤਿਗੁਰਾਂ ਦੀ ਕਿਰਪਾ, ਜਿਸ ਤੋਂ ਵਾਹਿਗੁਰੂ ਜੀ ਦਾ ਪ੍ਰੇਮ ਜਾਗ੍ਰਤ ਹੋਵੇ।

੧੨.੨੬ ਵਸੀਕਰਣ ਵਸਤੂ ਨਾਲ ਸੰਬੰਧ ਜੋੜਨਾ

ਸਵਾਲ ਹੈ ਕਿਸੀ ਵੀ ਵਿਅਕਤੀ ਦਾ ਕਿਸੇ ਪ੍ਰਾਣੀ ਨਾਲ ਸੰਬੰਧ ਜੁੜਦਾ ਕਿਉਂ ਹੈ ਅਤੇ ਟੁੱਟਦਾ ਕਿਉਂ ਹੈ। *ਤੀਨ ਕਾਰਨ ਹਨ ਸੰਬੰਧ ਜੁੜਨ ਦੇ,* ਉਨ੍ਹਾਂ ਦੇ ਨਾ ਹੋਣ ਨਾਲ ਸੰਬੰਧ ਟੁੱਟ ਜਾਂਦਾ ਹੈ। *ਪਹਿਲਾ ਕਾਰਨ ਹੈ ਰੁਚੀ,* ਜਿਸ ਵਸਤੂ ਨਾਲ ਪਿਆਰ ਹੋਵੇ ਮਨ ਦੀ ਰੁਚੀ ਵੀ ਉਸੇ ਨਾਲ ਹੋ ਜਾਂਦੀ ਹੈ ਭਾਵ ਜੋ ਵਸਤੂ ਪਿਆਰੀ ਲੱਗੇ, ਉਸ ਨਾਲ ਜੀਵ ਦੀ ਆਸ਼ਕਤੀ ਰੁਚੀ ਹੋ ਜਾਤੀ ਹੈ। *ਦੂਜਾ ਹੈ ਅਭਾਵ, ਪੂਰਤੀ ਕੀ ਆਸ਼ਾ,* ਜਿਸ ਸੇ ਹਮਾਰੇ ਅਭਾਵ ਪੂਰਤੀ ਕੀ ਆਸ਼ਾ ਹੋਵੇ ਉਸ ਨਾਲ ਹਮਾਰਾ ਸੰਬੰਧ ਜੁੜ ਜਾਂਦਾ ਹੈ। *ਤੀਸਰਾ ਕਾਰਨ ਹੈ ਸੰਦੇਹ (ਸ਼ੱਕ) ਕਾ ਨਾ ਹੋਣਾ,* ਇਸ ਪ੍ਰਕਾਰ ਜਿਸ ਮੇਂ ਮਨੁੱਖ ਕੀ ਰੁਚੀ ਨਹੀਂ ਰਹਿਤੀ, ਜਿਸ ਸੇ ਅਭਾਵ ਪੂਰਤੀ ਕੀ ਆਸ਼ਾ ਨਹੀਂ ਔਰ ਜਿਸ ਮੇਂ ਸ਼ੱਕ ਹੋ ਜਾਤਾ ਹੈ, ਉਸ ਸੇ ਸੰਬੰਧ ਟੂਟ ਜਾਤਾ ਹੈ। ਪ੍ਰਵਿਰਤੀ ਔਰ ਨਵਿਰਤੀ ਵੀ ਰੁਚੀ ਕਾਰਨ ਹੀ ਹੋਤੀ ਹੈ। ਇਸ ਲਈ ਸਾਧਕ ਕੋ ਚਾਹੀਦਾ ਹੈ ਆਪਣੇ ਮਨ ਕੋ ਸਮਝਾ ਕਰ, ਇਸ ਮੇਂ ਐਸੀ ਰੁਚੀ ਪੈਦਾ ਕਰੇ ਜੋ ਅਸਲ ਵਿਚ ਹਿਤਕਾਰੀ ਹੋਵੇ ਅਤੇ ਜਿਸ ਵਿਚ ਕਿਸੀ ਪ੍ਰਕਾਰ ਦਾ ਸੰਦੇਹ ਨਾ ਹੋਵੇ ਔਰ ਅਸਲ ਮੇਂ ਅਭਾਵ ਦੀ ਪੂਰਤੀ ਕਰ ਸਕੇ। ਮਨ ਦੀ ਅਵਾਜ਼ ਹੀ ਰੁਚੀ ਹੈ, ਬਿਬੇਕ ਤੋਂ ਬਿਨਾਂ ਮਨ ਦੀ ਰੁਚੀ ਪੂਰੀ ਹੋਤੀ ਨਹੀਂ ਸਗੋਂ ਅਪੂਰਤੀ ਕਲੇਸ਼ ਦਾ ਕਾਰਨ ਬਣ ਜਾਂਦੀ ਹੈ। ਮਨ

ਆਪਣੇ ਅਨੁਕੂਲ ਪ੍ਰਤੀਕੂਲ ਨੂੰ ਬਿਬੇਕ ਤੋਂ ਬਿਨਾਂ ਸਮਝ ਨਹੀਂ ਸਕਦਾ। ਗੁਰੂ ਕੀ ਸ਼ਰਨ ਕੀਤੇ ਬਿਨਾਂ ਗਿਆਨ ਪ੍ਰਾਪਤ ਕਿਵੇਂ ਹੋਵੇ? ਸ਼ਰਨ ਜਾਣ ਅਤੇ ਆਗਿਆ ਪਾਲਨ ਕਰਨ ਤੋਂ ਬਹਾਨੇਬਾਜ਼ੀ ਕਰਦਾ ਹੈ ਕਿ ਇਹ ਵਸਤੂ ਮੇਰੇ ਰਸਤੇ ਵਿਚ ਰੁਕਾਵਟ ਹੈ, ਪਰ ਸਾਧਕ ਜੋ ਰੁਕਾਵਟਾਂ, ਅਨੁਕੂਲ ਨਹੀਂ ਹਨ ਬਲਕਿ ਪ੍ਰਤੀਕੂਲ ਹਨ, ਪ੍ਰਵਾਹ ਨਾ ਕਰੇ। ਕੁਝ ਸਮੇਂ ਤੋਂ ਬਾਅਦ ਪ੍ਰਤੀਕੂਲ ਵਸਤੂਆਂ ਅਨੁਕੂਲਤਾ ਵਿਚ ਬਦਲ ਜਾਣਗੀਆਂ। ਸਾਧਨਾ ਵੇਲੇ ਸੰਜਮ ਕਰਨਾ ਆਦਿ ਕਿਰਿਆ ਵਿਚ ਨੀਂਦ, ਸੁਖ ਅਰਾਮ ਨੂੰ ਅਨੁਕੂਲ ਸਮਝਦਾ ਹੈ, ਪਰ ਬਿਰਤੀ ਦੀ ਰੋਕ ਅਨੁਕੂਲ ਵਸਤੂਆਂ ਪ੍ਰਤੀਕੂਲ ਹਨ, ਸਮੇਂ ਤੋਂ ਸਮਝ ਆਉਂਦੀ ਹੈ। ਕਈ ਕਹਿਣਗੇ ਮੈਂ ਸਾਧਨ ਨਹੀਂ ਕਰ ਸਕਦਾ, ਮੈਨੂੰ ਸਫਲਤਾ ਨਹੀਂ ਮਿਲ ਸਕਦੀ, ਇਹ ਵੀਚਾਰ ਮਨ ਵਿਚੋਂ ਕੱਢ ਦੇਣੀ ਚਾਹੀਦੀ ਹੈ, ਸਗੋਂ ਉੱਦਮ ਬਲ ਧਾਰ ਕੇ ਭਜਨ ਕਰਨਾ ਚਾਹੀਦਾ ਹੈ।

੧੨.੨੭ ਬੁਰੀ ਆਦਤ ਦਾ ਤਿਆਗ

ਬੁਰੀ ਆਦਤ ਦਾ ਤਿਆਗ ਕਰਨ ਵਾਸਤੇ ਮਹਾਂਪੁਰਸਾਂ ਦੀ ਸੰਗਤ ਤੇ ਕੁਸੰਗੀਆਂ ਦੀ ਕੁਸੰਗਤ ਦਾ ਤਿਆਗ ਅਤੀ ਜ਼ਰੂਰੀ ਹੈ। ਗ਼ਲਤ ਦੇਖਣਾ, ਗ਼ਲਤ ਸ਼੍ਰੋਤ, ਗ਼ਲਤ ਬੋਲਣਾ, ਜੈਸੀਆਂ ਮਨ ਨੂੰ ਗ਼ਲਤ ਕਰਨ ਵਾਲੀਆਂ ਗੱਲਾਂ ਦਾ ਤਿਆਗ ਕਰਨਾ ਪਵੇਗਾ। ਸ਼ੁੱਧ ਸੰਸਕਾਰਾਂ ਨਾਲ ਹਿਰਦਾ ਪੂਰਨ ਕਰ ਲਉ, ਬੁਰਾਈ ਆਪੇ ਹੀ ਖ਼ਤਮ ਹੋ ਜਾਵੇਗੀ।

ਮਾਰਗ ਚਲਤਾ ਜੋ ਗਿਰੇ, ਤਾਂਹਿ ਨ ਲਾਗੇ ਦੋਸ਼॥
ਕਹੇ ਕਬੀਰ ਬੈਠਾ ਰਹੇ, ਤਾ ਸਿਰ ਚੜ੍ਹੈ ਕੋਸ॥

ਸੰਸਕਾਰਾਂ ਨੂੰ ਬਦਲਣ ਨਾਲ ਚੰਡਾਲ ਸਾਧੂ ਬਣ ਜਾਤੇ ਹੈਂ। ਲੋੜ ਹੈ ਮਹਾਂਪੁਰਸਾਂ ਦੀ ਸੰਗਤ ਦੀ, ਕੁਸੰਗਤ ਔਰ ਸੰਗਤ ਆਪਣਾ ਫਲ ਦਿੱਤੇ ਬਿਨਾਂ ਨਹੀਂ ਰਹਿੰਦੀਆਂ। ਜਿਵੇਂ ਮਿਰਚ ਮੂੰਹ ਕੜਵਾ ਕਰਦੀ ਹੈ, ਸ਼ੱਕਰ ਮੂੰਹ ਮਿੱਠਾ ਕਰ ਦੇਤੀ ਹੈ, ਹਿੰਮਤ ਨੂੰ ਧਾਰ ਕੇ ਨੇਕ ਕਾਰਜ ਵਿਚ ਪ੍ਰਵਿਰਤ ਹੋ ਜਾਉ। ਗੱਲਾਂ ਨਾਲ ਗਿਆਨ ਨੂੰ ਨਹੀਂ ਪਾ ਸਕਦੇ, ਇਹ ਤਾਂ ਮਿਹਨਤ ਦੁਆਰਾ ਹੀ ਪ੍ਰਾਪਤ ਹੋਣੇ ਹਨ। ਯੋਗ ਵਸਤੂ ਹੈ ਸਾਹਸ (ਹੌਸਲਾ), ਨਾ ਹਾਰੋ, ਮਹਾਰਾਜ ਕਿਰਪਾ ਕਰਨਗੇ। ਪਰਮਾਤਮਾ ਨੂੰ ਸਰਬ ਬਿਆਪੀ ਜਾਨਣਾ ਚਾਹੀਦਾ ਹੈ।

ਇਕ ਹੁੰਦਾ ਹੈ ਦੇਸ਼ੀ, ਇਕ ਹੁੰਦਾ ਹੈ ਸਰਬ ਦੇਸ਼ੀ। ਜੋ ਵਸਤੂ ਇਕ ਹੀ ਦੇਸ਼ ਵਿਖੇ ਇਕ ਕਾਲ ਵਿਚ ਰਹੇ ਉਹ ਹੈ ਇਕ ਦੇਸ਼ੀ, ਜੋ ਵਸਤੂ ਸਰਬ-ਕਾਲ, ਸਾਰੇ ਦੇਸ਼ਾਂ ਵਿਚ ਹੋਵੇ ਉਹ ਵਸਤੂ ਸਰਬ ਵਿਆਪੀ ਹੁੰਦੀ ਹੈ। ਉਹ ਪ੍ਰਮਾਤਮਾ ਹੈ। ਬੰਦਾ ਇਕ ਦੇਸ਼ੀ ਹੈ। ਆਤਮਾ ਬਿਆਪਕ ਹੈ, ਸਰੀਰ ਪ੍ਰਣਾਮੀ ਔਰ ਪ੍ਰਛਿੰਨ ਹੈ। ਜਿਤਨੀ ਦੇਰ ਬੰਦਾ ਈਸ਼ਵਰ ਦੀ ਸਰਬ ਵਿਆਪਕਤਾ ਨੂੰ ਅਨੁਭਵ ਨਹੀਂ ਕਰਦਾ, ਉਤਨੀ ਦੇਰ ਚੋਰੀ ਤੇ ਝੂਠ ਬੋਲੇਗਾ। ਪਰ ਜਦੋਂ ਉਸਨੂੰ ਸਰਬ ਬਿਆਪੀ ਜਾਣ ਲਵੇਗਾ, ਫਿਰ ਇਨ੍ਹਾਂ ਵਿਕਾਰਾਂ ਤੋਂ ਰਹਿਤ ਹੋ ਜਾਵੇਗਾ। ਜਿਵੇਂ ਕਿਸੇ ਸੰਤ ਨੇ ਦੋ ਚੇਲਿਆਂ ਦੀ ਪ੍ਰੀਖਿਆ ਲਈ। ਦੋਨੋਂ ਚੇਲਿਆਂ ਨੂੰ ਇਕ-

ਇਕ ਕਬੂਤਰ ਦਿੱਤਾ, ਉਥੇ ਮਾਰ ਕੇ ਲਿਆਵੇ ਜਿਥੇ ਕੋਈ ਨਾ ਦੇਖਦਾ ਹੋਵੇ। ਇਕ ਤਾਂ ਥੋੜੀ ਦੂਰ ਜਾ ਕੇ ਉਹਲਾ ਕਰਕੇ ਮਾਰ ਕੇ ਲੈ ਆਇਆ, ਦੂਜਾ ਘੁੰਮ ਘੁਮਾ ਕੇ ਜੀਉਂਦਾ ਹੀ ਲੈ ਕੇ ਆ ਗਿਆ। ਪਹਿਲੇ ਨੇ ਕਿਹਾ ਗੁਰੂ ਜੀ ਮੈਂ ਆਪ ਦੇ ਦੱਸੇ ਮੁਤਾਬਿਕ ਇਸ ਨੂੰ ਮਾਰ ਕੇ ਲਿਆਇਆ ਹਾਂ। ਦੂਜੇ ਨੂੰ ਪੁੱਛਿਆ ਤੂੰ ਨਹੀਂ ਮਾਰਿਆ? ਉਸ ਨੇ ਕਿਹਾ ਗੁਰੂ ਜੀ, ਮੈਂ ਇਸ ਨੂੰ ਕਿਥੇ ਮਾਰਦਾ, ਹਰ ਜਗ੍ਹਾ ਪ੍ਰਮੇਸ਼ਰ ਦੇਖ ਰਿਹਾ ਹੈ। ਆਪ ਨੇ ਕਿਹਾ ਉਥੇ ਮਾਰਨਾ ਜਿਥੇ ਕੋਈ ਨਹੀਂ ਦੇਖਦਾ। ਮੈਂ ਸਾਰੇ ਹੀ ਘੁੰਮਿਆ ਪਰ ਮੈਨੂੰ ਐਸੀ ਕੋਈ ਜਗ੍ਹਾ ਨਹੀਂ ਮਿਲੀ ਜਿਥੇ ਪ੍ਰਮੇਸ਼ਰ ਨਾ ਹੋਵੇ। ਐਸੀ ਉੱਤਮ ਦ੍ਰਿਸ਼ਟੀ ਦੇਖ ਕੇ, ਮਹਾਤਮਾ ਨੇ ਇਸ ਨੂੰ ਬ੍ਰਹਮ ਗਿਆਨ ਦੀ ਦਾਤ ਬਖ਼ਸ਼ ਦਿੱਤੀ। ਦੂਸਰੇ ਨੂੰ ਕਿਹਾ, ਤੂੰ ਭਾਈ ਹਾਲਾਂ ਹੋਰ ਸਾਧਨ ਕਰਕੇ ਐਸੀ ਦ੍ਰਿਸ਼ਟੀ ਬਣਾ ਲੈ, ਫਿਰ ਤੈਨੂੰ ਵੀ ਦਾਤ ਮਿਲ ਜਾਵੇਗੀ।

੧੨.੨੮ ਇਕਾਗ੍ਰਤਾ ਕੈਸੇ ਹੋਵੇ ?

ਮਨ ਦਾ ਸੁਭਾਵ ਚੰਚਲ ਹੈ, ਚੰਚਲਤਾ ਦੂਰ ਕਰਨ ਲਈ ਉਪਾਸਨਾ ਦੀ ਮਹਾਨ ਲੋੜ ਹੈ। ਸਮ ਦਮ ਦੋ ਸਾਧਨ ਹਨ, ਵਿਕਾਰਾਂ ਕੋ ਅੰਦਰੋਂ ਬਾਹਰੋਂ ਰੋਕਣ ਦੇ। ਮਨ ਅਹੰਕਾਰ ਸੇ ਉਤਪੰਨ ਹੋਯਾ ਹੈ। ਅਹੰਕਾਰ ਨੂੰ ਜੀਵ ਵਿਚ ਲੀਨ ਕਰੇ ਬ੍ਰਹਮ ਆਤਮਾ ਰੂਪ ਹੈ, ਜਦੋਂ ਆਪਣੀ ਆਤਮਾ ਨੂੰ ਸਰਬਤ੍ਰ ਬਿਆਪੀ ਜਾਣ ਲਵੇਗਾ, ਇਕਾਗ੍ਰਤਾ ਹੋ ਜਾਵੇਗੀ। ਦਿਨ ਰਾਤ ਸਿਮਰਨ ਕਰੋ, ਸੇਵਾ ਕਰੋ, ਮਨ ਨੂੰ ਵੇਹਲੇ ਨਾ ਰਹਿਣ ਦੇਵੋ, ਇਹ ਵੀ ਢੰਗ ਹੈ।

ਤੁਲਸੀ ਅਪਨੇ ਰਾਮ ਕੋ, ਰੀਝ ਭਜੋ ਯਾ ਖੀਜ॥
ਭੂਮੀ ਪੇੜ ਉਪਜੇਂਗੇ ਹੀ, ਉਲਟੇ ਸੀਧੇ ਬੀਜ॥

ਜਿਵੇਂ ਮਤਵਾਲੇ ਹਾਥੀ ਨੂੰ ਕਾਬੂ ਕਰਨ ਲਈ ਭੁੱਖੇ ਰੱਖਣਾ ਪੈਂਦਾ ਹੈ, ਫਿਰ ਸੁਭਾਵਕ ਹੀ ਕਾਬੂ ਹੋ ਜਾਂਦਾ ਹੈ। ਫਿਰ ਵੀ ਅੰਕਸ਼ ਦੇ ਡਰ ਹੇਠ ਰੱਖੀਦਾ ਹੈ ਤਾਂ ਕਾਬੂ ਆਉਂਦਾ ਹੈ। ਇਸੇ ਤਰ੍ਹਾਂ ਮਨ ਦੀ ਖੁਰਾਕ ਹੈ, ਗੰਦੇ ਵਿਕਾਰ ਤੇ ਸੰਸਕਾਰ। ਇਨ੍ਹਾਂ ਤੋਂ ਮਨ ਦੀ ਪ੍ਰਵਿਰਤੀ ਨੂੰ ਰੋਕਣਾ ਹੀ, ਇਸ ਦੀ ਖੁਰਾਕ ਬੰਦ ਕਰਨੀ ਹੈ। ਜਦੋਂ ਐਸਾ ਕਰੇਗਾ, ਆਪਣੇ ਆਪ ਹੀ ਮਨ ਰੁਕ ਜਾਏਗਾ। ਦੂਸਰਾ ਗੁਰ ਕੇ ਬਚਨ ਕਾ ਡਰ ਰੂਪੀ ਅੰਕਸ਼ ਸਿਰ ਉਪਰ ਰਖਣਾ ਹੈ, ਭੈ ਵਿਚ ਵੀ ਇਕਾਗ੍ਰਤਾ ਆ ਜਾਂਦੀ ਹੈ, ਨਾਲ ਹੀ ਬੈਰਾਗ, ਪ੍ਰੇਮ ਅਤੇ ਪ੍ਰਭੂ ਭਗਤੀ ਪ੍ਰਾਪਤ ਹੋ ਜਾਂਦੀ ਹੈ।

੧੨.੨੯ ਭਜਨ ਵਿਚ ਮਨ ਕੈਸੇ ਲਗੇ ?

ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ॥
ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ॥੯੧॥

(ਪੰਨਾ ੧੩੬੯)

ਅਹੰਤਾ (ਭਾਵ ਮਨ) ਦੀ ਮੈਂ ਮਰ ਜਾਵੇ ਤਾਂ ਦੋ ਰਾਗ ਦ੍ਵੈਸ਼ ਮਿਟ ਜਾਂਦੇ ਹਨ, ਜਿਸ ਤੋਂ ਹਰਖ ਸੋਗ, ਦੁੱਖ ਸੁੱਖ ਮਿਟ ਜਾਂਦੇ ਹਨ। ਅਹੰਤਾ ਦਾ ਪਤੀ ਅਹੰਕਾਰ ਹੈ, ਅਹੰਕਾਰ ਦੇ ਮਰਨ ਨਾਲ ਮਨ ਮਰ ਜਾਂਦਾ ਹੈ। ਮਨ ਰੂਪੀ ਸ਼ਿਕਾਰੀ ਦੇ ਮਰਨ ਨਾਲ ਆਸ਼ਾ ਤ੍ਰਿਸ਼ਨਾ ਰੂਪੀ ਇਸ ਦੀਆਂ ਦੋ ਇਸਤਰੀਆਂ ਵੀ ਮਰ ਜਾਂਦੀਆਂ ਹਨ। ਇਨ੍ਹਾਂ ਸਾਧਨਾਂ ਨੂੰ ਕਰਨ ਨਾਲ ਮਨ ਭਗਤੀ ਵਿਚ ਜੁੜਦਾ ਹੈ।

੧੨.੩੦ ਰਾਜ ਜੋਗ

ਹਠ ਜੋਗੀ ਮਨ ਨੂੰ ਪ੍ਰਾਣ ਵਸ ਕਰਕੇ ਕਾਬੂ ਕਰਦਾ ਹੈ, ਪ੍ਰਾਣਾਂ ਨੂੰ ਦਸਮ ਦੁਆਰ ਲੈ ਜਾਂਦਾ ਹੈ। ਪ੍ਰਾਣ ਉਤਾਰਨ ਤੋਂ ਮਨ ਵੈਸੇ ਦਾ ਵੈਸਾ ਹੀ ਰਹਿੰਦਾ ਹੈ, ਪਰ ਰਾਜ ਯੋਗੀ ਮਨ ਦੇ ਭਾਵ ਵਿਚ ਵਰਤਦਾ ਹੋਇਆ, ਗੁਰੂ ਭਗਤੀ ਤੋਂ ਮਨ ਦਾ ਸੁਭਾਵ ਬਦਲ ਕੇ, ਕੁਕਰਮਾਂ ਤੇ ਖੋਟੇ ਸੰਸਕਾਰਾਂ ਤੋਂ ਰਹਿਤ ਹੋਣ ਲਈ ਸੇਵਾ ਸਿਮਰਨ ਕਰਦਾ ਹੋਇਆ, ਅਰਦਾਸ ਬੇਨਤੀ ਕਰਕੇ ਗੁਰੂ ਜੀ ਦੀ ਅਸ਼ੀਰਵਾਦ ਤੋਂ ਮਨ ਨੂੰ ਪਵਿੱਤ੍ਰ ਕਰਕੇ ਕਾਬੂ ਕਰਦਾ ਹੈ, ਫਿਰ ਇਸਦੇ ਚਲਾਇਮਾਨ ਹੋਣ ਦਾ ਡਰ ਨਹੀਂ ਰਹਿੰਦਾ। ਇਸ ਲਈ ਰਾਜ ਯੋਗ ਹੀ ਸ੍ਰੇਸ਼ਟ ਰਸਤਾ ਹੈ। ਇੰਦ੍ਰੀਆਂ ਰੂਪੀ ਘੋੜਿਆਂ ਨੂੰ ਦਿਨ ਰਾਤ ਸੰਜਮ ਰੂਪੀ ਕੋੜੇ ਲਗਾਉ, ਦ੍ਰਿਸ਼ਟੀ ਨੂੰ ਮਲੀਣ ਭਾਵ ਤੋਂ ਸਾਫ ਰਖੋ। ਨਾਮ ਦਾ ਜਾਪ ਹੀ ਤੁਹਾਡੀ ਢਾਲ ਅਤੇ ਕਵਚ ਹੋਵੇ, ਜੋ ਅਬਿਦਿਆ ਤੋਂ ਰੱਖਿਆ ਕਰੇਗੀ। ਮ੍ਰਿਤੂ ਕੇ ਬਾਣ ਤੁਹਾਡੇ ਸਰੀਰ ਕੋ ਵਿੰਨ੍ਹ ਨਹੀਂ ਸਕਦੇ, ਈਸ਼੍ਵਰ ਦੀ ਪ੍ਰੀਤ ਤੋਂ ਮਨ ਪਰ ਬਿਜੈ ਪਾ ਲਵੋਗੇ। "ਮਨ ਕੋ ਮਾਰ ਕਰੋ ਅਸਵਾਰੀ" ਮਨ ਕੇ ਬਿਚਾਰੋਂ ਕੋ ਮਾਰਨਾ ਹੀ ਮਨ ਦਾ ਮਾਰਨਾ ਹੈ। ਬਿਬੇਕ ਹੀ ਇਸਦੇ ਬਿਚਾਰਾਂ ਨੂੰ ਬਦਲ ਸਕਦਾ ਹੈ, ਅਗਿਆਨੀ ਦਾ ਖਹਿੜਾ ਤਾਂ ਕਾਮ ਕ੍ਰੋਧ ਆਦਿਕ ਸ਼ਤਰੂ ਹੀ ਨਹੀਂ ਛੱਡਦੇ। ਮਨ ਕੋ ਬੁਰੇ ਵਿਕਾਰਾਂ ਵਲੋਂ ਮੋੜਨਾ ਹੀ ਇਸਦੀ ਅਸਵਾਰੀ ਕਰਨੀ ਹੈ। ਮਨ ਸ਼ਤਰੂ ਲਈ ਤਪ ਤਲਵਾਰ ਹੈ, ਬਸ ਮਨ ਮਾਰਿਆ ਗਿਆ। ਅਗਿਆਨ ਰੂਪੀ ਦੁਰਗ (ਕਿਲ੍ਹਾ) ਤੋੜ ਕੇ ਪੂਰਨ ਬਿਜੈ ਪ੍ਰਾਪਤ ਕਰਕੇ, ਖੁਸ਼ੀ ਦਾ ਸੰਖ ਨਗਾਰਾ ਬਜਾਵੋ, ਕਿਉਂਕਿ ਆਤਮਾ ਰੂਪੀ ਰਾਜ ਦੀ ਪ੍ਰਾਪਤੀ ਕਰ ਲਈ ਹੈ। ਮਨ ਦੇ ਦੋ ਘਰ ਹਨ, ਇਕ ਸਰੀਰ, ਜੋ ਦੁੱਖ ਦਾ ਸਥਾਨ, ਦੂਸਰਾ ਬ੍ਰਹਮ, ਜੋ ਜੀਵ ਨੂੰ ਡਰ ਸੇ ਰਹਿਤ ਕਰਨ ਵਾਲਾ, ਦਵੈਤ ਤੋਂ ਰਹਿਤ ਅਦਵੈਤ ਸਰੂਪ ਹੈ। ਮਾਯਾ ਰੂਪੀ ਜਾਂ ਸੰਸਾਰ ਰੂਪੀ ਦੁਰਗ ਟੁਟਣੇ ਤੋਂ ਜੀਵ ਨੂੰ ਬ੍ਰਹਮ ਸਰੂਪ ਘਰ ਦੀ ਪ੍ਰਾਪਤੀ ਹੁੰਦੀ ਹੈ, ਭਾਵ ਹੈ ਅਭਯ ਰੂਪੀ ਘਰ ਦੀ ਪ੍ਰਾਪਤੀ ਕਰਕੇ ਖੁਸ਼ੀ ਵਿਚ ਸੰਖ ਬਾਜੇ ਬਜਾਏ ਗਏ, ਬੁਰੀਆਂ ਆਦਤਾਂ ਦੇ ਭਾਵ ਨੂੰ ਸਮਝ ਕੇ ਦ੍ਰਿੜ ਸੰਕਲਪ ਧਾਰ ਕੇ ਇਨ੍ਹਾਂ ਨੂੰ ਦੂਰ ਕਰੋ, ਜੋ ਦੁਖਦਾਈ ਹਨ। ਕਿਸੇ ਮਹਾਂਪੁਰਸ਼ ਦੀ ਓਟ, ਅਸ਼ੀਰਵਾਦ ਲੈ ਕੇ ਬਚਨ ਦੀ ਕਮਾਈ ਕਰਕੇ ਬੁਰਾਈਆਂ ਦੂਰ ਕੀਤੀਆਂ ਜਾ ਸਕਦੀਆਂ ਹਨ, ਇਹ ਦੂਸਰਾ ਸਾਧਨ ਹੈ।

ਤੀਜਾ ਹੈ ਉਲਟ ਸੁਭਾਵ ਨਾਲ ਜੀਵ ਦੀਆਂ ਆਦਤਾਂ ਬਦਲੀਆਂ ਜਾਂਦੀਆਂ ਹਨ।

ਝੂਠ ਨੂੰ ਸੱਚ ਤੋਂ, ਕ੍ਰੋਧ ਨੂੰ ਖਿਮਾਂ ਤੋਂ, ਲੋਭ ਨੂੰ ਸੰਤੋਖ ਤੋਂ, ਕਲਹ ਨੂੰ ਮੋਨ ਤੋਂ, ਅਤਿਆਚਾਰ ਨੂੰ ਦਯਾ ਤੋਂ, ਬੁਰੇ ਵਿਚਾਰਾਂ ਨੂੰ ਆਤਮ ਗਿਆਨ ਤੋਂ ਬਦਲਿਆ ਜਾ ਸਕਦਾ ਹੈ। ਬੁਰਾਈਆਂ ਨੂੰ ਅਲਵਿਦਾ ਕਰਨ ਲਈ ਸ਼ੁੱਧ ਆਦਤਾਂ ਤੋਂ ਸਦਾ ਲਈ ਕਿਲ੍ਹਾਬੰਦੀ ਕਰ ਦੇਣੀ ਚਾਹੀਦੀ ਹੈ।

੧. ਚਿਤ ਦੀ ਸ਼ੁੱਧੀ ਲਈ ਬੈਰਾਗ ਤੇ ਤਿਆਗ ਹੋਣਾ :-ਮਨੋ ਨਾਸ਼ ਦੀ ਇਹ ਨਿਸ਼ਾਨੀ ਹੈ। ਜਿਹੜੀਆਂ ਵਸਤੂਆਂ ਆਪ ਕੋ ਪਹਿਲੇ ਕਾਲ ਸੁਖਮਈ ਪ੍ਰਤੀਤ ਹੋ ਰਹੀਆਂ ਸਨ, ਅਬ ਗਿਆਨ ਬੈਰਾਗ ਤੋਂ ਬਾਦ ਦੁਖਦਾਈ ਪ੍ਰਤੀਤ ਹੋ ਰਹੀਆਂ ਹਨ।

੨. ਅਹੰਕਾਰ ਦਾ ਤਿਆਗ :-ਇਸਦੇ ਤਿਆਗ ਤੋਂ ਅਹੰਤਾ, ਮਮਤਾ, ਮੈਂ ਮੇਰੀ ਦਾ ਭਾਵ, ਕਰਤਾ ਭੋਗਤਾਪਨਾ ਵੀ ਨਹੀਂ ਰਹਿਤਾ, ਸਭ ਪ੍ਰਕਾਰ ਕਾ ਰਾਗ ਅਤੇ ਵਾਸ਼ਨਾਏਂ ਜੜ੍ਹ ਸੇ ਨਾਸ਼ ਹੋ ਜਾਂਦੇ ਹਨ। ਦੇਹ ਅਧਿਆਸ ਵੀ ਖਤਮ ਹੋ ਜਾਂਦਾ ਹੈ, ਇਕ ਆਤਮਕਾਰੀ ਬਿਰਤੀ ਹੋ ਜਾਂਦੀ ਹੈ।

੩. ਧਰਮ ਕੀ ਬਿਧੀ :-ਚਿਤ ਦੀ ਸ਼ੁੱਧੀ ਤੋਂ ਧਰਮ ਵਾਸਤੇ ਬੰਦਾ ਜਾਨ ਦੇਣ ਲਈ ਤਿਆਰ ਹੋ ਜਾਂਦਾ ਹੈ, ਇਹ ਪਵਿੱਤ੍ਰ ਮਨ ਦੀ ਨਿਸ਼ਾਨੀ ਹੈ।

੪. ਸੰਕਲਪ ਸਿਧੀ :-ਚਿਤ ਦੀ ਸ਼ੁੱਧੀ ਤੋਂ ਮਨ ਦੇ ਤਮਾਮ ਸੰਕਲਪ ਪੂਰੇ ਹੋਣ ਲਗ ਪੈਂਦੇ ਹਨ, ਅੰਤਰਜਾਮਤਾ ਵੀ ਹੋ ਜਾਂਦੀ ਹੈ।

੫. ਗਿਆਨ ਦੀ ਪ੍ਰਾਪਤੀ :-ਆਪਣੇ ਸਰੂਪ ਦਾ ਗਿਆਨ ਵੀ ਪ੍ਰਾਪਤ ਹੋ ਜਾਂਦਾ ਹੈ, ਇਹ ਚਿਤ ਦੀ ਸ਼ੁੱਧੀ ਦਾ ਏਕ ਲਕਸ਼ਣ ਹੈ।

੬. ਚਿਤ ਦੀ ਸ਼ੁੱਧੀ ਦਾ ਫਲ :-ਚਿਤ ਸ਼ੁੱਧ ਹੋਣ ਤੋਂ ਯੋਗ ਆਪਣੇ ਆਪ ਸਿੱਧ ਹੋ ਜਾਂਦਾ ਹੈ, ਯੋਗ ਤੋਂ ਬਿਕਲਪ ਰਹਿਤ ਬੋਧ ਪ੍ਰਗਟ ਹੋ ਜਾਂਦਾਂ ਹੈ। ਨਿਰਵਿਕਲਪ ਸਥਿਤੀ ਸੰਦੇਹ ਰਹਿਤ ਬੋਧ ਹੋ ਜਾਂਦਾ ਹੈ। ਸਾਰੇ ਦੁੱਖਾਂ ਦੀ ਨਵਿਰਤੀ ਹੋਣ ਤੋਂ ਪਰਮ ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ। ਆਤਮ ਗਿਆਨ ਤੋਂ ਬਿਨਾਂ ਦੁੱਖਾਂ ਨੂੰ ਨਾਸ਼ ਕਰਨ ਦਾ ਕੋਈ ਉਪਾਇ ਨਹੀਂ ਹੈ, ਅੰਤਸ਼ਕਰਣ ਦੀ ਸ਼ੁੱਧੀ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਵੇਂ ਵਗਦੇ ਪਾਣੀ ਵਿਚ ਤਰਨ ਦਾ ਪੂਰਾ ਅਭਿਆਸ ਨਹੀਂ ਹੁੰਦਾ, ਇਸੇ ਪ੍ਰਕਾਰ ਚੰਚਲ ਮਨ ਵਿਚ ਵੀ ਪੂਰਾ ਬੋਧ ਨਹੀਂ ਹੁੰਦਾ।

ਆਪਣੇ ਮਨ ਨੂੰ ਵਿਕਾਰਾਂ ਵਲੋਂ ਹਟਾ ਕਰ, ਜੋ ਬਿਰਤੀ ਨੂੰ ਬਾਹਰਮੁਖੀ ਕਰਦੇ ਹਨ, ਅੰਤਰਮੁਖੀ ਕਰ ਲੇਵੋ, ਫਿਰ ਆਪ ਕੋ ਆਤਮ ਰੂਪੀ ਅਸਲੀ ਖ਼ਜ਼ਾਨੇ ਦਾ ਬੋਧ ਹੋ ਜਾਵੇਗਾ। ਚਿਤ ਦੀ ਸ਼ੁੱਧੀ ਤੋਂ ਆਤਮਾ ਦਾ ਗਿਆਨ ਅਤੇ ਅਨਾਤਮ ਜਗਤ ਦੀ ਨਵਿਰਤੀ ਹੋ ਜਾਂਦੀ ਹੈ। ਜਗਤ ਦੀ ਪ੍ਰਤੀਤੀ ਦਾ ਕਾਰਨ ਅਗਿਆਨ ਹੈ, ਅਗਿਆਨ ਦੇ ਦੂਰ ਹੋਣ ਤੋਂ ਜਗਤ ਠਹਿਰ ਨਹੀਂ ਸਕਦਾ।

੧੨.੩੧ ਸਤਿਗੁਰੂ ਜੀ ਕਿਆ ਕਰਦੇ ਹਨ?

ਗੁਰਬਾਣੀ ਕਹਿਤੀ ਹੈ ਸਤਿਗੁਰਾਂ ਦੇ ਐਸੇ ਲੱਛਣ ਹੈਨ-

ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥
ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥
ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥
ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥

(ਪੰਨਾ ੧੨੯੧)

੨੧੬੦੦ ਛੇ ਨਾਮ ਸੁਭਾਵਕ ਅਜਪਾ ਜਾਪ ਤੋਂ ਜਪਿਆ ਜਾਂਦਾ ਹੈ, ਜਲਦੀ-ਜਲਦੀ ੨੪੦੦੦ ਵੇਰੀ ਜਪਿਆ ਜਾਂਦਾ ਹੈ।

੧੨.੩੨ ਸ਼ਾਂਤੀ ਕਿਥੇ ਹੈ?

ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ॥
ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ॥ ੩੯॥

(ਪੰਨਾ ੧੩੫੭)

ਅਰਥ :-ਪ੍ਰਕਾਸ਼ਮਾਨ ਚੰਦਰਮਾ ਵੀ ਠੰਢਾ ਨਹੀਂ ਹੈ, ਬਾਵਨ ਚੰਦਨ ਵੀ ਠੰਢਾ ਨਹੀਂ, ਨਾ ਸਿਆਲਾਂ ਦੀ ਰੁੱਤ ਠੰਡੀ ਹੈ। ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ ਸਾਧੂ ਸ੍ਵਜਨ ਪੁਰਖ ਹੀ ਸੀਤਲ ਹਨ।

੧੨.੩੩ ਸੀਤਲਤਾ ਵਾਲੇ ਸੰਤ ਦੇ ਕੀ ਲੱਛਣ ਹਨ?

ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥

ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਰਿਾਗਿ ਸਗਲ ਰੇਣੁਕਹ॥

(ਪੰਨਾ ੧੩੮੭)

ਅਰਥ :-ਮਹਾਂਪੁਰਸ਼ਾਂ ਨੇ ਸਤਿਗੁਰਾਂ ਦੇ ਛੇ ਲੱਛਣ ਦੱਸੇ ਹਨ

੧. ਅਕਾਲ ਪੁਰਖ ਦਾ ਨਾਮ ਜਪਦੇ ਹਨ, ਸਾਰੇ ਪੂਰਨ ਜਾਣ ਕੇ ਪੂਰਨਤਾ ਦਾ ਪਿਆਰ ਕਰਦੇ ਹਨ।

੨. ਇਸ ਤੋਂ ਇਹ ਗਿਆਨ ਧਾਰਨ ਹੁੰਦਾ ਹੈ ਕਿ ਦੁੱਖ ਸੁੱਖ ਨੂੰ ਇਕ ਕਰਕੇ ਜਾਣਦੇ ਹਨ ਇਕ ਜਾਣਨੇ ਤੇ ਨਿਰਮਲ ਨਿਰਵੈਰ ਪ੍ਰਮੇਸ਼ਰ ਵਿਚ ਜੁੜ ਜਾਂਦੇ ਹਨ।

੩. ਸਾਰੇ ਜੀਆਂ 'ਤੇ ਦਇਆ ਕਰਦੇ ਹਨ ਤੇ ਪੰਜ ਦੋਸ਼ਾਂ— ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਤੋਂ ਰਹਿਤ ਹੁੰਦੇ ਹਨ।

੪. ੧. ਅਵਿਦਿਆ ੨. ਜੀਵ ਭਾਵ ੩. ਹਿਰਦੇ ਗ੍ਰੰਥੀ ੪. ਸੰਸ਼ਯ
੫. ਕਰਮ ੬. ਕਾਮਨਾ ੭. ਜਨਮ ੮. ਮਰਣ ੯. ਸਰੀਰ

੫. ਸ਼ਤਰੂ ਮਿੱਤਰ ਨੂੰ ਇਕ ਸਮਾਨ ਉਪਦੇਸ਼ ਦਿੰਦੇ ਹਨ, ਕਿਉਂਕਿ ਇਕ ਪ੍ਰਮੇਸ਼ਰ ਦੀ ਭਗਤੀ ਵਿਚ ਸ਼ਰਧਾਵਾਨ ਹੁੰਦੇ ਹਨ।

੬. ਪਰਾਈ ਨਿੰਦਾ ਨਾ ਕਰਦਾ ਹੈ, ਨਾ ਕੰਨੀਂ ਸੁਣਦਾ ਹੈ, ਸਗੋਂ ਆਪਾ ਭਾਵ ਤਿਆਗ ਕੇ ਸਭ ਦੀ ਧੂੜ ਹੁੰਦਾ ਹੈ। ਐਸੇ ਲੱਛਣਾਂ ਵਾਲੇ ਨੂੰ ਗੁਰੂ ਜੀ ਨੇ ਸਾਧੂ ਸੱਜਣ ਕਿਹਾ ਹੈ। ਐਸੇ ਮਹਾਂਪੁਰਸ਼ਾਂ ਦੀ ਸੰਗਤ ਭਰਮ ਦੀ ਨਵਿਰਤੀ ਕਰਕੇ, ਗਿਆਨ ਦਾ ਪ੍ਰਕਾਸ਼ ਕਰਕੇ, ਅਭੇਦ ਪਦਵੀ ਬਖ਼ਸ਼ਿਸ਼ ਕਰਦੀ ਹੈ। ਈਸ਼ਵਰ ਕਿਰਪਾ ਨਾਲ ਆਪਣਾ ਕਰਮ ਸਹਿਯੋਗ ਦੇਵੇ ਤਾਂ ਇਨ੍ਹਾਂ ਮਹਾਂਪੁਰਸ਼ਾਂ ਦੀ ਸੰਗਤ ਪ੍ਰਾਪਤ ਹੁੰਦੀ ਹੈ।

੧੨.੩੪ ਨੌਂ ਬੰਧਨਾਂ ਬਾਰੇ ਜਾਣਕਾਰੀ

ਗੁਰਬਾਣੀ ਪ੍ਰਮਾਣ :

ਬੰਧਨ ਮਾਤ ਪਿਤਾ ਸੰਸਾਰਿ॥ ਬੰਧਨ ਸੁਤ ਕੰਨਿਆ ਅਰੁ ਨਾਰਿ॥ ੨॥
ਬੰਧਨ ਕਰਮ ਧਰਮ ਹਉ ਕੀਆ॥ ਬੰਧਨ ਪੁਤੁ ਕਲਤੁ ਮਨਿ ਬੀਆ॥ ੩॥
ਬੰਧਨ ਕਿਰਖੀ ਕਰਹਿ ਕਿਰਸਾਨ॥ ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ॥ ੪॥
ਬੰਧਨ ਸਉਦਾ ਅਣਵੀਚਾਰੀ॥ ਤਿਪਤਿ ਨਾਹੀ ਮਾਇਆ ਮੋਹ ਪਸਾਰੀ॥ ੫॥
ਬੰਧਨ ਸਾਹ ਸੰਚਹਿ ਧਨੁ ਜਾਇ॥ ਬਿਨੁ ਹਰਿ ਭਗਤਿ ਨ ਪਵਈ ਥਾਇ॥ ੬॥
ਬੰਧਨ ਬੇਦੁ ਬਾਦੁ ਅਹੰਕਾਰ॥ ਬੰਧਨਿ ਬਿਨਸੈ ਮੋਹ ਵਿਕਾਰ॥ ੭॥

ਨਾਨਕ ਰਾਮ ਨਾਮ ਸਰਣਾਈ॥ ਸਤਿਗੁਰਿ ਰਾਖੇ ਬੰਧੁ ਨ ਪਾਈ॥ ੮॥ ੧੦॥

(ਪੰਨਾ ੪੧੬)

੧੨.੩੪.੧. ਪਹਿਲਾ ਅਵਿਦਿਆ ਬੰਧਨ :-

ਆਪਣੇ ਸਰੂਪ ਦਾ ਅਗਿਆਨ, ਇਸ ਨੂੰ ਗੁਰੂ ਰਾਹੀਂ ਬ੍ਰਹਮ ਗਿਆਨ ਦੀ ਦਾਤ ਪ੍ਰਾਪਤ ਕਰਕੇ ਦੂਰ ਕੀਤਾ ਜਾਂਦਾ ਹੈ।

ਸਤਿਗੁਰ ਸਬਦਿ ਉਜਾਰੋ ਦੀਪਾ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ॥ ੧॥

(ਪੰਨਾ ੮੨੧)

੧੨.੩੪.੨. ਦੂਸਰਾ ਜੀਵ ਭਾਵ ਬੰਧਨ:-

ਅਗਿਆਨ ਤੇ ਜੀਵ ਦੇ ਖੰਡਨ ਲਈ ਦ੍ਰਿਸ਼ਟਾਂਤ-

ਬਿਨਸੇ ਭ੍ਰਮ ਮੋਹ ਅੰਧ ਟੂਟੇ ਮਾਇਆ ਕੇ ਬੰਧ ਪੂਰਨ
ਸਰਬਤ੍ਰ ਠਾਕੁਰ ਨਹ ਕੋਊ ਬੈਰਾਈ॥
ਸੁਆਮੀ ਸੁਪ੍ਰਸੰਨ ਭਏ ਜਨਮ ਮਰਨ ਦੋਖ ਗਏ ਸੰਤਨ ਕੈ
ਚਰਨ ਲਾਗਿ ਨਾਨਕ ਗੁਨ ਗਾਈ॥

(ਪੰਨਾ ੧੨੩੦)

ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ॥

(ਪੰਨਾ ੧੦੩੦)

ਆਤਮ ਰਾਮ ਪਰਗਾਸੁ ਗੁਰ ਤੇ ਹੋਵੈ॥
ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ॥

(ਪੰਨਾ ੧੨੩)

੧੨.੩੪.੩. ਤੀਸਰਾ ਹਿਰਦੇ ਗ੍ਰੰਥੀ ਬੰਧਨ:-

ਚਿਟ ਜੜ ਗ੍ਰੰਥੀ ਜੋ ਮੈ ਮੇਰੀ ਦਾ ਅਧਿਆਸ ਹੈ-

ਹਉ ਹਉ ਕਰਤੀ ਸਭ ਮੁਈ ਸੰਪਉ ਕਿਸੈ ਨ ਨਾਲਿ॥
ਦੂਜੈ ਭਾਇ ਦੁਖੁ ਪਾਇਆ ਸਭ ਜੋਹੀ ਜਮਕਾਲਿ॥
ਨਾਨਕ ਗੁਰਮੁਖਿ ਉਬਰੇ ਸਾਚਾ ਨਾਮੁ ਸਮਾਲਿ॥ ੧॥

(ਪੰਨਾ ੮੪)

ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥ ੫॥

(ਪੰਨਾ ੬੪੨)

ਅਹੰਮੇਵ ਸਿਉ ਮਸਲਤਿ ਛੋਡੀ॥ ਗੁਰਿ ਕਹਿਆ ਇਹੁ ਮੂਰਖੁ ਹੋਡੀ॥

(ਪੰਨਾ ੧੩੪੭)

੧੨.੩੪.੪. ਚੌਥਾ ਸ਼ੰਸਯ ਬੰਧਨ

ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ॥ ੩॥
ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ॥ ੪॥

(ਪੰਨਾ ੩੪੬)

ਮਿਟੇ ਅੰਦੇਸਿਆ ਹਾਂ॥ ਸੰਤ ਉਪਦੇਸਿਆ ਮੇਰੇ ਮਨਾ॥

(ਪੰਨਾ ੪੧੦)

੧੨.੩੪.੫. ਪੰਜਵਾਂ ਕਰਮ ਰੂਪ ਬੰਧਨ

ਕੋਟਿ ਕਰਮ ਬੰਧਨ ਕਾ ਮੂਲੁ॥
ਹਰਿ ਕੇ ਭਜਨ ਬਿਨੁ ਬਿਰਥਾ ਪੂਲੁ॥

(ਪੰਨਾ ੧੧੪੯)

ਕੋਟਿ ਕਰਮ ਕਰਿ ਦੇਹ ਨ ਸੋਧਾ॥
ਸਾਧਸੰਗਤਿ ਮਹਿ ਮਨੁ ਪਰਬੋਧਾ॥

(ਪੰਨਾ ੧੨੯੮)

੧੨.੩੪.੬. ਛੇਵਾਂ ਬੰਧਨ ਕਾਮਨਾ

ਮਨਸਾ ਆਸਾ ਸਬਦਿ ਜਲਾਈ॥
ਗੁਰਮੁਖਿ ਜੋਤਿ ਨਿਰੰਤਰਿ ਪਾਈ॥

(ਪੰਨਾ ੯੪੦)

ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ॥
ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ॥

(ਪੰਨਾ ੬੧)

ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ॥
ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ॥

(ਪੰਨਾ ੭੫੬)

ਸਹਸਕ੍ਰਿਤੀ ਸਲੋਕ ਹੈ:

ਯਸਯ ਦੇਵੇ ਪਰਾ ਭਗਤੀ ਯਥਾ ਦੇਵੇ ਤਥਾ ਗੁਰੌਊ॥
ਤੱਸਯ ਤੇ ਕਥਿਤਾ ਹਯਰਥਾ ਪ੍ਰਕਾਯੰਤੇ ਮਹਾਤਮਨਹ॥

ਅਰਥ :-ਜਿਸ ਪੁਰਸ਼ ਦੀ ਪ੍ਰਮਾਤਮਾ ਵਿਖੇ ਅਨੰਨਯ ਭਗਤੀ ਹੈ ਐਸੀ ਹੀ ਭਗਤੀ ਗੁਰੂ ਵਿਖੇ ਹੋ ਜਾਵੇ, ਉਸ ਗੁਰੂ ਭਗਤ ਦੇ ਹਿਰਦੇ ਵਿਚ ਵੇਦਾਂਤ ਦੇ ਪਦਾਰਥ ਪ੍ਰਤੱਖ ਹੋ ਜਾਂਦੇ ਹਨ।

ਸਹਸਕ੍ਰਿਤੀ ਸਲੋਕ ਹੈ:

ਯਸਯ ਕ੍ਰਿਪਯਾਵਲੋਕੇਨ ਬ੍ਰਹਮ ਜੀਵੇਨ ਭੂਯਤੇ॥
ਯਸਯੋਦਾਸੀਨ ਮਾਤ੍ਰੇਣ ਬ੍ਰਹਮ ਤੁੱਛ ਤ੍ਰਿਣਾਦਪਿ॥

ਅਰਥ :-ਜਿਸ ਗੁਰੂ ਦੀ ਕਿਰਪਾ ਤੋਂ ਜੀਵ ਬ੍ਰਹਮ ਰੂਪ ਹੋ ਜਾਂਦਾ ਹੈ, ਜੇਕਰ ਗੁਰੂ ਦੀ ਕਿਰਪਾ ਨਾ ਹੋਵੇ ਤਾਂ ਬ੍ਰਹਮ ਕਥਾ ਤੋਂ ਵੀ ਹੌਲੀ ਹੈ ਭਾਵ ਉਸ ਬ੍ਰਹਮ ਨੂੰ ਕੋਈ ਜਾਣ ਨਹੀਂ ਸਕਦਾ।

੧੨.੩੪.੭-੮. ਸੱਤਵਾਂ ਅੱਠਵਾਂ ਜਨਮ-ਮਰਨ ਰੂਪ ਬੰਧਨ

ਇਹ ਅਗਿਆਨ ਕਰਕੇ ਹੈ, ਗਿਆਨ ਤੋਂ ਦੂਰ ਹੋ ਜਾਂਦਾ ਹੈ।

ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ॥
ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿੰਦ ਰਾਇ॥ ੧॥

(ਪੰਨਾ ੨੫੫)

ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥੧॥...
ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨਮ ਗਰਭ ਹਿਰਿ ਖਰਿਆ॥
ਕਈ ਜਨਮ ਸਾਖ ਕਰਿ ਉਪਾਇਆ॥
ਲਖ ਚਉਰਾਸੀਹ ਜੋਨਿ ਭ੍ਰਮਾਇਆ॥ ੨॥
ਸਾਧਸੰਗਿ ਭਇਓ ਜਨਮੁ ਪਰਾਪਤਿ॥
ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥

(ਪੰਨਾ ੧੭੬)

ਜਨਮ ਮਰਣ ਦੁਖੁ ਕਾਟੀਐ ਪਿਆਰੇ ਚੂਕੈ ਜਮ ਕੀ ਕਾਣੇ॥
ਤਿਨਾ ਪਰਾਪਤਿ ਦਰਸਨੁ ਨਾਨਕ ਜੋ ਪ੍ਰਭ ਅਪਣੇ ਭਾਣੇ॥

(ਪੰਨਾ ੮੦੨)

ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥
ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ॥

(ਪੰਨਾ ੧੪੬)

ਆਠ ਪਹਰ ਗੁਨ ਗਾਇ ਗੁਬਿੰਦ॥
ਭੈ ਬਿਨਸੇ ਉਤਰੀ ਸਭ ਚਿੰਦ॥

(ਪੰਨਾ ੧੩੩੯)

੧੨.੩੪.੯. ਨੌਵਾਂ ਸਰੀਰ ਰੂਪ ਬੰਧਨ

ਪੁਤਰੀ ਤੇਰੀ ਬਿਧਿ ਕਰਿ ਥਾਟੀ॥ ਜਾਨੁ ਸਤਿ ਕਰਿ ਹੋਇਗੀ ਮਾਟੀ॥ ੧॥
ਮੂਲੁ ਸਮਾਲਹੁ ਅਚੇਤ ਗਵਾਰਾ॥ ਇਤਨੇ ਕਉ ਤੁਮ੍ ਕਿਆ ਗਰਬੇ॥ ੧॥ ਰਹਾਉ॥
ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥ ਅਵਰ ਵਸਤੁ ਤੁਝ ਪਾਹਿ ਅਮਾਨ॥ ੨॥
ਬਿਸਟਾ ਅਸਤ ਰਕਤੁ ਪਰੇਟੇ ਚਾਮ॥ ਇਸੁ ਊਪਰਿ ਲੇ ਰਾਖਿਓ ਗੁਮਾਨ॥ ੩॥
ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥ ਬਿਨੁ ਬੂਝੇ ਤੂੰ ਸਦਾ ਨਾਪਾਕ॥ ੪॥
ਕਹੁ ਨਾਨਕ ਗੁਰ ਕਉ ਕੁਰਬਾਨੁ॥ ਜਿਸ ਤੇ ਪਾਈਐ ਹਰਿ ਪੁਰਖੁ ਸੁਜਾਨੁ॥ ੫॥੧੪॥

(ਪੰਨਾ ੩੭੪)

ਨਵਾ ਖੰਡਾ ਵਿਚਿ ਜਾਣੀਐ (ਪੰਨਾ ੨)

ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ॥ ਬੋਲਿ ਹਰਿ ਨਾਮ ਪਵਿਤ੍ਰ ਸਭਿ ਕਿਤਾ॥

(ਮਾਰੂ ਮਹਲਾ ੪, ਪੰਨਾ ੯੯੮)

ਕਾਚ ਕੋਟੰ ਰਚੰਤਿ ਤੋਯੰ ਲੇਪਨੰ ਰਕਤ ਚਰਮਣਹ॥
ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ॥
ਗੋਬਿੰਦ ਨਾਮੰ ਨਹ ਸਿਮਰੰਤਿ ਅਗਿਆਨੀ ਜਾਨੰਤਿ ਅਸਥਿਰੰ॥

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ ੧੩੫੪)

ਨਉ ਦਰ ਠਾਕੇ ਧਾਵਤੁ ਰਹਾਏ॥ ਦਸਵੈ ਨਿਜ ਘਰਿ ਵਾਸਾ ਪਾਏ॥

(ਪੰਨਾ ੧੨੪)

ਪੁਰਸ਼ਾਂ ਦੇ ਗਿਆਨ ਦੁਆਰ ਨੌਂ ਲਿਖੇ ਹਨ, ਦਸਵਾਂ ਗੁਪਤ ਅਤੇ ਗਿਆਰ੍ਹਵਾਂ ਨਾਭੀ ਅਸਥਾਨ। ਇਸਤ੍ਰੀਆਂ ਦੇ ਚੌਦਾਂ ਗਿਆਨ ਦੁਆਰ ਲਿਖੇ ਹਨ, ਦੋ ਅਸਥਾਨ ਦੋ ਦੁਆਰ ਹਨ, ਇਕ ਜਨਮ ਅਸਥਾਨ, ਸਾਰੇ ਚੌਦਾਂ ਹਨ। ਨੌਂ ਦੁਆਰਾਂ ਦਾ ਖੰਡਨ ਕਰਨ ਨਾਲ ਬਾਕੀ ਸਾਰਿਆਂ ਦਾ ਆਪੇ ਹੀ ਖੰਡਨ ਹੋ ਜਾਂਦਾ ਹੈ।

ਜਿਵੇਂ ਕਿ ਗੁਰਬਾਣੀ ਵਿਚ ਕਥਨ ਕੀਤਾ ਹੈ :-

ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾ ਕੇ ਕਾਮ॥
ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ॥
ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ॥
ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ॥

(ਥਿਤੀ ਗਉੜੀ ਮਹਲਾ ੫, ਪੰਨਾ ੩੦੦)

ਬ੍ਰਹਮ ਗਿਆਨੀ ਸਦਾ ਨਿਰਲੇਪ॥
ਜੈਸੇ ਜਲ ਮਹਿ ਕਮਲ ਅਲੇਪ॥

(ਗਉੜੀ ਸੁਖਮਨੀ ਮਹਲਾ ੫, ਪੰਨਾ ੨੭੨)

ਇਨਿ੍ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥ ੧ ॥ ਰਹਾਉ॥
ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ॥
ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ॥ ੧ ॥

(ਬਿਲਾਵਲੁ, ਪੰਨਾ ੮੫੭)

ਸਹਸਕ੍ਰਿਤੀ ਸਲੋਕ ਹੈ:

ਦੈਵੀ ਹਮੇਸ਼ਾ ਗੁਣ ਮਈ ਮਮ ਮਾਯਾ ਦੁਰੱਤਯਾ॥
ਮਾਮੇਵ ਯੇ ਪ੍ਰਪਦਯੰਤੇ ਮਾਯਾ ਮੇਤਾਂ ਤਰੰਤਿ ਤੇ॥

ਅਰਥ :-ਇਹ ਮੇਰੀ ਤ੍ਰਿਗੁਣਆਤਮਕ ਰੂਪ ਮਾਇਆ ਬੜੀ ਚਮਤਕਾਰੀ ਹੈ ਅਤੇ ਲੋਗਾਂ ਨੂੰ ਮੋਹਤ ਕਰਨ ਵਾਲੀ ਹੈ, ਇਸ ਮਾਇਆ ਤੋਂ ਤਰਨਾ ਕਠਿਨ ਹੈ। ਜੋ ਮੇਰੀ ਤਥਾ ਗੁਰੂ ਕੀ ਸ਼ਰਨ ਵਿਖੇ ਆਉਂਦੇ ਹਨ ਉਹ ਇਸ ਮਾਇਆ ਨੂੰ ਤਰ ਸਕਦੇ ਹਨ ਅਤੇ ਹੋਰ ਕੋਈ ਵੀ ਉਪਾਉ ਨਹੀਂ ਹੈ।

ਸਹਸਕ੍ਰਿਤੀ ਸਲੋਕ ਹੈ :

ਨਾਂਹ ਪ੍ਰਕਾਸ਼: ਸਰਵਸਯ ਯੋਗ ਮਾਯਾ ਸਮਾਵ੍ਰਿਤ:॥
ਮੂਢੋਅਯੰ ਨਾ ਅਭਿ ਜਾਨਾਤਿ ਲੋਕੋ ਮਾਮਜ ਮਵ੍ਯਯਮ॥

ਅਰਥ : ਮੈਂ ਆਪਣੀ [illegible] ਮਾਇਆ ਦੇ [illegible] ਹੂਆ ਪ੍ਰਬੋਧ ਨਹੀਂ ਹੋਯਾ, ਅਤੇ [illegible] ਅਗਿਆਨੀ ਪੁਰਸ਼ ਮੁਝੇ ਆਤਮ ਅਬਿਨਾਸ਼ੀ ਕੋ [illegible] ਦੇ ਨਹੀਂ ਜਾਣ ਸਕਦਾ।

ਮਾਇਆ ਮੋਹ ਗੁਬਾਰ ਹੈ ਗੁਰ ਬਿਨ ਗਿਆਨ ਨ ਹੋਈ ॥
ਸਬਦਿ ਲਗੇ ਤਿਨ ਬੁਝਿਆ ਦੂਜੀ ਪਰਜ ਵਿਗੋਈ ॥ ੧ ॥

(ਵਡਹੰਸ ਮਹਲਾ ੩, ਪੰਨਾ [illegible]

-O-

ਝੂਠੀ ਮਾਇਆ ਸਭੁ ਜਗੁ ਬਾਧਿਆ ਮੈ ਰਾਮ ਰਮਤ ਸੁਖੁ ਪਾਇਆ ॥ ੩ ॥ ੪ ॥੨੫ ॥

(ਆਸਾ ਕਬੀਰ ਜੀ, ਪੰਨਾ [illegible]

੧੨.੩੫ ਦੁੱਖ ਦੀ ਨਵਿਰਤੀ-ਪਰਮਾਨੰਦ ਦੀ ਪ੍ਰਾਪਤੀ ਦਾ ਸਾਧਨ-

ਸੰਤ ਵਚਨ ਹੈ

ਕਰਮ ਉਪਾਸਨ ਕੀਨੇ ਭਾਰੀ॥ ਔਰ ਅਧਿਕ ਜਗ ਫਾਸੀ ਡਾਰੀ॥
ਆਪ ਉਪਾਯ ਕਹੋ ਗੁਰਦੇਵਾ॥ ਹੋਵੈ ਜਾਤੇ ਭਵ ਦੁਖ ਛੇਵਾ॥
ਪੁਨ ਚਾਹਤ ਹਮ ਪਰਮਾਨੰਦਾ॥ ਤਾ ਕੋ ਕਹੋ ਉਪਾਯ ਮੁਛੰਦਾ॥

-O-

ਪਰਮਾਨੰਦ ਮਿਲਾਪ ਤੂੰ, ਜੋ ਸ਼ਿਸ਼ ਚਹੇ ਸੁਜਾਨ॥
ਜਨਮਾਦਿਕ ਦੁਖ ਨਾਸ਼ ਪੁਨ, ਭ੍ਰਾਂਤਿ ਜਨਯ ਤਹਿ ਮਾਨ॥
ਪਰਮਾਨੰਦ ਸਰੂਪ ਤੂੰ, ਨਹ ਤੋਮੇਂ ਦੁਖ ਲੇਸ਼॥
ਅਜ ਅਬਿਨਾਸ਼ੀ ਬ੍ਰਹਮ ਚਿਤ, ਜਿਨ ਆਨੇ ਹੀਏ ਕਲੇਸ਼॥

(ਵਿਚਾਰ ਸਾਗਰ)

ਮੁੰਢਹੁ ਭੁਲੀ ਨਾਨਕਾ ਫਿਰਿ ਫਿਰਿ ਜਨਮਿ ਮੁਈਆਸੁ॥
ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ॥

(ਪੰਨਾ ੮੯)

ਜੈਸੇ ਸਿੰਘ ਅਜਾ ਸੰਗ ਡੋਲੇ॥
ਆਪੁ ਨ ਚੀਨੇ ਭ੍ਰਮ ਸੰਗ ਭੂਲੇ॥

੧੨.੩੬ ਪਤੰਜਲੀ ਯੋਗ ਦਰਸ਼ਨ ਦੀ ਝਾਕੀ

ਜਿਸ ਵਿਚ ਯੋਗ ਦਾ ਲੱਛਣ, ਭੇਦ, ਉਪਾਵ, ਪ੍ਰਯੋਜਨ ਦਿਖਾਇਆ ਗਿਆ ਹੋਵੇ

ਉਸ ਸ਼ਾਸਤਰ ਨੂੰ ਯੋਗ ਦਰਸ਼ਨ ਕਹਿੰਦੇ ਹਨ। ਇਸ ਵਿਚ ਮਨ ਦੀ ਚਕਿਤਸਾ ਤਥਾ ਮਨ ਨੂੰ ਵੱਸ ਕਰਨ ਦੀਆਂ ਵਿਧੀਆਂ ਹਨ।

ਸਮਾਧੀ ਪਦ :- ਇਸ ਅਧਿਆਇ ਵਿਚ ਜੋਗ ਦਾ ਸਰੂਪ ਦਸਿਆ ਗਿਆ ਹੈ ਅਤੇ ਚਿਤ ਦੀ ਇਕਾਗ੍ਰਤਾ ਦਾ ਵਰਨਣ ਹੈ।

੧੨.੩੭ ਯੋਗ ਕੀ ਹੈ ?

ਇਸ ਦੇ ਤੀਨ ਅਰਥ ਹਨ—ਬਿਜੋਗ, ਉਦਯੋਗ, ਸੰਜੋਗ। ਬਿਜੋਗ ਦਾ ਅਰਥ ਜੁਦਾਈ ਵਿਛੋੜਾ, ਉਦਯੋਗ ਦਾ ਭਾਵ ਪੁਰਸ਼ਾਰਥ, ਉੱਦਮ। ਸੰਜੋਗ ਦਾ ਭਾਵ ਪ੍ਰਭੂ ਮਿਲਾਪ।

ਅਗਰ ਸਾਡਾ ਪ੍ਰਭੂ ਨਾਲ ਵਿਛੋੜਾ ਨਾ ਹੋਵੇ ਫਿਰ ਸਾਧਨ ਸਿਮਰਨ ਦੀ ਕੀ ਲੋੜ ਹੈ ? ਵਿਛੋੜੇ ਨੂੰ ਦੂਰ ਕਰਨ ਲਈ ਉੱਦਮ ਕੀਤਾ ਜਾਂਦਾ ਹੈ। ਉੱਦਮ ਤੋਂ ਮਿਲਾਪ ਹੁੰਦਾ ਹੈ, ਐਸੀ ਕਿਰਿਆ ਦਾ ਨਾਮ ਯੋਗ ਹੈ ਅਰਥਾਤ ਸੰਸਾਰ ਦੇ ਵਿਕਾਰਾਂ ਨਾਲ ਸੰਬੰਧ ਤੋੜ ਕੇ ਪ੍ਰਭੂ ਨਾਲ ਜੋੜਨਾ ਜੋਗ ਹੈ ਤਥਾ ਚਿਤ ਦੀਆਂ ਬਿਰਤੀਆਂ ਦਾ ਨਿਰੋਧ ਕਰਨਾ ਹੀ ਯੋਗ (ਯੋਗਸ ਚਿਤ ਵਿਰਤੀ ਨਿਰੋਧਾ) ਜੋਗ ਸੂਤਰ ਹੈ। ਇਹ ਸ਼ੁੱਧ ਧਾਤੂ ਸੇ ਬਣਾ ਹੈ, ਜਿਸ ਦੇ ਅਰਥ ਹਨ ਜੁੜਨਾ ਜਾਂ ਇਕ ਹੋਣਾ। ਬਿਚਾਰੋਂ ਦਾ ਨਾਮ ਹੀ ਬਿਰਤੀ ਹੈ। ਬਿਚਾਰਾਂ ਦੇ ਉਤਪੰਨ ਹੋਣ ਤੋਂ ਇਕਾਗ੍ਰਤਾ ਮੁਸ਼ਕਲ ਹੈ। ਜਦੋਂ ਬਿਚਾਰ ਲੀਨ ਹੋ ਜਾਣ ਤਾਂ ਨੀਂਦ ਆਤੀ ਹੈ, ਨੀਂਦ ਵਿਚ ਤਮੋਗੁਣ ਦੀ ਪ੍ਰਧਾਨਤਾ ਹੁੰਦੀ ਹੈ। ਯੋਗ ਨਾਲ ਰੁਕੀ ਹੋਈ ਬਿਰਤੀ ਗਿਆਨ ਨਿੰਦ੍ਰਾ ਕਹਿਲਾਵੇ ਹੈ। ਅੱਠ ਅੰਗਾਂ ਦੁਆਰਾ ਕੀਤਾ ਹੋਇਆ ਅਸ਼ਟਾਂਗ ਯੋਗ ਹੈ। ਮਿੱਟੀ ਪਾਣੀ ਦਾ ਮੇਲ ਕੁਝ ਚਿਰ ਲਈ ਹੈ, ਕਿਉਂਕਿ ਪਾਣੀ ਤੇ ਮਿੱਟੀ ਸਜਾਤੀ ਤੱਤ ਨਹੀਂ, ਬਿਜਾਤੀ ਤੱਤ ਹਨ। ਆਤਮਾ ਪ੍ਰਮਾਤਮਾ ਸਜਾਤੀ ਹਨ, ਇਨ੍ਹਾਂ ਦਾ ਮੇਲ ਸਦਾ ਰਹਿਣ ਵਾਲਾ ਹੈ, ਮੇਲ ਦਾ ਸਾਧਨ ਯੋਗ ਹੈ। ਬੇਦਾਂਤ ਵਿਚ ਮਾਲ ਦੋਸ਼ ਨੂੰ ਨਿਸ਼ਕਾਮ ਕਰਮਾਂ ਤੋਂ ਨਿਵਿਰਤ ਕਰਕੇ ਬਿਕਸ਼ੇਪ ਦੋਸ਼ ਨੂੰ ਉਪਾਸ਼ਨਾ ਤੋਂ ਅਤੇ ਅਵਰਣ ਦੋਸ਼ ਨੂੰ ਗਿਆਨ ਤੋਂ ਨਵਿਰਤ ਕੀਤਾ ਹੈ, ਫਿਰ ਗਿਆਨ ਦੀ ਪ੍ਰਾਪਤੀ ਲਈ ਬਿਬੇਕ, ਬੈਰਾਗ, ਖਟ ਸੰਪਤੀ, ਮੋਕਸ਼ ਇੱਛਾ ਚਾਰ ਸਾਧਨਾਂ ਤੋਂ ਪਿਛੋਂ ਗੁਰੂ ਮੁਖ ਤੋਂ ਮਹਾਂਵਾਕਾਂ ਨੂੰ ਸ੍ਰਵਣ ਕਰੇ। ਮਨਣ ਅਤੇ ਨਿਧਿਆਸਣ ਤੋਂ ਆਤਮਾ ਦਾ ਸਾਖਿਆਤ ਕੀਤਾ ਜਾਂਦਾ ਹੈ। ਯੋਗ ਵਿਚ ਪਹਿਲੇ ਛੇ ਅੰਗ-ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਆਹਾਰ ਧਾਰਨਾ ਦਾ ਪਾਲਨ ਕਰਨ ਪਿਛੋਂ ਸਮਾਧੀ ਸਿਧ ਕਰਕੇ ਆਤਮਾ ਸਾਖਿਆਤ ਕੀਤਾ ਜਾਂਦਾ ਹੈ। ਯੋਗ ਬੇਦਾਂਤ ਦਾ ਖਾਸ ਅੰਤਰ ਨਹੀਂ, ਕੇਵਲ ਵਰਨਣ ਕਰਨ ਦਾ ਸੰਗ ਜਾਂ ਕਿਰਿਆ ਦਾ ਭੇਦ ਹੈ।

੧੨.੩੮ ਯੋਗ ਦਾ ਸਰੂਪ

ਜਿਵੇਂ ਮਨ ਬਾਹਰਮੁਖ ਹੋਵੇ, ਕੋਈ ਦਰਦਨਾਕ ਦ੍ਰਿਸ਼ ਦੇਖਣ ਤੋਂ ਮਨ ਕੁਝ ਸਮੇਂ

ਲਈ ਅੰਤਰਮੁਖ ਹੋ ਜਾਵੇ ਜਾਂ ਜਿਵੇਂ ਕੋਈ ਇਸਤ੍ਰੀ ਪਤੀ ਪਿਆਰ ਵਿਚ ਲੀਨ ਹੋਵੇ, ਇਹ ਇਸ਼ਕ ਮਿਜ਼ਾਜੀ (ਨਕਲੀ) ਹੈ, ਇਸ ਵਿਚ ਫਰਕ ਵੀ ਪੈ ਸਕਦਾ ਹੈ, ਮਨ ਦੁਨੀਆਂ ਦੀਆਂ ਸਭ ਵਸਤੂਆਂ ਦਾ ਖਿਆਲ ਤਿਆਗ ਕੇ ਪ੍ਰਮਾਤਮਾ ਵਿਚ ਲੀਨ ਹੋ ਜਾਵੇ, ਇਹ ਇਸ਼ਕ ਹਕੀਕੀ (ਸੱਚਾ) ਅਸਲੀ ਹੈ। ਮਨ ਕੇ ਜੋਗ ਕੇਂਦਰ ਨੂੰ ਬਦਲਣ ਲਈ ਭਗਵਾਨ ਕੀ ਯਾਦ ਵਿਚ ਜਾਉ। ਰੋਟੀ ਕਪੜਾ ਪੁੱਤਰ ਧੀਆਂ ਦੌਲਤ ਸੰਸਾਰ ਨਹੀਂ, ਪ੍ਰੰਭੂ ਪ੍ਰਮੇਸ਼ਰ ਨੂੰ ਭੁਲਾ ਦੇਣਾ ਸੰਸਾਰ ਹੈ। ਅਗਰ ਸੰਸਾਰ ਵਿਚ ਰਹਿ ਕਰ ਪ੍ਰਮਾਤਮਾ ਸੇ ਮੇਲ ਪ੍ਰਾਪਤ ਕਰ ਲਵੇ ਫਿਰ ਸੱਚਾ ਯੋਗ ਹੈ। ਯੋਗ ਕੀ ਹੈ, ਬ੍ਰਿਤੀਆਂ ਦਾ ਆਪਣੇ ਪ੍ਰਵਾਹ ਵਲੋਂ ਰੋਕ ਕੇ ਆਤਮਾ ਵਿਚ ਲਗਾਣਾ ਯੋਗ ਹੈ। ਜਦ ਤੀਕ ਮਨ ਦੀਆਂ ਬ੍ਰਿਤੀਆਂ ਬਾਹਰਮੁਖੀ ਹਨ, ਆਪ ਦੁਖੀ ਹੋ, ਜੇ ਸੱਚਾ ਸੁਖ ਭਾਲਦੇ ਹੋ ਤਾਂ ਮਨ ਦੀਆਂ ਬਿਰਤੀਆਂ ਨੂੰ ਸੇਵਾ, ਸਿਮਰਨ, ਵੀਚਾਰ, ਸਤਸੰਗਤ ਤੋਂ ਅੰਤਰਮੁਖ ਕਰਕੇ, ਸੱਚਾ ਸੁਖ ਅਤੇ ਆਤਮਾ ਦਾ ਰਾਜ ਕਾਇਮ ਕਰੋ।

੧੨.੩੯ ਯੋਗ ਦਾ ਉਦੇਸ਼

ਜਿਵੇਂ ਬੰਦ ਭਾਫ (steam) ਹਜ਼ਾਰਾਂ ਕਾਰਜ ਸਿੱਧ ਕਰਦੀ ਹੈ। ਖੁਲ੍ਹੀ ਭਾਫ ਤੋਂ ਕੋਈ ਮਸ਼ੀਨ ਨਹੀਂ ਚਲਦੀ, ਨਾ ਹੀ ਕੋਈ ਕਾਰਜ ਸਿੱਧ ਹੁੰਦਾ ਹੈ। ਇਸ ਪ੍ਰਕਾਰ ਖੁਲ੍ਹਾ ਮਨ ਅਵਾਰਾ ਘੁਮਤਾ ਹੈ ਅਤੇ ਆਪਣੀ ਸ਼ਕਤੀ ਨੂੰ ਬਿਅਰਥ ਨਸ਼ਟ ਕਰਦਾ ਹੈ। ਅਗਰ ਇਕਾਗ੍ਰ ਕਰ ਲਿਆ ਜਾਵੇ, ਸ਼ਕਤੀ ਵੀ ਬੇਅੰਤ ਪ੍ਰਾਪਤ ਹੁੰਦੀ ਹੈ ਅਤੇ ਪਰਉਪਕਾਰ ਵੀ ਮਹਾਨ ਕਰ ਸਕਦਾ ਹੈ। ਜਦੋਂ ਮਨ ਦੀ ਭਟਕਣ ਬੰਦ ਹੋ ਜਾਵੇ, ਇਕਾਗ੍ਰਤਾ ਆ ਜਾਂਦੀ ਹੈ। ਇਕਾਗ੍ਰਤਾ ਤੋਂ ਸਮਾਧੀ ਅਤੇ ਸਮਾਧੀ ਤੋਂ ਆਤਮਾ ਪ੍ਰਤੱਖ ਹੁੰਦੀ ਹੈ। ਮਨ ਨੂੰ ਇਕਾਗ੍ਰ ਕਰਨਾ ਹੀ ਵੱਡਾ ਆਸਣ ਹੈ। ਮਨ ਨੂੰ ਵੱਸ ਕਰਨਾ, ਸ਼ਾਂਤ ਕਰਨਾ ਅਸਲੀ ਯੋਗ ਅਤੇ ਪਹਿਲੀ ਸਮਾਧੀ ਹੈ।

੧੨.੪੦ ਯੋਗ ਦਾ ਫਲ

ਸਰੀਰਕ ਮਾਨਸਿਕ ਦੁੱਖਾਂ ਦੀ ਨਵਿਰਤੀ ਅਤੇ ਸਮਾਧੀ ਦੀ ਪ੍ਰਾਪਤੀ ਕਿਵੇਂ ਹੋਵੇ? ਜਿਵੇਂ ਪਾਣੀ ਵਿਚ ਨਿਮਕ ਮਿਲਿਆ ਨਜ਼ਰ ਨਹੀਂ ਆਉਂਦਾ, ਚਖਣੇ ਤੋਂ ਪਤਾ ਲਗਦਾ ਹੈ, ਇਸੇ ਤਰ੍ਹਾਂ ਆਤਮਾ ਦਾ ਦਰਸ਼ਨ ਇਨ੍ਹਾਂ ਅੱਖਾਂ ਨਾਲ ਨਹੀਂ ਹੁੰਦਾ, ਕੇਵਲ ਚਿਤ ਦੀ ਵਿਰਤੀ ਦੇ ਨਿਰੋਧ ਤੋਂ ਹੀ ਉਸਦਾ ਅਨੁਭਵ ਹੁੰਦਾ ਹੈ। ਜਿਵੇਂ ਭੁੱਜੇ ਹੋਏ ਦਾਣੇ ਉੱਗਣ ਦੀ ਸ਼ਕਤੀ ਨਹੀਂ ਰਖਦੇ, ਇਸ ਤਰ੍ਹਾਂ ਯੋਗ ਅਗਨੀ ਦੁਆਰਾ ਕਰਮੋਂ ਕੇ ਬੀਜ ਰੂਪੀ ਸੰਸਕਾਰ ਭੁੰਨ ਦੇਣ ਤੋਂ ਦੁੱਖ ਰੂਪੀ ਬ੍ਰਿਛ ਉਤਪੰਨ ਨਹੀਂ ਹੁੰਦਾ। ਫਿਰ ਪਾਪ ਪੁੰਨ ਦਾ ਕਰਤਾ ਹੀ ਕੌਣ ਬਣੇਗਾ। ਕਰਮਾਂ ਦੀ ਨੀਂਹ ਗ਼ਲਤੀ ਪਰ ਹੈ, ਗ਼ਲਤੀ ਕਰਨ ਤੋਂ ਹੀ ਕਲੇਸ਼ ਪੈਦਾ ਹੁੰਦਾ ਹੈ। ਕਲੇਸ਼ ਪੰਜ ਪ੍ਰਕਾਰ ਦਾ ਹੈ — ਰਾਗ, ਦ੍ਵੈਸ਼, ਅਵਿਦਿਆ, ਅਸਿਮਤਾ, ਅਭਿਨਿਵੇਸ। ਇਨ੍ਹਾਂ ਦਾ ਪਿੱਛੇ ਜ਼ਿਕਰ ਹੋ ਚੁੱਕਾ ਹੈ। ਜਿਵੇਂ ਝੀਲ ਵਿਚ ਲਹਿਰਾਂ ਉੱਠਣ ਤੋਂ ਸਾਡੀ ਸ਼ੁੱਧ

ਸ਼ਕਲ ਪ੍ਰਤੀਤ ਨਹੀਂ ਹੁੰਦੀ, ਇਸੇ ਪ੍ਰਕਾਰ ਸਾਡਾ ਚਿਤ ਇਕ ਝੀਲ ਹੈ, ਬਿਰਤੀਆਂ ਲਹਿਰਾਂ ਹਨ, ਝੀਲ ਕੀ ਤਹਿ ਸਾਡਾ ਅਸਲੀ ਸਰੂਪ ਹੈ। ਇਸ ਲਈ ਚਿਤ ਕੀਆਂ ਬਿਰਤੀਆਂ ਰੁਕ ਜਾਣ ਤੋਂ ਹੀ ਆਤਮਾ ਦਾ ਦਰਸ਼ਨ ਕਰ ਸਕਦੇ ਹਾਂ।

੧੨.੪੧ ਅਵਿਦਿਆ

ਅਵਿਦਿਆ ਨਾਮ ਅਗਿਆਨ ਦਾ ਹੈ। ਇਹ ਜੀਵ ਦਾ ਮਹਾਨ ਸ਼ਤਰੂ ਹੈ, ਇਸ ਦੇ ਹੋਣ ਨਾਲ ਚਾਰੇ ਕਲੇਸ਼ ਵਿਆਪਦੇ ਰਹਿੰਦੇ ਹਨ। ਅਗਰ ਦਰੱਖ਼ਤ ਦੀਆਂ ਸ਼ਾਖਾਂ ਕੱਟਦੇ ਰਹੀਏ, ਫੁਟਣੋਂ ਨਹੀਂ ਹੱਟਦਾ। ਜੇ ਮੂਲ ਤੋਂ ਪੁੱਟ ਦੇਈਏ, ਝਗੜਾ ਹੀ ਮਿਟ ਜਾਂਦਾ ਹੈ। ਦੂਜੇ ਰੋਗਾਂ ਨੂੰ ਖ਼ਤਮ ਕਰਨ ਨਾਲ ਕਲੇਸ਼ ਨਹੀਂ ਮਿਟਦਾ। ਜਿਤਨੀ ਦੇਰ ਇਨ੍ਹਾਂ ਦੀ ਜੜ੍ਹ ਅਵਿਦਿਆ ਨੂੰ ਖ਼ਤਮ ਨਾ ਕੀਤਾ ਜਾਵੇ। ਇਹ ਦੋ ਪ੍ਰਕਾਰ ਕੀ ਮੰਨੀ ਹੈ।

੧੨.੪੨ ਤੂਲਾ ਅਵਿਦਿਆ

ਦੁਨੀਆਂ ਦੀ ਕਿਸੇ ਵਸਤੂ ਦਾ ਗਿਆਨ ਨਾ ਹੋਣਾ ਇਸ ਨੂੰ ਸੰਸਾਰਿਕ ਵਿਦਿਆ ਪੜ੍ਹਨ ਤੋਂ ਦੂਰ ਕੀਤਾ ਜਾਂਦਾ ਹੈ। ਇਸ ਨਾਲ ਅਵਿਦਿਆ ਦਾ ਮੂਲ ਨਸ਼ਟ ਨਹੀਂ ਹੁੰਦਾ ਜਿਵੇਂ ਦੀਵਾ ਬਾਲ ਕੇ ਪ੍ਰਕਾਸ਼ ਕਰ ਲਿਆ, ਪ੍ਰਕਾਸ਼ ਉਹ ਵੀ ਸੀਮਾ ਅੰਦਰ। ਦੀਵਾ ਬੁਝ ਗਿਆ, ਪ੍ਰਕਾਸ਼ ਖ਼ਤਮ, ਫਿਰ ਹਨੇਰਾ ਛਾ ਜਾਂਦਾ ਹੈ। ਇੰਜ ਹੀ ਇਸ ਅਵਿਦਿਆ ਦਾ ਕਰਮ ਹੈ, ਇਹ ਸੰਸਾਰਕ ਵਿਦਿਆ ਤੋਂ ਕੁਝ ਦੇਰ ਲਈ ਦੂਰ ਹੁੰਦੀ ਹੈ, ਬਾਅਦ ਵਿਚ ਫਿਰ ਆ ਜਾਂਦੀ ਹੈ।

੧੨.੪੩ ਮੂਲਾ ਅਵਿਦਿਆ

ਆਤਮਾ ਦਾ ਗਿਆਨ ਨਾ ਹੋਣਾ ਮੂਲਾ ਅਵਿਦਿਆ ਹੈ। ਇਹ ਆਤਮ ਗਿਆਨ ਤੋਂ ਦੂਰ ਹੁੰਦੀ ਹੈ, ਮੁੜ ਕੇ ਪੈਦਾ ਨਹੀਂ ਹੁੰਦੀ। ਅਸ਼ੁੱਧ ਸਤ ਅਵਿਦਿਆ ਹੈ, ਇਸ ਅਵਸਥਾ ਵਿਚ ਸਤ ਮੇਂ ਰਜੋ ਗੁਣ ਜ਼ਿਆਦਾ ਮਿਲਿਆ ਹੁੰਦਾ ਹੈ। ਅਵਿਦਿਆ ਜੀਵ ਦਾ ਕਾਰਨ ਸਰੀਰ ਹੈ ਅਤੇ ਸੰਸਾਰ ਦਾ ਮੂਲ ਕਾਰਨ ਰੂਪ ਵੀ ਹੈ। ਸ਼ੁੱਧ ਸਤੋਗੁਣ ਸਹਿਤ ਮਾਇਆ ਈਸ਼ਵਰ ਦੀ ਉਪਾਧੀ ਹੈ, ਇਹ ਹੈ ਅਵਿਦਿਆ ਅਤੇ ਮਾਇਆ ਦਾ ਫਰਕ।

੧੨.੪੪ ਅਵਿਦਿਆ ਦੀਆਂ ਚਾਰ ਗੱਲਾਂ :

੧. ਅਨਿਤ ਵਿਚ ਨਿਤ ਬੁਧੀ, ਦੂਸਰੇ ਨੂੰ ਮਰਿਆ ਦੇਖ ਕੇ ਵੀ ਆਪ ਨੂੰ, ਅਮਰ ਮੰਨਣਾ ਕਿ ਮੇਰੇ 'ਤੇ ਮੌਤ ਨਹੀਂ ਆਉਣੀ, ਮੌਤ ਭੁਲਾ ਕੇ ਐਬ ਕਰਦਾ ਹੈ।

੨. ਅਪਵਿੱਤਰ ਕੋ ਪਵਿੱਤ੍ਰ ਸਮਝਣਾ :-ਇਹ ਸਰੀਰ ਮਲ ਮੂਤ੍ਰ ਗੰਦਗੀ ਕਾ ਸਥਾਨ ਹੈ, ਇਸ ਨੂੰ ਪਵਿੱਤ੍ਰ ਜਾਨਣਾ, ਆਪਣੇ ਆਪ ਨੂੰ ਪੁੰਨੀ, ਵੱਡੀ ਸ਼੍ਰੇਣੀ ਦਾ ਸਮਝਣਾ, ਦੂਸਰੇ ਨੂੰ ਪਾਪੀ, ਨੀਚ ਸਮਝ ਕੇ ਨਫਰਤ ਕਰਨੀ, ਹੇਰੀਆਂ ਫੇਰੀਆਂ, ਦੂਸਰੇ ਨੂੰ ਨੁਕਸਾਨ ਪੁਚਾ ਕੇ ਆਪਣਾ ਭਲਾ ਸੋਚਣਾ, ਅਨਰਥ ਮੇਂ ਅਰਥ ਬੁੱਧੀ ਕਰਨੀ, ਆਪਣੇ ਬਚਾਅ ਲਈ ਦੂਜੇ ਦਾ ਬਲੀਦਾਨ ਦੇਣਾ ਆਦਿ। ਪਾਪ ਨੂੰ ਪੁੰਨ ਸਮਝ ਕੇ ਕਰਨਾ ਅਵਿਦਿਆ ਹੀ ਹੈ।

੩. ਦੁੱਖ ਵਾਲੀਆਂ ਵਸਤੂਆਂ ਨੂੰ ਸੁੱਖ ਰੂਪ ਜਾਨਣਾ :-ਵਿਸ਼ੇ ਵਿਕਾਰਾਂ ਤੋਂ ਮਨ, ਬੁੱਧੀ, ਇੰਦ੍ਰੀਆਂ ਦੀ ਹਾਨੀ ਹੁੰਦੀ ਹੈ, ਪਰ ਸੁੱਖ ਰੂਪ ਜਾਨਣਾ ਅਗਿਆਨਤਾ ਹੀ ਹੈ।

੪. ਜੜ੍ਹ ਨੂੰ ਚੇਤਨ ਮਾਨਣਾ :-ਜੜ੍ਹ ਸਰੀਰ ਅਤੇ ਜੜ੍ਹ ਪਦਾਰਥਾਂ ਨੂੰ ਚੇਤਨ ਜਾਨਣਾ, ਦਿਨ ਰਾਤ ਪਦਾਰਥਾਂ ਦੀ ਪ੍ਰਾਪਤੀ ਲਈ ਯਤਨ ਕਰਨਾ ਅਤੇ ਸਰੀਰ ਦਾ ਪਾਲਣ ਪੋਸ਼ਣ ਕਰਨਾ, ਸਰੀਰ ਨੂੰ ਆਤਮਾ ਮੰਨਣਾ। ਚੇਤਨ ਉਹ ਹੁੰਦਾ ਹੈ ਜੋ ਦੂਸਰੇ ਨੂੰ ਵੀ ਅਤੇ ਆਪਣੇ ਆਪ ਨੂੰ ਵੀ ਜਾਣੇ। ਜੜ੍ਹ ਆਪਣੇ ਆਪ ਤੇ ਦੂਸਰੇ ਨੂੰ ਕੀ ਜਾਣ ਸਕਦਾ ਹੈ। ਬਿੱਲੀ ਵੀ ਮਿੱਟੀ ਦੇ ਚੂਹੇ 'ਤੇ ਆਕਰਮਨ ਨਹੀਂ ਕਰਤੀ, ਬੰਦੇ ਜੜ੍ਹ ਵਸਤੂਆਂ 'ਤੇ ਬੇਈਮਾਨ ਹੋਏ ਬੈਠੇ ਹੈ। ਜੜ੍ਹ ਪਦਾਰਥਾਂ ਲਈ ਚੇਤਨ ਨੂੰ ਮਾਰ ਕੇ ਮੂੰਹ ਦਾ ਸੁਆਦ ਬਣਾਂਦੇ ਹਨ। ਅਵਿਦਿਆ ਚਾਰ ਪੈਰਾਂ ਵਾਲੀ ਬਘਿਆੜੀ ਹੈ ਜੋ ਜਗਤ ਨੂੰ ਬਿਨਾਂ ਦੰਦਾਂ ਤੋਂ ਖਾ ਰਹੀ ਹੈ, ਪ੍ਰੰਤੂ-

ਤਿਸਹਿ ਪਰਾਪਤਿ ਜਿਸੁ ਮਸਤਕਿ ਭਾਗੁ॥
ਕਹੁ ਨਾਨਕ ਤਾ ਕੀ ਚਰਣੀ ਲਾਗੁ॥

(ਗਉੜੀ ਮਹਲਾ ੫, ਪੰਨਾ ੧੯੧)

੧੨.੪੫ ਕਲੇਸ਼ੋਂ ਕੀ ਬਿਰਤੀਆਂ ਮੇਂ ਸੰਸਕਾਰੋਂ ਕਾ ਨਾਸ਼ ਕਰਨਾ

ਕਲੇਸ਼ ਯੋਗ ਸੇ ਅਤੇ ਸੂਖਮ ਸੰਸਕਾਰ ਬਿਰਤੀਆਂ ਸਮਾਧੀ ਕੋ ਨਸ਼ਟ ਕਰਦੇ ਹਨ। ਬਾਹਰਲੇ ਕਲੇਸ਼ ਤਾਂ ਅਸਾਨੀ ਨਾਲ ਦੂਰ ਹੋ ਸਕਦੇ ਹਨ, ਪਰ ਸੂਖਸ਼ਮ ਕਲੇਸ਼ੋਂ ਕੋ ਦੂਰ ਕਰਨੇ ਲਈ ਬਹੁਤ ਮਿਹਨਤ ਦੀ ਲੋੜ ਹੈ। ਚੋਰੀ ਛੁੜਵਾਨੇ ਕੇ ਲੀਏ ਚੋਰੀ ਦਾ ਸਮਾਨ ਖੋਹ ਲੈਣਾ ਜਾਂ ਕੈਦ ਕਰ ਲੈਣਾ ਸਾਧਨ ਨਹੀਂ, ਜਦ ਤੀਕ ਉਸਦੇ ਮਨ ਵਿਚੋਂ ਚੋਰੀ ਦਾ ਭਾਵ ਨਸ਼ਟ ਨਾ ਕੀਤਾ ਜਾਵੇ। ਇਸੇ ਪ੍ਰਕਾਰ ਹਰ ਬੁਰਾਈ ਦਾ ਸੰਬੰਧ ਮਨ ਨਾਲ ਹੈ, ਮਨ ਦੇ ਪਵਿੱਤ੍ਰ ਹੋ ਜਾਣ ਨਾਲ ਬੁਰਾਈ ਦੀ ਜੜ੍ਹ ਹੀ ਕੱਟੀ ਜਾਂਦੀ ਹੈ। ਮਨ ਦਾ ਪਾਪ ਧਿਆਨ ਜਾਂ ਸਮਾਧੀ ਰੂਪੀ ਤਲਵਾਰ ਨਾਲ ਕੱਟਿਆ ਜਾ ਸਕਦਾ ਹੈ। ਜਿਹੜੇ ਲੋਕ ਇੰਦ੍ਰੀਆਂ ਨੂੰ ਛੋੜ ਕਰ ਮਨ ਕਰਕੇ ਪਾਪ ਕਰਦੇ ਹਨ ਭਾਵ ਮਨ ਤੋਂ ਬੁਰਾਈ ਨਹੀਂ ਛੱਡਦੇ ਉਹ ਲੋਕ ਪਹਿਲੇ ਦਰਜੇ ਦੇ ਧੋਖੇਬਾਜ਼ ਤੇ ਮਕਾਰ ਲੋਕ ਹਨ। ਧਿਆਨ ਉਸ ਗਿਆਨ ਦਾ ਨਾਮ ਹੈ ਜਿਹਦਾ

ਸਮਾਧੀ ਵਿਚ ਅਨੁਭਵ ਹੁੰਦਾ ਹੈ। ਸਮਾਧੀ ਕੀ ਭੂਮੀ ਇਤਨੀ ਪ੍ਰਕਾਸ਼ਮਈ ਹੈ, ਮਨ ਦਾ ਅੰਧਕਾਰ ਇਉਂ ਨਾਸ਼ ਹੋ ਜਾਂਦਾ ਹੈ ਜਿਵੇਂ ਸੂਰਜ ਚੜ੍ਹਨ ਤੋਂ ਧਰਤੀ ਦੇ ਹਨੇਰੇ ਦਾ। ਸਮਾਧੀ ਤੋਂ ਹੀ ਸੰਸਕਾਰਾਂ ਦਾ ਜੋ ਕਲੇਸ਼ ਰੂਪ ਹੈ, ਨਾਸ਼ ਹੋ ਸਕਦਾ ਹੈ। ਜੈਸਾ ਸੰਸਕਾਰ ਵੈਸਾ ਕਰਮ, ਜੈਸਾ ਕਰਮ ਵੈਸਾ ਜੋਨੀ ਆਯੂ ਔਰ ਭੋਗ। ਇਸ ਲਈ ਐਸਾ ਕਰਮ ਕਰਨਾ ਚਾਹੀਦਾ ਹੈ ਜੋ ਅੱਗੇ ਦੁੱਖ ਨਾ ਹੋਵੇ। ਇਸ ਵਿਚ ਚਾਰ ਚੀਜ਼ਾਂ ਵਿਚਾਰਨ ਯੋਗ ਹਨ :

੧. ਰੋਗ, ੨. ਰੋਗ ਦਾ ਕਾਰਨ, ੩. ਰੋਗ ਦਾ ਇਲਾਜ, ੪. ਸਵਸਥ-ਰੋਗ ਤੋਂ ਛੁਟਕਾਰਾ। ਜਿਵੇਂ ਇਨ੍ਹਾਂ ਚੌਹਾਂ ਦੇ ਗਿਆਨ ਤੋਂ ਬਿਨਾਂ ਤੰਦਰੁਸਤੀ ਨਹੀਂ ਮਿਲਦੀ, ਇਸੇ ਤਰ੍ਹਾਂ ਆਤਮਿਕ ਅਰੋਗਤਾ ਪ੍ਰਾਪਤ ਕਰਨ ਲਈ ੧. ਦੁੱਖ, ੨. ਦੁੱਖ ਦਾ ਕਾਰਨ, ੩. ਮੁਕਤੀ ਦਾ ਸਾਧਨ, ਮੁਕਤੀ ਕਿਵੇਂ ਮਿਲੇ, ੪. ਮੁਕਤੀ ਜਾਂ ਦੁੱਖਾਂ ਤੋਂ ਛੁਟਕਾਰਾ।

ਜਿਵੇਂ ਅਵਿਦਿਆ ਰੋਗ ਹੈ, ਕਾਰਨ ਰੋਗ ਦਾ ਸੰਸਕਾਰ ਹਨ। ਚਕਿਤਸਾ ਧਿਆਨ ਔਰ ਸਮਾਧੀ ਇਸ ਦਾ ਫਲ-ਰੋਗ ਸੇ ਛੁਟਕਾਰਾ ਹੈ। ਇਸ ਲਈ ਸੰਸਕਾਰਾਂ ਤੋਂ ਛੁਟਕਾਰਾ ਪਾਉਣ ਦਾ ਇਕੋ ਉਪਾਏ-ਧਿਆਨ ਜਾਂ ਸਮਾਧੀ ਹੈ।

੧੨.੪੬ ਯੋਗ ਮਾਰਗ ਵਿਚ ਬਿਘਨ ਅਥਵਾ ਰੁਕਾਵਟਾਂ

ਯੋਗ ਸਾਧਨਾ ਵੇਲੇ ਕੁਝ ਵਿਕਾਰ ਵਿਘਨ ਪਾ ਕੇ ਮਨ ਨੂੰ ਚੰਚਲ ਕਰ ਦਿੰਦੇ ਹਨ, ਮਨ ਪਰ ਆਕਰਮਨ ਕਰਦੇ ਹਨ, ਬਿਘਨੋਂ ਕਾ ਸਥਾਨ ਮਨ ਅਤੇ ਸਰੀਰ ਹੈ। ਇਹ ਵਿਕਾਰ ਕਹੀਂ ਵੀ ਹੋਵੇ ਇਨ੍ਹਾਂ ਦਾ ਮਨ 'ਤੇ ਪ੍ਰਭਾਵ ਜ਼ਰੂਰ ਪੈਂਦਾ ਹੈ। ਮਨ ਡਰ ਕੇ ਨਿਸ਼ਚਾ ਛੋਡ ਦੇਂਦਾ ਹੈ, ਮਨ ਦੇ ਦੱਬ ਨਾਲ ਇਹ ਸ਼ਤਰੂ ਡੇਰਾ ਜਮਾ ਲੈਂਦੇ ਹਨ। ਉਪਾਸਕ ਦਾ ਯੱਗ ਬਿਧਵੰਸ ਕਰ ਦਿੰਦੇ ਹਨ। ਜਿਵੇਂ ਜਦ ਤੀਕ ਬੰਦਾ ਆਪਣੇ ਰਸਤੇ ਦੀਆਂ ਰੁਕਾਵਟਾਂ, ਜੰਗਲ, ਚੋਰ, ਬਘਿਆੜ ਦੇ ਡਰ ਰਹਿਤ ਨਾ ਹੋਵੇ, ਮੰਜ਼ਿਲ 'ਤੇ ਪਹੁੰਚਣਾ ਕਠਿਨ ਹੈ, ਇਸੇ ਪ੍ਰਕਾਰ ਨੀਚੇ ਲਿਖੀਆ ਰੁਕਾਵਟਾਂ ਨੂੰ ਦੂਰ ਕੀਤੇ ਬਿਨਾਂ ਯੋਗ ਮਾਰਗ ਵਿਚ ਸਫਲਤਾ ਪ੍ਰਾਪਤ ਕਰਨੀ ਕਠਿਨ ਹੈ :

੧. ਬਿਆਧੀ :-ਸਰੀਰ ਜਾਂ ਮਨ ਦਾ ਰੋਗ ਬਿਆਧੀ ਕਹਿਲਾਤਾ ਹੈ। ਕਿਸੇ ਪ੍ਰਕਾਰ ਦੀ ਸਰੀਰਕ ਪੀੜਾ ਬਿਆਧੀ ਹੈ, ਈਰਖਾ, ਘਿਰਣਾ ਮਨ ਦੀ ਬਿਆਧੀ ਹੈ, ਇਹ ਸਰੀਰ ਔਰ ਮਨ ਨੂੰ ਕਮਜ਼ੋਰ ਕਰ ਦਿੰਦੇ ਹਨ ਅਤੇ ਉਪਾਸ਼ਨਾ ਰੂਪੀ ਬੋਝ ਉਠਾਣ ਯੋਗ ਨਹੀਂ ਰਹਿਣ ਦੇਂਦੇ। ਸੰਸਾਰ ਸਮੁੰਦਰ ਤਰਨ ਲਈ ਸਰੀਰ ਇਕ ਬੇੜੀ ਹੈ, ਇਸ ਲਈ ਸਰੀਰ ਦਾ ਸਵਸਥ ਰੱਖਣਾ ਅਤੀ ਜ਼ਰੂਰੀ ਹੈ, ਤੰਦਰੁਸਤੀ ਤੋਂ ਬਿਨਾਂ ਯੋਗ ਨਹੀਂ ਹੋ ਸਕਦਾ।

੨. ਸਤਿਆਨ :-ਹਰ ਵੇਲੇ ਨੇਕ ਕੰਮ ਵਲੋਂ ਜੀ ਚੁਰਾਣਾ, ਆਰਾਮਪ੍ਰਸਤ ਹੋਣਾ, ਸੇਵਾ ਸਿਮਰਨ ਕੌਣ ਕਰੇ, ਇਸ ਵਿਚ ਕੀ ਰਖਿਆ ਹੈ, ਦੇਖਾ ਜਾਵੇਗਾ, ਚਾਰ ਦਿਨ ਐਸ਼

ਲੁਟ ਲਵੇ, ਸਾਧਨ ਤੋਂ ਹੇਰਾਫੇਰੀ ਕਰਨੀ, ਸਿਮਰਨ ਵਲੋਂ ਮਨ ਚੁਰਾਣਾ, ਸਤਿਆਨ ਹੈ। ਪ੍ਰਭੂ ਸਾਧਕ ਨੂੰ ਚਾਹੀਦਾ ਹੈ ਦ੍ਰਿੜ੍ਹ ਮਨ ਕਰਕੇ ਸੇਵਾ ਸਿਮਰਨ, ਸਤਸੰਗ ਮੇਂ ਡਟ ਜਾਵੇ ਅਤੇ ਆਪਣਾ ਪੂਰਾ ਪੂਰਾ ਫਰਜ਼ ਨਿਭਾਵੇ।

੩. ਸੰਸ਼ਯ :-ਦੋ ਕੋਟੀ ਵਾਲਾ ਗਿਆਨ ਸੰਸ਼ਯ ਕਹਿਲਾਵੇ ਹੈ, ਮਨ ਦੀ ਐਸੀ ਅਵਸਥਾ ਹੈ ਜੋ ਸਤ ਝੂਠ ਦਾ ਨਿਰਣਾ ਨਾ ਕਰ ਸਕੇ। ਦੁਬਿਧਾ ਵਿਰਤੀ ਹੀ ਸੰਸ਼ਯ ਹੈ, ਇਕ ਗੱਲ ਪਰ ਸਥਿਤੀ ਨਾ ਹੋਣੀ ਕਿ ਭਜਨ ਕਰਨ ਨਾਲ ਰੱਬ ਮਿਲੇਗਾ ਕਿ ਨਹੀਂ ਐਸੀ ਵਿਰਤੀ ਹੋਣੀ। ਇਹ ਸ਼ਰਧਾ ਦੀ ਘਾਟ ਤੋਂ ਹੁੰਦੀ ਹੈ, ਆਪਣੀ ਯੋਗਤਾ ਪਰ ਸ਼ੱਕ ਕਰਨ ਵਾਲਾ ਬੰਦਾ ਬੀਚ ਹੀ ਲੜਖੜਾਤਾ ਹੈ, ਮਾਰਗ ਤਹਿ ਨਹੀਂ ਕਰ ਸਕਦਾ। ਆਪਣੀ ਸ਼ਕਤੀ ਜਾਂ ਯੋਗ ਕੇ ਫਲ ਮੇਂ ਸ਼ੱਕ ਹੋ ਜਾਣਾ ਸੰਸਾ ਹੈ, ਪਰ (ਸੰਕਾ ਮਨੋ ਮਿਟਾਇਕੈ ਪਰਉਪਕਾਰ ਕਰੇਇ) ਗੁਰਬਾਣੀ ਦੀ ਹਿਦੈਤ ਹੈ। ਸੰਸ਼ਯ ਆਤਮਾ ਬਿਨਸਅਤਿ ॥ ਗੀਤਾ ਵੀ ਕਹਿੰਦੀ ਹੈ। ਸੰਸੇ ਵਿਰਤੀ ਵਾਲਾ ਮਨੁੱਖ ਨਸ਼ਟ ਹੋ ਜਾਂਦਾ ਹੈ।

੪. ਪ੍ਰਮਾਦ :-ਪ੍ਰਮਾਦ ਨਾਮ ਹੈ ਆਲਸ ਕਾ, ਜੋ ਭਜਨ ਸਮੇਂ ਮਨ ਪਰ ਸਵਾਰ ਹੋ ਜਾਂਦੀ ਹੈ, ਚਲੋ ਜੀ ਹੁਣ ਤਾਂ ਬਥੇਰਾ ਭਜਨ ਕਰ ਲਿਆ ਸੌਂ ਲਈਏ ਫੇਰ ਕਰ ਲਵਾਂਗਾ, ਮੰਜ਼ਲ ਨੇੜੇ ਆਉਣ ਤੋਂ ਹੁਣ ਤਾਂ ਆਪਾਂ ਪਹੁੰਚੇ ਹੀ ਪਹੁੰਚੇ, ਅਰਾਮ ਕਰ ਲਈਏ। ਸਮਾਧੀ ਦਾ ਅਨੰਦ ਆਉਣ ਤੋਂ ਪਹਿਲੇ ਹੀ ਅਵੇਸਲੇ ਹੋ ਜਾਣਾ ਪ੍ਰਮਾਦ ਹੈ, ਜੋ ਅਭਿਆਸੀ ਦੇ ਮਾਰਗ ਵਿਚ ਬਹੁਤ ਵੱਡੀ ਰੁਕਾਵਟ ਹੈ। ਸਮਾਧੀ ਪ੍ਰਾਪਤ ਹੋਣ ਤੋਂ ਪਹਿਲਾਂ ਕਦੇ ਵੀ ਆਲਸ ਨਾ ਕਰੇ। ਉਦੇਸ਼ ਦੀ ਪ੍ਰਾਪਤੀ ਲਈ ਸ਼ੌਕ ਦੀ ਅੱਗ ਨਾ ਬੁਝਣੇ ਦੇਵੇ। ਜੇ ਸ੍ਰੇਸ਼ਟ ਭਾਵ ਹੋਇਆ ਤਾਂ ਜ਼ਰੂਰ ਮੰਜ਼ਿਲ ਪ੍ਰਾਪਤ ਹੋ ਜਾਵੇਗੀ। ਆਪਣਾ ਬਲ ਨਹੀਂ ਹਾਰੇ ਅਨੁਸਾਰ ਮਾਰਗ 'ਤੇ ਤੁਰਿਆ ਰਿਹਾ, ਜ਼ਰੂਰ ਅਸਥਾਨ ਦੀ ਪ੍ਰਾਪਤ ਹੋਵੇਗੀ।

੫. ਆਲਸ :-ਇਸ ਔਗਣ ਦਾ ਸੰਬੰਧ ਸਰੀਰ ਨਾਲ, ਪ੍ਰਮਾਦ ਦਾ ਸੰਬੰਧ ਮਨ ਨਾਲ, ਭੈੜੀ ਖੁਰਾਕ ਖਾਣੀ, ਤਮੋਗੁਣ ਵੱਧ ਜਾਣਾ, ਅਫੀਮੀ ਵਾਲੀ ਘੋਰ ਅਵਸਥਾ ਬਣੀ ਰਹਿਣੀ, ਸਰੀਰ ਵੀ ਦਰਿਦ੍ਰੀ ਰੋਗੀ, ਦਿਲ ਵੀ ਮੁਰਦਾ ਹੋਇਆ ਰਹਿਣਾ, ਉਦੇਸ਼ ਰਹਿਤ ਬਿਰਤੀ, ਤਮੋਗੁਣ ਦੀ ਅਧਿਕਤਾ ਕਰਕੇ, ਸਰੀਰ ਵਿਚ ਭਾਰਾਪਨ ਇਸ ਕਾਰਨ ਤੋਂ ਭਜਨ ਵਿਚ ਮਨ ਨਾ ਲੱਗਣਾ, ਦਰਿਦ੍ਰਤਾ ਧਾਰੀ ਰੱਖਣੀ।

੬. ਅਵਿਰਤੀ :-ਜੋਗ ਔਰ ਉਪਾਸਨਾ ਕੇ ਸਥਾਨ ਪਰ ਮਨ ਦੇ ਬੇਗ ਭੋਗੋਂ ਪਦਾਰਥੋਂ ਵੱਲ ਰਹਿਣੇ, ਭੋਗ ਵਾਸ਼ਨਾ ਵਿਚ ਫਸਣਾ ਹੀ ਅਵਿਰਤੀ ਹੈ, ਭੋਗੋਂ ਕੇ ਵਿਚਾਰ ਮਨ ਦੀ ਸਥਿਤੀ ਖ਼ਤਮ ਕਰ ਦੇਤੇ ਹੈਂ। ਇੰਦ੍ਰੀਆਂ ਕੇ ਰਸਾਂ ਵਿਚ ਲੱਗਾ ਹੋਇਆ ਪਰਮਪਦ ਨਹੀਂ ਪਾ ਸਕਦਾ, ਇੰਦ੍ਰੀਆਂ ਅਤੇ ਮਨ ਦਾ ਕਾਬੂ ਕਰਨਾ ਜ਼ਰੂਰੀ ਹੈ। ਇਨ੍ਹਾਂ ਦੇ ਜਾਲ ਵਿਚ ਫਸਿਆ ਯੋਗ ਦਾ ਅਧਿਕਾਰੀ ਨਹੀਂ ਹੋ ਸਕਦਾ। ਪੱਥਰ ਕਦੇ ਪਾਣੀ 'ਤੇ

ਤਰ ਸਕਦਾ ਹੈ ? ਬਿਕਾਰ ਚਿਤ ਨੂੰ ਗਿਰਾ ਦੇਤੇ ਹੈਂ, ਭੋਗੋਂ ਕੀ ਆਸ਼ਕਤੀ ਹੋਣੇ ਸੇ ਚਿਤ ਮੈ ਬੈਰਾਗ ਕਾ ਅਭਾਵ ਹੀ ਅਵਿਰਤੀ ਕਹਿਲਾਤਾ ਹੈ।

੭. ਭ੍ਰਾਤੀ ਦੋਸ਼ :-ਕਿਸੇ ਵਸਤੂ ਦੇ ਸਰੂਪ ਨੂੰ ਨਾ ਸਮਝਣਾ ਜਾਂ ਅਨੁਭਵ ਨਾ ਕਰਨਾ, ਉਲਟਾ ਗਿਆਨ ਜਾਂ ਅਗਿਆਨ ਕਹਿ ਲਵੋ ਭ੍ਰਾਤੀ ਦੋਸ਼ ਹੈ, ਜਿਸ ਨੇ ਆਤਮਾ ਨੂੰ ਢੱਕਿਆ ਹੋਇਆ ਹੈ। ਯੋਗ ਦੇ ਸਾਧਨਾਂ ਨੂੰ ਉਲਟਾ ਸਮਝਣਾ, ਇਹ ਸਾਧਨ ਇਹ ਮੰਤਰ ਠੀਕ ਨਹੀਂ, ਇਹ ਧਰਮ, ਇਹ ਗੁਰੂ ਠੀਕ ਨਹੀਂ, ਐਸਾ ਮਿਥਿਆ ਗਿਆਨ ਵੀਚਾਰ ਹੀ ਭ੍ਰਾਤੀ ਹੈ। ਜੈਸੀ ਵਸਤੂ ਹੋਵੇ ਵੈਸੇ ਨਾ ਸਮਝਣਾ, ਭ੍ਰਾਤੀ ਦੋਸ਼ ਕਹਿਲਾਵੇ ਹੈ।

੮. ਅਲਬਧ ਭੂਮੀ ਕਤਵ :-ਉੱਦਮ ਕਰਨ ਤੋਂ ਵੀ ਮੰਜ਼ਲ ਦੀ ਪ੍ਰਾਪਤੀ ਨਾ ਹੋਣਾ ਅਲਬਧ ਭੂਮੀ ਕਤਵ ਕਹਿਲਾਤਾ ਹੈ। ਇਸ ਦਾ ਕਾਰਨ ਜੀਵ ਦੇ ਪਿਛਲੇ ਜਨਮ ਦੇ ਸੰਸਕਾਰ ਬਿਘਨ ਡਾਲਤੇ ਹਨ, ਜੋ ਮਾਰਗ ਪਰ ਪਹੁੰਚਣ ਨਹੀਂ ਦੇਤੇ, ਪ੍ਰੰਤੂ ਨਿਰਾਸ ਨਹੀਂ ਹੋਣਾ, ਆਸ਼ਾ ਧਾਰ ਕੇ ਸ਼ਰਧਾ ਸਹਿਤ ਸਾਧਨ ਵਿਚ ਡਟੇ ਰਹਿਣਾ, ਸ਼ਰਧਾ ਰਹਿਤ ਕਦੇ ਨਹੀਂ ਹੋਣਾ, ਦ੍ਰਿੜ੍ਹ ਇਰਾਦੇ ਨਾਲ ਹੌਸਲਾ ਧਾਰ ਕੇ ਕਰਮ ਕਰਨਾ। ਐਸਾ ਨਾ ਹੋਵੇ ਪ੍ਰਮਾਤਮਾ ਤੋਂ ਸ਼ਰਧਾ ਤੋੜ ਲਈ ਜਾਵੇ, ਪਹਿਲੇ ਕੀਤੇ ਕਰਮਾਂ 'ਤੇ ਮਿੱਟੀ ਪਾ ਦਿਤੀ ਜਾਵੇ। ਸ਼ਰਧਾ ਤੋਂ ਰਹਿਤ ਹੋਣਾ ਇਉਂ ਹੈ ਜਿਵੇਂ ਪਹਾੜੀ ਤੋਂ ਡਿਗਿਆ ਚਕਨਾਚੂਰ ਹੋ ਜਾਂਦਾ ਹੈ। ਸਾਧਨ ਕਰਨੇ ਪਰ ਵੀ ਯੋਗ ਸਿੱਧ ਨਾ ਹੋਣਾ ਜਾਂ ਯੋਗ ਦੀਆਂ ਭੂਮਕਾਵਾਂ (ਅਵਸਥਾਵਾਂ) ਦਾ ਪ੍ਰਾਪਤ ਨਾ ਹੋਣਾ ਅਲਬਧ ਭੂਮੀ ਕਤਵ ਹੈ, ਇਸ ਨਾਲ ਕਈ ਵੇਰ ਸਾਧਕ ਉਤਸ਼ਾਹਹੀਣ ਹੋ ਜਾਂਦਾ ਹੈ, ਪਰ ਇਸ ਵਕਤ ਹੌਸਲੇ ਤੋਂ ਕੰਮ ਲੈਣਾ, ਨਿਰਾਸਾ ਨੂੰ ਨੇੜੇ ਨਹੀਂ ਆਉਣ ਦੇਣਾ।

੯. ਅਨੁਥਸਿਥੱਤਵ :-ਇਹ ਇਕ ਐਸੀ ਰੁਕਾਵਟ ਹੈ, ਮੰਜ਼ਲ ਦੇ ਅਖੀਰ ਜਾ ਕੇ ਐਸਾ ਵਿਘਨ ਰੂਪੀ ਸੰਸਕਾਰ ਉਤਪੰਨ ਹੋਣਾ, ਐਵੇਂ ਭੋਗੋਂ ਕੋ ਲੱਤ ਮਾਰੀ, ਭੁਖ ਪਿਆਸ ਸਹੀ, ਸੰਸਾਰ ਛੌਡਿਆ, ਚੁੱਪ ਕਰਕੇ ਇਕੱਲੇ ਬੈਠੇ ਰਹੇ, ਗ੍ਰਿਹਸਤੀ ਪੁੱਤਰ ਧੀਆਂ ਪਰਵਾਰ ਵਿਚ ਸੁਖ ਲੈਂਦੇ, ਐਸੀ ਅਵਸਥਾ ਵਿਚ ਭਜਨ ਵਿਚ ਮਨ ਨਹੀਂ ਲਗਦਾ। ਮਿਹਨਤ ਦੁਆਰਾ ਸਥਾਨ ਤੇ ਪਹੁੰਚਿਆ ਹੋਇਆ ਵੀ ਬੀਜ ਸੰਸਕਾਰਾਂ ਜਾਂ ਕੁਸੰਗਤ ਦੇ ਬਲ ਤੋਂ ਫਿਸਲ ਜਾਂਦਾ ਹੈ। ਯੋਗ ਨਾਲੋਂ ਭੋਗਾਂ ਨੂੰ ਚੰਗਾ ਸਮਝਣਾ, ਅਭਿਆਸੀ ਪੁਰਸ਼ਾਂ ਨੂੰ ਐਸੀਆਂ ਗੱਲਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ, ਨਹੀਂ ਤਾਂ ਗਿਰ ਜਾਣੇ ਦਾ ਡਰ ਹੈ। ਅਤ: ਜੋਗ ਸਾਧਨ ਮੇਂ ਕਿਸੀ ਭੂਮੀ ਮੇਂ ਚਿਤ ਕੀ ਸਥਿਤੀ ਹੋਣੇ ਪਰ ਭੀ ਮੰਜ਼ਿਲ ਪਰ ਪਹੁੰਚ ਕਰ ਵੀ ਉਥੋਂ ਦਾ ਅਨੰਦ ਦੇਖੇ ਬਿਨਾਂ ਪਰਤ ਆਉਣਾ ਅਨਥਸਿਥੱਤਵ ਕਹਿਲਾਤਾ ਹੈ। ਉਥਾਨ ਔਰ ਪਤਨ ਮੇਂ ਉੱਨਤੀ ਹੋਤੀ ਹੈ, ਨਿਰਾਸਾ ਦਾ ਤਿਆਗ ਕਰਕੇ ਮਿਹਨਤ ਕਰਦੇ ਜਾਉ, ਪ੍ਰਭੂ ਸਹਾਇਤਾ ਲਈ

ਪ੍ਰਾਰਥਨਾ ਅਤੇ ਮਹਾਂਪੁਰਸ਼ਾਂ ਦੀ ਸੇਵਾ ਕਰਕੇ ਅਸ਼ੀਰਵਾਦ ਪ੍ਰਾਪਤ ਕਰੋ, ਘਬਰਾਉਣਾ ਨਹੀਂ।

੧੨.੪੭ ਬਿਘਨੋਂ ਕੋ ਦੂਰ ਕਰਨ ਦਾ ਉਪਾਵ

ਬਿਘਨ ਕਿਵੇਂ ਦੂਰ ਹੋਣ, ਹਿੰਮਤ ਅਤੇ ਪ੍ਰਾਰਥਨਾ ਤੋਂ ਸਾਹਸੀ ਬੰਦੇ ਰੁਕਾਵਟਾਂ ਦੀ ਛਾਤੀ ਚੀਰ ਕੇ ਨਿਕਲ ਜਾਂਦੇ ਹਨ। ਪ੍ਰਮੇਸ਼ਰ ਦੀ ਓਟ ਲੈ ਕੇ ਓਅੰਕਾਰ ਦਾ ਜਾਪ ਅਤੇ ਅਰਥ ਵੀਚਾਰ ਕਰੇ, ਬੀਮਾਰੀ ਤੋਂ ਡਰਨਾ ਨਹੀਂ, ਔਸ਼ਧੀ ਦੁਆਰਾ ਤੰਦਰੁਸਤ ਹੋਣਾ। ਕਮਜ਼ੋਰ ਦਿਲ ਆਤਮਾ ਨੂੰ ਪ੍ਰਾਪਤ ਨਹੀਂ ਕਰ ਸਕਦਾ, ਰੁਕਾਵਟਾਂ ਮਨੁਸ਼ ਕੇ ਹੌਸਲੇ ਕੀ ਪ੍ਰੀਖਿਆ ਹੈ, ਉਹ ਆਪ ਹੀ ਪ੍ਰੀਖਿਆ ਪਾਉਣ ਵਾਲਾ ਅਤੇ ਆਪ ਹੀ ਕੱਢਣ ਵਾਲਾ ਹੈ, ਭਜਨ ਤੋਂ ਮਨ ਸ਼ੁੱਧ ਹੁੰਦਾ ਹੈ, ਸ਼ੁੱਧ ਮਨ ਨੂੰ ਹੀ ਭਗਤੀ ਦਾ ਗੂੜ੍ਹਾ ਰੰਗ ਚੜ੍ਹਦਾ ਹੈ। ਈਸ਼ਵਰ ਦੇ ਭਜਨ ਤੋਂ ਸਾਰੇ ਵਿਘਨ ਦੂਰ ਹੋ ਜਾਂਦੇ ਹਨ-

ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ॥
ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ॥ ੧॥

(ਬਿਲਾਵਲੁ ਮਹਲਾ ੫, ਪੰਨਾ ੮੧੬)

ਨਾਮ ਜਪ ਹੀ ਨਿਰਬੀਜ ਸਮਾਧੀ ਦਾ ਆਸਾਨ ਉਪਾਇ ਹੈ। ਇਸ ਨਾਲ ਕੈਵਲਯ ਦੀ ਪ੍ਰਾਪਤੀ ਹੋ ਜਾਂਦੀ ਹੈ। ਬਿਘਨਾਂ ਨੂੰ ਦੂਰ ਕਰਨ ਲਈ ਆਤਮ ਚਿੰਤਨ ਹੈ, ਜਿਸ ਨਾਲ ਚਿਤ ਇਕਾਗਰ ਹੋ ਜਾਂਦਾ ਹੈ ਅਤੇ ਬਿਘਨ ਦੂਰ ਹੋ ਜਾਂਦੇ ਹਨ।

(ਪਹਿਲਾ ਸਮਾਧੀ ਪਦ ਸਮਾਪਤੰ)

★★★